PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

29th February - 7th March 2024 • Issue No. 3019 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact:

S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389


## ਸ਼ੁਭਕਰਨ ਮੌਤ ਮਾਮਲੇ ਵਿਚ ਕੇਸ ਦਰਜ ਹੋਣ ਤੋਂ ਬਾਅਦ ਹੀ ਹੋਵੇਗੀ ਕੇਂਦਰ ਨਾਲ ਗੱਲਬਾਤ : ਡੱਲੇਵਾਲ



ਪੰਜਾਬ ਅਤੇ ਹਰਿਆਣਾ ਸਰਹੱਦ ’ਤੇ ਕਿਸਾਨਾਂ ਦਾ ਪ੍ਰਦਰਸ਼ਨ ਜਾਰੀ ਹੈ। ਹੁਣ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕੇਂਦਰ ਅੱਗੇ ਨਵੀਂ ਸ਼ਰਤ ਰੱਖੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਉਦੋਂ ਤੱਕ ਕੇਂਦਰ ਨਾਲ ਗੱਲ ਨਹੀਂ ਕਰਨਗੇ ਜਦੋਂ ਤੱਕ ਖਨੌਰੀ ਸਰਹੱਦ ’ਤੇ ਜਾਨ ਗਵਾਉਣ ਵਾਲੇ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਸਬੰਧੀ ਕੇਸ ਦਰਜ ਨਹੀਂ ਹੋ ਜਾਂਦਾ।

23 ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਕਰ ਰਹੇ ਕਿਸਾਨ ਹੁਣ ਪੰਜਵੇਂ ਦੌਰ ਦੀ ਮੀਟਿੰਗ ਉਦੋਂ ਕਰਨਗੇ ਜਦੋਂ ਪੰਜਾਬ ਪੁਲਿਸ ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਦਾ ਕੇਸ ਦਰਜ ਕਰੇਗੀ। ਇਹ ਦਾਅਵਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕੀਤਾ ਹੈ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਸੰਭਵ ਹੈ ਕਿ ਕਿਸਾਨ ਜਥੇਬੰਦੀਆਂ ਦਿੱਲੀ ਵੱਲ ਮਾਰਚ ਕਰਨ ਦੀ ਬਜਾਏ ਕੋਈ ਵੱਡਾ ਕਦਮ ਚੁੱਕ ਸਕਦੀਆਂ ਹਨ। ਇਹ ਕਦਮ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਦੇ ਖਿਲਾਫ ਹੋ ਸਕਦਾ ਹੈ। ਇਸ ਦੇ ਨਾਲ ਹੀ ਦਾਤਾਸਿੰਘਵਾਲਾ ਬਾਰਡਰ ’ਤੇ ਮੰਗਲਵਾਰ ਨੂੰ ਫਿਰ ਇਕ ਕਿਸਾਨ ਦੀ ਮੌਤ ਹੋ ਗਈ।

## ਡਿਬਰੂਗੜ੍ਹ ਜੇਲ੍ਹ ’ਚ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ’ਚ ਤਬਦੀਲ ਕੀਤਾ ਜਾਵੇ : ਜਥੇਦਾਰ



ਅੰਮ੍ਰਿਤਸਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ’ਚ ਤਬਦੀਲ ਕਰਨ ਲਈ ਆਖਿਆ। ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਪਿਛਲੇ ਚਾਰ ਦਿਨਾਂ ਤੋਂ ਅੰਮ੍ਰਿਤਸਰ ’ਚ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਹੈ ਤੇ ਉਨ੍ਹਾਂ ਦੀ ਸਿਹਤ ਵੀ ਵਿਗੜ ਰਹੀ ਹੈ। ਇਸ ਲਈ ਸਰਕਾਰ ਨੂੰ ਇਹ ਮਾਮਲਾ ਤੁਰੰਤ ਹੱਲ ਕਰਨਾ ਚਾਹੀਦਾ ਹੈ।

## ਪ੍ਰੋ. ਭੁੱਲਰ 30 ਸਾਲ ਪੁਰਾਣੇ ਮਾਮਲੇ ਵਿੱਚ ਬਰੀ



### ✪ ਦਿੱਲੀ ਹਾਈਕੋਰਟ ਨੇ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਕਰਨ ਵਾਲੀ ਪਟੀਸ਼ਨ ਕੀਤੀ ਖਾਰਜ

ਦਿੱਲੀ-ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੂੰ 30 ਸਾਲ ਬਾਅਦ ਵੱਡੀ ਰਾਹਤ ਮਿਲੀ ਹੈ । ਉਹ 30 ਸਾਲ ਪੁਰਾਣੇ ਮਾਮਲੇ ਵਿੱਚ ਬਰੀ ਹੋ ਗਏ ਹਨ । ਗਾਜ਼ੀਆਬਾਦ ਦੀ ਇੱਕ ਅਦਾਲਤ ਨੇ 1994 ਦੇ ਇੱਕ ਕੇਸ ਵਿੱਚ ਉਨ੍ਹਾਂ ਨੂੰ ਅਜ਼ਾਦ ਕਰ ਦਿੱਤਾ ਹੈ। ਉਨ੍ਹਾਂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਇਸ ਦੀ ਜਾਣਕਾਰੀ ਦਿੱਤੀ ਹੈ । ਵਕੀਲ ਮੰਝਪੁਰ ਨੇ ਦੱਸਿਆ ਕਿ ਉਮਰ ਕੈਦ ਦੀ ਸਜ਼ਾ ਕੱਟ ਰਹੇ ਪ੍ਰੋ ਭੁੱਲਰ ਖਿਲਾਫ ਇਹ ਅਖੀਰਲਾ ਕੇਸ ਸੀ। ਉਧਰ ਦੂਜੇ ਪਾਸੇ ਦਿੱਲੀ ਹਾਈਕੋਰਟ ਤੋਂ ਸਜ਼ਾ ਮੁਆਫੀ ਨੂੰ ਲੈਕੇ ਉਨ੍ਹਾਂ ਝਟਕਾ ਵੀ ਲੱਗਿਆ ਹੈ। ਦਿੱਲੀ ਹਾਈਕੋਰਟ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਕਰਨ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਇਹ ਪਟੀਸ਼ਨ ਹਾਈਕੋਰਟ ਵਿਚੋਂ ਰਿਹਾਈ ਦੀ ਮੰਗ ਵਾਲੀ ਪਟੀਸ਼ਨ ਵਾਪਸ ਲਏ ਜਾਣ ਕਾਰਨ ਖਾਰਜ ਹੋਈ ਹੈ। ਇਸ ਤੋਂ ਪਹਿਲਾਂ ਸਜ਼ਾ ਰੀਵਿਊ ਬੋਰਡ ਨੇ ਜਨਵਰੀ ਮਹੀਨੇ ਵਿੱਚ ਭੁੱਲਰ ਦੀ ਪ੍ਰੀ ਮੈਚਿਓਰ ਰਿਹਾਈ ਦੀ ਮੰਗ ਖਾਰਜ ਕਰ ਦਿੱਤੀ ਸੀ। ਬੋਰਡ ਵਿੱਚ ਸ਼ਾਮਲ ਸਿਰਫ ਦਿੱਲੀ ਦੇ ਗ੍ਰਹਿ ਮੰਤਰੀ ਕੈਲਾਸ਼ ਗਹਿਲੋਤ ਨੇ ਵੀ ਸਜ਼ਾ ਮੁਆਫ ਦੀ ਹਮਾਇਤ ਕੀਤੀ ਬਾਕੀ ਕੇਂਦਰ ਦੇ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ ਸੀ। ਉਧਰ ਹਾਈਕੋਰਟ ਨੇ ਕਿਹਾ ਕਿ ਜਦੋਂ ਦਿੱਲੀ ਸਰਕਾਰ ਦਾ ਬੋਰਡ ਹੀ ਉਨ੍ਹਾਂ ਦੀ ਮੰਗ ਨੂੰ ਖਾਰਜ ਕਰ ਚੁੱਕਿਆ ਹੈ ਤਾਂ ਹੁਣ ਨਵੇਂ ਸਿਰੇ ਤੋਂ ਬੋਰਡ ਦੇ ਇਸ ਫੈਸਲੇ ਨੂੰ ਚੁਣੌਤੀ ਦੇਣੀ ਪਵੇਗੀ। ਭੁੱਲਰ ਨੂੰ 1993 ਦੇ ਦਿੱਲੀ ਬੰਬ ਧਮਾਕੇ ਦੇ ਕੇਸ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਬਾਅਦ ਵਿੱਚ ਸੁਪਰੀਮ ਕੋਰਟ ਨੇ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ। ਸਜ਼ਾ ਸਮੀਖਿਆ ਬੋਰਡ ਪਹਿਲਾਂ ਹੀ 6 ਵਾਰ ਭੁੱਲਰ ਦੀ ਪ੍ਰੀ-ਮੈਚਿਓਰ ਰਿਹਾਈ ਦੀ ਮੰਗ ਨੂੰ ਰੱਦ ਕਰ ਚੁੱਕਾ ਹੈ।

## ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਅਵਤਾਰ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ





## ਪੰਜਾਬੀ ਭਾਸ਼ਾ ਚੇਤਨਾ ਬੋਰਡ ਅਤੇ ਭਾਰਤੀ ਹਾਈਕਮਿਸ਼ਨ ਲੰਡਨ ਦੇ ਸਾਂਝੇ ਯਤਨਾਂ ਨਾਲ ਇੰਡੀਆ ਹਾਊਸ ਵਿਖੇ ਮਾਂ ਬੋਲੀ ਦਿਵਸ ਸਬੰਧੀ ਵਿਸ਼ੇਸ਼ ਸਮਾਗਮ ਕਰਵਾਇਆ



# ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ (ਲੰਡਨ) ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ

ਇਸ ਮੌਕੇ ਭਾਰਤੀ ਹਾਈਕਮਿਸ਼ਨ ਲੰਡਨ ਵੱਲੋਂ ਕੋਆਰਡੀਨੇਟਰ ਮਨਿਸਟਰ ਦੀਪਕ ਚੌਧਰੀ, ਈਲਿੰਗ ਮੇਅਰ ਹਿਤੇਸ਼ ਟੇਲਰ, ਐਮ ਪੀ ਵਰਿੰਦਰ ਸ਼ਰਮਾਂ, ਐਮ ਪੀ ਸੀਮਾ ਮਲਹੋਤਰਾ, ਲੰਡਨ ਅਸੈਂਬਲੀ ਮੈਂਬਰ ਡਾ: ਉਂਕਾਰ ਸਿੰਘ ਸਹੋਤਾ, ਆਈ ਓ ਸੀ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ, ਓਮੇਸ਼ ਚੰਦਰ ਸ਼ਰਮਾਂ, ਲਾਰਡ ਰੇਂਜਰ, ਕੌਂਸਲਰ ਮਹਿੰਦਰ ਕੌਰ ਮਿੱਡਾ, ਕੌਂਸਲਰ ਕੇ ਸੀ ਮੋਹਨ, ਪੁਲਿਸ ਅਧਿਕਾਰੀਆਂ ਆਦਿ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ

**ਗੁਰੂ ਘਰ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਸ਼ਿਵ ਰੱਤੂ, ਵਰਿੰਦਰ ਕੁਮਾਰ, ਨਛੱਤਰ ਕਲਸੀ, ਚੁੰਨੀ ਲਾਲ ਚੈਂਬਰ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ**




ਸ੍ਰੀ ਗੁਰੂ ਰਵਿਦਾਸ ਜੀ ਦਾ ਸਾਊਥਾਲ ਵਿਖੇ ਪ੍ਰਕਾਸ਼ ਦਿਹਾੜਾ ਮਨਾਉਣ ਸਮੇਂ ਦੀਆਂ ਝਲਕੀਆਂ, ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਸੰਗਤਾਂ ਦਾ ਭਾਰੀ ਇਕੱਠ

**ਜਾਰੀ ਕਰਤਾ – ਪ੍ਰਬੰਧਕ ਕਮੇਟੀ, SHRI GURU RAVIDASS TEMPLE SOUTHALL**

282 WESTERN ROAD, SOUTHALL, MIDDX, UB2 5JT. Tel: 020 8574 0245 / Fax: 020 8574 8967 / Website: www.sgrds.org

# ਐੱਨਆਈਏ ਵੱਲੋਂ ਪੰਜਾਬ ਵਿਚ 14 ਤੇ ਰਾਜਸਥਾਨ ਵਿਚ 2 ਥਾਵਾਂ ’ਤੇ ਮਾਰੇ ਛਾਪੇ

**✪ ਪੁਲਿਸ ਦਾ ਦਾਅਵਾ ਕਿ ਖਾੜਕੂ ਜਥੇਬੰਦੀਆਂ ਨਾਲ ਸਬੰਧਤ ਟਿਕਾਣਿਆਂ ’ਤੇ ਛਾਪੇ ਮਾਰੇ ਗਏ ✪ ਕੇਂਦਰ ਸਰਕਾਰ ਕਿਸਾਨੀ ਸੰਘਰਸ਼ ਨੂੰ ਦਬਾਉਣ ਲਈ ਪੰਜਾਬ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀ ਏ-ਅਕਾਲੀ ਦ**



ਚੰਡੀਗੜ੍ਹ-ਕੌਮੀ ਜਾਂਚ ਏਜੰਸੀ (ਐਨਆਈਏ) ਦੀਆਂ ਟੀਮਾਂ ਨੇ ਪੰਜਾਬ ਤੇ ਰਾਜਸਥਾਨ ਵਿਚ ਅੱਧੀ ਦਰਜਨ ਤੋਂ ਵੱਧ ਥਾਵਾਂ ’ਤੇ ਛਾਪੇ ਮਾਰੇ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀਆਂ ਵਿੱਚ ਪੰਜਾਬ ’ਚ 14 ਅਤੇ ਰਾਜਸਥਾਨ ਵਿਚ ਦੋ ਥਾਵਾਂ ’ਤੇ ਕਾਰਵਾਈ ਕੀਤੀ ਹੈ। ਪੰਜਾਬ ਪੁਲੀਸ ਦੇ ਸੂਤਰਾਂ ਦਾ ਦੱਸਣਾ ਹੈ ਕਿ ਇਹ ਕਾਰਵਾਈ ਸਿੱਖਸ ਫਾਰ ਜਸਟਿਸ ਅਤੇ ਹੋਰਨਾਂ ਸ਼ੱਕੀ ਜਥੇਬੰਦੀਆਂ ਨਾਲ ਸਬੰਧਤ ਟਿਕਾਣਿਆਂ ’ਤੇ ਕੀਤੀ ਗਈ ਹੈ।

ਐਨਆਈਏ ਵੱਲੋਂ ਇਸ ਵਿਵਾਦਤ ਜਥੇਬੰਦੀ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਦਰਜ ਕੇਸਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਇਨ੍ਹਾਂ ਛਾਪਿਆਂ ਨੂੰ ਇਸੇ ਤਫ਼ਤੀਸ਼ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਐੱਨਆਈਏ ਨੇ ਕੁਝ ਮਹੀਨੇ ਪਹਿਲਾਂ ਹੀ ਪੰਨੂ ਦੇ ਪੰਜਾਬ ਅਤੇ ਚੰਡੀਗੜ੍ਹ ਸਥਿਤ ਟਿਕਾਣਿਆਂ ’ਤੇ ਛਾਪੇ ਮਾਰ ਕੇ ਕਾਰਵਾਈ ਅਮਲ ਵਿੱਚ ਲਿਆਂਦੀ ਸੀ। ਕੌਮੀ ਏਜੰਸੀ ਦੀਆਂ ਟੀਮਾਂ ਨੇ ਮੁੱਖ ਤੌਰ ’ਤੇ ਬਠਿੰਡਾ, ਬਰਨਾਲਾ, ਨਵਾਂ ਸ਼ਹਿਰ, ਗੁਰਦਾਸਪੁਰ, ਤਰਨ ਤਾਰਨ, ਜਲੰਧਰ ਆਦਿ ਜ਼ਿਲ੍ਹਿਆਂ ਵਿੱਚ ਛਾਪੇ ਮਾਰੇ। ਇਸ ਮੁਹਿੰਮ ਦੌਰਾਨ ਏਜੰਸੀ ਨੇ ਸ਼ੱਕੀ ਵਿਅਕਤੀਆਂ ਦੀਆਂ ਜਾਇਦਾਦਾਂ, ਪਿਛਲੇ ਸਮੇਂ ਦੌਰਾਨ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨਾਲ ਵਰਤ ਵਿਹਾਰ ਸਬੰਧੀ ਜਾਣਕਾਰੀ ਇਕੱਤਰ ਕੀਤੀ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਏਜੰਸੀ ਨੇ ਜੁਲਾਈ 2023 ਵਿੱਚ ਹਰਵਿੰਦਰ ਸਿੰਘ ਰਿੰਦਾ ਅਤੇ ਲਖਬੀਰ ਸਿੰਘ ਸੰਧੂ ਲੰਡਾ ਅਤੇ ਹੋਰਨਾਂ ਖਿਲਾਫ਼ ਕੇਸ ਦਰਜ ਕੀਤੇ ਸਨ। ਐੱਨਆਈਏ ਨੇ ਜਿਨ੍ਹਾਂ ਤਿੰਨ ਮਾਮਲਿਆਂ ’ਤੇ ਕਾਰਵਾਈ ਕੀਤੀ ਹੈ, ਉਹ ਪਾਬੰਦੀਸ਼ੁਦਾ ਸੰਗਠਨ ਅਤੇ ਦੇਸ਼ ’ਚ ਚੱਲ ਰਹੇ ਖਾੜਕੂ-ਗੈਂਗਸਟਰ ਨੈੱਟਵਰਕ ਵੱਲੋਂ ਕੀਤੀਆਂ ਜਾ ਰਹੀਆਂ ਹਿੰਸਕ ਗਤੀਵਿਧੀਆਂ ਨਾਲ ਸਬੰਧਤ ਹਨ। ਅਜਿਹੀਆਂ ਗਤੀਵਿਧੀਆਂ ਵਿੱਚ ਸਰਹੱਦ ਪਾਰੋਂ ਹਥਿਆਰ ਅਤੇ ਗੋਲਾ ਬਾਰੂਦ, ਵਿਸਫੋਟਕ, ਆਈਈਡੀ ਆਦਿ ਦੀ ਤਸਕਰੀ ਕਰਨਾ ਸ਼ਾਮਲ ਹੈ। ਟੀਮਾਂ ਨੇ ਕਈ ਥਾਵਾਂ ’ਤੇ ਇਤਰਾਜ਼ਯੋਗ ਸਮੱਗਰੀ ਵੀ ਬਰਾਮਦ ਕੀਤੀ ਹੈ। ਦਰਜਨ ਦੇ ਕਰੀਬ ਵਿਅਕਤੀਆਂ ਤੋਂ ਪੁੱਛ ਪੜਤਾਲ ਕੀਤੀ ਗਈ ਹੈ।

### ਐੱਨ. ਆਈ. ਏ. ਦੀ ‘ਆਪ’ ਦੇ ਬਲਾਕ ਪ੍ਰਧਾਨ ਦੇ ਘਰ ’ਤੇ ਛਾਪੇਮਾਰੀ

ਐੱਨ. ਆਈ. ਏ. ਦੀ ਟੀਮ ਨੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਦੇ ਘਰ ਸਮੇਤ ਜ਼ਿਲ੍ਹੇ ਵਿਚ ਪੰਜ ਥਾਵਾਂ ’ਤੇ ਛਾਪੇਮਾਰੀ ਕੀਤੀ। ਕਰੀਬ ਦੋ ਤੋਂ ਤਿੰਨ ਘੰਟੇ ਤੱਕ ਚੱਲੀ ਇਸ ਛਾਪੇਮਾਰੀ ਦੌਰਾਨ ਐੱਨ. ਆਈ. ਏ. ਦੀ ਟੀਮ ਨੇ ਉਕਤ ਵਿਅਕਤੀਆਂ ਦੇ ਘਰੋਂ ਕੁਝ ਦਸਤਾਵੇਜ਼ ਜ਼ਬਤ ਕੀਤੇ ਅਤੇ ਉਨ੍ਹਾਂ ਨੂੰ 5 ਮਾਰਚ ਨੂੰ ਐੱਨ. ਆਈ. ਏ. ਦਫ਼ਤਰ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ। ਐੱਨ. ਆਈ. ਏ. ਦੀ ਟੀਮ ਨੇ ਜ਼ਿਲ੍ਹੇ ਦੇ ਬਾਲਿਆਂਵਾਲੀ, ਰਾਮਪੁਰਾ ਪਿੰਡਾਂ ਅਤੇ ਸੰਗਤ ਮੰਡੀ ਦੇ ਭੂਮਵਾਲੀ ਅਤੇ ਪਥਰਾਲਾ ਪਿੰਡਾਂ ਦਾ ਦੌਰਾ ਕੀਤਾ। ਜਾਣਕਾਰੀ ਅਨੁਸਾਰ ਐੱਨ. ਆਈ. ਏ. ਦੀ ਟੀਮ ਨੇ ’ਆਪ’ ਦੇ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਨੀਟਾ ਵਾਸੀ ਭੂਮਵਾਲੀ ਥਾਣਾ ਸੰਗਤ ਜ਼ਿਲ੍ਹਾ ਬਠਿੰਡਾ ਦੇ ਪਿੰਡ ਸੰਗਤ ਮੰਡੀ ਦੇ ਘਰ ਛਾਪਾ ਮਾਰਿਆ। ਇਹ ਕਾਰਵਾਈ ਕਰੀਬ ਤਿੰਨ ਘੰਟੇ ਚੱਲੀ। ਹਾਲਾਂਕਿ ਐੱਨ. ਆਈ. ਏ. ਦੀ ਟੀਮ ਨੂੰ ਨੀਟਾ ਦੇ ਘਰ ਤੋਂ ਕੁਝ ਨਹੀਂ ਮਿਲਿਆ ਹੈ ਪਰ ਟੀਮ ਕੁਝ ਦਸਤਾਵੇਜ਼ ਆਪਣੇ ਨਾਲ ਲੈ ਗਈ ਹੈ। ਇਸ ਤੋਂ ਬਾਅਦ ਐੱਨ. ਆਈ. ਏ. ਦੀ ਟੀਮ ਨੇ ਪਿੰਡ ਸੰਗਤ ਮੰਡੀ ਦੇ ਪਿੰਡ ਪਥਰਾਲਾ ਥਾਣਾ ਸੰਗਤ ਜ਼ਿਲ੍ਹਾ ਬਠਿੰਡਾ ਦੇ ਵਾਸੀ ਸੋਨੂੰ ਕੁਮਾਰ ਦੇ ਘਰ ਦਾ ਦੌਰਾ ਕੀਤਾ। ਐੱਨ. ਆਈ. ਏ. ਦੀ ਟੀਮ ਨੇ ਪਥਰਾਲਾ ਪਿੰਡ ਵਿਚ ਸੋਨੂੰ ਸ਼ਰਮਾ ਦੇ ਘਰ ਵੀ ਛਾਪਾ ਮਾਰਿਆ। ਉਨ੍ਹਾਂ ਨੂੰ 5 ਮਾਰਚ ਨੂੰ ਦਿੱਲੀ ਬੁਲਾਇਆ ਗਿਆ ਹੈ। ਸੋਨੂੰ ਸ਼ਰਮਾ ਦਾ ਕਹਿਣਾ ਹੈ ਕਿ ਉਹ ਛੋਟਾ ਕਿਸਾਨ ਹੈ। ਉਸ ਨੂੰ ਨਹੀਂ ਪਤਾ ਕਿ ਐੱਨ. ਆਈ. ਏ. ਨੇ ਉਸ ਦੇ ਘਰ ਛਾਪਾ ਕਿਉਂ ਮਾਰਿਆ। ਐੱਨ. ਆਈ. ਏ. ਦੀ ਟੀਮ ਨੇ ਘਰ ਵਿਚ ਮੌਜੂਦ ਲੋਕਾਂ ਅਤੇ ਔਰਤਾਂ ਤੋਂ ਪੁੱਛਿਆ ਕਿ ਕੀ ਉਨ੍ਹਾਂ ਦਾ ਪੁੱਤਰ ਕਿਸਾਨ ਅੰਦੋਲਨ ਵਿਚ ਜਾ ਰਿਹਾ ਹੈ। ਇਸ ਲਈ ਅਸੀਂ ਕਿਹਾ ਕਿ ਅਸੀਂ ਜਾ ਰਹੇ ਹਾਂ ਕਿਉਂਕਿ ਅਸੀਂ ਮੱਧ ਵਰਗ ਦੇ ਕਿਸਾਨ ਹਾਂ ਅਤੇ ਅਸੀਂ ਵੀ ਕਿਸਾਨਾਂ ਦੀਆਂ ਮੰਗਾਂ ਲਈ ਜਾ ਰਹੇ ਹਾਂ ਅਤੇ ਅਸੀਂ ਕਿਸਾਨ ਅੰਦੋਲਨ ਵਿਚ ਜਾਂਦੇ ਰਹਾਂਗੇ ਪਰ ਉਨ੍ਹਾਂ ਨੇ ਹੋਰ ਕੁਝ ਨਹੀਂ ਕਿਹਾ ਅਤੇ ਆਉਣ ਦੇ ਆਦੇਸ਼ ਦਿੱਤੇ ਗਏ। 5 ਮਾਰਚ ਨੂੰ ਐਨ.ਆਈ.ਏ. ਇਸੇ ਤਰ੍ਹਾਂ ਤੀਸਰੀ ਛਾਪੇਮਾਰੀ ਇਕਬਾਲ ਸਿੰਘ ਵਾਸੀ ਫਰੀਦ ਨਗਰ ਮੰਡੀ, ਰਾਮਪੁਰ ਥਾਣਾ ਸਿਟੀ, ਜ਼ਿਲ੍ਹਾ ਰਾਮਪੁਰ ਦੇ ਘਰ ਹੋਈ। ਕਰੀਬ ਦੋ ਘੰਟੇ ਤੱਕ ਚੱਲੀ ਇਸ ਛਾਪੇਮਾਰੀ ਦੌਰਾਨ ਟੀਮ ਵੱਲੋਂ ਘਰ ਘਰ ਦੀ ਤਲਾਸ਼ੀ ਲਈ ਗਈ। ਹਾਲਾਂਕਿ ਟੀਮ ਨੇ ਛਾਪੇਮਾਰੀ ਨਾਲ ਜੁੜੀ ਕੋਈ ਵੀ ਜਾਣਕਾਰੀ ਮੀਡੀਆ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ।

ਰਵਾਨਾ ਹੋਣ ਸਮੇਂ ਟੀਮ ਅਧਿਕਾਰੀਆਂ ਨੇ ਇਕਬਾਲ ਸਿੰਘ ਦੇ ਨਾਂ ’ਤੇ ਪਰਿਵਾਰ ਨੂੰ ਇਕ ਨੋਟਿਸ ਦਿੱਤਾ, ਜਿਸ ’ਚ ਉਨ੍ਹਾਂ ਨੂੰ ਅਪਰਾਧਿਕ ਮਾਮਲੇ ਦੀ ਜਾਂਚ ਲਈ 5 ਮਾਰਚ ਨੂੰ ਦਿੱਲੀ ਸਥਿਤ ਐੱਨ. ਆਈ. ਏ. ਹੈੱਡਕੁਆਰਟਰ ’ਚ ਪਹੁੰਚਣ ਦਾ ਹੁਕਮ ਦਿੱਤਾ ਗਿਆ ਸੀ। ਜਦਕਿ ਚੌਥਾ ਛਾਪਾ ਸ਼ੇਰ ਬਲਵੰਤ ਸਿੰਘ ਵਾਸੀ ਪਿੰਡ ਬਾਲਿਆਂਵਾਲੀ ਥਾਣਾ ਬਾਲਿਆਂਵਾਲੀ ਜ਼ਿਲ੍ਹਾ ਬਠਿੰਡਾ, ਪੰਜਵਾਂ ਛਾਪਾ ਜੱਗੀ ਖਾਨ ਵਾਸੀ ਪਿੰਡ ਕੋਟੜਾ ਕੌੜਾ ਥਾਣਾ ਬਾਲਿਆਂਵਾਲੀ ਜ਼ਿਲ੍ਹਾ ਬਠਿੰਡਾ ਦੇ ਮਾਰਿਆ ਗਿਆ। ਕਰੀਬ ਤਿੰਨ ਘੰਟੇ ਤੱਕ ਚੱਲੀ ਇਸ ਛਾਪੇਮਾਰੀ ਤੋਂ ਬਾਅਦ ਐੱਨ. ਆਈ. ਏ. ਦੀ ਟੀਮ ਜੱਗੀ ਖਾਨ ਦੇ ਭਰਾ ਸੋਨੀ ਖਾਨ ਨੂੰ ਆਪਣੇ ਨਾਲ ਲੈ ਗਈ।

ਉਧਰ, ਐੱਨਆਈਏ ਵੱਲੋਂ ਬਰਨਾਲਾ ਦੇ ਪਿੰਡ ਹਮੀਦੀ ਵਿੱਚ ਰੇਸ਼ਮ ਸਿੰਘ ਦੇ ਘਰ ਛਾਪਾ ਮਾਰਿਆ ਗਿਆ। ਜ਼ਿਕਰਯੋਗ ਹੈ ਕਿ ਕਰੀਬ ਡੇਢ ਸਾਲ ਪਹਿਲਾਂ ਸੰਗਰੂਰ ਪੁਲੀਸ ਵੱਲੋਂ ਰੇਸ਼ਮ ਸਿੰਘ ਨੂੰ ਖਾਲਿਸਤਾਨੀ ਨਾਅਰੇ ਲਿਖਣ ਦੇ ਕਥਿਤ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਕਾਰਵਾਈ ਨੂੰ ਇਸੇ ਸੰਦਰਭ ਵਿੱਚ ਵੇਖਿਆ ਜਾ ਰਿਹਾ ਹੈ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਮਹਿਲ ਕਲਾਂ ਨਾਥ ਸਿੰਘ ਹਮੀਦੀ ਨੇ ਮੌਕੇ ’ਤੇ ਪੁੱਜ ਕੇ ਕੇਂਦਰੀ ਜਾਂਚ ਏਜੰਸੀ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਰੇਸ਼ਮ ਸਿੰਘ ਪਿਛਲੇ ਦੋ ਸਾਲ ਤੋਂ ਜੇਲ ਵਿੱਚ ਬੰਦ ਹੈ ਪਰ ਕੇਂਦਰ ਦੀ ਸਰਕਾਰ ਕਿਸਾਨੀ ਸੰਘਰਸ਼ ਨੂੰ ਦਬਾਉਣ ਲਈ ਆਪਣੀਆਂ ਏਜੰਸੀਆਂ ਰਾਹੀਂ ਪੰਜਾਬ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀ ਹੈ । ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਦੀਆਂ ਅਜਿਹੀਆਂ ਕਾਰਵਾਈਆਂ ਨਾਲ ਜਿੱਥੇ ਕਿਸਾਨੀ ਸੰਘਰਸ਼ ਨੂੰ ਢਾਹ ਲੱਗੇਗੀ ਉਥੇ ਹੀ ਕੌਮੀ ਘਰ ਦੀ ਪ੍ਰਾਪਤੀ ਲਈ ਯਤਨਸ਼ੀਲ ਨੌਜਵਾਨਾਂ ਦੇ ਯਤਨਾਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ । ਉਨਾਂ ਕਿਹਾ ਕਿ ਇਹ ਪਰਿਵਾਰ ਮਿਹਨਤ ਮਜ਼ਦੂਰੀ ਵਾਲਾ ਪਰਿਵਾਰ ਹੈ ਜਿਸ ਨੂੰ ਏਜੰਸੀਆਂ ਵੱਲੋਂ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਇਸ ਗੱਲ ਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ । ਇਸ ਮੌਕੇ ਕੇਂਦਰੀ ਜਾਂਚ ਏਜੰਸੀ ਦੇ ਡੀਐੱਸਪੀ ਇਸਾਨ ਮਹਿਰਾ ਸਮੇਤ ਦੋ ਟੀਮ ਮੈਂਬਰ, ਥਾਣਾ ਠੁੱਲ੍ਹੀਵਾਲ ਮੁਖੀ ਬਲਦੇਵ ਸਿੰਘ ਮਾਨ, ਜਗਜੀਤ ਸਿੰਘ ਜੇਈ ਪੰਚਾਇਤੀ ਰਾਜ, ਕੀਰਤੀ ਜਿੰਦਲ ਜੇਈ ਪਾਵਰਕਾਮ ਪੁਲਿਸ ਪਾਰਟੀ ਤੋਂ ਇਲਾਵਾ ਪੰਚ ਅਮਰ ਸਿੰਘ, ਭੁਪਿੰਦਰ ਸਿੰਘ ਢੀਂਡਸਾ, ਬੰਤ ਸਿੰਘ, ਮਗਰ ਸਿੰਘ ਅਮਰ ਸਿੰਘ ਪੱਪੂ ਸਿੰਘ ਪਿੰਡ ਵਾਸੀਆਂ ਤੋਂ ਇਲਾਵਾ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ।

**ਐੱਨਆਈਏ ਦੀਆਂ ਟੀਮਾਂ ਵੱਲੋਂ ਇਸ ਸਾਲ ਦੌਰਾਨ ਪਹਿਲੀ ਵਾਰੀ ਗੈਂਗਸਟਰਾਂ ਦੇ ਟਿਕਾਣਿਆਂ ’ਤੇ ਛਾਪੇ ਮਾਰੇ ਗਏ ਹਨ। ਮੋਰਚੇ ਵਲ ਜਾਣ ਵਾਲੇ ਕਿਸਾਨ ਵੀ ਨਿਸ਼ਾਨਾ ਬਣੇ ਹਨ। ਲੰਘੇ ਸਾਲ ਦੌਰਾਨ ਐੱਨਆਈਏ ਦੀਆਂ ਟੀਮਾਂ ਪੰਜਾਬ ਵਿੱਚ ਬਹੁਤ ਜ਼ਿਆਦਾ ਸਰਗਰਮ ਰਹੀਆਂ ਸਨ। ਸਾਲ 2022 ਦੌਰਾਨ 8 ਵਾਰੀ ਦੇ ਕਰੀਬ ਪੰਜਾਬ ਵਿੱਚ ਖਾੜਕੂ ਅਤੇ ਗੈਂਗਸਟਰਾਂ ਦੇ ਟਿਕਾਣਿਆਂ ’ਤੇ ਛਾਪੇ ਮਾਰੇ ਗਏ ਸਨ। ਪੰਜਾਬ ਸਰਕਾਰ ਇਨ੍ਹਾਂ ਛਾਪਿਆਂ ਬਾਰੇ ਚੁਪ ਹੈ।**

## ਅਜੀਤਵਾਲ ਵਿੱਚ ਪਤਨੀ ਸਣੇ ਹਿਰਾਸਤ ਵਿੱਚ ਲਿਆ ਗ੍ਰੰਥੀ

ਐੱਨਆਈਏ ਨੇ ਇਥੇ ਕਸਬਾ ਅਜੀਤਵਾਲ ਵਿੱਚ ਗ੍ਰੰਥੀ ਮਨਜੀਤ ਸਿੰਘ ਦੇ ਘਰ ਛਾਪਾ ਮਾਰਿਆ। ਇਸ ਮੌਕੇ ਟੀਮ ਨੇ ਡਿਜੀਟਲ ਡੇਟਾ ਅਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਕਰਦਿਆਂ ਮੋਬਾਈਲ ਆਦਿ ਜ਼ਬਤ ਕਰ ਲਿਆ ਅਤੇ ਪਤਨੀ ਸਣੇ ਗ੍ਰੰਥੀ ਨੂੰ ਹਿਰਾਸਤ ਵਿੱਚ ਲੈ ਕੇ ਚਲੀ ਗਈ। ਐੱਨਆਈਏ ਅਧਿਕਾਰੀ ਮੁਤਾਬਕ ਇਹ ਛਾਪਾ ਖਾਲਿਸਤਾਨੀਆਂ ਤੇ ਸੰਗਠਨ ਅਪਰਾਧੀਆਂ ਦੇ ਗੱਠਜੋੜ ਖ਼ਿਲਾਫ਼ ਚੱਲ ਰਹੀ ਮੁਹਿੰਮ ਤਹਿਤ ਮਾਰਿਆ ਗਿਆ ਹੈ।

# ਬਾਬਾ ਰਾਮ ਦੇਵ ਦੀ ਕੰਪਨੀ ਪਤੰਜਲੀ ਨੂੰ ਸੁਪਰੀਮ ਕੋਰਟ ਤੋਂ ਤਗੜੀ ਫਟਕਾਰ !

## ✪ ਦੇਸ਼ ਨੂੰ ਧੋਖਾ ਦੇ ਰਹੇ ਹੋ'! 'ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ'! ✪ ਹਰ ਇੱਕ ਪ੍ਰੋਡਕਟ ਵਿੱਚ ਝੂਠੇ ਦਾਅਵੇ ✪ 1 ਕਰੋੜ ਦਾ ਜੁਰਮਾਨਾ ਲੱਗ ਸਕਦਾ ਹੈ

ਦਿੱਲੀ-ਸੁਪਰੀਮ ਕੋਰਟ ਨੇ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਲਈ ਬਾਬਾ ਰਾਮ ਦੇਵ ਦੀ ਕੰਪਨੀ ਪਤੰਜਲੀ ਆਯੁਰਵੇਦ ਅਤੇ ਉਸ ਦੇ ਐਮਡੀ ਅਚਾਰਿਆ ਬਾਲਕ੍ਰਿਸ਼ਨ ਨੂੰ ਅਦਾਲਤ ਦੀ ਅਵਮਾਨਨਾ ਦਾ ਨੋਟਿਸ ਜਾਰੀ ਕੀਤੀ ਹੈ। ਸੁਣਵਾਈ ਦੇ ਦੌਰਾਨ ਜਸਟਿਸ ਅਮਾਨੁਲਾਹ ਨੇ ਕਿਹਾ ਸਾਡੇ ਹੁਕਮਾਂ ਦੇ ਬਾਵਜੂਦ ਤੁਸੀਂ ਇਸ਼ਤਿਹਾਰ ਜਾਰੀ ਕਰਨ ਦੀ ਹਿੰਮਤ ਕੀਤੀ ਹੈ। ਅਸੀਂ ਅਜਿਹਾ ਇਸ ਲਈ ਕਰ ਰਹੇ ਹਾਂ ਕਿਉਂਕਿ ਤੁਸੀਂ ਅਦਾਲਤ ਨੂੰ ਉਕਸਾਹ ਰਹੇ ਹੋ। ਕੋਰਟ ਨੇ ਸਰਕਾਰ 'ਤੇ ਵੀ ਸਖਤ ਟਿਪਣੀ ਕਰਦੇ ਹੋਏ ਕਿਹਾ ਪੂਰੇ ਦੇਸ਼ ਨੂੰ ਧੋਖਾ ਦਿੱਤਾ ਜਾ ਰਿਹਾ ਹੈ ਅਤੇ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ। ਇਸ ਮਾਮਲੇ ਵਿੱਚ ਅਗਲੀ ਸੁਣਵਾਈ 14 ਮਾਰਚ ਨੂੰ ਹੋਵੇਗੀ।

ਆਈਐਮਏ ਦੇ ਵੱਲੋਂ ਕੋਰਟ ਵਿੱਚ ਸੀਨੀਅਰ ਵਕੀਲ ਪੀਐੱਸ ਪਟਵਾਲੀਆ ਨੇ ਕਿਹਾ ਪਤੰਜਲੀ ਨੇ ਯੋਗ ਦੀ ਮਦਦ ਨਾਲ ਸ਼ੂਗਰ,ਅਸਥਮਾ ਨੂੰ ਪੂਰੀ ਤਰ੍ਹਾਂ ਠੀਕ ਕਰਨ ਦਾ ਦਾਅਵਾ ਕੀਤਾ ਹੈ। ਮੈਡੀਕਲ ਐਸੋਸੀਏਸ਼ਨ ਨੇ 2022 ਵਿੱਚ ਪਤੰਜਲੀ ਦੇ ਖਿਲਾਫ ਪਟੀਸ਼ਨ ਦਾਇਰ ਕੀਤੀ ਸੀ। ਆਈ ਐਮ ਏ ਨੇ ਸ਼ਿਕਾਇਤ ਕੀਤੀ ਸੀ ਕਿ ਬਾਬਾ ਰਾਮਦੇਵ ਸੋਸ਼ਲ ਮੀਡੀਆ 'ਤੇ ਐਲੋਪੈਥੀ ਦੇ ਖਿਲਾਫ ਗਲਤ ਜਾਣਕਾਰੀ ਸਾਂਝੀ ਕਰ ਰਹੇ ਹਨ। ਇਸ ਤੋਂ ਪਹਿਲਾਂ 21 ਨਵੰਬਰ 2023 ਵਿੱਚ ਸੁਣਵਾਈ ਦੌਰਾਨ ਜਸਟਿਸ ਅਮਾਨੁਲਾਹ ਨੇ ਕਿਹਾ ਸੀ ਕਿ ਪਤੰਜਲੀ ਨੂੰ ਸਾਰੇ ਗੁੰਮਰਾਕੁੰਨ ਇਸ਼ਤਿਆਰਬਾਜ਼ੀ ਫੌਰਨ ਬੰਦ ਕਰਨੀ ਚਾਹੀਦੀ ਹੈ। ਕੋਰਟ ਨੇ ਕਿਹਾ ਸੀ ਕਿ ਜੇਕਰ ਇਹ ਬੰਦ ਨਾ ਹੋਇਆ ਤਾਂ ਉਹ ਇਸ ਨੂੰ ਗੰਭੀਰਤਾ ਦੇ ਨਾਲ ਲੈਣਗੇ। 1 ਪ੍ਰੋਡਕਟ 'ਤੇ ਝੂਠੇ ਦਾਅਵੇ ਨਾਲ 1 ਕਰੋੜ ਦਾ ਜੁਰਮਾਨਾ ਲਗਾਇਆ ਜਾਏਗਾ।

ਕੋਰਟ ਨੇ ਨਿਰਦੇਸ਼ ਦਿੱਤੇ ਸਨ ਕਿ ਉਹ ਪਤੰਜਲੀ ਆਯੁਰਵੇਦ ਭਵਿੱਖ ਵਿੱਚ ਅਜਿਹਾ ਕੋਈ ਇਸ਼ਤਿਹਾਰ ਨਹੀਂ ਕਰੇਗਾ। ਬੈਂਚ ਨੇ ਕਿਹਾ ਸੀ ਉਹ ਇਸ ਮੁੱਦੇ ਨੂੰ ਆਯੁਰਵੇਦ ਬਨਾਮ ਐਲੋਪੈਥੀ ਨਹੀਂ ਬਣਾਉਣਾ ਚਾਹੁੰਦੀ ਹੈ। ਅਦਾਲਤ ਨੇ ਕਿਹਾ ਸੀ ਕਿ ਬਾਬਾ ਰਾਮਦੇਵ ਆਪਣੀ ਚੀਜਾ ਨੂੰ ਹੋਰ ਚੰਗਾ ਬਣਾ ਸਕਦੇ ਹਨ ਪਰ ਹੋਰ ਚੀਜ਼ਾ ਦੀ ਅਲੋਚਨਾ ਨਹੀਂ ਕਰਨੀ ਚਾਹੀਦੀ ਹੈ।



ਇਸ ਤੋਂ ਪਹਿਲਾਂ ਕੋਵਿਡ ਦੌਰਾਨ ਵੀ ਰਾਮਦੇਵ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਕੋਰੋਨਿਲ ਅਤੇ ਸਵਸਾਰੀ ਨੂੰ ਕੋਰੋਨਾ ਦੇ ਇਲਾਜ਼ ਦੇ ਲਈ ਬਣਾਇਆ ਹੈ। ਇਸ ਦਾਅਵੇ ਦੀ ਵਜ੍ਹਾ ਕਰਕੇ ਆਯੂਸ਼ ਮੰਤਰਾਲਾ ਨੇ ਕੰਪਨੀ ਨੂੰ ਫਟਕਾਰ ਲਗਾਉਂਦੇ ਹੋਏ ਇਸ ਦੇ ਪ੍ਰਮੋਸ਼ਨ 'ਤੇ ਫੌਰਨ ਰੋਕ ਲਗਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਤੋਂ ਪਹਿਲਾਂ 2015 ਵਿੱਚ ਰਾਮਦੇਵ ਦੀ ਕੰਪਨੀ ਨੇ ਆਟਾ ਨੂਡਲ ਲਿਆਉਣ ਤੋਂ ਪਹਿਲਾਂ ਫੂਡ ਸੇਫਟੀ ਅਤੇ ਰੈਗੂਲੇਟਰੀ ਅਥਾਰਿਟੀ (ਢਸ਼ਸ਼ਅੀ) ਤੋਂ ਲਾਇਸੈਂਸ ਨਹੀਂ ਲਿਆ ਸੀ। ਜਿਸ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਸੀ।

ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਨੇ ਦੇਸ਼ ਦੀ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੂੰ ਪੰਜਾਬ ਦੇ ਕਿਸਾਨਾਂ 'ਤੇ ਹੋਏ ਹਮਲੇ ਨੂੰ ਲੈਕੇ ਪੱਤਰ ਲਿਖਿਆ ਹੈ। ਕੌਂਸਲ ਨੇ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਕਿਸਾਨਾਂ ਖਿਲਾਫ ਕੀਤੀ ਗਈ ਹਿੰਸਾ ਦੀ ਨਿਖੇਦਧੀ ਕਰੇ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ ਭਾਰਤੀ ਹਾਈਕਮਿਸ਼ਨ ਦੇ ਸਾਹਮਣੇ ਆਪਣਾ ਵਿਰੋਧ ਜਤਾਏ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਦੇ ਮਨੁੱਖੀ ਹੱਕਾਂ ਦੀ ਸੁਰੱਖਿਆ ਕੀਤੀ ਜਾਵੇ। ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ ਨੇ ਕਿਹਾ ਭਾਰਤ ਸਰਕਾਰ ਨੇ ਕਿਸਾਨਾਂ ਨੂੰ ਲਿਖਤ ਵਿੱਚ ਵਾਅਦੇ ਪੂਰੇ ਕਰਨ ਦਾ ਭਰੋਸਾ ਦਿੱਤਾ ਸੀ। ਵਿਦੇਸ਼ ਮੰਤਰੀ ਨੂੰ ਲਿਖੇ ਗਏ ਪੱਤਰ ਵਿੱਚ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਸ਼ੁਭਕਰਨ ਦਾ ਵੀ ਜਿਕਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕੈਨੇਡਾ ਚੀਨ,ਸਾਊਦੀ ਅਰਬ ਅਤੇ ਹੋਰ ਮੁਲਕਾਂ ਵਿੱਚ ਜਦੋਂ ਵੀ ਮਨੁੱਖੀ ਅਧਿਕਾਰਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ ਤਾਂ ਕੈਨਾਡ ਖੁੱਲ ਕੇ ਬੋਲ ਦਾ ਹੈ ਇਸ ਵਾਰ ਵੀ ਉਨ੍ਹਾਂ ਨੂੰ ਇਹ ਹੀ ਸਟੈਂਡ ਲੈਣਾ ਚਾਹੀਦਾ ਹੈ। ਭਾਰਤ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਖਿਲਾਫ ਹਮਲੇ ਵੱਧ ਰਹੇ ਹਨ। ਪੱਤਰ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟ ਦੇ ਹੱਥ ਹੋਣ ਦਾ ਵੀ ਜਿਕਰ ਕੀਤਾ ਗਿਆ ਹੈ।

# ਕਿਸਾਨਾਂ ਦਾ ਮੋਦੀ ਸਰਕਾਰ ਵਿਰੁੱਧ ਸੰਘਰਸ਼ ਤੇਜ਼

## ✪ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਟਰੈਕਟਰ ਮਾਰਚ

ਚੰਡੀਗੜ੍ਹ-ਖੇਤੀ ਸੈਕਟਰ ਨੂੰ ਵਿਸ਼ਵ ਵਪਾਰ ਸੰਗਠਨ (ਡਬਲਯੂਟੀਓ) ਸਮਝੌਤੇ ਤੋਂ ਬਾਹਰ ਕਰਨ ਦੀ ਮੰਗ ਕਰਦਿਆਂ ਕਿਸਾਨਾਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀਤੇ ਦਿਨੀਂ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ 'ਚ ਕਈ ਥਾਵਾਂ 'ਤੇ ਟਰੈਕਟਰ ਰੈਲੀਆਂ ਕੀਤੀਆਂ ਤੇ ਪੁਤਲੇ ਫੂਕ ਕੇ ਰੋਸ ਮੁਜ਼ਾਹਰੇ ਕੀਤੇ। ਇਨ੍ਹਾਂ ਰੈਲੀਆਂ ਤੇ ਰੋਸ ਮੁਜ਼ਾਹਰਿਆਂ ਕਾਰਨ ਕਈ ਥਾਵਾਂ 'ਤੇ ਆਵਾਜਾਈ ਵੀ ਪ੍ਰਭਾਵਿਤ ਹੋਈ। ਜ਼ਿਕਰਯੋਗ ਹੈ ਕਿ ਯੂਏਈ ਵਿੱਚ ਡਬਲਯੂਟੀਏ ਦਾ 13ਵਾਂ ਮੰਤਰੀ ਪੱਧਰੀ ਸੰਮੇਲਨ ਹੋ ਰਿਹਾ ਹੈ।

ਸਾਲ 2020-21 ਦੇ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਕਈ ਕਿਸਾਨ ਜਥੇਬੰਦੀਆਂ ਦੇ ਸਮੂਹ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਸੱਦੇ 'ਤੇ ਕਿਸਾਨਾਂ ਨੇ ਪੰਜਾਬ ਤੇ ਹਰਿਆਣਾ 'ਚ ਕਈ ਥਾਵਾਂ 'ਤੇ ਕੌਮੀ ਮਾਰਗਾਂ ਕਿਨਾਰੇ ਆਪਣੇ ਟਰੈਕਟਰ ਖੜ੍ਹੇ ਕਰ ਦਿੱਤੇ। ਹਰਿਆਣਾ ਨਾਲ ਲੱਗਦੀਆਂ ਪੰਜਾਬ ਦੀਆਂ ਸ਼ੰਭੂ ਤੇ ਖਨੌਰੀ ਹੱਦਾਂ 'ਤੇ ਵੀ ਡਬਲਯੂਟੀਓ ਦੇ ਪੁਤਲੇ ਸਾੜੇ ਗਏ ਜਿੱਥੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਨੇ ਸੁਰੱਖਿਆ ਬਲਾਂ ਵੱਲੋਂ ਦਿੱਲੀ ਜਾਣ ਤੋਂ ਰੋਕੇ ਜਾਣ ਮਗਰੋਂ ਡੇਰੇ ਲਾਏ ਹੋਏ ਹਨ।

ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਡਬਲਯੂਟੀਓ ਦਾ ਮਕਸਦ ਖੇਤੀ ਸਬਸਿਡੀ ਖਤਮ ਕਰਨਾ ਹੈ ਅਤੇ ਜੇਕਰ ਭਾਰਤ ਨੇ ਇਸ ਦਾ ਪਾਲਣ ਕੀਤਾ ਇਸ ਦੇ ਨਤੀਜੇ ਖਤਰਨਾਕ ਹੋਣਗੇ। ਪੰਜਾਬ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ, ਸੁਖਦੇਵ ਸਿੰਘ ਕੋਕਰੀ ਕਲਾਂ, ਜਗਮੋਹਨ ਸਿੰਘ ਪਟਿਆਲਾ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਡਾ. ਦਰਸ਼ਨ ਪਾਲ, ਪ੍ਰੇਮ ਸਿੰਘ ਭੰਗੂ ਅਤੇ ਹੋਰਨਾਂ ਕਿਸਾਨ ਆਗੂਆਂ ਨੇ ਦੱਸਿਆ ਕਿ ਅੱਜ ਦੇ ਪੁਤਲਾ ਫੂਕ ਮੁਜ਼ਾਹਰਿਆਂ ਵਿੱਚ ਹਜ਼ਾਰਾਂ ਕਿਸਾਨ ਟਰੈਕਟਰਾਂ ਸਮੇਤ ਸ਼ਾਮਲ ਹੋਏ ਜਿਨ੍ਹਾਂ ਵਿਚ ਵੱਡੀ ਗਿਣਤੀ ਵਿੱਚ ਨੌਜਵਾਨ, ਔਰਤਾਂ ਸਮੇਤ ਕਿਸਾਨ-ਮਜ਼ਦੂਰ ਵੀ ਸ਼ਾਮਲ ਸਨ। ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਅਸਲ ਮੰਗਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਉਨ੍ਹਾਂ ਫਸਲਾਂ ਲਈ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਮੇਤ ਵੱਖ ਵੱਖ ਮੰਗਾਂ ਲਈ ਕੇਂਦਰ 'ਤੇ ਦਬਾਅ ਬਣਾਉਣ ਲਈ ਪੰਜਾਬ-ਹਰਿਆਣਾ ਦੀਆਂ ਹੱਦਾਂ 'ਤੇ ਮੋਰਚਿਆਂ 'ਤੇ ਬੈਠੇ ਕਿਸਾਨਾਂ 'ਤੇ ਕੀਤੇ ਗਏ ਜ਼ੁਲਮ ਦੀ ਨਿੰਦਾ ਕੀਤੀ।




### ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਕੇਂਦਰ ਸਰਕਾਰ ਖ਼ਿਲਾਫ਼ ਗਰਜੇ

ਦਿੱਲੀ ਕਿਸਾਨ ਅੰਦੋਲਨ ਦੌਰਾਨ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਵੱਡੀ ਗਿਣਤੀ ਕਿਸਾਨਾਂ ਨੇ ਪੰਜਾਬ ਹਰਿਆਣਾ ਦੀਆਂ ਹੱਦਾਂ 'ਤੇ ਸ਼ੰਭੂ ਅਤੇ ਢਾਬੀਗੁੱਜਰਾਂ ਬੈਰੀਅਰਾਂ 'ਤੇ ਵਿਸ਼ਵ ਵਪਾਰ ਸੰਸਥਾ ਦੇ ਵੀਹ-ਵੀਹ ਫੁੱਟ ਉੱਚੇ ਪੁਤਲੇ ਸਾੜ ਕੇ ਰੋਸ ਜਤਾਇਆ। ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ 27 ਅਤੇ 28 ਫਰਵਰੀ ਨੂੰ ਦੋਵਾਂ ਫੋਰਮਾਂ ਵੱਲੋਂ ਵਿਚਾਰ ਵਟਾਂਦਰੇ ਕਰਨ ਮਗਰੋਂ 29 ਫਰਵਰੀ ਨੂੰ ਸੰਘਰਸ਼ ਦੀ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਕਿਸਾਨੀ ਅਤੇ ਅਗਲੀਆਂ ਨਸਲਾਂ ਬਚਾਉਣ ਲਈ ਇਕਜੁੱਟ ਹੋ ਕੇ ਲੜਾਈ ਲੜਨੀ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸਾਨ ਜਾਣ ਬੁੱਝ ਕੇ ਖੁਦ ਕਰਜ਼ਈ ਨਹੀਂ ਹੋਏ ਸਗੋਂ ਹਕੂਮਤਾਂ ਨੇ ਸਾਜ਼ਿਸ਼ ਅਤੇ ਰਾਜਨੀਤੀ ਨਾਲ ਕਿਸਾਨਾਂ ਨੂੰ ਕਰਜ਼ਈ ਕੀਤਾ ਹੈ। ਜੇਕਰ ਕਰਜ਼ਿਆਂ ਖ਼ਿਲਾਫ਼ ਇਕਜੁੱਟ ਹੋ ਕੇ ਲੜਾਈ ਨਾ ਲੜੀ ਗਈ ਤਾਂ ਜ਼ਮੀਨਾਂ ਬੈਂਕ ਵਿਚ ਗਿਰਵੀ ਰਹਿਣਗੀਆਂ ਅਤੇ ਕਾਰਪੋਰੇਟ ਕੰਪਨੀਆਂ ਬੈਂਕ ਤੋਂ ਜ਼ਮੀਨਾਂ ਹੜੱਪ ਲੈਣਗੀਆਂ। ਇਸ ਵੇਲੇ ਕਿਸਾਨਾਂ ਨੂੰ ਕਈ ਢੰਗਾਂ ਨਾਲ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਬਸਿਡੀਆਂ 'ਤੇ ਜ਼ਹਿਰੀਲੀਆਂ ਸਪਰੇਆਂ ਦੇ ਕੇ ਅਨਾਜ ਜ਼ਹਿਰੀਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਸਾਨ ਨੂੰ ਲਾਗਤ ਅਨੁਸਾਰ ਜਿਣਸਾਂ ਦਾ ਭਾਅ ਨਾ ਦੇਣ ਦਾ ਦੋਸ਼ ਲਾਇਆ। ਕੇਂਦਰ ਵਲੋਂ ਸਾਜਿਸ਼ੀ ਢੰਗ ਤਰੀਕਿਆਂ ਨਾਲ ਕਿਸਾਨਾਂ ਨੂੰ 14 ਲੱਖ ਕਰੋੜ ਰੁਪਏ ਦਾ ਘਾਟਾ ਪਾਇਆ ਗਿਆ ਹੈ।

# ਅੰਮ੍ਰਿਤ ਪਾਲ ਸਿੰਘ ਤੇ ਉਸਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰੋ

## ❂ ਹੈਰੀਟੇਜ ਸਟਰੀਟ 'ਤੇ ਅੰਮ੍ਰਿਤਪਾਲ ਦੀ ਮਾਤਾ ਨੇ ਲਾਇਆ ਮੋਰਚਾ ❂ ਧੋਖੇ ਨਾਲ ਅੰਮ੍ਰਿਤਪਾਲ ਦੀ ਬੈਰਕ ਅਤੇ ਬਾਥਰੂਮ ਵਿੱਚ ਕੈਮਰੇ ਲਗਾਏ-ਖਾਰਾ





ਅੰਮ੍ਰਿਤਸਰ-'ਵਾਰਿਸ ਪੰਜਾਬ ਦੇ'ਜਥੇਬੰਦੀ ਦੇ ਮੁਖੀ ਤੇ ਖਾਲਿਸਤਾਨੀ ਸਮਰਥਕ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਸਬੰਧੀ ਸਰਕਾਰ ਨਾਲ ਪਹਿਲੀ ਗੱਲਬਾਤ ਅਸਫ਼ਲ ਰਹਿਣ ਮਗਰੋਂ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਕੋਲ ਹੈਰੀਟੇਜ ਸਟਰੀਟ 'ਤੇ ਪੱਕਾ ਮੋਰਚਾ ਲਗਾ ਦਿੱਤਾ ਹੈ। ਇਸ ਮੋਰਚੇ ਵਿਚ ਸਿਮਰਨਜੀਤ ਸਿੰਘ ਮਾਨ ਵੀ ਪਹੁੰਚੇ।

ਬੀਤੇ ਦਿਨੀਂ ਬਲਵਿੰਦਰ ਕੌਰ ਆਪਣੇ ਪੁੱਤਰ ਅੰਮ੍ਰਿਤਪਾਲ ਸਿੰਘ ਅਤੇ 9 ਸਾਥੀਆਂ ਨੂੰ ਪੰਜਾਬ ਲਿਆਉਣ ਦੀ ਮੰਗ ਨੂੰ ਲੈ ਕੇ ਗ੍ਰਹਿ ਸਕੱਤਰ ਨੂੰ ਮਿਲਣ ਗਈ ਸੀ, ਪਰ ਸਰਕਾਰ ਨਾਲ ਉਨ੍ਹਾਂ ਦੀ ਪਹਿਲੀ ਗੱਲਬਾਤ ਅਸਫ਼ਲ ਰਹੀ। ਅੰਮ੍ਰਿਤਪਾਲ ਸਿੰਘ ਮਾਂ ਬਲਵਿੰਦਰ ਕੌਰ ਨੇ ਕਿਹਾ ਜਦੋਂ ਤੱਕ ਮੇਰੇ ਪੁੱਤਰ ਨੂੰ ਪੰਜਾਬ ਸ਼ਿਫਟ ਨਹੀਂ ਕੀਤਾ ਜਾਂਦਾ ਉਹ ਪਾਣੀ ਦੀ ਇੱਕ ਬੂੰਦ ਵੀ ਪੀਣਗੇ। ਪ੍ਰਸ਼ਾਸਨ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਡਿਬਰੂਗੜ ਜੇਲ੍ਹ ਵਿੱਚ ਕੈਦੀ ਭੁੱਖ ਹੜਤਾਲ ਤੇ ਹਨ। ਪ੍ਰਸ਼ਾਸਨ ਨੂੰ ਵੇਖਣਾ ਚਾਹੀਦਾ ਹੈ ਕਿ ਉਹ 84 ਨਸਲਕੁਸ਼ੀ ਮੁੜ ਤੋਂ ਦੋਹਰਾਉਣਾ ਚਾਹੁੰਦੇ ਹਨ ਤਾਂ ਫਿਰ ਸਿੰਘਾਂ ਨੂੰ ਬਚਾਉਣਾ ਚਾਹੁੰਦੇ ਹਨ।

### ਸਿਖ ਜਥੇਬੰਦੀਆਂ ਵਲੋਂ ਸਮਰਥਨ

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਨਜ਼ਰਬੰਦਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਡਿਬਰੂਗੜ੍ਹ ਜੇਲ੍ਹ 'ਚ ਬੰਦ ਅਤੇ ਭੁੱਖ ਹੜਤਾਲ 'ਤੇ ਬੈਠੇ ਸਿੱਖ ਨੌਜਵਾਨਾਂ ਦੀ ਹਾਲਤ ਨਾਜ਼ੁਕ ਹੈ, ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਵਿਚੋਂ ਕਿਸੇ ਵੀ ਨੌਜਵਾਨ ਦਾ ਨੁਕਸਾਨ ਨਾ ਹੋਵੇ। ਉਨ੍ਹਾਂ ਬੀਬੀ ਬਲਵਿੰਦਰ ਕੌਰ ਦੀ ਅਗਵਾਈ 'ਚ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਵਲੋਂ ਚਲਾਈ ਜਾ ਰਹੀ ਭੁੱਖ ਹੜਤਾਲ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਸਿਹਤ 'ਤੇ ਬੁਰਾ ਅਸਰ ਪੈ ਸਕਦਾ ਹੈ। ਇਸ ਲਈ ਸਮੁੱਚੀ ਕੌਮ ਨੂੰ ਮਿਲ ਬੈਠ ਕੇ ਕੋਈ ਠੋਸ ਹੱਲ ਕੱਢਣਾ ਚਾਹੀਦਾ ਹੈ।

ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਪੰਜਾਬ, ਹਰਿਆਣਾ, ਰਾਜਸਥਾਨ ਤੇ ਚੰਡੀਗੜ੍ਹ ਵਿੱਚ ਰਾਸ਼ਟਰਪਤੀ ਦੇ ਨਾਮ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਗਏ। ਇਨ੍ਹਾਂ ਮੰਗ ਪੱਤਰਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕਿਸਾਨੀ ਦੇ ਮੁੱਦੇ, ਸ਼੍ਰੋਮਣੀ ਕਮੇਟੀ ਚੋਣ ਅਤੇ ਅੰਮ੍ਰਿਤਪਾਲ ਸਿੰਘ ਨਾਲ ਸਬੰਧਤ ਮੁੱਦੇ ਉਠਾਏ ਗਏ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਭੇਜ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਅਤੇ ਹੋਰ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦੀ ਅਪੀਲ ਕੀਤੀ ਹੈ। ਇਸ ਸਬੰਧੀ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਅੰਮ੍ਰਿਤਸਰ ਵਿਖੇ ਪਿਛਲੇ ਕੁਝ ਦਿਨਾਂ ਤੋਂ ਭੁੱਖ ਹੜਤਾਲ ਕੀਤੀ ਜਾ ਰਹੀ ਹੈ। ਐਡਵੋਕੇਟ ਧਾਮੀ ਨੇ ਮੁੱਖ ਮੰਤਰੀ ਨੂੰ ਆਖਿਆ ਕਿ ਡਿਬਰੂਗੜ੍ਹ ਵਿਚ ਨਜ਼ਰਬੰਦ ਨੌਜਵਾਨਾਂ ਦੇ ਮਨੁੱਖੀ ਅਧਿਕਾਰ ਅਤੇ ਉਨ੍ਹਾਂ ਦੇ ਨਿੱਜਤਾ ਦੇ ਹੱਕ ਯਕੀਨੀ ਬਣਾਏ ਜਾਣ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਉਹ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਵਿਚਾਰ ਕਰਨਗੇ ਕਿ ਭੁੱਖ ਹੜਤਾਲ 'ਤੇ ਬੈਠੇ ਇਨ੍ਹਾਂ ਪਰਿਵਾਰਾਂ ਦੇ ਨਾਲ ਬੈਠ ਕੇ ਅਗਲੀ ਰਣਨੀਤੀ ਤੈਅ ਕੀਤੀ ਜਾਵੇ।

### ਅੰਮ੍ਰਿਤਪਾਲ ਦੇ ਵਕੀਲ ਨੇ ਅਸਾਮ ਦੇ ਡੀਜੀਪੀ ਨੂੰ ਦਿਤੀ ਚੁਣੌਤੀ !

ਡਿਬਰੂਗੜ੍ਹ ਜੇਲ੍ਹ ਵਿੱਚ ਵਾਰਿਸ ਪੰਜਾਬ ਦੇ ਮੁੱਖੀ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਬੈਰਕ ਵਿੱਚ ਅਸਾਮ ਦੇ ਡੀਜੀਪੀ ਨੇ ਫੋਨ ਸਮੇਤ ਜਿਹੜੀਆਂ ਚੀਜ਼ਾ ਮਿਲਣ ਦਾ ਦਾਅਵਾ ਕੀਤਾ ਸੀ ਉਸ ਦੇ ਖਿਲਾਫ ਵਕੀਲ ਇਮਾਨ ਸਿੰਘ ਖਾਰਾ ਅਤੇ ਪਰਿਵਾਰ ਨੇ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਜਵਾਬ ਦਿੱਤਾ। ਵਕੀਲ ਇਮਾਨ ਸਿੰਘ ਨੇ ਦਾਅਵਾ ਕੀਤਾ ਕਿ ਡੀਜੀਪੀ ਜਿਹੜਾ ਫੋਨ ਮਿਲਣ ਦਾ ਦਾਅਵਾ ਕਰ ਰਹੇ ਹਨ ਉਸ ਦੀ ਜਾਂਚ ਕਰਵਾਈ ਜਾਵੇ ਉਸ ਦਾ ਨੰਬਰ ਜੇਲਰ ਦੇ ਨਾਂ 'ਤੇ ਹੋਵੇਗਾ। ਇਮਾਨ ਸਿੰਘ ਨੇ ਇਹ ਵੀ ਦਾਅਵਾ ਕੀਤਾ ਇਸੇ ਵਜ੍ਹਾ ਕਰਕੇ ਡਿਬਰੂਗੜ੍ਹ ਦੇ ਐਸ ਐਸ ਪੀ ਦਾ ਟਰਾਂਸਫਰ ਕੀਤਾ ਗਿਆ ਹੈ,ਕਿਉਂਕਿ ਉਸ ਨੇ ਗਲਤ ਜਾਣਕਾਰੀ ਡੀਜੀਪੀ ਨਾਲ ਸਾਂਝੀ ਕੀਤੀ ਸੀ।

ਉਧਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਚਾਚਾ ਸੁਖਚੈਨ ਸਿੰਘ ਨੇ ਕਿਹਾ ਸਾਡੇ ਪੁੱਤਰ ਅੰਮ੍ਰਿਤਪਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਖਤਰਾ ਹੈ। ਅਸੀਂ ਡੀਸੀ ਨੂੰ ਮੰਗ ਪੱਤਰ ਦਿੱਤਾ ਸੀ ਤਾਂ ਉਨ੍ਹਾਂ ਨੇ ਸਾਨੂੰ ਗ੍ਰਹਿ ਸਕੱਤਰ ਦਾ ਫੋਨ ਨੰਬਰ ਦਿੱਤਾ ਪਰ ਉਹ ਫੋਨ ਨਹੀਂ ਚੁੱਕ ਰਹੇ ਹਨ। ਪਰਿਵਾਰ ਨੇ ਕਿਹਾ ਸਾਡੇ ਬੱਚੇ ਭੁੱਖ ਹੜਤਾਲ ਦੇ ਬੈਠੇ ਹਨ ਪਰ ਸਰਕਾਰ ਇਸ ਨੂੰ ਸੰਜੀਦਗੀ ਨਾਲ ਨਹੀਂ ਲੈ ਰਹੀ ਹੈ, ਅੰਮ੍ਰਿਤਪਾਲ ਸਿੰਘ ਦੀ ਮਾਂ ਵੀ ਭੁੱਖ ਹੜਤਾਲ ਤੇ ਹੈ। ਅਸੀਂ ਪੁੱਤਰ ਨੂੰ ਰਿਹਾਅ ਕਰਨ ਦੇ ਬਾਰੇ ਨਹੀਂ ਕਹਿ ਰਹੇ ਹਾਂ, ਕਾਨੂੰਨ ਦੇ ਮੁਤਾਬਿਕ ਕੇਸ ਚੱਲੇ। ਅਸੀਂ ਸਿਰਫ਼ ਇਹ ਮੰਗ ਕਰ ਰਹੇ ਹਾਂ ਕਿ ਸਾਡੇ ਪੁੱਤਰ ਦੀ ਜਾਨ ਨੂੰ ਖਤਰਾ ਹੈ ਉਸ ਨੂੰ ਪੰਜਾਬ ਸ਼ਿਫਟ ਕੀਤਾ ਜਾਵੇ।

## ਅੰਮ੍ਰਿਤਪਾਲ ਤੇ ਹੋਰਨਾਂ ਨੂੰ ਜਥੇਦਾਰ ਵਲੋਂ ਅਪੀਲ-ਭੁੱਖ ਹੜਤਾਲ ਤਿਆਗ ਕੇ ਆਪਣਾ ਸੰਘਰਸ਼ ਰੱਖੋ ਜਾਰੀ



ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਸਿੱਖ ਧਰਮ ਵਿਚ ਭੁੱਖ-ਹੜਤਾਲ ਦਾ ਕੋਈ ਸੰਕਲਪ ਨਾ ਹੋਣ ਕਾਰਨ ਉਹ ਭੁੱਖ ਹੜਤਾਲ ਛੱਡ ਕੇ ਆਪਣਾ ਸੰਘਰਸ਼ ਜਾਰੀ ਰੱਖਣ। ਇਸ ਦੇ ਨਾਲ ਉਨ੍ਹਾਂ ਸਰਕਾਰ ਨੂੰ ਵੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਭੁੱਖ-ਹੜਤਾਲ 'ਤੇ ਬੈਠੇ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦਾ ਕੋਈ ਵੀ ਨੁਕਸਾਨ ਹੋਇਆ ਤਾਂ ਇਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ। ਜਿਸ ਕਾਰਨ ਸਰਕਾਰ ਨੂੰ ਤੁਰੰਤ ਇਨ੍ਹਾਂ ਦੀ ਮੁੱਖ ਮੰਗ ਮੰਨ ਕੇ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੂਚਨਾਵਾਂ ਮਿਲੀਆਂ ਹਨ ਕਿ ਕੁਝ ਸਿੱਖ ਨੌਜਵਾਨਾਂ ਨੇ ਅੰਮ੍ਰਿਤਸਰ ਜੇਲ੍ਹ ਵਿਚ ਵੀ ਭੁੱਖ ਹੜਤਾਲ ਰੱਖੀ ਹੈ, ਜਿਨ੍ਹਾਂ ਵਿਚੋਂ ਇਕ ਸਿੱਖ ਨੌਜਵਾਨ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਸਰਕਾਰਾਂ ਦਾ ਸਿੱਖਾਂ ਪ੍ਰਤੀ ਵਤੀਰਾ ਲਗਾਤਾਰ ਅਨਿਆਂਪੂਰਨ ਹੁੰਦਾ ਜਾ ਰਿਹਾ ਹੈ ਅਤੇ ਸਿੱਖਾਂ ਨੂੰ ਇਸ ਵਿਰੁੱਧ ਇਕਜੁਟਤਾ ਦਿਖਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਿੱਖਾਂ ਨੂੰ ਜਬਰ ਦੇ ਨਾਲ ਨਹੀਂ ਦਬਾਇਆ ਜਾ ਸਕਦਾ।

## ਤੀਰਅੰਦਾਜ਼ੀ ਦੇ ਏਸ਼ੀਆ ਕੱਪ ਵਿੱਚ ਸਿਮਰਨਜੀਤ ਕੌਰ ਤੇ ਪ੍ਰਨੀਤ ਕੌਰ ਨੇ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਮ਼ਗੇ ਜਿੱਤੇ



ਚੰਡੀਗੜ੍ਹ-ਬਗਦਾਦ (ਇਰਾਕ) ਵਿਖੇ ਚੱਲ ਰਹੇ ਤੀਰਅੰਦਾਜ਼ੀ ਦੇ ਏਸ਼ੀਆ ਕੱਪ ਵਿੱਚ ਪੰਜਾਬ ਦੀਆਂ ਦੋ ਤੀਰਅੰਦਾਜ਼ ਖਿਡਾਰਨਾਂ ਸਿਮਰਨਜੀਤ ਕੌਰ ਤੇ ਪ੍ਰਨੀਤ ਕੌਰ ਨੇ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਮ਼ਗੇ ਜਿੱਤੇ। ਅਬੋਹਰ ਦੀ ਸਿਮਰਨਜੀਤ ਕੌਰ ਨੇ ਰਿਕਰਵ ਦੇ ਮਿਕਸ ਟੀਮ ਅਤੇ ਮਹਿਲਾ ਟੀਮ ਵਿੱਚ ਦੋ ਸੋਨ ਤਮ਼ਗੇ ਅਤੇ ਵਿਅਕਤੀਗਤ ਵਰਗ ਵਿੱਚ ਇਕ ਚਾਂਦੀ ਦਾ ਤਮ਼ਗਾ ਜਿੱਤਿਆ। ਮਾਨਸਾ ਦੀ ਪ੍ਰਨੀਤ ਕੌਰ ਨੇ ਕੰਪਾਊਂਡ ਦੇ ਵਿਅਕਤੀਗਤ ਵਰਗ ਵਿੱਚ ਸੋਨੇ ਅਤੇ ਟੀਮ ਵਰਗ ਵਿੱਚ ਚਾਂਦੀ ਦਾ ਤਮ਼ਗਾ ਜਿੱਤਿਆ।

# ਮਰਹੂਮ ਸਿੱਧੂ ਮੂਸੇਵਾਲਾ ਦੀ ਮਾਂ ਮਾਰਚ ਮਹੀਨੇ ਆਈਵੀਐੱਫ ਵਿਧੀ ਰਾਹੀਂ ਬੱਚੇ ਨੂੰ ਦੇਵੇਗੀ ਜਨਮ

ਮਾਨਸਾ-ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਖੁਸ਼ੀਆਂ ਖੇੜੇ ਆਉਣ ਵਾਲੇ ਹਨ। ਉਸ ਦੇ ਮਾਤਾ ਚਰਨ ਕੌਰ ਅਗਲੇ ਮਹੀਨੇ ਬੱਚੇ ਨੂੰ ਜਨਮ ਦੇਵੇਗੀ। ਉਨ੍ਹਾਂ ਨੇ ਆਈਵੀਐੱਫ ਵਿਧੀ ਨੂੰ ਅਪਣਾਇਆ ਹੈ ਅਤੇ ਫਿਲਹਾਲ ਉਹ ਮੈਡੀਕਲ ਟੀਮ ਦੀ ਨਿਗਰਾਨੀ ਹੇਠ ਸਿਹਤ ਪੱਖੋਂ ਬਿਲਕੁਲ ਤੰਦਰੁਸਤ ਹਨ। 58 ਸਾਲਾਂ ਚਰਨ ਕੌਰ ਦੀ ਕੁੱਖੋਂ ਸ਼ੁਭਦੀਪ ਸਿੰਘ ਨੇ ਜਨਮ ਲਿਆ ਸੀ, ਜੋ ਜਵਾਨ ਹੋਕੇ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਨਾਂ ਨਾਲ ਮਸ਼ਹੂਰ ਹੋਇਆ ਪਰ 29 ਮਈ 2022 ਨੂੰ ਉਸ ਦਾ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਖੇ ਕਤਲ ਕਰ ਦਿੱਤਾ ਗਿਆ। ਉਸ ਸਮੇਂ ਪਰਿਵਾਰ ਦੇ ਇਸ ਇੱਕਲੌਤੇ ਪੁੱਤ ਦੇ ਜਾਣ ਦਾ ਸਾਰੇ ਪਾਸਿਓਂ ਬਹੁਤ ਦੁੱਖ ਮਨਾਇਆ ਗਿਆ ਸੀ ਅਤੇ ਲੋਕਾਂ ਵਲੋਂ ਮਰਹੂਮ ਪੰਜਾਬੀ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੂੰ ਮੁੜ ਨਵੇਂ ਸਿਰੇ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਨ ਲਈ ਆਖਿਆ ਜਾ ਰਿਹਾ ਸੀ। ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਘਰ ਵਿੱਚ ਬੱਚੇ ਦੇ ਮਾਰਚ ਮਹੀਨੇ ਜਨਮ ਲੈਣ ਦੀ ਪੁਸ਼ਟੀ ਕੀਤੀ ਹੈ।



# ਕੈਨੇਡਾ 'ਚ ਇਤਰਾਜ਼ਯੋਗ ਆਨਲਾਈਨ ਟਿੱਪਣੀ ਕਰਨ ਵਾਲੇ ਨੂੰ ਜੇਲ੍ਹ ਜਾਣਾ ਪਵੇਗਾ

## ✪ ਕਤਲ ਲਈ ਉਕਸਾਉਣ ਵਾਲਿਆਂ ਨੂੰ ਪੰਜ ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਹੋਵੇਗੀ

ਓਟਾਵਾ-ਕੈਨੇਡਾ ਵਿਚ ਇਤਰਾਜ਼ਯੋਗ ਆਨਲਾਈਨ ਟਿੱਪਣੀ ਕਰਨ ਵਾਲਿਆਂ ਨੂੰ ਹੁਣ ਜੇਲ੍ਹ ਦੀ ਹਵਾ ਖਾਣੀ ਪੈ ਸਕਦੀ ਹੈ। ਲਿਬਰਲ ਸਰਕਾਰ ਵੱਲੋਂ ਬੀਤੇ ਦਿਨੀਂ ਹਾਊਸ ਆਫ ਕਾਮਨਜ਼ ਵਿਚ ਨਵਾਂ ਬਿੱਲ ਪੇਸ਼ ਕਰ ਦਿਤਾ ਗਿਆ, ਜਿਸ ਤਹਿਤ ਨਫ਼ਰਤ ਭਰੀਆਂ ਜਾਂ ਹਿੰਸਾ ਦਾ ਕਾਰਨ ਬਣਨ ਵਾਲੀਆਂ ਟਿੱਪਣੀਆਂ ਕਰਨ ਵਾਲਿਆਂ ਨੂੰ ਭਾਰੀ ਭਰਕਮ ਜੁਰਮਾਨੇ ਦੇ ਨਾਲ-ਨਾਲ ਜੇਲ੍ਹ ਵੀ ਭੇਜਿਆ ਜਾਵੇਗਾ। ਬਿੱਲ ਪੇਸ਼ ਕਰਨ ਮਗਰੋਂ ਨਿਆਂ ਮੰਤਰੀ ਆਰਿਫ ਵਿਰਾਨੀ ਨੇ ਕਿਹਾ ਕਿ ਇੰਟਰਨੈਟ 'ਤੇ ਬਦਅਮਨੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

'ਆਨਲਾਈਨ ਹਾਰਮਜ਼ ਐਕਟ' ਅਧੀਨ ਖਤਰਨਾਕ ਆਨਲਾਈਨ ਕੰਟੈਂਟ ਨੂੰ ਸੱਤ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਵਿਚ ਬੱਚਿਆਂ ਨਾਲ ਜ਼ੋਰ ਜ਼ਬਰਦਸਤੀ ਜਾਂ ਵਰਗਲਾਉਣ ਜਾਂ ਖ਼ੁਦ ਨੂੰ ਨੁਕਸਾਨ ਪਹੁੰਚਾਉਣ ਲਈ ਮਜਬੂਰ ਕਰਨ ਵਰਗੀਆਂ ਹਰਕਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਨਿਆਂ ਮੰਤਰੀ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਮਾਨਸਿਕ ਸਿਹਤ ਬਰਕਰਾਰ ਰੱਖਣ ਦੀ ਜ਼ਿੰਮੇਵਾਰੀ ਸਾਡੀ ਹੈ ਜੋ ਸੰਭਾਵਤ ਤੌਰ 'ਤੇ ਇਸ ਵੇਲੇ ਦਾਅ 'ਤੇ ਲੱਗੀ ਹੋਈ ਹੈ।

ਬਿੱਲ ਪਾਸ ਹੋਣ ਮਗਰੋਂ ਇਤਰਾਜ਼ਯੋਗ ਆਨਲਾਈਨ ਟਿੱਪਣੀਆਂ ਕ੍ਰਿਮੀਨਲ ਕੋਡ ਦੇ ਅਧੀਨ ਹੋਣਗੀਆਂ ਅਤੇ ਕਤਲ ਲਈ ਉਕਸਾਉਣ ਵਾਲਿਆਂ ਨੂੰ ਪੰਜ ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਨਫਰਤ ਤੋਂ ਪ੍ਰੇਰਿਤ ਅਪਰਾਧਾਂ ਨੂੰ ਵੱਖਰੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ ਅਤੇ ਇਸ ਲਈ ਵੀ ਜੇਲ੍ਹ ਭੇਜਣ ਦੀ ਤਜਵੀਜ਼ ਰੱਖੀ ਗਈ ਹੈ।

# ਪੰਜਾਬੀ ਸਿਨੇਮਾ ਨੂੰ ਆਪਣਾ ਸੈਂਸਰ ਬੋਰਡ ਮਿਲਿਆ

## ✪ ਕੇਂਦਰ ਨੇ ਦਿੱਤੀ ਪ੍ਰਵਾਨਗੀ

ਦਿੱਲੀ-ਪੰਜਾਬੀ ਸਿਨੇਮਾ ਨੂੰ ਲੈਕੇ ਇਸ ਸਮੇਂ ਵੱਡੀ ਅਪਡੇਟ ਸਾਹਮਣੇ ਆ ਰਹੀ ਹੈ। ਪੰਜਾਬੀ ਸਿਨੇਮਾ ਲਈ ਇਹ ਬੇਹੱਦ ਖੁਸ਼ੀ ਵਾਲੀ ਗੱਲ ਹੈ ਕਿ ਪੰਜਾਬੀ ਸਿਨੇਮਾ ਨੂੰ ਆਪਣਾ ਸੈਂਸਰ ਬੋਰਡ ਮਿਲ ਗਿਆ ਹੈ। ਇਸ ਨੂੰ ਪੰਜਾਬੀ ਸਿਨੇਮਾ ਦੀ ਵੱਡੀ ਕਾਮਯਾਬੀ ਕਿਹਾ ਜਾ ਸਕਦਾ ਹੈ। ਕਿਉਂਕਿ ਪਹਿਲਾਂ ਪੰਜਾਬੀ ਫਿਲਮ ਮੇਕਰਸ ਨੂੰ ਆਪਣੀਆਂ ਫਿਲਮਾਂ ਪਾਸ ਕਰਾਉਣ ਲਈ ਮੁੰਬਈ ਜਾਣਾ ਜਾਂਦਾ ਸੀ।

ਉੱਥੇ ਉਹ ਜਾਂਦੇ ਸੀ ਤੇ ਫਿਰ ਜਾ ਕੇ ਸੈਂਸਰ ਬੋਰਡ ਵੱਲੋਂ ਉਨ੍ਹਾਂ ਦੀਆਂ ਫਿਲਮਾਂ ਨੂੰ ਹਰੀ ਝੰਡੀ ਮਿਲਦੀ ਸੀ। ਪਰ ਹੁਣ ਪੰਜਾਬੀ ਇੰਡਸਟਰੀ ਦੇ ਕਲਾਕਾਰਾਂ ਦੇ ਯਤਨਾਂ ਸਦਕਾ ਪੰਜਾਬੀ ਸਿਨੇਮਾ ਨੂੰ ਆਪਣਾ ਸੈਂਸਰ ਬੋਰਡ ਮਿਲਣ ਜਾ ਰਿਹਾ ਹੈ। ਇਸ ਬਾਰੇ ਪੰਜਾਬੀ ਅਦਾਕਾਰ ਤੇ ਕਮੇਡੀਅਨ ਬਿਨੂੰ ਢਿੱਲੋਂ ਨੇ ਆਪਣੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕੀਤੀ।

ਹਾਲ ਹੀ 'ਚ ਪਾਫਟਾ ਐਕਟਰ ਐਸੋਸੀਏਸ਼ਨ ਦੇ ਮੈਂਬਰਾਂ ਨੇ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨਾਲ ਮੁਲਾਕਾਤ ਕੀਤੀ ਸੀ, ਜਿਸ ਤੋਂ ਪੰਜਾਬੀ ਸਿਨੇਮਾ ਦੇ ਆਪਣੇ ਸੈਂਸਰ ਬੋਰਡ ਦੇ ਫੈਸਲੇ ਨੂੰ ਪ੍ਰਵਾਨਗੀ ਦਿੱਤੀ ਗਈ। ਦੱਸ ਦਈਏ ਕਿ ਸੈਂਸਰ ਬੋਰਡ ਦਾ ਦਫਤਰ ਚੰਡੀਗੜ੍ਹ ਵਿਖੇ ਹੋਵੇਗਾ।

# ਰਾਜੀਵ ਗਾਂਧੀ ਕਤਲਕਾਂਡ ਦੇ ਦੋਸ਼ੀ ਸੰਤਨ ਦੀ ਦਿਲ ਦੇ ਦੌਰੇ ਕਾਰਨ ਮੌਤ

ਚੇਨਈ-ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਦੇ ਦੋਸ਼ੀ ਸੰਤਨ ਦੀ ਬੀਤੇ ਦਿਨੀਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਸਰਕਾਰੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਸੰਤਨ ਨੂੰ ਸੁਪਰੀਮ ਕੋਰਟ ਨੇ ਰਿਹਾਅ ਕਰ ਦਿੱਤਾ ਸੀ। ਸੰਤਨ ਉਰਫ ਟੀ. ਸੁਤੇਂਦਰਰਾਜਾ (55) ਸ੍ਰੀਲੰਕਾ ਦਾ ਨਾਗਰਿਕ ਸੀ ਅਤੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਦੋਸ਼ ਵਿੱਚ 20 ਸਾਲ ਤੋਂ ਵੱਧ ਦੀ ਸਜ਼ਾ ਕੱਟਣ ਤੋਂ ਬਾਅਦ 2022 ਵਿੱਚ ਸੁਪਰੀਮ ਕੋਰਟ ਵੱਲੋਂ ਰਿਹਾਅ ਕੀਤੇ ਸੱਤ ਵਿਅਕਤੀਆਂ ਵਿੱਚੋਂ ਇੱਕ ਸੀ।



# ਰਾਜ ਸਭਾ ਚੋਣਾਂ ਵਿਚ ਭਾਜਪਾ ਦੇ ਅੱਠ ਉਮੀਦਵਾਰ ਜੇਤੂ ਤੇ ਸਮਾਜਵਾਦੀ ਦੇ ਦੋ ਉਮੀਦਵਾਰ ਜਿੱਤੇ

ਲਖਨਊ-ਉੱਤਰ ਪ੍ਰਦੇਸ਼ 'ਚ ਬੀਤੇ ਮੰਗਲਵਾਰ ਨੂੰ ਹੋਈਆਂ ਰਾਜ ਸਭਾ ਚੋਣਾਂ ਵਿਚ ਭਾਜਪਾ ਦੇ ਸਾਰੇ ਅੱਠ ਉਮੀਦਵਾਰ ਜੇਤੂ ਰਹੇ ਅਤੇ ਵਿਰੋਧੀ ਸਮਾਜਵਾਦੀ ਪਾਰਟੀ ਨੂੰ ਝਟਕਾ ਲੱਗਾ ਜਦੋਂ ਉਸ ਦੇ ਕੁਝ ਵਿਧਾਇਕਾਂ ਵਲੋਂ ਕਰਾਸ ਵੋਟਿੰਗ ਕਾਰਨ ਉਸ ਦੇ ਤਿੰਨ ਉਮੀਦਵਾਰਾਂ ਵਿਚੋਂ ਇਕ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਸਪਾ ਦੇ ਦੋ ਉਮੀਦਵਾਰ ਜਿੱਤੇ ਹਨ। ਸਮਾਜਵਾਦੀ ਪਾਰਟੀ ਦੇ ਮੁੱਖ ਬੁਲਾਰੇ ਰਾਜਿੰਦਰ ਚੌਧਰੀ ਨੇ ਕਿਹਾ ਕਿ ਪਾਰਟੀ ਦੇ ਤਿੰਨ ਉਮੀਦਵਾਰਾਂ 'ਚੋਂ ਦੋ ਜਯਾ ਬੱਚਨ (41 ਵੋਟਾਂ) ਤੇ ਰਾਮਜੀ ਲਾਲ ਸੁਮਨ (40 ਵੋਟਾਂ) ਨਾਲ ਜੇਤੂ ਰਹੇ। ਤੀਜੇ ਸਪਾ ਉਮੀਦਵਾਰ ਆਲੋਕ ਰੰਜਨ ਨੇ ਪਹਿਲਾਂ ਹਾਰ ਮੰਨ ਲਈ ਸੀ। ਜਿੱਤਣ ਵਾਲੇ ਹੋਰ ਸੱਤ ਭਾਜਪਾ ਉਮੀਦਵਾਰਾਂ 'ਚ ਸਾਬਕਾ ਕੇਂਦਰੀ ਮੰਤਰੀ ਆਰ.ਪੀ.ਐਨ. ਸਿੰਘ, ਸਾਬਕਾ ਸੰਸਦ ਮੈਂਬਰ ਚਨਧਰੀ ਤੇਜਵੀਰ ਸਿੰਘ, ਪਾਰਟੀ ਦੀ ਉੱਤਰ ਪ੍ਰਦੇਸ਼ ਇਕਾਈ ਦੇ ਜਨਰਲ ਸਕੱਤਰ ਅਮਰਪਾਲ ਮੌਰਿਆ, ਸਾਬਕਾ ਰਾਜ ਮੰਤਰੀ ਸੰਗੀਤਾ ਬਲਵੰਤ, ਪਾਰਟੀ ਦੇ ਬੁਲਾਰੇ ਸੁਧਾਂਸ਼ੂ ਤ੍ਰਿਵੇਦੀ, ਸਾਬਕਾ ਵਿਧਾਇਕ ਸਾਧਨਾ ਸਿੰਘ ਅਤੇ ਆਗਰਾ ਦੇ ਸਾਬਕਾ ਮੇਅਰ ਨਵੀਨ ਜੈਨ ਸ਼ਾਮਿਲ ਹਨ। ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਭਾਜਪਾ ਦੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ।

# ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦਾ ਸਮਾਂ ਹੁਣ 30 ਅਪ੍ਰੈਲ 2024 ਤਕ ਵਧਾਇਆ

## ✪ ਹੁਣ ਤੱਕ 23 ਲੱਖ ਵੋਟ ਹੀ ਬਣੇ

ਚੰਡੀਗੜ੍ਹ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦਾ ਸਮਾਂ ਹੁਣ 30 ਅਪ੍ਰੈਲ 2024 ਤਕ ਵਧਾ ਦਿੱਤਾ ਗਿਆ ਹੈ। ਇਸ ਗੱਲ ਦੀ ਸੂਚਨਾ ਇੱਥੇ ਚੀਫ਼ ਕਮਿਸ਼ਨਰ, ਗੁਰਦੁਆਰਾ ਚੋਣਾਂ ਜਸਟਿਸ ਐਸ. ਐਸ. ਸਾਰੋਂ ਵਲੋਂ ਦਿੱਤੀ ਗਈ। ਉਨ੍ਹਾਂ ਮੰਨਿਆ ਕਿ ਵੋਟਾਂ ਬਣਾਉਣ ਦੀ ਰਫ਼ਤਾਰ ਕਾਫ਼ੀ ਸੁਸਤ ਹੈ ਅਤੇ ਹੁਣ ਤਕ 23 ਲੱਖ 28 ਹਜ਼ਾਰ ਵੋਟ ਹੀ ਬਣੇ ਹਨ। ਸਾਰੋਂ ਨੇ ਲੋਕਾਂ ਨੂੰ ਵੋਟਾਂ ਉਤਸ਼ਾਹ ਨਾਲ ਬਣਾਉਣ ਲਈ ਅਪੀਲ ਕੀਤੀ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਮਗਰਲੀਆਂ ਚੋਣਾਂ ਮੌਕੇ 50 ਲੱਖ ਤੋਂ ਵੱਧ ਵੋਟਾਂ ਬਣੀਆਂ ਸਨ। ਲੇਕਿਨ ਇਸ ਵਾਰ ਸਹਿਜਧਾਰੀਆਂ ਦੀਆਂ ਵੋਟਾਂ ਨਹੀਂ ਬਣ ਰਹੀਆਂ ਅਤੇ ਬੋਗਸ ਵੋਟ ਨੂੰ ਰੋਕਣ ਲਈ ਇਸ ਵਾਰ ਫੋਟੋ ਅਤੇ ਆਧਾਰ ਜਾਂ ਵੋਟਰ ਕਾਰਡ ਦੀ ਕਾਪੀ ਲਗਾਉਣੀ ਜ਼ਰੂਰੀ ਬਣਾ ਦਿੱਤੀ ਗਈ ਹੈ। ਗੁਰਦੁਆਰਾ ਚੋਣ ਕਮਿਸ਼ਨ ਦਾ ਅਨੁਮਾਨ ਹੈ ਕਿ ਇਤਰਾਜ਼ਾਂ ਤੋਂ ਬਾਅਦ ਫਾਈਨਲ ਵੋਟਰ ਸੂਚੀਆਂ ਮਈ ਦੇ ਅਖੀਰ ਤਕ ਹੀ ਪ੍ਰਕਾਸ਼ਿਤ ਹੋ ਸਕਣਗੀਆਂ ਜਦੋਂਕਿ ਚੋਣਾਂ ਪਾਰਲੀਮੈਂਟਰੀ ਚੋਣਾਂ ਤੋਂ ਬਾਅਦ ਹੀ ਸੰਭਵ ਹੋ ਸਕਣਗੀਆਂ।



-ਮਾਮਲਾ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਦਾ-

# ਕੇਜਰੀਵਾਲ ਨੂੰ ਈ.ਡੀ. ਵਲੋਂ 8ਵਾਂ ਸੰਮਨ ਜਾਰੀ 4 ਮਾਰਚ ਨੂੰ ਫਿਰ ਬੁਲਾਇਆ

ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਦਿੱਲੀ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਨਵਾਂ ਸੰਮਨ ਭੇਜ ਕੇ 4 ਮਾਰਚ ਨੂੰ ਪੁੱਛਗਿਛ ਲਈ ਬੁਲਾਇਆ ਹੈ। ਈ.ਡੀ. ਨੇ ਕੇਜਰੀਵਾਲ ਨੂੰ ਇਹ 8ਵਾਂ ਸੰਮਨ ਭੇਜਿਆ ਹੈ। ਇਸ ਤੋਂ ਪਹਿਲਾਂ ਈ.ਡੀ. ਵਲੋਂ 7 ਸੰਮਨ ਭੇਜੇ ਜਾ ਚੁੱਕੇ ਹਨ, ਪਰ ਕੇਜਰੀਵਾਲ ਇਕ ਵਾਰੀ ਵੀ ਪੁੱਛਗਿਛ ਵਾਸਤੇ ਈ.ਡੀ. ਮੂਹਰੇ ਪੇਸ਼ ਨਹੀਂ ਹੋਏ।



# ਹਰਿਆਣਾ ਪੁਲਿਸ ਵਲੋਂ ਕਿਸਾਨ ਮੋਰਚੇ ਵਿਚੋਂ ਪ੍ਰੀਤਪਾਲ ਸਿੰਘ ਨੂੰ ਅਗਵਾ ਕਰਕੇ ਕੀਤਾ ਅੰਨਾ ਤਸ਼ੱਦਦ

## ✪ ਪ੍ਰੀਤਪਾਲ ਦਾ ਜਬ੍ਹਾੜਾ ਟੁੱਟਿਆ, ਦੋਵੇਂ ਲੱਤਾਂ ਵਿੱਚ ਤਿੰਨ ਫ੍ਰੈਕਚਰ ਤੇ ਸਿਰ ਵਿੱਚ ਕਈ ਥਾਵਾਂ ਉੱਤੇ ਟਾਂਕੇ ਲੱਗੇ
## ✪ ਪੰਜਾਬ ਸਰਕਾਰ ਤੇ ਕਿਸਾਨ ਯੂਨੀਅਨਾਂ ਦੇ ਦਬਾਅ ਕਾਰਣ ਪ੍ਰੀਤਪਾਲ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਕੀਤਾ ਰੈਫ਼ਰ
## ✪ ਪੰਜਾਬ ਸਰਕਾਰ ਨੇ ਹਾਲੇ ਤਕ ਐਫ ਆਰ ਆਈ ਦਰਜ਼ ਨਹੀਂ ਕੀਤੀ, ਕਿਸਾਨ ਹਾਈਕੋਰਟ ਜਾਣਗੇ

ਚੰਡੀਗੜ੍ਹ-ਖਨੌਰੀ ਸਰਹੱਦ 'ਤੇ ਕਿਸਾਨੀ ਅੰਦੋਲਨ ਦੌਰਾਨ ਜ਼ਖਮੀ ਹੋਏ ਗੁਰਸਿੱਖ ਨੌਜਵਾਨ ਪ੍ਰੀਤਪਾਲ ਸਿੰਘ ਜੋ ਕਿ ਪੀ. ਜੀ. ਆਈ. ਰੋਹਤਕ (ਹਰਿਆਣਾ) ਵਿਖੇ ਜ਼ੇਰੇ ਇਲਾਜ ਸੀ, ਨੂੰ ਹਰਿਆਣਾ ਸਰਕਾਰ ਵਲੋਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫਰ ਕਰ ਦਿਤਾ ਹੈ।

ਪੰਜਾਬ ਸਰਕਾਰ ਦੇ ਚੀਫ਼ ਸੈਕਰੇਟਰੀ ਅਨੁਰਾਗ ਵਰਮਾ ਨੇ 24 ਫਰਵਰੀ ਨੂੰ ਹਰਿਆਣਾ ਸਰਕਾਰ ਦੇ ਚੀਫ਼ ਸੈਕਰੇਟਰੀ ਸੰਜੀਵ ਕੌਸ਼ਲ ਨੂੰ ਚਿੱਠੀ ਲਿਖੀ ਗਈ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਪ੍ਰੀਤਪਾਲ ਸਿੰਘ ਨੂੰ ਪੰਜਾਬ ਸਰਕਾਰ ਦੇ ਹਵਾਲੇ ਕੀਤਾ ਜਾਵੇ। ਹਰਿਆਣਾ ਸਰਕਾਰ ਵੱਲੋਂ ਪੰਜਾਬ ਨੂੰ ਕਸਟਡੀ ਸੌਂਪਣ ਲਈ ਸਹਿਮਤੀ ਦੇਣ ਤੋਂ ਬਾਅਦ ਸਿਹਤ ਮੰਤਰੀ ਬਲਬੀਰ ਸਿੰਘ ਨੇ ਇਹ ਜਾਣਕਾਰੀ ਸਾਰਿਆਂ ਨਾਲ ਸਾਂਝੀ ਕੀਤੀ ਸੀ। ਡਾਕਟਰ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰਿਤਪਾਲ ਸਿੰਘ ਤੇ ਹਰ ਜ਼ਖਮੀ ਕਿਸਾਨ ਦਾ ਮੁਫਤ ਇਲਾਜ ਕਰੇਗੀ। ਜਿਵੇਂ ਹੀ ਪ੍ਰਿਤਪਾਲ ਸਿੰਘ ਪੀਜੀਆਈ ਚੰਡੀਗੜ੍ਹ ਪੁੱਜਿਆ ਤਾਂ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੀ ਪੀਜੀਆਈ ਪਹੁੰਚ ਗਏ। ਉਨ੍ਹਾਂ ਨੇ ਪ੍ਰੀਤਪਾਲ ਸਿੰਘ ਪਿਤਾ ਦਵਿੰਦਰ ਸਿੰਘ ਨਾਲ ਪ੍ਰੈੱਸ ਕਾਨਫਰੰਸ ਕੀਤੀ।

ਬਿਕਰਮ ਸਿੰਘ ਮਜੀਠੀਆ ਨੇ ਇਹ ਇਲਜ਼ਾਮ ਲਗਾਏ ਕਿ ਪ੍ਰੀਤਪਾਲ ਦੀ ਹਰਿਆਣਾ ਪੁਲਿਸ ਵੱਲੋਂ ਕੁੱਟਮਾਰ ਕੀਤੀ ਗਈ ਅਤੇ ਅਗਵਾ ਕੀਤਾ ਗਿਆ। ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਉਪਰ ਵੀ ਸਵਾਲ ਚੁੱਕੇ ਸਨ। ਉਨ੍ਹਾਂ ਕਿਹਾ, "ਪੰਜਾਬ ਦੇ ਐੱਸਐੱਸਪੀ ਅਤੇ ਡੀਸੀ ਜੋ ਮੌਕੇ 'ਤੇ ਮੌਜੂਦ ਸਨ ਸਾਰਾ ਕੁਝ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ।"

### ਕਿਸਾਨ ਆਗੂਆਂ ਦਾ ਦਾਅਵਾ

ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਦਾ ਕਹਿਣਾ ਹੈ ਕਿ ਸਾਡੇ ਇਕ ਲੀਗਲ ਡੈਲੀਗੇਸ਼ਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਆਰਡਰ ਪਾਸ ਕਰਵਾ ਕੇ ਉਸ ਨੂੰ ਪੀ. ਜੀ. ਆਈ. ਰੋਹਤਕ ਤੋਂ ਪੀ. ਜੀ. ਆਈ. ਚੰਡੀਗੜ੍ਹ ਲੈ ਆਏ ਹਨ।

ਬਲਦੇਵ ਸਿੰਘ ਸਿਰਸਾ ਦਾ ਕਹਿਣਾ ਹੈ ਕਿ ਪ੍ਰਿਤਪਾਲ ਨੂੰ 14 ਤੋਂ 15 ਪੁਲਸ ਵਾਲਿਆਂ ਨੇ ਡੰਡਿਆਂ ਨਾਲ ਕੁੱਟਿਆ। ਉਸ ਦੇ ਸਿਰ 'ਤੇ ਡੰਡਾ ਮਾਰਿਆ ਗਿਆ ਹੈ, ਉਸ ਦੀ ਲੱਤ 'ਤੇ ਫਰੈਕਚਰ ਹੈ। ਉਸ ਦੇ ਗਲ 'ਤੇ ਰੱਸੀ ਦੇ ਨਿਸ਼ਾਨ ਹਨ। ਕਿਸਾਨ ਆਗੂ ਸਿਰਸਾ ਨੇ ਕਿਹਾ ਕਿ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਅੱਤਵਾਦੀ ਸੀ, ਜਿਸ ਲਈ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ।

### ਪਰਿਵਾਰ ਦਾ ਦਾਅਵਾ

ਪ੍ਰਿਤਪਾਲ ਸਿੰਘ ਵਾਸੀ ਸੰਗਰੂਰ ਦੇ ਪਿਤਾ ਦਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਕੋਚਿੰਗ ਅਕੈਡਮੀ ਵਿੱਚ ਅਧਿਆਪਕ ਵਜੋਂ ਕੰਮ ਕਰਦਾ ਹੈ, ਜੋ ਬੱਚਿਆਂ ਨੂੰ ਪੜ੍ਹਾਉਂਦਾ ਹੈ। ਬੀਤੇ ਬੁੱਧਵਾਰ ਨੂੰ ਪ੍ਰਿਤਪਾਲ ਆਪਣੇ ਜੀਜੇ (ਜੋ ਸਰਕਾਰੀ ਡਾਕਟਰ ਹੈ ਤੇ ਐਂਬੂਲੈਂਸ ਡਿਊਟੀ 'ਤੇ ਹੈ) ਨੂੰ ਕੱਪੜੇ ਦੇਣ ਅਤੇ ਲੰਗਰ ਦੇਣ ਲਈ ਖਨੌਰੀ ਸਰਹੱਦ 'ਤੇ ਗਿਆ ਸੀ। ਇਸ ਦੌਰਾਨ ਉਸ ਦੇ ਨੇੜੇ ਅੱਥਰੂ ਗੈਸ ਦਾ ਇੱਕ ਗੋਲਾ ਡਿੱਗਿਆ। ਇਸ ਕਾਰਨ ਉਸ ਨੂੰ ਕੁਝ ਨਹੀਂ ਦਿੱਸਿਆ। ਇਸ ਮਗਰੋਂ ਪੁਲਿਸ ਮੁਲਾਜ਼ਮਾਂ ਨੇ ਪ੍ਰਿਤਪਾਲ 'ਤੇ ਡਾਂਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਪੁਲਿਸ ਵਾਲੇ ਉਸ ਨੂੰ ਘੜੀਸ ਕੇ ਲੈ ਗਏ।

ਪ੍ਰੀਤਪਾਲ ਸਿੰਘ ਦੇ ਭਰਾ ਗੁਰਜੀਤ ਸਿੰਘ ਨੇ ਦੱਸਿਆ ਕਿ ਪ੍ਰੀਤਪਾਲ ਨੂੰ ਅਗਵਾ ਕਰਨ ਵਾਲੇ ਵਿਅਕਤੀ ਹਰਿਆਣਾ ਪੁਲਿਸ ਦੇ ਮੁਲਾਜ਼ਮ ਸਨ ਜਿਨ੍ਹਾਂ ਨੇ ਵਰਦੀ ਨਹੀਂ ਪਹਿਨੀ ਹੋਈ ਸੀ ਸਗੋਂ ਆਮ ਕੱਪੜੇ ਪਾਏ ਹੋਏ ਸਨ,ਗੁਰਜੀਤ ਸਿੰਘ ਨੇ ਕਿਹਾ, "ਉਨ੍ਹਾਂ ਨੇ ਉਸ ਨੂੰ ਬੋਰੀ ਵਿੱਚ ਪਾਇਆ, ਡੰਡਿਆਂ ਨਾਲ ਬਹੁਤ ਕੁੱਟਿਆ ਅਤੇ ਅੱਧਮਰਿਆ ਕਰ ਦਿੱਤਾ।" ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਨੇ ਪਰਿਵਾਰ ਵਾਲਿਆਂ ਨਾਲ ਪ੍ਰੀਤਪਾਲ ਦੀ ਗੱਲ ਕਰਵਾਈ ਅਤੇ ਉਸ ਨੂੰ ਰੋਹਤਕ ਦੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ। ਉਨ੍ਹਾਂ ਅੱਗੇ ਦੱਸਿਆ, "ਜਦੋਂ ਅਸੀਂ ਪ੍ਰੀਤਪਾਲ ਨੂੰ ਮਿਲੇ ਤਾਂ ਉਸ ਦਾ ਜਬ੍ਹਾੜਾ ਟੁੱਟਿਆ ਹੋਇਆ ਸੀ, ਦੋਵੇਂ ਲੱਤਾਂ ਵਿੱਚ ਤਿੰਨ ਫ੍ਰੈਕਚਰ ਸਨ ਅਤੇ ਸਿਰ ਵਿੱਚ ਕਈ ਥਾਵਾਂ ਉੱਤੇ ਟਾਂਕੇ ਲੱਗੇ ਹੋਏ ਹਨ।"

ਪ੍ਰੀਤਪਾਲ ਸਿੰਘ ਦੇ ਪਿੰਡ ਨਵਾ ਗਾਓਂ ਦੇ ਸਰਪੰਚ ਕੁਲਵੰਤ ਸਿੰਘ ਦੱਸਦੇ ਹਨ ਕਿ ਪ੍ਰੀਤਪਾਲ ਸਿੰਘ ਦਾ ਪਿੰਡ ਖਨੌਰੀ ਬਾਰਡਰ ਦੇ ਨੇੜੇ ਹੀ ਪੈਂਦਾ ਹੈ ਅਤੇ ਉਹ ਢਾਈ ਏਕੜ ਜ਼ਮੀਨ ਦਾ ਮਾਲਕ ਹੈ। ਉਨ੍ਹਾਂ ਦੱਸਿਆ ਕਿ ਪ੍ਰੀਤਪਾਲ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਉਹ ਕਿਸਾਨ ਅੰਦੋਲਨ ਵਿੱਚ ਹਿੱਸਾ ਲੈਣ ਲਈ ਆਇਆ ਸੀ। ਉਨ੍ਹਾਂ ਇਹ ਇਲਜ਼ਾਮ ਲਗਾਇਆ ਕਿ ਪ੍ਰੀਤਪਾਲ ਉੱਤੇ ਹੋਇਆ ਤਸ਼ੱਦਦ ਖਾੜਕੂਵਾਦ ਅਤੇ 1984 ਦੀ ਯਾਦ ਦਿਵਾਉਂਦਾ ਹੈ।ਉਹ ਕਹਿੰਦੇ ਪ੍ਰੀਤਪਾਲ ਸਿੰਘ ਦੀ ਸਰੀਰਕ ਹਾਲਤ ਬੇਹੱਦ ਮਾੜੀ ਹੈ।



### ਕਿਸਾਨ ਜਾਣਗੇ ਹਾਈਕੋਰਟ



ਚੰਡੀਗੜ੍ਹ- ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਇਸ ਬਾਰੇ ਕਨੂੰਨੀ ਕਾਰਵਾਈ ਹੋਵੇ। ਪਰ ਪੰਜਾਬ ਸਰਕਾਰ ਖੱਟੜ ਸਰਕਾਰ ਨਾਲ ਰਲੀ ਹੋਈ ਹੈ। ਹਾਲੇ ਤਕ ਐਫਆਈਆਰ ਦਰਜ਼ ਨਹੀਂ ਕੀਤੀ। ਇਸ ਬਾਰੇ ਇਨਸਾਫ ਲੈਣ ਲਈ ਕਿਸਾਨ ਹਾਈਕੋਰਟ ਜਾਣਗੇ।

### ਪ੍ਰਿਤਪਾਲ ਸਿੰਘ 'ਤੇ ਤਸ਼ੱਦਦ ਕਰਨ ਵਾਲੇ ਪੁਲਿਸ ਅਫਸਰਾਂ ਵਿਰੁੱਧ ਕਾਰਵਾਈ ਹੋਵੇ-ਕੈਪਟਨ



ਚੰਡੀਗੜ੍ਹ-ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਪ੍ਰਿਤਪਾਲ ਸਿੰਘ 'ਤੇ ਹਰਿਆਣਾ ਪੁਲੀਸ ਵੱਲੋਂ ਕੀਤੇ ਤਸ਼ੱਦਦ ਦੀ ਨਿੰਦਾ ਕੀਤੀ ਹੈ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਕਿਸਾਨ ਸਿਰਫ ਉਥੇ ਬੈਠੇ ਕਿਸਾਨਾਂ ਨੂੰ ਲੰਗਰ ਵਰਤਾ ਰਿਹਾ ਸੀ ਜਿਸ ਦੀ ਭਾਰੀ ਕੁੱਟਮਾਰ ਕੀਤੀ ਗਈ।

## ਅਮਰੀਕਾ-ਬ੍ਰਿਟੇਨ ਨੇ 6 ਦੇਸ਼ਾਂ ਦੇ ਸਹਿਯੋਗ ਨਾਲ ਹਾਉਤੀ ਲੜਾਕਿਆਂ ਦੇ ਉਪਰ ਹਮਲੇ ਕੀਤੇ

ਵਾਸ਼ਿੰਗਟਨ-ਹਾਉਤੀ ਲੜਾਕਿਆਂ ਦੇ ਟਿਕਾਣਿਆਂ 'ਤੇ ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਦੁਆਰਾ ਕਾਰਵਾਈ ਜਾਰੀ ਹੈ। ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਯਮਨ ਵਿੱਚ ਹਾਉਤੀ ਬਾਗੀਆਂ ਦੇ 18 ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਇਹ ਕਾਰਵਾਈ ਰੈੱਡ ਲਗਾਰ ਅਤੇ ਅਦਨ ਦੀ ਖਾੜੀ 'ਚ ਹਾਉਤੀ ਬਾਗੀਆਂ ਵੱਲੋਂ ਜਹਾਜ਼ਾਂ 'ਤੇ ਕੀਤੇ ਗਏ ਹਮਲਿਆਂ ਦੇ ਜਵਾਬ ਵਿਚ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਯੂਐਸ ਅਤੇ ਬ੍ਰਿਟਿਸ਼ ਬਲਾਂ ਨੇ ਸ਼ਨੀਵਾਰ ਨੂੰ ਯਮਨ ਵਿੱਚ ਇੱਕ ਦਰਜਨ ਤੋਂ ਵੱਧ ਹਾਉਤੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ।

ਅਮਰੀਕਾ ਨੇ ਹਾਉਤੀ ਬਾਗੀਆਂ ਨੂੰ ਨਿਸ਼ਾਨਾ ਬਣਾਇਆ ਹੈ ਜੋ ਯਮਨ ਦੇ ਸਭ ਤੋਂ

### ✪ 18 ਟਿਕਾਣੇ ਤਬਾਹ ਕਰਨ ਦਾ ਕੀਤਾ ਦਾਅਵਾ

ਵੱਧ ਆਬਾਦੀ ਵਾਲੇ ਹਿੱਸਿਆਂ ਨੂੰ ਕੰਟਰੋਲ ਕਰਦੇ ਹਨ। ਬਿਆਨ 'ਚ ਕਿਹਾ ਗਿਆ ਹੈ ਕਿ ਯਮਨ 'ਚ ਅੱਠ ਥਾਵਾਂ 'ਤੇ ਇਹ ਫੌਜੀ ਕਾਰਵਾਈ ਕੀਤੀ ਗਈ ਹੈ, ਜਿਸ 'ਚ ਹੂਤੀ ਬਾਗੀਆਂ ਦੇ 18 ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਭੂਮੀਗਤ ਹਥਿਆਰ ਅਤੇ ਮਿਜ਼ਾਈਲ ਸਟੋਰੇਜ ਸੁਵਿਧਾਵਾਂ, ਹਵਾਈ ਰੱਖਿਆ ਪ੍ਰਣਾਲੀ, ਰਾਡਾਰ ਅਤੇ ਇੱਕ ਹੈਲੀਕਾਪਟਰ ਸ਼ਾਮਲ ਸਨ। ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਨੇ ਕਿਹਾ ਕਿ ਹਮਲੇ ਦਾ ਉਦੇਸ਼ ਈਰਾਨ ਸਮਰਥਿਤ ਹਾਉਤੀ ਬਾਗੀਆਂ ਦੀ ਤਾਕਤ ਨੂੰ ਹੋਰ ਘਟਾਉਣਾ ਸੀ। ਆਸਟਿਨ ਨੇ ਕਿਹਾ ਕਿ ਅਸੀਂ ਹੁਥੀਆਂ ਨੂੰ ਸਪੱਸ਼ਟ ਤੌਰ 'ਤੇ ਚੇਤਾਵਨੀ ਦੇਣਾ ਚਾਹੁੰਦੇ ਹਾਂ ਕਿ ਜੇਕਰ ਉਨ੍ਹਾਂ ਨੇ ਆਪਣੇ ਗੈਰ-ਕਾਨੂੰਨੀ ਹਮਲੇ ਬੰਦ ਨਾ ਕੀਤੇ ਤਾਂ ਭਵਿੱਖ ਵਿਚ ਉਨ੍ਹਾਂ ਖਿਲਾਫ ਇਸੇ ਤਰ੍ਹਾਂ ਦੀ ਫੌਜੀ ਕਾਰਵਾਈ ਕੀਤੀ ਜਾਵੇਗੀ।

ਅਮਰੀਕਾ ਅਤੇ ਬਰਤਾਨੀਆ ਨੂੰ ਇਨ੍ਹਾਂ ਦੇਸ਼ਾਂ ਦਾ ਮਿਲਿਆ ਸਮਰਥਨ-ਅਮਰੀਕੀ ਅਤੇ ਬ੍ਰਿਟਿਸ਼ ਫੌਜ ਦੀ ਇਸ ਕਾਰਵਾਈ ਨੂੰ ਆਸਟ੍ਰੇਲੀਆ, ਬਹਿਰੀਨ, ਕੈਨੇਡਾ, ਡੈਨਮਾਰਕ, ਨੀਦਰਲੈਂਡ ਅਤੇ ਨਿਊਜ਼ੀਲੈਂਡ ਦਾ ਸਮਰਥਨ ਮਿਲਿਆ ਹੈ। ਹਾਉਤੀ ਵਿਦਰੋਹੀਆਂ ਦੁਆਰਾ ਚਲਾਈ ਜਾਂਦੀ ਇੱਕ ਸਮਾਚਾਰ ਏਜੰਸੀ ਅਲ-ਮਸੀਰਾਹ ਟੀਵੀ ਨੇ ਕਿਹਾ ਕਿ ਅਮਰੀਕੀ ਅਤੇ ਬ੍ਰਿਟਿਸ਼ ਬਲਾਂ ਨੇ ਰਾਜਧਾਨੀ ਸਨਾ ਵਿੱਚ ਲੜੀਵਾਰ ਹਮਲੇ ਕੀਤੇ ਹਨ।

**ਵਿਚਾਰ :–** ਜਦ ਤੁਸੀਂ ਕਿਸੇ ਦੇ ਸੁਪਨੇ ਤੋੜਦੇ ਹੋ ਤਾਂ ਤੁਹਾਡੇ ਆਪੇ ਟੁੱਟ ਜਾਂਦੇ ਹਨ–ਜਨਮੇਜਾ ਸਿੰਘ ਜੌਹਲ



ਰਜਿੰਦਰ ਸਿੰਘ ਪੁਰੇਵਾਲ

# ਪ੍ਰਿਤਪਾਲ ਉਪਰ ਬੇਰਹਿਮੀ ਨਾਲ ਕੀਤੇ ਤਸ਼ੱਦਦ ਕਾਰਣ ਹਰਿਆਣਾ ਪੁਲਿਸ ਹਾਈਕੋਰਟ ਵਿਚ ਘਿਰੀ

ਕਿਸਾਨ ਅੰਦੋਲਨ ਦੌਰਾਨ ਖਨੌਰੀ ਸਰਹੱਦ ’ਤੇ ਤਸ਼ੱਦਦ ਦਾ ਸ਼ਿਕਾਰ ਹੋਏ ਨੌਜਵਾਨ ਪ੍ਰਿਤਪਾਲ ਸਿੰਘ ਦੇ ਮਾਮਲੇ ਉਪਰ ਹਰਿਆਣਾ ਪੁਲਿਸ ਕਸੂਤੀ ਘਿਰਦੀ ਜਾਪਦੀ ਹੈ। ਬੀਤੇ ਦਿਨੀਂ ਹਾਈਕੋਰਟ ਵਿਚ ਸੁਣਵਾਈ ਦੌਰਾਨ ਹਰਿਆਣਾ ਪੁਲਿਸ ਨੇ ਪ੍ਰਿਤਪਾਲ ਨੂੰ ਹਿਰਾਸਤ ਵਿੱਚ ਲੈਣ ਦੀ ਗੱਲ ਤੋਂ ਇਨਕਾਰ ਕੀਤਾ ਹੈ ਪਰ ਅਦਾਲਤ ਨੇ ਰੋਹਤਕ ਪੀਜੀਆਈ ਤੋਂ 28 ਫਰਵਰੀ ਤੱਕ ਪ੍ਰਿਤਪਾਲ ਦੀ ਮੈਡੀਕਲ ਰਿਪੋਰਟ ਮੰਗ ਲਈ ਹੈ। ਹਾਈ ਕੋਰਟ ਨੇ ਮੈਡੀਕਲ ਰਿਪੋਰਟ ਦਾਖ਼ਲ ਨਾ ਕਰਨ ’ਤੇ ਹਰਿਆਣਾ ਸਰਕਾਰ ਨੂੰ ਸਖ਼ਤ ਫਟਕਾਰ ਲਗਾਉਂਦੇ ਹੋਏ ਕਿਹਾ ਸੀ ਕਿ ਅਸੀਂ ਵਿਸ਼ੇਸ਼ ਤੌਰ ’ਤੇ ਮੈਡੀਕਲ ਰਿਪੋਰਟ ਦਾਖ਼ਲ ਕਰਨ ਦੇ ਹੁਕਮ ਦਿੱਤੇ ਸਨ। ਹਵਾਲਾਤੀ ਪਟੀਸ਼ਨ ਵਿਚ ਹੁਕਮਾਂ ਦੀ ਸਹੀ ਪਾਲਣਾ ਨਾ ਹੋਣਾ ਮਾਣਹਾਨੀ ਦੇ ਦਾਇਰੇ ਵਿਚ ਆਉਂਦਾ ਹੈ। ਹਾਈ ਕੋਰਟ ਨੇ ਹਰਿਆਣਾ ਸਰਕਾਰ ਨੂੰ ਦੋ ਦਿਨ ਦਾ ਸਮਾਂ ਦਿੰਦਿਆਂ ਮੈਡੀਕਲ ਰਿਪੋਰਟ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। ਹਰਿਆਣਾ ਸਰਕਾਰ ਨੇ ਦਲੀਲ ਦਿੱਤੀ ਕਿ ਉਸ ’ਤੇ ਕੋਈ ਤਾਕਤ ਨਹੀਂ ਵਰਤੀ ਗਈ। ਹਰਿਆਣਾ ਪੁਲਿਸ ਨੇ ਕਿਹਾ ਕਿ ਪ੍ਰੀਤਪਾਲ ਸਿੰਘ ਨੂੰ ਨਾ ਤਾਂ ਗ੍ਰਿ੍ਫ਼ਤਾਰ ਕੀਤਾ ਗਿਆ ਹੈ ਅਤੇ ਨਾ ਹੀ ਉਸ ਖ਼ਿਲਾਫ਼ ਕੋਈ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਉਹ ਜੀਂਦ ਦੇ ਦਾਤਾ ਸਿੰਘ ਵਾਲਾ ਸਰਹੱਦ ’ਤੇ ਜ਼ਖ਼ਮੀ ਹਾਲਤ ਵਿਚ ਮਿਲਿਆ ਸੀ ਅਤੇ ਉਸ ਨੂੰ ਇਲਾਜ ਲਈ ਰੋਹਤਕ ਪੀਜੀਆਈ ਵਿੱਚ ਭਰਤੀ ਕਰਵਾਇਆ ਗਿਆ ਸੀ। ਇਸ ’ਤੇ ਹਾਈ ਕੋਰਟ ਨੇ ਸਰਕਾਰ ਨੂੰ ਪੁੱਛਿਆ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ, ਕੀ ਪ੍ਰੀਤਪਾਲ ਸਿੰਘ ਨੇ ਖੁਦ ਨੂੰ ਸੱਟ ਮਾਰੀ ਹੈ । ਇਸ ਮਗਰੋਂ ਹਾਈਕੋਰਟ ਨੇ ਰੋਹਤਕ ਪੀਜੀਆਈ ਤੋਂ ਮੈਡੀਕਲ ਰਿਪੋਰਟ ਮੰਗਵਾ ਲਈ ਹੈ। ਇਨ੍ਹਾਂ ਸੱਟਾਂ ਦੀ ਅਸਲੀਅਤ ਮੈਡੀਕਲ ਰਿਪੋਰਟ ਤੋਂ ਸਾਹਮਣੇ ਆਵੇਗੀ। ਇਹ ਮੈਡੀਕਲ ਰਿਪੋਰਟ ਕਈ ਭੇਤ ਖੋਲ੍ਹ ਸਕਦੀ ਹੈ ਕਿ ਪ੍ਰਿਤਪਾਲ ਸਿੰਘ ਨੂੰ ਕਿਵੇਂ ਸੱਟਾਂ ਲੱਗੀਆਂ ਹਨ। ਚੰਡੀਗੜ੍ਹ ਪੀਜੀਆਈ ਵਿੱਚ ਇਲਾਜ ਅਧੀਨ ਪ੍ਰਿਤਪਾਲ ਠੀਕ ਤਰ੍ਹਾਂ ਬੋਲ ਵੀ ਨਹੀਂ ਪਾ ਰਿਹਾ ਪਰ ਉਸ ਨੇ ਆਪਣੀ ਹਾਲਤ ਲਈ ਸਿੱਧੇ ਤੌਰ ’ਤੇ ਹਰਿਆਣਾ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਪ੍ਰੀਤਪਾਲ ਸਿੰਘ ਦੇ ਪਿਤਾ ਦਵਿੰਦਰ ਸਿੰਘ ਵਾਸੀ ਸੰਗਰੂਰ ਨੇ ਪਟੀਸ਼ਨ ਦਾਇਰ ਕਰਦੇ ਹੋਏ ਹਾਈਕੋਰਟ ਨੂੰ ਦੱਸਿਆ ਕਿ ਉਸ ਦਾ ਲੜਕਾ ਕਿਸਾਨਾਂ ਨਾਲ ਸ਼ਾਂਤਮਈ ਢੰਗ ਨਾਲ ਧਰਨੇ ਵਿਚ ਹਿੱਸਾ ਲੈ ਰਿਹਾ ਸੀ। ਹਰਿਆਣਾ ਪੁਲਿਸ ਨੇ 21 ਫਰਵਰੀ ਨੂੰ ਦੁਪਹਿਰ 2 ਵਜੇ ਖਨੌਰੀ ਸਰਹੱਦ ਤੋਂ ਪੰਜਾਬ ਦੇ ਖੇਤਰ ਵਿਚ ਦਾਖਲ ਹੋ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਸੀ ਜ਼ਖਮੀ ਹੋਣ ਤੋਂ ਬਾਅਦ ਉਸ ਨੂੰ ਪੁਲਿਸ ਨੇ ਗੈਰ-ਕਾਨੂੰਨੀ ਤੌਰ ’ਤੇ ਹਿਰਾਸਤ ’ਚ ਲੈ ਲਿਆ ਸੀ । ਪ੍ਰਿਤਪਾਲ ਅਨੁਸਾਰ 21 ਫਰਵਰੀ ਨੂੰ ਉਹ ਪਹਿਲੀ ਵਾਰ ਖਨੌਰੀ ਬਾਰਡਰ ’ਤੇ ਕਿਸਾਨਾਂ ਦੇ ਧਰਨੇ ਵਿਚ ਲੰਗਰ ਲੈਕੇ ਗਿਆ ਸੀ। ਪੁਲਿਸ ਤੇ ਅਰਧ ਸੈਨਿਕ ਬਲਾਂ ਤੇ ਕਿਸਾਨਾਂ ਵਿਚਕਾਰ ਅਚਾਨਕ ਟਕਰਾਅ ਸ਼ੁਰੂ ਹੋ ਗਿਆ ਸੀ। ਇਸੇ ਦੌਰਾਨ ਹਰਿਆਣਾ ਪੁਲਿਸ ਦੇ ਕੁਝ ਮੁਲਾਜ਼ਮ ਅਚਾਨਕ ਅੱਗੇ ਵਧੇ ਤੇ ਉਸ ਨੂੰ ਚੁੱਕ ਕੇ ਆਪਣੀ ਹੱਦ ਤੱਕ ਲੈ ਗਏ। ਦੂਜੇ ਪਾਸੇ ਪਹੁੰਚ ਕੇ ਉਨ੍ਹਾਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਨ੍ਹਾਂ ਸਿਰ ’ਤੇ ਬੁਰੀ ਤਰ੍ਹਾਂ ਬਟਾਂ, ਡੰਡਿਆਂ ਤੇ ਰਾਡਾਂ ਨਾਲ ਮਾਰਿਆ ਤੇ ਜਬਾੜਾ ਤੋੜ ਦਿੱਤਾ ।ਪ੍ਰਿਤਪਾਲ ਅਨੁਸਾਰ ਇਸ ਤੋਂ ਬਾਅਦ ਵੀ ਉਨ੍ਹਾਂ ਦਾ ਮਨ ਨਹੀਂ ਭਰਿਆ। ਇਸ ਤੋਂ ਬਾਅਦ ਪੁਲਿਸ ਵਾਲਿਆਂ ਨੇ ਲੱਤਾਂ ਤੇ ਦੋਵੇਂ ਹੱਥ ਫੜ ਲਏ ਤੇ ਤੰਬੂ ਵਿੱਚ ਲੈ ਗਏ। ਉਨ੍ਹਾਂ ਨੇ ਤੰਬੂ ’ਚ ਲਿਜਾ ਕੇ ਬੋਰੀ ’ਚ ਪਾ ਕੇ ਹਵਾ ’ਚ ਲਟਕਾਇਆ ਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਜਦੋਂ ਹਾਲਤ ਬਹੁਤ ਖਰਾਬ ਹੋ ਗਈ ਤਾਂ ਕਾਰ ਵਿੱਚ ਬਿਠਾ ਕੇ ਰੋਹਤਕ ਪੀਜੀਆਈ ਲੈ ਗਏ।

ਕਿਸਾਨ ਆਗੂ ਪਹਿਲਾਂ ਹੀ ਦੋਸ਼ ਲਗਾ ਚੁਕੇ ਹਨ ਕਿ ਹਰਿਆਣਾ ਪੁਲਿਸ ਉਸਦੇ ਪੰਜ ਕਿਸਾਨ ਅਗਵਾ ਕਰ ਚੁਕੀ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸ਼ਾਂਤਮਈ ਕਿਸਾਨੀ ਸੰਘਰਸ਼ ਉਪਰ ਸਿਧੀਆਂ ਗੋਲੀਆਂ, ਅੱਗ ਦੇ ਗੋਲੇ, ਮਿਰਚੀ ਬੰਬ ਸੁਰਖਿਆ ਫੋਰਸਾਂ ਵਲੋਂ ਸੁਟੇ ਗਏ ਹਨ। ਇਥੋਂ ਤਕ ਪੰਜਾਬ ਦੀ ਹੱਦ ਵਿਚ ਆਕੇ ਕਿਸਾਨ ਵਹੀਕਲਾਂ ਦੀ ਤੋੜ ਭੰਨ ਕੀਤੀ। ਲੰਗਰ ਦੇ ਭਾਂਡਿਆਂ ਉਪਰ ਬੁਲੇਟ ਲਗੇ ਹਨ। ਮੈਡੀਕਲ ਕੈਂਪ ਉਪਰ ਵੀ ਹਮਲੇ ਕੀਤੇ। ਇਸ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਪੰਜਾਬ ਸਰਕਾਰ ਚੁਪ ਕਰਕੇ ਬੈਠੀ ਹੈ ਤੇ ਉਸਨੇ ਹਰਿਆਣਾ ਸਰਕਾਰ ਦੀਆਂ ਜ਼ਾਲਮਾਨਾ ਕਾਰਵਾਈਆਂ ਉਪਰ ਕੋਈ ਨੋਟਿਸ ਨਹੀਂ ਲਿਆ। ਮਨੁੱਖੀ ਅਧਿਕਾਰਾਂ ਸੰਗਠਨਾਂ ਤੇ ਵਕੀਲਾਂ ਨੂੰ ਚਾਹੀਦਾ ਹੈ ਕਿ ਉਹ ਇਸ ਸੰਬੰਧੀ ਅਵਾਜ਼ ਉਠਾਉਣ। ਪ੍ਰਵਾਸੀ ਪੰਜਾਬੀ ਭਾਈਚਾਰੇ ਨੂੰ ਵੀ ਕਿਸਾਨਾਂ ਦੇ ਹੱਕ ਵਿਚ ਅਵਾਜ ਬੁਲੰਦ ਕਰਨ ਦੀ ਲੋੜ ਹੈ।

-ਰਜਿੰਦਰ ਸਿੰਘ ਪੁਰੇਵਾਲ


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**

**ਜਾਣਕਾਰੀ ਲਈ ਸੰਪਰਕ: 01332 372 851 M: 07966 388 388**


## NEWS & VIEWS

# INDIAN GOVERNMENT CAUGHT BETWEEN WORLD TRADE ORGANISATION RULES AND MINIMUM SUPPORT PRICE FOR FARM PRODUCE



Gurmukh Singh OBE

In 1986, I was working for a UK department at GATT (General Agreement on Tariffs and Trade) at Geneva during the early stages of the Uruguay Round. After that, GATT was replaced by the World Trade Organisation (WTO) in 1995. It is not too difficult to understand the just objections raised by Indian farmers to WTO membership of India from that year.

WTO deals with the rules of trade between nations to eliminate *excessive subsidies.* That means excessive government support for all products, including farm produce, traded between countries because it distorts international trade and gives unfair advantage to those who receive such support. That is the underlying principle.

WTO has 164 member countries which represent 98% of world trade. The organisation provides a framework for negotiating trade agreements, which usually aim to *reduce or eliminate tariffs, quotas, and other restrictions.* The agreements are signed by representatives of member governments and ratified by their legislatures.

The underlying principle of the World Trade Organisation (WTO) is to create a level playing field in world trade so that poorer countries are not exploited and all countries benefit as a result. Therefore, very simply, Minimum Support Price (MSP) for farm produce is against WTO rules. Due to the very diverse situations of farmers in rich and poor countries, such general rules work against the interests of the small farmers in developing countries. In case of global farming, the income gap between farmers in rich and poor countries has widened. The farmers of countries like India, unable to move to alternative employment, have suffered most over the decades. Yet, the Cairns Group including Australia, Brazil and Canada, have complained against Indian farm support and that it distorts global food prices and is *hurting* food security of other countries.

The situation of the large scale, fully mechanised, Western farmers is very different from the small farmers of countries like India, where well over 50% of the population works in the farms or allied small businesses. Unlike the next generations of Western farmers, the children of Indian farmers have very few opportunities to move away from farming to other employment. It is not surprising that Indian farmers are pressing for withdrawal from the WTO and that India should scrap all Free Trade Agreements (FTA).

There are price tags on all the things we buy from the shops. Yet, there is no assured price tag on what the farmer produces and takes to the market to sell. He takes all the risks regarding the weather and all the things he buys for his farm like fertilizers, farm machinery and fuel. He has no option but to pay the price if he is to remain in the farming. More so, if no alternative employment with dignity is available. He keeps on borrowing while the farm is running at a net loss for years. He is unable to repay the accumulated loans. So, thousands of proud *ann dataas*, those who feed the masses, are driven to suicide. That is what has been going on in India for decades while the large corporate dealers of farm products become richer.

Caught between farmer demands and the WTO rules, Indian government predicament needs understanding. However, what economic or political logic makes the present BJP-led Indian administration create a military type of confrontation between Panjab and Haryana, has baffled most neutral observers.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਪੰਜਾਬ ਸਰਕਾਰ ਕਾਰਣ ਸ਼ੁਭਕਰਨ ਦਾ ਨਾ ਸਸਕਾਰ ਹੋਇਆ, ਨਾ ਇਨਸਾਫ ਮਿਲਿਆ

## ✪ ਕਿਸਾਨਾਂ ਨਾਲ ਵਾਅਦਾ ਕਰਕੇ ਮੁਖ ਮੰਤਰੀ ਭਗਵੰਤ ਮਾਨ ਤੋਂ ਥਿੜਕਿਆ, ਹਫਤੇ ਬਾਅਦ ਵੀ ਨਹੀਂ ਹੋਇਆ ਪੋਸਟਮਾਰਟਮ

ਚੰਡੀਗੜ੍ਹ-ਪੰਜਾਬ-ਹਰਿਆਣਾ ਦੀ ਖਨੌਰੀ ਸਰਹੱਦ 'ਤੇ 21 ਫਰਵਰੀ ਨੂੰ ਸੁਰੱਖਿਆ ਬਲਾਂ ਵੱਲੋਂ ਵਰਤੀ ਸਖਤੀ ਦੌਰਾਨ ਮਾਰੇ ਗਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦਾ ਅਜੇ ਤੱਕ ਨਾ ਤਾਂ ਪੋਸਟ -ਮਾਰਟਮ ਹੋ ਸਕਿਆ ਹੈ ਤੇ ਨਾ ਹੀ ਅੰਤਿਮ ਸਸਕਾਰ। ਕਿਸਾਨ ਆਗੂ ਪਿਛਲੇ ਹਫਤੇ ਦੌਰਾਨ ਕਈ ਵਾਰ ਪ੍ਰਸ਼ਾਸਨ ਤੇ ਪੁਲਿਸ ਨਾਲ ਮੀਟਿੰਗਾਂ ਕਰ ਚੁੱਕੇ ਹਨ। ਹੁਣ ਕਿਸਾਨਾਂ ਨੇ ਸ਼ੁਭਕਰਨ ਦਾ ਪੋਸਟਮਾਰਟਮ ਨਾ ਕਰਵਾਉਣ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਖਨੌਰੀ ਸਰਹੱਦ 'ਤੇ ਮੋਰਚਾ ਸੰਭਾਲ ਰਹੇ ਕਿਸਾਨ ਆਗੂ ਕਾਕਾ ਸਿੰਘ ਕੋਟੜਾ ਨੇ ਇੱਕ ਵਾਰ ਫਿਰ ਪੁਲਿਸ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ। ਕਿਸਾਨ ਆਪਣੀ ਗੱਲ 'ਤੇ ਅੜੇ ਹੋਏ ਹਨ ਕਿ ਪੰਜਾਬ ਪੁਲਿਸ ਨੂੰ ਸ਼ੁਭਕਰਨ ਦੀ ਮੌਤ ਸਬੰਧੀ ਐਫਆਈਆਰ ਦਰਜ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਕਿਸਾਨ ਹੁਣ ਮੁੱਖ ਮੰਤਰੀ ਭਗਵੰਤ ਮਾਨ ਤੋਂ ਵੀ ਨਾਰਾਜ਼ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਦੋਸ਼ੀ ਹਰਿਆਣਾ ਪੁਲੀਸ ਅਫਸਰਾਂ ਉਪਰ ਕਨੂੰਨੀ ਕਾਰਵਾਈ ਕਰੇਗੀ।ਮੁਖ ਮੰਤਰੀ ਭਗਵੰਤ ਮਾਨ ਨੇ ਇਹ ਵੀ ਕਿਹਾ ਸੀ ਕਿ ਇਸ ਨੌਜਵਾਨ ਦੀ ਮੌਤ ਕੇਂਦਰ ਅਤੇ ਹਰਿਆਣਾ ਸਰਕਾਰ ਦੇ ਆਪਹੁਦਰੇਪਣ ਦਾ ਨਤੀਜਾ ਹੈ। ਪਰ ਮੁਖ



ਮੰਤਰੀ ਭਗਵੰਤ ਮਾਨ ਹੁਣ ਆਪਣੇ ਵਾਅਦੇ ਤੋਂ ਥਿੜਕ ਰਿਹਾ ਹੈ।

ਕਿਸਾਨ ਲੀਡਰ ਕਾਕਾ ਸਿੰਘ ਕੋਟੜਾ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁਭਕਰਨ ਦੀ ਮੌਤ 'ਤੇ ਇੱਕ ਕਰੋੜ ਰੁਪਏ ਦੇਣ ਤੇ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਨ ਦੇ ਨਾਲ-ਨਾਲ ਉਸ ਦੀ ਛੋਟੀ ਭੈਣ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ। ਜੇਕਰ ਸੀਐਮ ਭਗਵੰਤ ਮਾਨ ਨੇ ਇੱਕ ਕਰੋੜ ਰੁਪਏ ਨਾ ਵੀ ਦਿੱਤੇ ਹੁੰਦੇ ਤਾਂ ਵੀ ਪੰਜਾਬ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਪੈਸੇ ਇਕੱਠੇ ਲੈਣੇ ਸੀ ਪਰ ਜੋ ਵਾਅਦਾ ਕਾਰਵਾਈ ਦਾ ਕੀਤਾ ਸੀ, ਉਹ ਅਜੇ ਤੱਕ ਪੂਰਾ ਨਹੀਂ ਹੋਇਆ।

ਉਧਰ, ਪੰਜਾਬ ਪੁਲਿਸ ਦਾ ਦਾਅਵਾ ਹੈ ਕਿ 21 ਫਰਵਰੀ ਨੂੰ ਹਰਿਆਣਾ ਦੀ ਹੱਦ ਅੰਦਰ ਗੋਲੀ ਚੱਲੀ ਸੀ ਤੇ ਸ਼ੁਭਕਰਨ ਨੂੰ ਵੀ ਹਰਿਆਣਾ ਦੀ ਹੱਦ ਅੰਦਰ ਹੀ ਗੋਲੀ ਲੱਗੀ ਸੀ। ਇਸ ਲਈ ਹਰਿਆਣਾ ਪੁਲਿਸ ਹੀ ਕਾਰਵਾਈ ਕਰ ਸਕਦੀ ਹੈ। ਇਸ ਦੇ ਨਾਲ ਹੀ ਪੁਲਿਸ ਨੂੰ ਡਰ ਹੈ ਕਿ ਜੇਕਰ ਪੰਜਾਬ ਪੁਲਿਸ ਐਫਆਈਆਰ ਦਰਜ ਕਰਦੀ ਹੈ ਤਾਂ ਹਰਿਆਣਾ ਪੁਲਿਸ ਵੀ ਕਾਰਵਾਈ ਕਰਨ ਲਈ ਕਦਮ ਉਠਾਏਗੀ।

### ਕੀ ਕਹਿਣਾ ਹੈ ਹਰਿਆਣਾ ਪੁਲਿਸ ਦਾ

ਹਰਿਆਣਾ ਪੁਲਿਸ ਦਾਅਵਾ ਕਰ ਰਹੀ ਹੈ ਕਿ ਸ਼ੁਭਕਰਨ ਦੀ ਮੌਤ ਦੀ ਘਟਨਾ ਹਰਿਆਣਾ ਵਿਚ ਵਾਪਰੀ ਸੀ। ਇਸ ਕਰਕੇ ਇਸ ਸਬੰਧੀ ਕੋਈ ਵੀ ਕਾਰਵਾਈ ਹਰਿਆਣਾ ਪੁਲਿਸ ਵੱਲੋਂ ਹੀ ਕੀਤੀ ਜਾਣੀ ਬਣਦੀ ਹੈ। ਹਰਿਆਣਾ ਪੁਲਿਸ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਿਸਾਨ ਦੀ ਮੌਤ ਕਿਵੇਂ ਹੋਈ, ਇਹ ਜਾਂਚ ਦਾ ਵਿਸ਼ਾ ਹੈ, ਪਰ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਉਸ ਦੀ ਮੌਤ ਵਾਲਾ ਸਥਾਨ ਹਰਿਆਣਾ ਦੇ ਜ਼ਿਲ੍ਹਾ ਜੀਂਦ ਅਧੀਨ ਪੈਂਦੇ ਥਾਣਾ ਗੜ੍ਹੀ ਅਧੀਨ ਆਉਂਦਾ ਹੈ। ਇਸ ਕਰਕੇ ਲਾਸ਼ ਦਾ ਪੋਸਟਮਾਰਟਮ ਤੇ ਇਸ ਸਬੰਧੀ ਕਾਰਵਾਈ ਹਰਿਆਣਾ ਪੁਲਿਸ ਹੀ ਕਰੇਗੀ।

### ਕਿਸਾਨ ਆਗੂ ਪੰਜਾਬ ਸਰਕਾਰ ਤੇ ਹਰਿਆਣਾ ਸਰਕਾਰ ਤੋਂ ਔਖੇ

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦਾ ਕਹਿਣਾ ਹੈ ਕਿ ਸ਼ੁਭਕਰਨ ਸਿੰਘ ਪੰਜਾਬ ਦੀ ਹੱਦ ਨਹੀਂ ਸੀ ਟੱਪਿਆ ਪਰ ਭੜਕੀ ਹੋਈ ਹਰਿਆਣਾ ਪੁਲਿਸ ਨੇ ਜਦੋਂ ਕਿਸਾਨਾਂ 'ਤੇ ਗੋਲੀਆਂ ਚਲਾਈਆਂ ਤਾਂ ਉਦੋਂ ਹੀ ਸ਼ੁਭਕਰਨ ਦੇ ਸਿਰ ਵਿਚ ਗੋਲੀ ਵੱਜਣ ਕਾਰਨ ਉਸ ਦੀ ਮੌਤ ਹੋ ਗਈ ਪਰ ਪੰਜਾਬ ਪੁਲਿਸ ਦੇ ਕੁਝ ਅਧਿਕਾਰੀ ਹਰਿਆਣਾ ਪੁਲੀਸ ਦੀਆਂ ਦਲੀਲਾਂ ਦੇ ਹਵਾਲੇ ਨਾਲ ਹੀ ਕੇਸ ਦਰਜ ਕਰਨ ਤੋਂ ਇਨਕਾਰ ਕਰ ਰਹੇ ਹਨ। ਪੰਜਾਬ ਸਰਕਾਰ ਕਿਸਾਨਾਂ ਨਾਲ ਦਗਾ ਕਮਾ ਰਹੀ ਹੈ ਉਨ੍ਹਾਂ ਕਿਹਾ ਕਿ ਇਹ ਕਿਸ ਨੇ ਅਧਿਕਾਰ ਦਿੱਤਾ ਕਿ ਇਕ-ਦੂਸਰੇ ਸੂਬੇ ਵਿਚ ਜਾ ਕੇ ਉਹ ਇਕ ਨੌਜਵਾਨ ਦੀ ਜਾਨ ਹੀ ਲੈ ਲਵੇ? ਇਹ ਤਾਂ ਸਰਾਸਰ ਕਤਲ ਕਰਨ ਦੇ ਬਰਾਬਰ ਹੈ। ਇਸ ਬਾਰੇ ਹਰਿਆਣੇ ਦੇ ਡੀਜੀਪੀ ਤੇ ਹਰਿਆਣੇ ਦੇ ਗ੍ਰਹਿ ਮੰਤਰੀ ਤੇ ਮੁਖ ਮੰਤਰੀ ਉਪਰ ਮੁਕਦਮਾ ਚਲਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੇ ਮੁਖ ਮੰਤਰੀ ਸੱਚਮੁੱਚ ਪੰਜਾਬ ਦੇ ਅਧਿਕਾਰਾਂ ਦੀ ਰਾਖੀ ਕਰਨ ਦੇ ਦਾਅਵੇਦਾਰ ਹਨ ਤਾਂ ਹੁਣ ਤੱਕ ਉਨ੍ਹਾਂ ਨੇ ਇਸ ਨਿਹੱਥੇ ਪੰਜਾਬੀ ਨੌਜਵਾਨ ਦੀ ਜਾਨ ਲੈਣ ਵਾਲਿਆਂ 'ਤੇ ਪੰਜਾਬ ਵਿਚ ਦਾਖਲ ਹੋ ਕੇ ਕਤਲ ਕਰਨ ਲਈ ਸਖ਼ਤ ਧਾਰਾਵਾਂ ਅਧੀਨ ਕੇਸ ਦਰਜ ਕਿਉਂ ਨਹੀਂ ਕੀਤਾ? ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਉਸ ਦੀ ਵੀ ਗ਼ਲਤੀ ਹੈ ਕਿ ਜਦੋਂ ਪਿਛਲੇ ਮੋਰਚੇ ਵੇਲੇ ਵਾਅਦਾ ਕੀਤਾ ਗਿਆ ਸੀ ਕਿ ਇਕ ਕਮੇਟੀ ਇਨ੍ਹਾਂ ਮੰਗਾਂ 'ਤੇ ਵਿਚਾਰ ਕਰੇਗੀ ਤਾਂ ਏਨੇ ਸਾਲਾਂ ਵਿਚ ਕਿਸਾਨ ਸੰਗਠਨਾਂ ਨਾਲ ਇਸ ਬਾਰੇ ਕੋਈ ਖੁੱਲ੍ਹ ਕੇ ਗੱਲ ਕਿਉਂ ਨਹੀਂ ਕੀਤੀ ਗਈ? ਸਰਕਾਰ ਵਲੋਂ ਬਣਾਈ ਕਮੇਟੀ ਨੇ ਅੱਜ ਤੱਕ ਰਿਪੋਰਟ ਕਿਉਂ ਨਹੀਂ ਦਿੱਤੀ।

**ਜਦੋਂ ਪੰਜਾਬ ਜਾਂ ਭਾਰਤ ਜਾਵੋ ਤਾਂ ਆਪਣੇ ਬੱਚਿਆਂ ਨੂੰ ਹਮੇਸ਼ਾਂ ਆਪਣੇ ਨਾਲ ਰੱਖੋ। ਕਈ ਬੱਚਿਆਂ ਨੂੰ ਉਥੇ ਡਰੱਗ ਮਾਫ਼ੀਆ ਵਾਲੇ ਨਸ਼ੇ ਤੇ ਵੀ ਲਾਉਣ ਦੀ ਕੋਸ਼ਿਸ਼ ਕਰਦੇ ਹਨ।**

ਮਾਮਲਾ ਕੋਟਕਪੂਰਾ ਗੋਲੀ ਕਾਂਡ ਦਾ

# ਡੀਜੀਪੀ ਸੈਣੀ ਅਤੇ ਸਾਬਕਾ ਡਿਪਟੀ ਸੀਐੱਮ ਸੁਖਬੀਰ ਸਿੰਘ ਬਾਦਲ ਮੁੱਖ ਸਾਜਿਸ਼ਕਰਤਾ

## ✪ ਸਿਟ ਨੇ ਅਦਾਲਤ ਵਿਚ ਪੇਸ਼ ਕੀਤਾ ਪੰਜਵਾਂ ਸਪਲੀਮੈਂਟਰੀ ਚਲਾਨ

ਫਰੀਦਕੋਟ-ਬਰਗਾੜੀ ਬੇਅਦਬੀ ਦੇ ਵਿਰੋਧ ਵਿੱਚ ਕੋਟਕਪੂਰਾ ਵਿੱਚ ਪ੍ਰਦਰਸ਼ਨ ਕਰ ਰਹੇ ਸਿੱਖਾਂ 'ਤੇ ਪੁਲਿਸ ਵੱਲੋਂ ਚਲਾਈਆਂ ਗਈਆਂ ਗੋਲੀਆਂ ਦੇ ਮਾਮਲੇ ਵਿੱਚ ਪੰਜਵਾਂ ਸਪਲੀਮੈਂਟਰੀ ਚਲਾਨ ਫਰੀਦਕੋਟ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਸਿਟ ਨੇ ਅਦਾਲਤ ਵਿੱਚ 200 ਪੰਨਿਆਂ ਦਾ ਚਾਲਾਨ ਪੇਸ਼ ਕੀਤਾ ਹੈ।



ਚਾਲਾਨ ਵਿੱਚ ਸਿਟ ਨੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ,ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਤਤਕਾਲੀ ਡੀਜੀਪੀ ਸੁਮੇਧ ਸਿੰਘ ਸੈਣੀ,ਤਤਕਾਲੀ ਆਈਜੀ ਪਰਮਰਾਜ ਉਮਰਾਨੰਗਲ, ਐਸ ਐਸ ਪੀ ਮੋਗਾ ਚਰਨਜੀਤ ਸ਼ਰਮਾ, ਐਸ ਐਸ ਪੀ ਫਰੀਦਕੋਟ ਸੁਖਮੰਦਰ ਮਾਨ, ਡੀਆਈਜੀ ਫਿਰੋਜ਼ਪੁਰ ਅਮਰ ਸਿੰਘ ਚਾਹਲ ਅਤੇ ਤਤਕਾਲੀ ਐਸ ਐਚ ਓ ਸਿੱਟੀ ਕੋਟਕਪੂਰਾ ਗੁਰਦੀਪ ਸਿੰਘ ਨੂੰ ਮੁਲਜ਼ਮ ਬਣਾਇਆ ਗਿਆ ਸੀ।

### ਕਿਸ 'ਤੇ ਕੀ ਇਲਜ਼ਾਮ ਹਨ

ਤਤਕਾਲੀ ਡੀਜੀਪੀ ਸੁਮੇਧ ਸਿੰਘ ਸੈਣੀ ਅਤੇ ਸਾਬਕਾ ਡਿਪਟੀ ਸੀਐੱਮ ਸੁਖਬੀਰ ਸਿੰਘ ਬਾਦਲ ਨੂੰ ਮੁਖ ਸਾਜਿਸ਼ਕਰਤਾ ਬਣਾਇਆ ਗਿਆ ਹੈ। ਅਦਾਲਤ ਵਿੱਚ ਪੇਸ਼ ਕੀਤੀ ਗਈ ਜਿਸ ਵਿਚ ਕਿਹਾ ਗਿਆ ਹੈ ਕਿ ਸੁਖਬੀਰ ਬਾਦਲ ਅਤੇ ਸੁਮੇਧ ਸੈਣੀ ਨੇ ਡੇਰਾ ਪ੍ਰੇਮੀਆਂ ਨੂੰ ਖੁਸ਼ ਕਰਨ ਅਤੇ ਚੋਣਾਂ ਵਿੱਚ ਉਨ੍ਹਾਂ ਦੀਆਂ ਵੋਟਾਂ ਹਾਸਲ ਕਰਨ ਦੇ ਮਕਸਦ ਨਾਲ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਰਚੀ ਸੀ। ਜਦਕਿ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਸਾਜਿਸ਼ ਨੂੰ ਅੰਜਾਮ ਦੇਣ ਵਿੱਚ ਮਦਦ ਕਰਨ ਦਾ ਇਲਜ਼ਾਮ ਲੱਗਿਆ ਸੀ। ਤਤਕਾਲੀ ਆਈਜੀ ਉਮਰਾਨੰਗਲ, ਡੀਆਈਜੀ ਫਿਰੋਜ਼ਪੁਰ ਅਮਰ ਸਿੰਘ ਚਾਹਲ ਅਤੇ ਐਸਐਸਪੀ ਮੋਗਾ ਚਰਨਜੀਤ ਸ਼ਰਮਾ 'ਤੇ ਸਾਜਿਸ਼ ਨੂੰ ਅੰਜਾਮ ਦੇਣ ਦਾ ਇਲਜ਼ਾਮ ਸੀ।

25 ਅਪ੍ਰੈਲ ਨੂੰ ਪਹਿਲਾਂ ਸਪਲੀਮੈਂਟਰੀ ਚਾਲਾਨ ਪੇਸ਼ ਕੀਤਾ ਸੀ ਫਿਰ 28 ਅਗਸਤ ਨੂੰ ਦੂਜਾ , 15 ਸਤੰਬਰ ਨੂੰ ਤੀਜਾ ਅਤੇ 16 ਸਤੰਬਰ ਨੂੰ ਚੌਥਾ ਸਪਲੀਮੈਂਟਰੀ ਚਲਾਨ ਦਾਇਰ ਕੀਤਾ ਗਿਆ ਸੀ। ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ 2 ਐਫ ਆਈ ਆਰ 129/18 ਅਤੇ 192/15 ਦਰਜ ਹੈ। ਮਾਮਲੇ ਵਿੱਚ ਏਡੀਜੀਪੀ ਐਲ ਕੇ ਯਾਦਵ ਅਤੇ ਐਸ ਐਸ ਪੀ ਬਠਿੰਡਾ ਗੁਲਨੀਤ ਸਿੰਘ ਖੁਰਾਨਾ ਦੀ ਅਗਵਾਈ ਵਾਲੀ ਸਿਟ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਤੋਂ ਇੱਕ ਦਿਨ ਪਹਿਲਾਂ 2400 ਪੇਜਾਂ ਦਾ ਸਪਲੀਮੈਂਟਰੀ ਚਾਲਾਨ ਪੇਸ਼ ਕੀਤਾ ਸੀ। ਇਸ ਤੋਂ ਪਹਿਲਾਂ 24 ਫਰਵਰੀ 2023 ਨੂੰ ਫਰੀਦਕੋਟ ਅਦਾਲਤ ਵਿੱਚ 7 ਹਜ਼ਾਰ ਪੇਜ ਦੀ ਚਾਰਜਸ਼ੀਟ ਦਾਇਰ ਕੀਤੀ ਗਈ ਸੀ

ਅਦਾਲਤ ਨੇ ਚਲਾਨ ਦੀਆਂ ਫਾਈਲਾਂ ਪ੍ਰਾਪਤ ਕਰਨ ਤੋਂ ਬਾਅਦ ਇਸ ਮਾਮਲੇ ਦੀ ਅਗਲੀ ਸੁਣਵਾਈ ਪਹਿਲੀ ਮਾਰਚ ਨਿਰਧਾਰਿਤ ਕੀਤੀ ਹੈ। ਅਦਾਲਤ ਨੇ ਮੁਲਜ਼ਮਾਂ ਨੂੰ ਨੋਟਿਸ ਜਾਰੀ ਕਰਕੇ ਪਹਿਲੀ ਮਾਰਚ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਉਸੇ ਦਿਨ ਹੀ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿੱਚ ਬਹਬਿਲ ਗੋਲੀ ਕਾਂਡ ਦੀ ਵੀ ਸੁਣਵਾਈ ਹੋਣੀ ਹੈ।

# ਬਰਤਾਨਵੀ ਸੰਸਦ 'ਚ ਜੰਮੂ-ਕਸ਼ਮੀਰ ਦਾ ਸੰਕਲਪ ਦਿਵਸ ਮਨਾਇਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਥਿੰਕ ਟੈਂਕ 'ਜੰਮੂ ਅਤੇ ਕਸ਼ਮੀਰ ਸਟੱਡੀ ਸੈਂਟਰ-ਯੂ ਕੇ' ਨੇ ਬਰਤਾਨੀਆ ਦੇ ਸੰਸਦ ਭਵਨ ਕੰਪਲੈਕਸ ਵਿਚ 'ਸੰਕਲਪ ਦਿਵਸ' ਪ੍ਰੋਗਰਾਮ ਦਾ ਆਯੋਜਨ ਕੀਤਾ। ਭਾਰਤ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਬਾਰੇ ਇਤਿਹਾਸਕ ਪ੍ਰਸਤਾਵ ਨੂੰ ਮਨਾਉਣ ਲਈ ਆਯੋਜਿਤ ਇਸ ਸਮਾਗਮ ਵਿੱਚ ਬਰਤਾਨੀਆ ਦੀਆਂ ਦੋਵੇਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਹਿੱਸਾ ਲਿਆ।**

ਇਸ ਮੌਕੇ 22 ਫਰਵਰੀ, 1994 ਨੂੰ ਭਾਰਤੀ ਸੰਸਦ ਦੇ ਦੋਵਾਂ ਸਦਨਾਂ ਦੁਆਰਾ ਪਾਸ ਕੀਤੇ ਸਰਬਸੰਮਤੀ ਮਤੇ ਦੀ ਚਰਚਾ ਕੀਤੀ, ਜਿਸ ਨੇ ਭਾਰਤ ਦੇ ਦ੍ਰਿੜ ਇਰਾਦੇ ਦੀ ਪੁਸ਼ਟੀ ਕੀਤੀ ਕਿ ਜੰਮੂ ਅਤੇ ਕਸ਼ਮੀਰ ਦਾ ਪੂਰਾ ਖੇਤਰ ਭਾਰਤ ਦਾ ਅਨਿੱਖੜਵਾਂ ਅੰਗ ਹੈ। ਇਸ ਨੇ ਪਾਕਿਸਤਾਨੀ ਹਮਲੇ ਦੇ ਸ਼ਿਕਾਰ ਮੀਰਪੁਰ-ਮੁਜ਼ੱਫਰਾਬਾਦ ਅਤੇ ਗਿਲਗਿਤ ਅਤੇ ਬਾਲਟਿਸਤਾਨ 'ਤੇ ਮੁੜ ਪ੍ਰਾਪਤ ਕਰਨ ਦੇ ਭਾਰਤ ਦੇ ਅਧਿਕਾਰ 'ਤੇ ਜ਼ੋਰ ਦਿੱਤਾ। 'ਜੰਮੂ ਅਤੇ ਕਸ਼ਮੀਰ ਸਟੱਡੀ ਸੈਂਟਰ-ਯੂ ਕ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਾਰੇ ਸੰਸਦ ਮੈਂਬਰਾਂ ਨੇ ਪ੍ਰਸ਼ੰਸਾ ਪ੍ਰਗਟ ਕੀਤੀ ਅਤੇ ਜੰਮੂ ਅਤੇ ਕਸ਼ਮੀਰ ਦੀ ਜ਼ਮੀਨੀ ਹਕੀਕਤ ਨੂੰ ਉਜਾਗਰ ਕਰਨ ਲਈ ਅਜਿਹੇ ਕਾਰਜਾਂ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ, ਇੱਕ ਦ੍ਰਿਸ਼ਟੀਕੋਣ ਜੋ ਅਕਸਰ ਮੁੱਖ ਧਾਰਾ ਦੁਆਰਾ ਅਣਡਿੱਠ ਕੀਤਾ ਜਾਂਦਾ ਹੈ। ਉਨ੍ਹਾਂ ਇਸ ਵਿਸ਼ੇ 'ਤੇ ਚੱਲ ਰਹੀ ਗੱਲਬਾਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਇਸ ਪ੍ਰੋਗਰਾਮ 'ਚ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਬੌਬ ਬਲੈਕਮੈਨ ਅਤੇ ਥੇਰੇਸਾ ਵਿਲੀਅਰਸ ਤੋਂ ਇਲਾਵਾ ਲੇਬਰ ਪਾਰਟੀ ਦੇ ਸੰਸਦ ਮੈਂਬਰ ਵਰਿੰਦਰ ਸ਼ਰਮਾ ਆਦਿ ਮੌਜੂਦ ਸਨ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਤੋਂ ਪ੍ਰੋਫੈਸਰ ਸੱਜਾਦ ਰਾਜਾ ਸਨ, ਜੋ ਇਸ ਸਮੇਂ ਬਰਤਾਨੀਆ ਵਿੱਚ ਜਲਾਵਤਨੀ ਵਿੱਚ ਰਹਿ ਰਹੇ ਹਨ। ਕਸ਼ਮੀਰੀ ਕਾਰਕੁਨ ਅਤੇ ਪੇਸ਼ਕਾਰਾ ਯਾਨਾ ਮੀਰ ਨੇ ਵੀ ਸੰਬੋਧਨ ਕੀਤਾ।

# ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਪੰਜਾਬੀ ਦੇ ਗਠਨ ਲਈ ਕੋਸ਼ਿਸ਼ਾਂ ਸ਼ੁਰੂ



ਹਰਮੀਤ ਸਿੰਘ ਭੱਕਨਾ, ਐਮ ਪੀ ਸੀਮਾ ਮਲਹੋਤਰਾ, ਰਿਚਰਡ ਪਾਰਕਰ ਅਤੇ ਬਲਦੇਵ ਸਿੰਘ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਵੱਖ ਵੱਖ ਭਾਈਚਾਰਿਆਂ ਲਈ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਬਣੇ ਹੋਏ ਹਨ। ਜੋ ਸਮੇਂ ਸਮੇਂ ਉਹਨਾਂ ਖਿੱਤਿਆਂ, ਧਰਮਾਂ, ਭਾਈਚਾਰਿਆਂ ਲਈ ਸੰਸਦ ਵਿੱਚ ਅਵਾਜ਼ ਬੁਲੰਦ ਕਰਦੇ ਹਨ। ਲੇਕਨ ਪੰਜਾਬੀਆਂ ਦੀ ਸੰਘਣੀ ਵਸੋਂ ਹੋਣ ਦੇ ਬਾਵਜੂਦ ਇਥੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਪੰਜਾਬੀ ਦੀ ਅਣਹੋਂਦ ਰੜਕ ਰਹੀ ਹੈ।**

ਇਹ ਵਿਚਾਰ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੇ ਪ੍ਰਗਟ ਕੀਤੇ। ਉਹਨਾਂ ਗੱਲ ਕਰਦਿਆਂ ਦੱਸਿਆ ਕਿ ਲੇਬਰ ਪਾਰਟੀ ਦੇ ਬ੍ਰਮਿੰਘਮ ਵਿਖੇ ਮੇਅਰ ਉਮੀਦਵਾਰ ਰਿਚਰਡ ਪਾਰਕਰ ਦੇ ਹੱਕ ਵਿੱਚ ਹੋਏ ਇੱਕ ਸਮਾਗਮ ਮੌਕੇ ਪੰਜਾਬੀ ਮੂਲ ਦੀ ਸੰਸਦ ਐਮ ਪੀ ਸੀਮਾ ਮਲਹੋਤਰਾ ਅਤੇ ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਬਲਦੇਵ ਸਿੰਘ ਨਾਲ ਉਕਤ ਮਸਲੇ ਤੇ ਵਿਚਾਰ ਚਰਚਾ ਹੋਈ। ਸ: ਭੱਕਨਾ ਨੇ ਕਿਹਾ ਕਿ ਦੋਵੇਂ ਸਖਸ਼ੀਅਤਾਂ ਨੇ ਇਸ ਬਾਰੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਆਸ ਹੈ ਕਿ ਜਲਦੀ ਹੀ ਇਸ ਗਰੁੱਪ ਦੇ ਗਠਨ ਬਾਰੇ ਸਾਰਥਕ ਨੀਤਜੇ ਸਾਹਮਣੇ ਆਉਣਗੇ ਜੋ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਾਭਦਾਇਕ ਹੋਣਗੇ।

# ਬਰਤਾਨਵੀ ਸਿੱਖਾਂ ਦੀ ਸੁਰੱਖਿਆ ਦਾ ਮਾਮਲਾ ਬਰਤਾਨਵੀ ਸੰਸਦ ਵਿੱਚ ਗੂੰਜਿਆ



ਸੰਸਦ ਵਿੱਚ ਐਮ ਪੀ ਪ੍ਰੀਤ ਕੌਰ ਗਿੱਲ ਅਤੇ ਸੁਰੱਖਿਆ ਮੰਤਰੀ ਟੌਮ ਟੂਗੈਂਡਹਟ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਯੋਜਨਾਂ ਨੂੰ ਲੈ ਕੇ ਬੀਤੇ ਸਮੇਂ ਵਿੱਚ ਭਾਰਤ ਤੇ ਲੱਗੇ ਕਥਿਤ ਦੋਸ਼ਾਂ ਤੋਂ ਬਾਅਦ ਬਰਤਾਨਵੀ ਸਿੱਖਾਂ ਕਾਰਕੁੰਨਾਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ। ਕਿਉਂਕਿ ਭਾਰਤੀ ਮੀਡੀਆ ਵੱਲੋਂ ਪ੍ਰਦਰਸ਼ਿਤ ਕੀਤੀ ਇੱਕ ਹਿੱਟ ਲਿਸਟ ਰਿਪੋਰਟ ਵਿੱਚ ਬਰਤਾਨੀਆਂ ਵਿੱਚ ਰਹਿੰਦੇ ਕਈ ਸਿੱਖ ਕਾਰਕੁੰਨਾਂ ਦੇ ਨਾਮ ਵੀ ਸ਼ਾਮਿਲ ਸਨ।** ਬਰਤਾਨਵੀ ਸਿੱਖਾਂ ਦੀ ਸੁਰੱਖਿਆ ਦਾ ਮਾਮਲਾ ਬਰਤਾਨਵੀ ਸੰਸਦ ਵਿੱਚ ਐਮ ਪੀ ਪ੍ਰੀਤ ਕੌਰ ਗਿੱਲ ਅਤੇ ਸ਼ੈਡੋ ਸੁਰਖਿਆ ਮੰਤਰੀ ਡੇਨ ਜਰਵਿਸ ਨੇ ਉਠਾਇਆ। ਉਹਨਾਂ ਕੈਨੇਡੀਅਨ ਅਤੇ ਅਮਰੀਕਾ ਵਿੱਚ ਸਿੱਖ ਕਾਰਕੁੰਨਾਂ ਦੇ ਮਾਮਲੇ ਦੀ ਗੱਲ ਕਰਦਿਆਂ ਕਿਹਾ ਕਿ ਬਰਤਾਨੀਆਂ ਵਿੱਚ ਅਜ਼ਾਦੀ ਪਸੰਦ ਸਿੱਖਾਂ ਦੀ ਸੁਰੱਖਿਆ ਲਈ ਸਰਕਾਰ ਕੀ ਕਰ ਰਹੀ ਹੈ। ਇਸ ਦੇ ਸਬੰਧ ਵਿੱਚ ਸੁਰੱਖਿਆ ਮੰਤਰੀ ਟੌਮ ਟੂਗੈਂਡਹਟ ਨੇ ਕਿਹਾ ਕਿ ਬਰਤਾਨੀਆਂ ਵਿੱਚ ਜੇ ਕਿਸੇ ਵੀ ਬਾਹਰੀ ਤਾਕਤ ਵੱਲੋਂ ਕੋਈ ਖ਼ਤਰੇ ਹੋਵੇ ਤਾਂ ਬਰਤਾਨੀਆਂ ਵਿੱਚ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ, ਸਿੱਖ ਅਤੇ ਹੋਰ ਭਾਈਚਾਰੇ ਪੂਰੀ ਤਰ੍ਹਾਂ ਸੁਰੱਖਿਅਤ ਹਨ। ਸਿੱਖਾਂ ਜਾਂ ਹੋਰ ਭਾਈਚਾਰਿਆਂ ਵੱਲ ਖ਼ਤਰੇ ਦੀ ਬਰਤਨੀਆਂ ਵਿੱਚ ਕੋਈ ਥਾਂ ਨਹੀਂ ਹੈ। ਪੁਲਿਸ ਨਾਲ ਸੰਪਰਕ ਕਰਨ ਵਾਲੇ ਹਰ ਵਿਅਕਤੀ ਦੀ ਸੁਰੱਖਿਆ ਦਾ ਧਿਆਨ ਦਿੱਤਾ ਜਾਂਦਾ ਹੈ। ਉਹਨਾ ਕਿਹਾ ਕਿ ਫਾਈਵ ਆਈਜ਼ ਦੇਸ਼ਾਂ ਨਾਲ ਸਾਡਾ ਬਹੁਤ ਹੀ ਨੇੜਲਾ ਸਬੰਧ ਹੈ। ਜਦੋਂ ਵੀ ਹਾਲਾਤ ਬਦਲਦੇ ਹਨ ਅਤੇ ਕਾਰਵਾਈ ਕਰਦੇ ਹਾਂ।

# 30 ਲੱਖ ਪੌਂਡ ਦਾ ਇੰਮੀਗ੍ਰੇਸ਼ਨ ਘਪਲਾ ਕਰਕੇ ਬ੍ਰਿਟਿਸ਼ ਏਅਰਵੇਜ਼ ਦਾ ਕਾਮਾ ਸਾਥੀ ਸਮੇਤ ਭਾਰਤ ਭੱਜਿਆ

## ਨਕਲੀ ਦਸਤਾਵੇਜ਼ਾਂ ਤੇ ਲੰਡਨ ਤੋਂ ਕੈਨੇਡਾ ਭੇਜਦਾ ਸੀ ਭਾਰਤੀ ਲੋਕਾਂ ਨੂੰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਏਅਰਵੇਜ਼ ਦਾ ਇੱਕ ਕਾਮਾ 30 ਲੱਖ ਪੌਂਡ ਦਾ ਘਪਲਾ ਕਰਕੇ ਭਾਰਤ ਭੱਜ ਗਿਆ ਹੈ। ਰਿਪੋਰਟ ਅਨੁਸਾਰ 24 ਸਾਲਾ ਸੁਪਰਵਾਈਜ਼ਰ ਚੈਕ ਇਨ ਡੈਸਕ ਤੇ ਕੰਮ ਕਰਦਾ ਸੀ, ਉਸ ਨੇ ਬਿਨ੍ਹਾਂ ਸਹੀ ਵੀਜ਼ਾ ਦਸਤਾਵੇਜ਼ਾਂ ਦੀ ਜਾਂਚ ਕੀਤੇ, ਕਈ ਲੋਕਾਂ ਨੂੰ ਬੀ ਏ ਦੀ ਉਡਾਣ ਭਰਨ ਵਿੱਚ ਮਦਦ ਕੀਤੀ ਸੀ। ਇਸ ਘਪਲੇ ਲਈ ਉਹ ਪ੍ਰਤੀ ਗਾਹਕ 25000 ਪੌਂਡ ਵਸੂਲ ਕਰਦਾ ਸੀ। ਲੰਡਨ ਦੇ ਟਰਮੀਨਲ 5 ਤੇ ਕੰਮ ਕਰਨ ਵਾਲਾ ਇਹ ਸ਼ੱਕੀ ਵਿਅਕਤੀ ਬੀਤੇ 5 ਸਾਲਾ ਤੋਂ ਧੋਖਾਧੜੀ ਕਰ ਰਿਹਾ ਸੀ।

ਸੰਨ ਅਖਬਾਰ ਦੀ ਰਿਪੋਰਟ ਅਨੁਸਾਰ ਗਰਾਊਂਡ ਸਰਵਿਸ ਕਰ ਰਹੀ ਆਪਣੀ ਸਾਥਣ ਨਾਲ ਜਮਾਨਤ ਤੋਂ ਬਾਅਦ ਸ਼ੱਕੀ ਹੀਥਰੋ ਤੋਂ ਭਾਰਤ ਭੱਜ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ੱਕੀ ਵਿਅਕਤੀ ਦੇ ਗਾਹਕ ਜਿਆਦ-ਾਤਰ ਭਾਰਤੀ ਹੀ ਸਨ, ਜੋ ਯੂ ਕੇ ਵਿੱਚ ਆਰਜ਼ੀ ਵੀਜ਼ਾ ਤੇ ਆਏ ਹੋਏ ਸਨ, ਜਿਹਨਾਂ ਦੀ ਉਡਾਣ ਲਈ ਜਾਅਲੀ ਦਸਤਾਵੇਜ਼ ਬਣਾਏ ਜਾਂਦੇ ਸਨ। ਇਹ ਘਪਲਾ ਕੈਨੇਡੀਅਨ ਅਧਿਕਾਰੀਆਂ ਦੇ ਧਿਆਨ ਵਿੱਚ ਉਸ ਸਮੇਂ ਆਇਆ ਜਦੋਂ ਵੈਨਕੂਵਰ ਜਾਂ ਟਰਾਂਟੋ ਪਹੁੰਚਣ ਮੌਕੇ ਹੀ ਲੋਕ ਦਸਤਾਵੇਜ਼ ਨਸ਼ਟ ਕਰਕੇ ਸਿਆਸੀ ਸ਼ਰਨ ਦੀ ਮੰਗ ਕਰ ਦਿੰਦੇ ਸਨ।

ਇਹਨਾਂ ਯਾਤਰੀਆਂ ਦੇ ਦਸਤਾਵੇਜ਼ਾਂ ਦੀ ਇਕੋ ਵਿਅਕਤੀ ਵੱਲੋਂ ਹੀ ਜਾਂਚ ਕੀਤੀ ਗਈ ਸੀ। ਬਰਤਾਨਵੀ ਪੁਲਿਸ ਵੱਲੋਂ ਭਾਰਤੀ ਪੁਲਿਸ ਦੀ ਮਦਦ ਨਾਲ ਕਥਿਤ ਦੋਸ਼ੀ ਦੀ ਤਲਾਸ਼ ਕੀਤੀ ਜਾ ਰਹੀ ਹੈ।

# ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਰਿਹਾਈ ਲਈ ਸਿੱਖ ਫੈਡਰੇਸ਼ਨ ਯੂ ਕੇ ਨੇ ਕੀਤੀ ਮੰਗ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਭਾਈ ਅਮਰੀਕ ਸਿੰਘ ਗਿੱਲ, ਭਾਈ ਹਰਦੀਸ਼ ਸਿੰਘ ਵੁਲਵਰਹੈਂਪਟਨ, ਭਾਈ ਦਬਿੰਦਰਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਨਰਿੰਦਰਜੀਤ ਸਿੰਘ ਥਾਂਦੀ ਨੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੂੰ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਵਿੱਚ ਲਿਆਉਣ ਅਤੇ ਰਿਹਾਅ ਕਰਨ ਦੀ ਮੰਗ ਕੀਤੀ ਗਈ ਹੈ। ਉਹਨਾਂ ਕਿਹਾ ਕਿ ਭਾਰਤ ਵਿੱਚ ਸਿੱਖਾਂ ਅਤੇ ਬਾਕੀ ਭਾਰਤੀਆਂ ਲਈ ਭਾਵੇਂ ਵਿਖਾਂਵੇ ਲਈ ਕਾਨੂੰਨ ਤਾਂ ਇਕੋ ਜਿਹੇ ਹਨ, ਪਰ ਇਸ ਦੀ ਵਰਤੋਂ ਵੱਖ ਵੱਖ ਕੀਤੀ ਜਾਂਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਯੂ ਏ ਪੀ ਏ, ਐਨ ਐਸ ਏ ਦੀ ਵਰਤੋਂ ਜਿਆਦਾਤਰ ਸਿੱਖਾਂ ਤੇ ਹੀ ਕੀਤੀ ਜਾਂਦੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਹਨਾਂ ਕਾਨੂੰਨਾਂ ਦੀ ਵਰਤੋਂ ਦੇ ਅੰਕੜੇ ਨਸ਼ਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਸਿੱਖ ਆਗੂਆਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਅਵਾਜ਼ ਬੰਦ ਕਰਨ ਲਈ ਹੀ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ, ਤਾਂ ਕਿ ਉਹ ਸਿੱਖ ਹੱਕਾਂ ਲਈ ਅਤੇ ਪੰਜਾਬ ਦੇ ਹੱਕਾਂ ਦੀ ਗੱਲ ਨਾ ਕਰ ਸਕਣ, ਜੋ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਭਾਈ ਹਰਦੀਸ਼ ਸਿੰਘ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਬੈਠਾ ਸਿੱਖ ਭਾਈਚਾਰਾ ਅੰਮ੍ਰਿਤਪਾਲ ਸਿੰਘ ਦੇ ਪ੍ਰੀਵਾਰ ਦੇ ਨਾਲ ਖੜ੍ਹਾ ਹੈ ਅਤੇ ਭਾਰਤ ਦੇ ਇਸ ਵਤੀਰੇ ਦੀ ਤਸਵੀਰਰੋਸ ਪ੍ਰਦਰਸ਼ਨਾਂ ਰਾਹੀਂ ਵਿਦੇਸ਼ਾਂ ਸਰਕਾਰਾਂ ਨੂੰ ਵਿਖਾਈ ਜਾ ਰਹੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਪੁਰਬ ਸਾਊਥਾਲ ਲੰਡਨ ਵਿਖੇ ਧੂਮ ਧਾਮ ਨਾਲ ਮਨਾਇਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਲੰਡਨ ਵਿਖੇ ਧੂਮ ਧਾਮ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਕਥਾ ਦੇ ਪ੍ਰਵਾਹ ਚੱਲੇ। 24 ਅਤੇ 25 ਫਰਵਰੀ ਨੂੰ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਘਰ ਨਤਮਸਤਕ ਹੋਈਆਂ।**


ਭਾਰਤੀ ਹਾਈਕਮਿਸ਼ਨ ਦੇ ਕੋਆਰਡੀਨੇਟਰ ਮਨਿਸਟਰ ਦੀਪਕ ਚੌਧਰੀ ਅਤੇ ਹੋਰ ਸਖਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਗੁਰੂ ਘਰ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ, ਮੀਤ ਪ੍ਰਧਾਨ ਦਰਸ਼ਨ ਸਿੰਘ ਨਾਗੀ, ਸ਼ਿਵ ਰੱਤੂ, ਵਰਿੰਦਰ ਕੁਮਾਰ, ਨਛੱਤਰ ਕਲਸੀ, ਚੁੰਨੀ ਲਾਲ ਚੈਂਬਰ ਸਮੇਤ ਸਮੁੱਚੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਗੁਰੂ ਰਵਿਦਾਸ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਦੀ ਅਪੀਲ ਕੀਤੀ। ਭਾਰਤੀ ਹਾਈਕਮਿਸ਼ਨ ਲੰਡਨ ਵੱਲੋਂ ਕੋਆਰਡੀਨੇਟਰ ਮਨਿਸਟਰ ਦੀਪਕ ਚੌਧਰੀ, ਈਲਿੰਗ ਮੇਅਰ ਹਿਤੇਸ਼ ਟੇਲਰ, ਐਮ ਪੀ ਵਰਿੰਦਰ ਸ਼ਰਮਾਂ, ਐਮ ਪੀ ਸੀਮਾ ਮਲਹੋਤਰਾ, ਲੰਡਨ ਅਸੈਂਬਲੀ ਮੈਂਬਰ ਡਾ: ਉਂਕਾਰ ਸਿੰਘ ਸਹੋਤਾ, ਆਈ ਓ ਸੀ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ, ਓਮੇਸ਼ ਚੰਦਰ ਸ਼ਰਮਾਂ, ਲਾਰਡ ਰੇਂਜਰ, ਕੌਂਸਲਰ ਮਹਿੰਦਰ ਕੌਰ ਮਿੱਡਾ, ਕੌਂਸਲਰ ਕੇ ਸੀ ਮੋਹਨ, ਪੁਲਿਸ ਅਧਿਕਾਰੀਆਂ ਆਦਿ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ ਵੀ ਪਛੜੇ ਵਰਗਾਂ ਨੂੰ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੇ ਹੱਲ ਲਈ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਨੂੰ ਜੀਵਨ ਦਾ ਅਧਾਰ ਬਣਾਉਣਾ ਜਰੂਰੀ ਹੈ। ਗੁਰੂ ਘਰ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਾਈ ਰਣਜੀਤ ਸਿੰਘ ਜੱਥੇ ਨੇ ਗੁਰਬਾਣੀ ਕੀਰਤਨ ਅਤੇ ਪ੍ਰਿਆ ਬੰਗਾ ਨੇ ਗੁਰ ਮਹਿਮਾ ਗਾਇਨ ਕਰਕੇ ਹਾਜ਼ਰੀ ਭਰੀ। ਸ: ਦਵਿੰਦਰ ਸਿੰਘ ਥੰਮਣਵਾਲ ਹਾਲੈਂਡ ਦੀ ਕਿਤਾਬ ਕੌਮ ਤਰੱਕੀ ਕਿਵੇਂ ਕਰੇ ਵੀ ਲੋਕ ਅਰਪਨ ਕੀਤੀ ਗਈ। ਇਸ ਮੌਕੇ ਬੈਲਜ਼ੀਅਮ, ਹਾਲੈਂਡ ਸਮੇਤ ਯੂ ਕੇ ਦੇ ਵੱਖ ਵੱਖ ਸ਼ਹਿਰਾਂ ਤੋਂ ਸੰਗਤਾਂ ਪਹੁੰਚੀਆਂ ਹੋਈਆਂ ਸਨ।

ਤਿੰਨ ਦਿਨ ਚੱਲੇ ਸਮਾਗਮਾਂ ਦੌਰਾਨ ਸ਼ਨਿਚਰਵਾਰ ਨੂੰ ਵੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਨਿਸ਼ਾਨ ਸਾਹਿਬ ਦੇ ਝੋਲੇ ਦੀ ਸੇਵਾ ਕੀਤੀ ਗਈ। ਦੋਵੇਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ, ਲੰਗਰਾਂ ਦੇ ਪ੍ਰਵਾਹ ਚੱਲੇ ਅਤੇ ਗੁਰਬਾਣੀ ਕਥਾ ਵਿਚਾਰਾਂ ਦਾ ਸੰਗਤਾਂ ਨੇ ਲਾਹਾ ਪ੍ਰਾਪਤ ਕੀਤਾ। ਜਿਕਰਯੋਗ ਹੈ ਕਿ ਹਰ ਸਾਲ ਗੁਰੂ ਘਰ ਵਿੱਚ ਸੰਗਤਾਂ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਤੱਕ ਹਰ ਹਫਤੇ ਸ੍ਰੀ ਅਖੰਡ ਪਾਠ ਸਾਹਿਬ, ਸੁਖਮਨੀ ਸਾਹਿਬ ਦੇ ਪਾਠ ਸਮੇਤ ਵੱਖ ਵੱਖ ਸੇਵਾਵਾਂ ਕੀਤੀਆਂ ਜਾਂਦੀਆਂ ਹਨ।

ਗੁਰੂ ਘਰ ਵੱਲੋਂ ਵੱਧ ਤੋਂ ਵੱਧ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਣਾ ਦਿੱਤੀ ਜਾਂਦੀ ਹੈ।

## ਕਸ਼ਮੀਰੀ ਮੂਲ ਦੀ ਬ੍ਰਿਟਿਸ਼ ਪ੍ਰੋਫੈਸਰ ਨੇ ਲਾਇਆ ਭਾਰਤ 'ਚੋਂ ਡਿਪੋਰਟ ਕਰਨ ਦਾ ਦੋਸ਼



ਲੰਡਨ: ਭਾਰਤੀ ਮੂਲ ਦੀ ਇਕ ਬ੍ਰਿਟਿਸ਼ ਲੇਖਕ ਅਤੇ ਲੰਡਨ ਦੀ ਵੈਸਟਮਿੰਸਟਰ ਯੂਨੀਵਰਸਿਟੀ ਦੀ ਪ੍ਰੋਫੈਸਰ ਨਿਤਾਸ਼ਾ ਕੌਲ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਕੇਂਦਰ ਸਰਕਾਰ ਦੇ ਹੁਕਮਾਂ ਤੇ ਭਾਰਤ ਚ ਦਾਖਲ ਹੋਣ ਤੋਂ ਇਨਕਾਰ ਕਰ ਦਿਤਾ ਗਿਆ ਅਤੇ ਬੈਂਗਲੁਰੂ ਹਵਾਈ ਅੱਡੇ ਤੋਂ ਡਿਪੋਰਟ ਕਰ ਦਿਤਾ ਗਿਆ ਸੀ। ਉਸ ਨੂੰ ਕਰਨਾਟਕ ਦੀ ਕਾਂਗਰਸ ਸਰਕਾਰ ਨੇ ਅਪਣੇ ਸੰਵਿਧਾਨ ਅਤੇ ਕੌਮੀ ਏਕਤਾ ਸੰਮੇਲਨ ਚ ਬੋਲਣ ਲਈ ਸੱਦਾ ਦਿਤਾ ਸੀ।ਵਾਪਸ ਭੇਜੇ ਜਾਣ ਦੇ ਕਾਰਨ ਬਾਰੇ ਦਸਦਿਆਂ ਕੌਲ ਨੇ ਐਕਸ ਤੇ ਲਿਖਿਆ, ਮੈਨੂੰ ਇਮੀਗ੍ਰੇਸ਼ਨ ਵਲੋਂ ਕੋਈ ਕਾਰਨ ਨਹੀਂ ਦਿਤਾ ਗਿਆ ਸੀ, ਸਿਵਾਏ ਅਸੀਂ ਕੁੱਝ ਨਹੀਂ ਕਰ ਸਕਦੇ, ਦਿੱਲੀ ਤੋਂ ਹੁਕਮ ਨੇ ਮੈਨੂੰ ਦਿੱਲੀ ਤੋਂ ਪਹਿਲਾਂ ਕੋਈ ਨੋਟਿਸ ਜਾਂ ਜਾਣਕਾਰੀ ਨਹੀਂ ਮਿਲੀ ਸੀ ਕਿ ਮੈਨੂੰ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਉਸ ਨੂੰ ਪਹਿਲੀ ਵਾਰ ਭਾਰਤ ਪਹੁੰਚਣ ਦੇ 24 ਘੰਟਿਆਂ ਬਾਅਦ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ ਰਾਹੀਂ ਵਾਪਸ ਲੰਡਨ ਭੇਜ ਦਿਤਾ ਗਿਆ ਸੀ।


PINNACLE BROKER LTD
'YOUR CALL FOR BRIDGING & COMMERCIAL FINANCE'




ਕਾਰੋਬਾਰੀ ਫਾਈਨਾਂਸ ਲਈ ਸਾਡੀਆਂ ਤੇਜ਼ ਸੇਵਾਵਾਂ, ਵਪਾਰਕ ਮਾਰਗੇਜ, ਪ੍ਰੌਪਰਟੀ ਮਾਰਗੇਜ, ਐਸਿਟ ਅਤੇ ਆਕਸ਼ਨ ਫਾਈਨਾਂਸ, ਬ੍ਰਿਜਿੰਗ ਫਾਈਨਾਂਸ ਆਦਿ ਵਾਸਤੇ ਸਾਡੀਆਂ ਸੇਵਾਵਾਂ ਹਾਸਲ ਕਰੋ

ਵਧੇਰੇ ਜਾਣਕਾਰੀ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ:

Tel: 0333 200 7463
Website: www.pinnaclebrokers.co.uk Email: info@pinnaclebrokers.co.uk
102 Clay Lane, Coventry, CV2 4LN

As a member of the NACFB our clients can be confident that Pinnacle Broker UK Ltd complies with the highest standards of the NACFB code of practice. This code of practice governs our industry and is reconised by the office of Fair Trading since 1994.

# ਕਿਸਾਨਾਂ ਦੇ ਹੱਕ ਚ ਭਾਰਤੀ ਕੌਂਸਲੇਟ ਆਫ ਜਨਰਲ ਬਰਮਿੰਘਮ ਦੇ ਬਾਹਰ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਭਾਰੀ ਰੋਸ ਪ੍ਰਦਰਸ਼ਨ

## *ਬੰਦੀ ਸਿੰਘਾਂ ਨੂੰ ਵੀ ਰਿਹਾਅ ਕਰਨ ਦੀ ਉਠਾਈ ਗਈ ਮੰਗ
## *ਮ੍ਰਿਤਕ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਦੀ ਕੀਤੀ ਮੰਗ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਪੰਜਾਬ ਚ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾ ਉਪਰ ਹਰਿਆਣਾ ਅਤੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਦੇ ਵਿਰੁੱਧ ਅਤੇ ਕਿਸਾਨ ਅੰਦੋਲਨ ਦੌਰਾਨ ਗੋਲੀ ਲੱਗਣ ਨਾਲ ਮਾਰੇਂ ਗਏ ਨੌਜੁਆਨ ਕਿਸਾਨ ਸੁਭਕਰਨ ਸਿੰਘ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਅਤੇ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਅੱਜ ਐਫ਼.ਐਸ.ਓ ਦੇ ਸੱਦੇ ਤੇ ਇੰਗਲੈਂਡ ਦੀਆਂ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਭਾਰਤੀ ਕੌਂਸਲੇਟ ਆਫ ਜਨਰਲ ਬਰਮਿੰਘਮ ਸਾਹਮਣੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਤੇ ਸੰਬੋਧਨ ਕਰਦਿਆਂ ਸਿੱਖ ਫੈਡਰੇਸ਼ਨ ਯੂ.ਕੇ ਦੇ ਆਗੂ ਕੁਲਦੀਪ ਸਿੰਘ



ਕਿਸਾਨਾਂ ਦੇ ਹੱਕ ਚ ਰੋਸ ਪ੍ਰਦਰਸ਼ਨ ਕਰਦੇ ਹੋਏ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਆਗੂ।

ਚਹੇੜੂ ਸਮੇਤ ਰਾਜਿੰਦਰ ਸਿੰਘ ਚਿੱਟੀ, ਜਗਵਿੰਦਰ ਸਿੰਘ, ਲਵਸ਼ਿੰਦਰ ਸਿੰਘ ਡੱਲੇਵਾਲ, ਸਮੈਦਿਕ ਗੁਰੂ ਘਰ ਦੇ ਪ੍ਰਧਾਨ ਕੁਲਦੀਪ ਸਿੰਘ ਦਿਉਲ, ਹਰਦੀਸ ਸਿੰਘ, ਦਿਲਬਾਗ ਸਿੰਘ ਬਾਸੀ, ਕੁਲਵੰਤ ਸਿੰਘ ਮੁਠੱਡਾ, ਸਮੇਤ ਹੋਰ ਬਹੁਤ ਸਾਰੇ ਵੱਖ ਵੱਖ ਆਗੂਆਂ ਨੇ ਰੋਸ਼ ਪ੍ਰਦਰਸਨ ਚ ਹਾਜ਼ਿਰ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਜਿਥੇ ਭਾਰਤ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨੇ ਜਾਣ ਦੀ ਮੰਗ ਕੀਤੀ, ਉਥੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਜੇਲਾਂ ਵਿੱਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਵੀ ਰਿਹਾਅ ਕਰਨ ਦੀ ਮੰਗ ਕੀਤੀ।

ਉਕਤ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨੀ ਅੰਦੋਲਨ ਦੌਰਾਨ ਹਰਿਆਣਾ ਪੁਲਿਸ ਵੱਲੋਂ ਸ਼ਹੀਦ ਕੀਤੇ ਗਏ ਨੌਜੁਆਨ ਕਿਸਾਨ ਸੁਭਕਰਨ ਸਿੰਘ ਦੇ ਕਾਤਲਾਂ ਨੂੰ ਗਿਰਫ਼ਤਾਰ ਕਰਕੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣ ਦੇ ਨਾਲ ਨਾਲ ਬਿਨਾਂ ਦੇਰੀ ਬਣਦਾ ਮੁਆਵਜਾ ਦਿੱਤਾ ਜਾਵੇ।

# ਭਗਵੰਤ ਮਾਨ ਸਰਕਾਰ ਕਿਸਾਨਾਂ ਪ੍ਰਤੀ ਆਪਣੀ ਸਥਿਤੀ ਸਪੱਸ਼ਟ ਕਰੇ--ਝੰਡੇਰ, ਗਿੱਲ
## *ਪੰਜਾਬ ਸਰਕਾਰ ਸੁਭਕਰਨ ਦੇ ਕਾਤਲਾਂ ਦੀ ਸ਼ਨਾਖਤ ਕਰਕੇ ਬਿਨਾਂ ਦੇਰੀ ਕੇਸ ਚਲਾਵੇ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਪੰਜਾਬ ਅੰਦਰ ਚੱਲ ਰਹੇ ਕਿਸਾਨੀ ਅੰਦੋਲਨ ਦੌਰਾਨ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉੱਪਰ ਸਿੱਧੀਆਂ ਗੋਲੀਆਂ ਚਲਾਉਣ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਕੇ ਕਿਸਾਨਾਂ ਉੱਪਰ ਕੀਤੇ ਜਾ ਰਹਾ ਤਸ਼ੱਦਦ ਦਾ ਸੇਕ ਹੁਣ ਵਿਦੇਸ਼ਾਂ ਤੱਕ ਵੀ ਪਹੁੰਚ ਗਿਆ ਹੈ। ਲੈਸਟਰ ਵਿਖੇ ਕਿਸਾਨ ਹਿਤੈਸ਼ੀਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬ) ਯੂ.ਕੇ ਦੇ ਸੀਨੀਅਰ ਆਗੂ ਮੁਖਤਿਆਰ ਸਿੰਘ ਝੰਡੇਰ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਸਪੋਕਸ ਪਰਸਨ ਸ਼ੀਤਲ ਸਿੰਘ ਗਿੱਲ ਨੇ ਸਾਂਝੇ ਤੌਰ ਤੇ ਕਿਹਾ ਕਿ ਜਿਥੇ ਹਰਿਆਣਾ ਸਰਕਾਰ ਅਤੇ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੀ ਸਰਹੱਦ ਅੰਦਰ ਆ ਕੇ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਉਥੇ ਪੰਜਾਬ ਵਿਚਲੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੀ ਕਿਸਾਨਾਂ ਉੱਪਰ ਹੋ ਰਹੇ ਤਸ਼ੱਦਦ ਦੀ ਬਰਾਬਰ ਦੀ ਜਿੰਮੇਵਾਰ ਹੈ। ਉਕਤ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਬਿਨਾਂ ਦੇਰੀ ਹਰਿਆਣਾ ਪੁਲਿਸ ਵੱਲੋਂ ਗੋਲੀ ਮਾਰ ਕੇ ਸ਼ਹੀਦ ਕੀਤੇ ਗਏ ਨੌਜੁਆਨ ਕਿਸਾਨ ਸੁਭਕਰਨ ਸਿੰਘ ਦੇ ਕਾਤਲਾਂ ਤੇ ਕੇਸ ਚਲਾ ਕੇ ਪੀੜਤ ਪਰਿਵਾਰ ਨੂੰ ਬਣਦਾ ਮੁਆਵਜਾ ਅਤੇ ਪਰਿਵਾਰ ਦੇ ਕਿਸੇ ਜੀਅ ਨੂੰ ਨੌਕਰੀ ਦੇਣੀ ਚਾਹੀਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਜਿਹਾ




ਨਹੀਂ ਕਰਦੀ ਤਾਂ ਬਿਨਾਂ ਦੇਰੀ ਭਗਵੰਤ ਮਾਨ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀਂ ਚਾਹੀਦੀ ਹੈ ਕਿ ਉਹ ਹਰਿਆਣਾ ਸਰਕਾਰ ਦੇ ਨਾਲ ਹੈਂ ਜਾਂ ਪੰਜਾਬ ਦੇ ਕਿਸਾਨਾਂ ਨਾਲ।ਸ ਝੰਡੇਰ ਅਤੇ ਸ ਗਿੱਲ ਨੇ ਸਮੂਹ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਘਰਾਂ ਅਤੇ ਆਪਣੇ ਹੋਰ ਕਾਰੋਬਾਰੀ ਅਦਾਰਿਆਂ, ਵਾਹਨਾਂ ਤੇ ਕਾਲੇ ਝੰਡੇ ਲਾਉਣ ਦੀ ਕੀਤੀ ਗਈ ਅਪੀਲ ਨੂੰ ਭਰਵਾਂ ਹੁੰਗਾਰਾ ਦੇ ਕੇ ਕਿਸਾਨਾਂ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਤੇਜ਼ੀ ਨਾਲ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਕਤ ਆਗੂਆਂ ਨੇ ਕਿਹਾ ਕਿ ਜੇਕਰ ਭਾਰਤ ਸਰਕਾਰ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਨਾ ਮੰਨੀਆਂ ਅਤੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉੱਪਰ ਕੀਤੇ ਜਾ ਰਹੇ ਹਮਲੇ ਬੰਦ ਨਾ ਕੀਤੇ ਤਾਂ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਅਤੇ ਕਿਸਾਨ ਹਿਤੈਸ਼ੀ ਹਰਿਆਣਾ ਸਰਕਾਰ ਅਤੇ ਭਾਰਤ ਦੀ ਕੇਂਦਰ ਸਰਕਾਰ ਵਿਰੁੱਧ ਲਾਮਬੰਦ ਹੋਣ ਤੋਂ ਗ਼ੁਰੇਜ਼ ਨਹੀਂ ਕਰਨਗੇ।

# ਕਿਸਾਨਾਂ ਦੀ ਕਾਮਯਾਬੀ ਲਈ ਇੰਗਲੈਂਡ ਦੇ ਗੁਰੂ ਘਰਾਂ ਚ ਪਾਠ ਦੇ ਭੋਗ ਪਾਉਣ ਉਪਰੰਤ ਕੀਤੀਆਂ ਗਈਆਂ ਅਰਦਾਸ ਬੇਨਤੀਆਂ



ਕਿਸਾਨਾਂ ਦੀ ਕਾਮਯਾਬੀ ਲਈ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਕੀਰਤਨ ਕਰਦਾ ਹੋਇਆ ਰਾਗੀ ਜਥਾ, ਅਤੇ ਕਿਸਾਨਾਂ ਦੀ ਕਾਮਯਾਬੀ ਲਈ ਅਰਦਾਸ ਕਰਦਾ ਹੋਇਆ ਗ੍ਰੰਥੀ ਸਿੰਘ ਅਤੇ ਸੰਗਤਾਂ ਸੰਬੋਧਨ ਕਰਦੇ ਹੋਏ ਗੁਰੂ ਘਰ ਦੇ ਪ੍ਰਧਾਨ ਅਜਮੇਰ ਸਿੰਘ ਬਸਰਾ।

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਪੰਜਾਬ ਚ ਚੱਲ ਰਹੇ ਕਿਸਾਨੀ ਅੰਦੋਲਨ ਦੌਰਾਨ ਹਰਿਆਣਾ ਸਰਕਾਰ ਅਤੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਉੱਪਰ ਕੀਤੇ ਜਾ ਰਹੇ ਤਸ਼ੱਦਦ ਦਾ ਸੇਕ ਹੁਣ ਵਿਦੇਸ਼ਾਂ ਵਿਚ ਵੀ ਪਹੁੰਚ ਚੁੱਕਾ ਹੈ। ਇੰਗਲੈਂਡ ਚ ਵੱਸਦੇ ਸਿੱਖ ਭਾਈਚਾਰੇ ਵੱਲੋਂ ਕਿਸਾਨਾਂ ਦੇ ਸੰਘਰਸ਼ ਦੀ ਕਾਮਯਾਬੀ ਅਤੇ ਇਸ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਪਾਉਣ ਉਪਰੰਤ ਅਰਦਾਸ ਬੇਨਤੀ ਕੀਤੀ ਗਈ।

ਇਸ ਮੌਕੇ ਤੇ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਪ੍ਰਧਾਨ ਸ ਅਜਮੇਰ ਸਿੰਘ ਬਸਰਾ ਨੇ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਸੰਘਰਸ਼ ਕਰ ਰਹੇ ਕਿਸਾਨਾ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਨੂੰ ਬਿਨਾਂ ਦੇਰੀ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰ ਲੈਣੀਆਂ ਚਾਹੀਦੀਆਂ ਹਨ ਤਾਂ ਜ਼ੋ ਦੇਸ਼ ਦਾ ਅੰਨਦਾਤਾ ਕਿਸਾਨ ਭੁੱਖਾਂ ਨਾ ਭਰ ਸਕੇ।ਸ ਬਸਰਾ ਨੇ ਕਿਹਾ ਕਿ ਕਿਸਾਨਾਂ ਦੇ ਪਹਿਲੇ ਸੰਘਰਸ਼ ਦੀ ਤਰ੍ਹਾਂ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਹੁਣ ਵੀ ਸੰਘਰਸ਼ ਕਰ ਚੁੱਕੇ ਕਿਸਾਨਾਂ ਦੀ ਸਾਰ ਲੈਣੀ ਚਾਹੀਦੀ ਹੈ।ਇਸ ਮੌਕੇ ਤੇ ਕਿਸਾਨਾਂ ਦੀ ਚੜਦੀ ਕਲਾ ਦੀ ਅਰਦਾਸ ਕਰਨ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਪ੍ਰਸਿੱਧ ਰਾਗੀ ਜਥਿਆਂ ਨੇ ਕੀਰਤਨ ਰਾਹੀਂ ਹਾਜ਼ਿਰ ਸੰਗਤਾਂ ਨੂੰ ਨਿਹਾਲ ਕੀਤਾ।

# ਇੰਗਲੈਂਡ ਦੇ ਗੋਰਿਆ ਵੱਲੋਂ ਪਹਿਲੀ ਵਾਰ ਕਰਵਾਇਆ ਜਾ ਰਿਹਾ ਹੈ ਕਿਸੇ ਪਗੜੀਧਾਰੀ ਪੰਜਾਬੀ ਗਾਇਕ ਦਾ ਸ਼ੌਅ
## ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਲਗਾਤਾਰ 3 ਘੰਟੇ ਆਪਣੇ ਗੀਤਾਂ ਰਾਹੀਂ ਗੋਰਿਆ ਅਤੇ ਪੰਜਾਬੀ ਪਰਿਵਾਰਾਂ ਦਾ ਕਰਨਗੇ ਮਨੋਰੰਜਨ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਦੁਨੀਆ ਭਰ ਵਿੱਚ ਪਗੜੀਧਾਰੀ ਪੰਜਾਬੀ ਗਾਇਕ ਵਜੋਂ ਪੰਜਾਬੀਆਂ ਦਾ ਮਾਣ ਵਧਾਉਣ ਵਾਲੇ ਅਤੇ ਬਰਤਾਨੀਆ ਦੇ ਸ਼ਾਹੀ ਘਰਾਣੇ ਪਾਸੋਂ ਪਗੜੀਧਾਰੀ ਪੰਜਾਬੀ ਗਾਇਕ ਵਜੋਂ ਐਮ.ਬੀ.ਈ ਦੀ ਉਪਾਧੀ ਹਾਸਿਲ ਕਰ ਚੁੱਕੇ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਦਾ ਇੰਗਲੈਂਡ ਦੇ ਗੋਰਿਆ ਵੱਲੋਂ ਸ਼ੌਅ ਕਰਵਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇੰਗਲੈਂਡ ਦੇ ਗੋਰਿਆ ਵੱਲੋਂ ਪਹਿਲੀ ਵਾਰ ਕਿਸੇ ਪਗੜੀਧਾਰੀ ਪੰਜਾਬੀ ਗਾਇਕ ਦਾ ਸ਼ੌਅ ਕਰਵਾਇਆ ਜਾ ਰਿਹਾ ਹੈ। ਗੋਰਿਆ ਵੱਲੋਂ ਇੰਗਲੈਂਡ ਦੇ ਰਾਇਲ ਫੈਸਟੀਵਲ ਹਾਲ ਲੰਡਨ ਵਿਖੇ 8 ਮਾਰਚ ਨੂੰ ਕਰਵਾਏ ਜਾ ਰਹੇ ਇਸ ਸ਼ੌਅ ਦੌਰਾਨ ਗਾਇਕ ਮਲਕੀਤ ਸਿੰਘ ਲਗਾਤਾਰ ਤਿੰਨ ਘੰਟੇ ਆਪਣੇ ਨਵੇਂ ਪੁਰਾਣੇ ਗੀਤਾਂ "ਮਾਵਾਂ ਠੰਡੀਆਂ ਛਾਵਾਂ,"ਮੇਰਾ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਣ ਨੂੰ ਬੜਾ ਹੀ ਚਿੱਤ ਕਰਦਾ,"ਬੱਲੇ ਬੱਲੇ ਬੱਲੇ ਓ ਪੰਜਾਬੀਓ,"ਜਿੰਦ ਮਾਹੀ ਜੇ ਚੱਲਿਓ ਪ੍ਰਦੇਸ਼,"ਤੂਤਕ ਤੂਤਕ ਤੂਤਕ ਤੂਤੀਆਂ,"ਗੁੜ ਨਾਲੋਂ ਇਸ਼ਕ ਮਿੱਠਾ,"ਸਮੇਤ ਹਾਲ ਹੀ ਵਿਚ ਰਿਲੀਜ਼ ਹੋਏ ਨਵੇਂ ਗੀਤ,"ਕਾਲੀ ਐਨਕ," ਅਤੇ "ਮੋਬਾਈਲ",ਗੀਤ ਗਾ ਕੇ ਗੋਰਿਆ ਸਮੇਤ ਪੰਜਾਬੀ ਪਰਿਵਾਰਾਂ ਦਾ ਮਨੋਰੰਜਨ ਕਰਨਗੇ।ਇਸ ਸਬੰਧੀ ਗੱਲਬਾਤ ਕਰਦਿਆਂ ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਨੇ ਦੱਸਿਆ ਕਿ ਇਸ ਸ਼ੌਅ ਸਬੰਧੀ ਜਿੱਥੇ ਪੰਜਾਬੀਆਂ ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ।



# ਸੂਬੇ ਦਾ ਲਾਭਕਾਰੀ ਕਾਰੋਬਾਰ ਮਾਈਨਿੰਗ ਉਦਯੋਗ ਘਾਟੇ ਵੱਲ

**✪ 'ਆਪ' ਨੇਤਾ ਦੇ ਤਿੰਨ ਰਿਸ਼ਤੇਦਾਰਾਂ ਦੇ ਖ਼ਿਲਾਫ਼ ਨਾਜਾਇਜ਼ ਮਾਈਨਿੰਗ ਹੇਠ ਦਰਜ ਹੋ ਚੁਕੇ ਨੇ ਮੁਕੱਦਮੇ ✪ ਲਾਲਪੁਰਾ ਨੇ ਬੇਲਗਾਮ ਖਣਨ ਮਾਫ਼ੀਆ 'ਤੇ ਚਿੰਤਾ ਪ੍ਰਗਟਾਈ ✪ ਮਾਈਨਿੰਗ ਨੀਤੀ ਦੀ ਘਾਟ ਕਾਰਨ ਕਰੱਸ਼ਰ ਉਦਯੋਗ ਢਹਿ-ਢੇਰੀ ਹੋਣ ਦੀ ਕਗਾਰ 'ਤੇ-ਬਾਜਵਾ**

// ਵਿਸ਼ੇਸ਼ ਰਿਪੋਟ //

ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਵਲੋਂ ਪੰਜਾਬ ਦੇ ਮਾਈਨਿੰਗ ਉਦਯੋਗ ਬਾਰੇ ਹੁਣ ਤੱਕ ਕੋਈ ਠੋਸ ਅਧਿਕਾਰਤ ਨੀਤੀ ਨਾ ਬਣਾਏ ਜਾਣ ਨਾਲ ਸੂਬੇ ਦਾ ਇਹ ਲਾਭਕਾਰੀ ਕਾਰੋਬਾਰ ਘਾਟੇ ਵੱਲ ਵਧਦਾ ਦਿਖਾਈ ਦੇ ਰਿਹਾ ਹੈ। ਇਸ ਸਥਿਤੀ ਦਾ ਇਕ ਗੰਭੀਰ ਸਿੱਟਾ ਇਹ ਵੀ ਨਿਕਲਿਆ ਹੈ ਕਿ ਇਕ ਪਾਸੇ ਰੇਤਾ-ਬਜਰੀ ਦੀ ਮਾਈਨਿੰਗ ਦਾ ਕਾਰੋਬਾਰ ਲਗਾਤਾਰ ਸੁੰਗੜਦਾ ਜਾ ਰਿਹਾ ਹੈ, ਉਥੇ ਦੂਜੇ ਪਾਸੇ ਆਮ ਲੋਕਾਂ ਲਈ ਇਹ ਚੀਜ਼ਾਂ ਬਹੁਤ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਕੋਈ ਸਪੱਸ਼ਟ ਨਵੀਂ ਨੀਤੀ ਨਾ ਬਣਨ ਨਾਲ ਪੁਰਾਣੇ ਮਾਈਨਿੰਗ ਕੇਂਦਰਾਂ 'ਤੇ ਹੁਣ ਤੱਕ ਪਈ ਪੁਰਾਣੀ ਮਸ਼ੀਨਰੀ ਨੂੰ ਜੰਗ ਲੱਗਣ ਦੀਆਂ ਖ਼ਬਰਾਂ ਨਾਲ ਸਰਕਾਰ ਅਤੇ ਆਮ ਕਾਰੋਬਾਰੀਆਂ, ਦੋਵਾਂ ਨੂੰ ਭਾਰੀ ਨੁਕਸਾਨ ਸਹਿਣਾ ਪੈ ਰਿਹਾ ਹੈ। ਇਸ ਸੰਕਟਮਈ ਸਥਿਤੀ ਨਾਲ ਪੰਜਾਬ ਦੇ ਰੂਪਨਗਰ, ਪਠਾਨਕੋਟ, ਮੁਹਾਲੀ ਤੇ ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

ਸੁਆਂ ਨਦੀ ਵਿੱਚ ਲੰਮੇ ਸਮੇਂ ਤੋਂ ਹੋ ਰਹੀ ਕਥਿਤ ਨਾਜਾਇਜ਼ ਮਾਈਨਿੰਗ ਕਾਰਨ ਪਿੰਡ ਐਲਗਰਾਂ ਵਿਖੇ ਪੁਲ ਦੀ ਹੋਂਦ ਖਤਰੇ ਵਿੱਚ ਪੈਣ 'ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਮੁੱਠੀ ਭਰ ਮਾਫ਼ੀਆ ਅਨਸਰਾਂ ਨੇ ਆਪਣੇ ਲਾਭ ਖਾਤਰ ਲੱਖਾਂ ਲੋਕਾਂ ਦੇ ਆਵਾਜਾਈ ਦੇ ਇੱਕ ਮਾਤਰ ਸਾਧਨ ਪੁਲ ਦੀ ਹੋਂਦ ਨੂੰ ਖਤਰੇ ਵਿੱਚ ਪਾ ਦਿੱਤਾ। ਲਾਲਪੁਰਾ ਨੇ ਕਿਹਾ ਕਿ ਸ਼ਿਵਾਲਿਕ ਦੀਆਂ ਰਮਣੀਕ ਪਹਾੜੀਆਂ ਨਾਲ ਘਿਰਿਆ ਇਹ ਖਿੱਤਾ ਆਪਣਾ ਅਸਲ ਵਜੂਦ ਗੁਆਉਂਦਾ ਜਾ ਰਿਹਾ ਹੈ। ਜਿੱਥੇ ਇੱਕ ਪਾਸੇ ਉਕਤ ਪੁਲ ਦੀ ਹੋਂਦ ਖਤਰੇ ਵਿਚ ਆ ਚੁੱਕੀ ਹੈ, ਉੱਥੇ ਹੀ ਪਿੰਡਾਂ ਵਿਚ ਪਾਣੀ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ।

ਯਾਦ ਰਹੇ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਰੇਤਾ-ਬਜਰੀ ਆਦਿ ਦੀਆਂ ਕੀਮਤਾਂ ਨੂੰ ਲੈ ਕੇ ਭਾਰੀ ਰੌਲਾ ਪਿਆ ਰਿਹਾ ਸੀ। ਇੱਥੋਂ ਤੱਕ ਕਿ ਆਮ ਆਦਮੀ ਪਾਰਟੀ ਦੇ ਨੇਤਾ ਭਗਵੰਤ ਮਾਨ ਅਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਰਗੇ ਲੋਕ ਵਾਰ-ਵਾਰ ਅਜਿਹੇ ਦਾਅਵੇ ਅਤੇ ਐਲਾਨ ਕਰਦੇ ਰਹੇ ਸਨ ਕਿ ਰੇਤਾ-ਬਜਰੀ ਅਤੇ ਮਿੱਟੀ ਦੇ ਮਾਈਨਿੰਗ ਕੰਮਾਂ ਤੋਂ ਏਨਾ ਮਾਲੀਆ ਇਕੱਠਾ ਕਰਾਂਗੇ ਕਿ ਉਸੇ ਦੇ ਸਿਰ 'ਤੇ ਸੂਬੇ ਨੂੰ ਖੁਸ਼ਹਾਲ ਬਣਾਇਆ ਜਾ ਸਕੇਗਾ। ਅਰਵਿੰਦ ਕੇਜਰੀਵਾਲ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਪੰਜਾਬ ਦੀਆਂ ਮਾਈਨਿੰਗ ਨੀਤੀਆਂ 'ਚ ਇਨਕਲਾਬੀ ਬਦਲਾਅ ਕਰਕੇ 20 ਹਜ਼ਾਰ ਕਰੋੜ ਤੋਂ ਵਧੇਰੇ ਦਾ ਮਾਲੀਆ ਪ੍ਰਾਪਤ ਕੀਤਾ ਜਾਵੇਗਾ, ਪਰ ਸਰਕਾਰ ਬਣਨ ਤੋਂ ਬਾਅਦ ਨਵੀਆਂ ਨੀਤੀਆਂ ਤਾਂ ਕੀ ਬਣਨੀਆਂ ਸਨ, ਉਲਟਾ ਪਿਛਲੀਆਂ ਨੀਤੀਆਂ ਨੂੰ ਵੀ ਠੱਪ ਕਰ ਕੇ ਰੱਖ ਦਿੱਤਾ। ਅੱਜ ਹਾਲਾਤ ਇਹ ਹਨ ਕਿ ਇਕ ਪਾਸੇ ਤਾਂ ਘਰ ਬਣਾਉਣ ਅਤੇ ਇੱਥੋਂ ਤੱਕ ਕਿ ਮਾਮੂਲੀ ਜਿਹੀ ਮੁਰੰਮਤ ਆਦਿ ਕਰਵਾਉਣ ਦਾ ਕੰਮ ਮਹਿੰਗਾ ਅਤੇ ਮੁਸ਼ਕਿਲ ਹੁੰਦਾ ਜਾ ਰਿਹਾ ਹੈ, ਉੱਥੇ ਅਜਿਹੇ ਕੰਮਾਂ ਦੀ ਲਾਗਤ ਵਧਣ ਨਾਲ ਆਮ ਆਦਮੀ ਦੀ ਪਹੁੰਚ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ। ਤ੍ਰਾਸਦੀ ਇਹ ਹੈ ਕਿ ਸਰਕਾਰ ਸਭ ਕੁਝ ਜਾਣਦੇ ਹੋਏ ਵੀ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਪੰਜਾਬ ਦੇ ਮਾਈਨਿੰਗ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਹੁਣੇ ਜਿਹੇ ਕਿਹਾ ਸੀ ਕਿ ਸਰਕਾਰ ਮਾਈਨਿੰਗ ਸੰਬੰਧੀ ਨਵੀਆਂ ਨੀਤੀਆਂ ਨੂੰ ਲੈ ਕੇ ਜਲਦੀ ਹੀ ਸਾਹਮਣੇ ਆਏਗੀ। ਪਰ ਅਜੇ ਤਕ ਕੋਈ ਨੀਤੀ ਨਹੀਂ ਬਣੀ। ਸਰਕਾਰ 'ਤੇ ਇਹ ਦੋਸ਼ ਵੀ ਲੱਗ ਰਹੇ ਹਨ ਕਿ ਇਸ ਸੰਬੰਧੀ ਨੀਤੀ-ਨਿਰਧਾਰਨ ਇਸੇ ਲਈ ਨਹੀਂ ਹੋ ਰਿਹਾ ਤਾਂ ਕਿ 'ਆਪ' ਨੇਤਾਵਾਂ ਦੇ ਰਿਸ਼ਤੇਦਾਰ ਨਾਜਾਇਜ਼ ਮਾਈਨਿੰਗ ਰਾਹੀਂ ਆਪਣੀਆਂ ਤਿਜੌਰੀਆਂ ਭਰ ਸਕਣ। ਇਸ ਦੋਸ਼ ਦਾ ਸਬੂਤ ਇਕ 'ਆਪ' ਨੇਤਾ ਦੇ ਤਿੰਨ ਰਿਸ਼ਤੇਦਾਰਾਂ ਦੇ ਖ਼ਿਲਾਫ਼ ਨਾਜਾਇਜ਼ ਮਾਈਨਿੰਗ ਹੇਠ ਦਰਜ ਮੁਕੱਦਮਿਆਂ ਤੋਂ ਸਾਫ਼ ਤੌਰ 'ਤੇ ਮਿਲ ਜਾਂਦਾ ਹੈ।




**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਦੀ ਮਾਈਨਿੰਗ ਸੰਬੰਧੀ ਕੋਈ ਠੋਸ ਨੀਤੀ ਨਾ ਹੋਣ ਅਤੇ ਦਬੰਗ ਲੋਕਾਂ ਵਲੋਂ ਕੀਤੀ ਜਾਣ ਵਾਲੀ ਨਾਜਾਇਜ਼ ਮਾਈਨਿੰਗ ਕਾਰਨ ਸੂਬੇ 'ਚ ਭਵਨ-ਨਿਰਮਾਣ ਅਤੇ ਖ਼ਾਸ ਤੌਰ 'ਤੇ ਗ਼ਰੀਬ ਅਤੇ ਮੱਧਵਰਗੀ ਪਰਿਵਾਰਾਂ ਵਲੋਂ ਆਪਣੇ ਘਰਾਂ ਦੀ ਮਾਮੂਲੀ ਜਿਹੀ ਮੁਰੰਮਤ ਆਦਿ ਦੇ ਕੰਮ ਵੀ ਠੱਪ ਹੋ ਕੇ ਰਹਿ ਗਏ ਹਨ। ਅਗਲੇ ਕੁਝ ਦਿਨਾਂ ਵਿਚ ਚੋਣ ਜ਼ਾਬਤਾ ਲਾਗੂ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਸਰਕਾਰ ਲਈ ਕੋਈ ਵੀ ਨਵਾਂ ਫ਼ੈਸਲਾ ਕਰਨਾ ਮੁਸ਼ਕਿਲ ਹੋ ਜਾਵੇਗਾ।**

ਪੰਜਾਬ ਸਰਕਾਰ ਵੱਲੋਂ ਮਾਈਨਿੰਗ ਨੀਤੀ ਬਣਾਉਣ ਵਿੱਚ ਢਿੱਲ ਵਰਤਣ 'ਤੇ ਚਿੰਤਾ ਜ਼ਾਹਰ ਕਰਦਿਆਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿੱਚ ਮਾਈਨਿੰਗ ਨੀਤੀ ਦੀ ਘਾਟ ਕਾਰਨ ਕਰੱਸ਼ਰ ਉਦਯੋਗ ਢਹਿ-ਢੇਰੀ ਹੋਣ ਦੀ ਕਗਾਰ 'ਤੇ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਉਦਾਸੀਨਤਾ ਦਾ ਖਮਿਆਜ਼ਾ ਪੰਜਾਬ ਦੀ ਕਰੱਸ਼ਰ ਇੰਡਸਟਰੀ ਨੂੰ ਭੁਗਤਣਾ ਪੈ ਰਿਹਾ ਹੈ। ਬਾਜਵਾ ਨੇ ਕਿਹਾ ਕਿ ਰੂਪਨਗਰ, ਪਠਾਨਕੋਟ, ਹੁਸ਼ਿਆਰਪੁਰ, ਨਵਾਂ ਸ਼ਹਿਰ ਅਤੇ ਮੁਹਾਲੀ ਵਿੱਚ ਕਰੋੜਾਂ ਰੁਪਏ ਦੀਆਂ ਕਰੱਸ਼ਰ ਮਸ਼ੀਨਾਂ ਪਿਛਲੇ ਦੋ ਸਾਲਾਂ ਤੋਂ ਬੰਦ ਹਾਲਤ ਵਿੱਚ ਹੋਣ ਕਾਰਨ ਖਰਾਬ ਹੋ ਗਈਆਂ ਹਨ। ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਸਿਰਫ ਕਰੈਸ਼ਰ ਮਾਲਕਾਂ ਨੂੰ ਹੀ ਘਾਟਾ ਨਹੀਂ ਹੋ ਰਿਹਾ ਸਗੋਂ ਹਜ਼ਾਰਾਂ ਪੰਜਾਬੀ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ। ਇਸ ਤੋਂ ਇਲਾਵਾ ਸੂਬਾ ਸਰਕਾਰ ਨਵੇਂ ਮਾਲੀਆ ਸਰੋਤ ਤੋਂ ਸਰਕਾਰੀ ਖਜ਼ਾਨੇ ਨੂੰ ਭਰਨ 'ਚ ਵੀ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਾਈਨਿੰਗ ਤੋਂ ਸਾਲਾਨਾ 20,000 ਕਰੋੜ ਰੁਪਏ ਇਕੱਠੇ ਕਰਨ ਦਾ ਵਾਅਦਾ ਕੀਤਾ ਸੀ। ਅਰਵਿੰਦ ਕੇਜਰੀਵਾਲ ਦੇ ਹਿਸਾਬ ਨਾਲ ਸਰਕਾਰ ਨੂੰ ਦੋ ਸਾਲਾਂ 'ਚ 40,000 ਕਰੋੜ ਰੁਪਏ ਦੀ ਕਮਾਈ ਕਰਨੀ ਚਾਹੀਦੀ ਸੀ।

ਹਾਲਾਂਕਿ ਦੋ ਵਿੱਤੀ ਸਾਲਾਂ ਵਿੱਚ 'ਆਪ' ਸਰਕਾਰ ਮਾਈਨਿੰਗ ਤੋਂ ਸਿਰਫ 472 ਕਰੋੜ ਰੁਪਏ ਦੀ ਕਮਾਈ ਕਰਨ ਵਿੱਚ ਸਫਲ ਰਹੀ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਦੱਸਣਾ ਚਾਹੀਦਾ ਹੈ ਕਿ ਬਾਕੀ ਮਾਲੀਆ ਕਿੱਥੇ ਗਿਆ ਹੈ।

## ਚਲ ਵਸੇ ਮਸ਼ਹੂਰ ਗਜ਼ਲ ਗਾਇਕ ਪੰਕਜ ਉਧਾਸ



ਮੁੰਬਈ-ਇਥੇ ਮਸ਼ਹੂਰ ਗਜ਼ਲ ਗਾਇਕ ਪੰਕਜ ਉਧਾਸ ਦਾ ਦੇਹਾਂਤ ਹੋ ਗਿਆ ਹੈ। 72 ਸਾਲ ਦੀ ਉਮਰ 'ਚ ਉਨ੍ਹਾਂ ਆਖਰੀ ਸਾਹ ਲਿਆ। ਪੰਕਜ ਦੀ ਧੀ ਨਿਆਬ ਉਧਾਸ ਨੇ ਗਾਇਕ ਦੀ ਮੌਤ ਦੀ ਖਬਰ ਸਾਂਝੀ ਕੀਤੀ ਹੈ। ਪੋਸਟ ਵਿਚ ਉਨ੍ਹਾਂ ਲਿਖਿਆ-ਬਹੁਤ ਦੁੱਖ ਨਾਲ ਤੁਹਾਨੂੰ ਦੱਸਣਾ ਪੈ ਰਿਹਾ ਹੈ ਕਿ ਪਦਮਸ਼੍ਰੀ ਪੰਕਜ ਉਧਾਸ ਦਾ 26 ਫਰਵਰੀ 2024 ਨੂੰ ਦੇਹਾਂਤ ਹੋ ਗਿਆ ਹੈ। ਉਹ ਲੰਬੇ ਸਮੇਂ ਤੋਂ ਬਿਮਾਰ ਸਨ। ਇਸ ਖਬਰ ਤੋਂ ਬਾਅਦ ਸੰਗੀਤ ਜਗਤ ਵਿਚ ਸੋਗ ਦੀ ਲਹਿਰ ਹੈ।

ਇਨ੍ਹਾਂ ਗ਼ਜ਼ਲਾਂ ਨੂੰ ਦਿੱਤੀ ਆਵਾਜ਼-ਪੰਕਜ ਉਧਾਸ ਨੇ ਗ਼ਜ਼ਲਾਂ ਗਾ ਕੇ ਕਾਫੀ ਨਾਮਣਾ ਖੱਟਿਆ ਸੀ। ਉਨ੍ਹਾਂ ਦੀਆਂ ਪ੍ਰਸਿੱਧ ਗ਼ਜ਼ਲਾਂ 'ਚ 'ਚਿੱਠੀ ਆਈ ਹੈ', 'ਚਾਂਦੀ ਜੈਸਾ ਰੰਗ ਹੈ ਤੇਰਾ', 'ਨਾ ਕਜਰੇ ਕੀ ਧਾਰ, ਨਾ ਮੋਤੀਓਂ ਕਾ ਹਾਰ', 'ਘੁੰਘਟ ਕੋ ਮਤ ਖੋਲ', 'ਥੋੜੀ ਥੋੜੀ ਪੀਆ ਕਰੋ', 'ਚੁਪਕੇ ਚੁਪਕੇ ਸਖੀਓਂ ਸੇ ਵੋ ਬਾਤੇਂ ਕਰਨਾ ਭੂਲ ਗਈ', 'ਔਰ ਆਹਿਸਤਾ ਕੀਜੀਏ ਬਾਤੇਂ', 'ਨਿਕਲੋ ਨਾ ਬੇਕਨਕਾਬ', 'ਦੀਵਾਰੋਂ ਸੇ ਮਿਲਕਰ ਰੋਨਾ ਅੱਛਾ ਲਗਤਾ ਹੈ', ' 'ਏਕ ਤਰਫ ਉਸਕਾ ਘਰ' ਆਦਿ ਸ਼ਾਮਲ ਹਨ।

## ਲੋਕ ਸਭਾ ਚੋਣਾਂ ਤੋਂ ਪਹਿਲਾਂ ਬਸਪਾ ਨੂੰ ਝਟਕਾ

**✪ ਸੰਸਦ ਮੈਂਬਰ ਰਿਤੇਸ਼ ਪਾਂਡੇ ਨੇ ਬਸਪਾ ਨੂੰ ਛਡਿਆ, ਲਾਏ ਗੰਭੀਰ ਦੋਸ਼**



ਨਵੀਂ ਦਿੱਲੀ-ਲੋਕ ਸਭਾ ਚੋਣਾਂ ਤੋਂ ਪਹਿਲਾਂ ਬਸਪਾ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਉੱਤਰ ਪ੍ਰਦੇਸ਼ ਦੀ ਅੰਬੇਡਕਰ ਨਗਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਰਿਤੇਸ਼ ਪਾਂਡੇ ਨੇ ਬੀਤੇ ਦਿਨੀਂ ਬਸਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਉਹ ਉਨ੍ਹਾਂ ਨੌਂ ਸੰਸਦ ਮੈਂਬਰਾਂ ਵਿੱਚੋਂ ਸਨ ਜਿਨ੍ਹਾਂ ਨੇ ਸੰਸਦ ਦੇ ਬਜਟ ਸੈਸ਼ਨ ਦੌਰਾਨ ਸੰਸਦ ਭਵਨ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਲੰਚ ਕੀਤਾ ਸੀ। ਪਾਰਟੀ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਸੰਸਦ ਮੈਂਬਰ ਨੇ ਕਿਹਾ, 'ਲੰਬੇ ਸਮੇਂ ਤੋਂ ਮੈਨੂੰ ਨਾ ਤਾਂ ਪਾਰਟੀ ਮੀਟਿੰਗਾਂ ਵਿਚ ਬੁਲਾਇਆ ਜਾ ਰਿਹਾ ਹੈ ਅਤੇ ਨਾ ਹੀ ਲੀਡਰਸ਼ਿਪ ਪੱਧਰ 'ਤੇ ਗੱਲਬਾਤ ਕੀਤੀ ਜਾ ਰਹੀ ਹੈ। ਅਜਿਹੇ ਵਿਚ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਪਾਰਟੀ ਨੂੰ ਹੁਣ ਮੇਰੀ ਸੇਵਾ ਅਤੇ ਮੌਜੂਦਗੀ ਦੀ ਲੋੜ ਨਹੀਂ ਹੈ, ਇਸ ਲਈ ਮੇਰੇ ਕੋਲ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ।'

# ਰਾਹੁਲ ਗਾਂਧੀ 5 ਦਿਨਾਂ ਯਾਤਰਾ ਲਈ ਯੂ ਕੇ ਪਹੁੰਚੇ



ਰਾਹੁਲ ਗਾਂਧੀ ਅਤੇ ਕਮਲਪ੍ਰੀਤ ਸਿੰਘ ਧਾਲੀਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਾਂਗਰਸ ਨੇਤਾ ਰਾਹੁਲ ਗਾਂਧੀ 5 ਦਿਨਾਂ ਯੂ ਕੇ ਯਾਤਰਾ ਤੇ ਲੰਡਨ ਪਹੁੰਚੇ ਹਨ। ਜਿਸ ਦੌਰਾਨ ਉਹ ਕੈਮਬ੍ਰਿਜ਼ ਯੂਨੀਵਰਸਿਟੀ ਵਿੱਚ ਵਿਸ਼ੇਸ਼ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਸੰਬੋਧਨ ਕਰ ਰਹੇ ਹਨ। 26 ਫਰਵਰੀ ਤੋਂ 1 ਮਾਰਚ ਤੱਕ ਯੂ ਕੇ ਆਏ ਰਾਹੁਲ ਗਾਂਧੀ ਕਾਰਨ ਭਾਰਤ ਜੋੜੋ ਨਿਆਂ ਯਾਤਰਾ ਤੋਂ 5 ਦਿਨ ਲਈ ਵਿਰਾਮ ਲਿਆ ਹੈ ਅਤੇ ਉਹ 2 ਮਾਰਚ ਤੋਂ ਮੁੜ ਯਾਤਰਾ ਸ਼ੁਰੂ ਕਰਨਗੇ। ਦੱਸਿਆ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਦੀ ਯੂ ਕੇ ਫੇਰੀ ਭਾਰਤ ਨਿਆਂ ਜੋੜੋ ਯਾਤਰਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਤੈਅ ਸੀ।

ਦੇਸ਼ ਭਰ ਵਿੱਚ ਜਦੋਂ ਸਿਆਸੀ ਨੇਤਾ ਚੋਣਾਂ ਨੂੰ ਲੈ ਕੇ ਸਰਗਰਮ ਹਨ, ਉਸ ਸਮੇਂ ਰਾਹੁਲ ਦਾ ਵਿਦੇਸ਼ ਦੌਰਾ ਕਰਨਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਇਹ ਦੌਰਾ ਚੋਣਾਂ ਅਤੇ ਯਾਤਰਾਵਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਤੈਅ ਕੀਤਾ ਹੋਣ ਕਰਕੇ ਸ੍ਰੀ ਰਾਹੁਲ ਗਾਂਧੀ ਨੂੰ ਆਉਣਾ ਪਿਆ ਹੈ। ਇਸ ਮੌਕੇ ਰਾਹੁਲ ਗਾਂਧੀ ਕਾਂਗਰਸੀ ਕਾਰਕੁੰਨਾਂ ਨੂੰ ਵੀ ਮਿਲਣਗੇ ਤਾਂ ਕਿ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨੂੰ ਭਾਰਤ ਦੀ ਅਜੋਕੀ ਰਾਜਨੀਤਕ ਸਥਿਤੀ ਬਾਰੇ ਉਹ ਦੱਸ ਸਕਣ।

ਸ: ਧਾਲੀਵਾਲ ਨੇ ਕਿਹਾ ਕਿ ਦੇਸ਼ ਦੀ ਅਖੰਡਤਾ ਅਤੇ ਧਰਮ ਨਿਰਪੱਖਤਾ ਨੂੰ ਕਾਇਮ ਰੱਖਣ ਲਈ ਭਾਰਤ ਦੀ ਰਾਜਸੀ ਸੱਤਾ ਵਿੱਚ ਤਬਦੀਲੀ ਲਿਆਉਣਾ ਸਮੇਂ ਦੀ ਲੋੜ ਹੈ ਜਿਸ ਲਈ ਰਾਹੁਲ ਗਾਂਧੀ ਵੱਲੋਂ ਦਿਨ ਰਾਤ ਇੱਕ ਕੀਤਾ ਜਾ ਰਿਹਾ ਹੈ।

## ਢੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਪੰਜਾਬ ਨੂੰ ਅਸਥੀਆਂ ਲਿਜਾਣ ਸਮੇਂ ਸਾਵਧਾਨ ਰਹੋ !
## ਚੋਰਾਂ ਨੇ ਬੀਬੀ ਰੇਸ਼ਮ ਕੌਰ ਰਾਏ ਦੀਆਂ ਅਸਥੀਆਂ ਹੀ ਚੋਰੀ ਕਰ ਲਈਆਂ



ਬੀਬੀ ਰੇਸ਼ਮ ਕੌਰ ਰਾਏ ਅਤੇ ਉਹਨਾਂ ਦੀਆਂ ਅਸਥੀਆਂ ਵਾਲਾ ਬੈਲਾ

ਡਰਬੀ (ਪੰਜਾਬ ਟਾਈਮ) – ਇੰਗਲੈਂਡ ਵਿੱਚ ਚੋਰੀ ਦੀਆਂ ਵਾਰਦਾਤਾਂ ਏਨੀਆਂ ਵਧ ਗਈਆਂ ਹਨ ਕਿ ਚੋਰ ਅੱਜਕਲ੍ਹ ਮਰੇ ਬੰਦੇ ਦੀਆਂ ਅਸਥੀਆਂ ਵੀ ਨਹੀਂ ਛੱਡਦੇ। ਇਸ ਲਈ ਕਿਧਰੇ ਵੀ ਬਾਹਰ ਅੰਦਰ ਜਾਣ ਸਮੇਂ ਹਰ ਕਿਸੇ ਨੂੰ ਆਪਣੀਆਂ ਗੱਡੀਆਂ ਆਦਿ ਨੂੰ ਹਮੇਸ਼ਾਂ ਸੁਰੱਖਿਅਤ ਥਾਂ ਤੇ ਹੀ ਖੜ੍ਹੇ ਕਰਨਾ ਚਾਹੀਦਾ ਹੈ। ਪੱਛੜ ਕੇ ਮਿਲੀ ਸੂਚਨਾ ਅਨੁਸਾਰ ਬੀਤੇ ਦਿਨੀਂ ਇੱਕ ਪੰਜਾਬੀ ਪਰਿਵਾਰ ਜਦੋਂ ਆਪਣੀ ਮਾਤਾ ਦੀਆਂ ਅਸਥੀਆਂ ਲੈ ਕੇ ਪੰਜਾਬ ਨੂੰ ਜਾ ਰਿਹਾ ਸੀ ਤਾਂ ਰਸਤੇ ਵਿੱਚ ਐਮ ਵੰਨ ਮੋਟਰਵੇਅ ਉਤੇ ਬੈਡਫੋਰਡਸ਼ਾਇਰ ਵਿੱਚ ਆਉਂਦੇ ਸਰਵਿਸ ਸਟੇਸ਼ਨ ਟੌਡਿੰਗਟਨ ਤੇ ਕੁੱਝ ਸਮੇਂ ਲਈ ਰੁਕੇ ਤਾਂ ਕਿਸੇ ਨੇ ਕਾਰ ਵਿੱਚੋਂ ਉਹਨਾਂ ਦੀ ਮਾਤਾ ਬੀਬੀ ਰੇਸ਼ਮ ਕੌਰ ਰਾਏ (ਉਮਰ 87 ਸਾਲ) ਦੀਆਂ ਅਸਥੀਆਂ ਅਤੇ ਪਰਿਵਾਰ ਦੇ ਸੂਟਕੇਸ ਚੋਰੀ ਕਰ ਲਏ। ਉਹਨਾਂ ਦੀ ਬਜ਼ੁਰਗ ਮਾਤਾ ਲੈਸਟਰ ਵਿਖੇ ਰਹਿੰਦੀ ਸੀ।

ਡਰਬੀ ਦੇ ਚੈਲੇਸਟਨ ਵਿਖੇ ਰਹਿਣ ਵਾਲੀ ਸ੍ਰੀਮਤੀ ਸੰਜੀਤ ਸ਼ਰਮਾ ਨੇ ਦੱਸਿਆ ਕਿ ਇਹ ਘਟਨਾ 20 ਜਨਵਰੀ ਨੂੰ ਦੁਪਹਿਰ ਬਾਅਦ 3 ਤੋਂ ਸਾਢੇ ਤਿੰਨ ਵਜੇ ਦੇ ਦਰਮਿਆਨ ਵਾਪਰੀ। ਉਸ ਦੇ ਮਾਪੇ ਜਦੋਂ ਆਪਣੀ ਮਾਤਾ ਸ੍ਰੀਮਤੀ ਰੇਸ਼ਮ ਕੌਰ ਰਾਏ ਦੀਆਂ ਅਸਥੀਆਂ ਲੈ ਕੇ ਪੰਜਾਬ ਵਿੱਚ ਜਲ ਪ੍ਰਵਾਹ ਕਰਨ ਲਈ ਜਾ ਰਹੇ ਸਨ, ਤਾਂ ਟੌਡਿੰਗਟਨ ਸਰਵਿਸ ਉਤੇ ਉਹਨਾਂ ਨੂੰ ਰੁਕਣਾ ਪਿਆ। ਜਦੋਂ ਉਹ ਵਾਪਸ ਆਏ ਤਾਂ ਕਾਰ ਵਿੱਚੋਂ ਅਸਥੀਆਂ ਅਤੇ ਤਿੰਨ ਸੂਟਕੇਸ ਗਾਇਬ ਸਨ। ਤਦ ਉਹਨਾਂ ਨੇ ਪੁਲਿਸ ਨੂੰ ਇਸ ਚੋਰੀ ਬਾਰੇ ਸ਼ਿਕਾਇਤ ਦਰਜ ਕਰਵਾ ਦਿੱਤੀ ਸੀ। ਉਹਨਾਂ ਕਿਹਾ ਅਸਲ ਵਿੱਚ ਪੰਜਾਬ ਦੀ ਯਾਤਰਾ ਤੇ ਸਾਡੀ ਬਜ਼ੁਰਗ ਮਾਤਾ ਨੇ ਵੀ ਨਾਲ ਜਾਣਾ ਸੀ, ਪਰ ਬਦਕਿਸਮਤੀ ਨਾਲ ਉਹ ਪੰਜਾਬ ਜਾਣ ਤੋਂ ਪਹਿਲਾਂ ਹੀ ਸੁਰਗਵਾਸ ਹੋ ਗਏ। ਉਸ ਨਾਲੋਂ ਵੀ ਬੁਰਾ ਇਹ ਹੋਇਆ ਕਿ ਉਨ੍ਹਾਂ ਦੀਆਂ ਅਸਥੀਆਂ ਵੀ ਕਿਸੇ ਨੇ ਚੋਰੀ ਕਰ ਲਈਆਂ।

ਸੰਜੀਤ ਸ਼ਰਮਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਅਜਿਹੀ ਕੋਈ ਚੀਜ਼ ਮਿਲੇ ਤਾਂ ਉਹ ਇਸ ਬਾਰੇ ਜਾਣਕਾਰੀ ਦੇ ਸਕਦੇ ਹਨ, ਕਿਉਂਕਿ ਅਸਥੀਆਂ ਤਾਂ ਕਿਸੇ ਦੇ ਵੀ ਕੰਮ ਨਹੀਂ ਆ ਸਕਦੀਆਂ, ਪਰ ਸਾਡੇ ਲਈ ਇਹ ਬਹੁਤ ਮਹੱਤਵਪੂਰਨ ਹਨ।

# ਯੂ ਕੇ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਡਰਗ ਖੇਪ ਫੜ੍ਹੀ
## ਕੇਲਿਆਂ ਵਿੱਚ ਛੁਪਾ ਕੇ 5.7 ਟਨ ਕੁਕੀਨ ਅਮਰੀਕਾ ਤੋਂ ਆ ਰਹੀ ਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਡਰਗ ਖੇਪ ਫੜ੍ਹੀ ਹੈ। ਏ ਕਲਾਸ ਇਹ ਡਰਗ ਕੇਲਿਆਂ ਦੇ ਇੱਕ ਕੰਟੇਨਰ ਵਿੱਚ ਛੁਪਾ ਕੇ ਦੱਖਣੀ ਅਮਰੀਕਾ ਤੋਂ ਭੇਜੀ ਗਈ ਸੀ। ਸਾਊਥਹੈਂਪਟਨ ਬੰਦਰਗਾਹ ਤੇ ਜ਼ਬਤ ਕੀਤੀ 5.7 ਟਨ ਕੁਕੀਨ ਦਾ ਮਾਰਕੀਟ ਮੁੱਲ੍ਹ 450 ਮਿਲੀਅਨ ਪੌਂਡ ਦੱਸਿਆ ਗਿਆ ਹੈ। ਯੂ ਕੇ ਦੀ ਰਾਸ਼ਟਰੀ ਅਪਰਾਧ ਸ਼ਾਖਾ (ਐਨ ਸੀ ਏ) ਦੀ ਅਗਵਾਈ ਵਿੱਚ ਯੂਰਪ ਟਾਸਕ ਫੋਰਸ ਦੇ ਸਾਂਝੇ ਯਤਨਾ ਸਦਕਾ ਅਪ੍ਰੇਸ਼ਨ ਕਾਮਯਾਬ ਹੋਇਆ ਹੈ। ਇਹ ਖੇਪ ਜਰਮਨੀ ਦੇ ਹਮਬਰਗ ਸ਼ਹਿਰ ਨੂੰ ਜਾ ਰਹੀ ਸੀ। ਐਨ ਸੀ ਏ ਦੇ ਅਧਿਕਾਰੀਆਂ ਅਨੁਸਾਰ ਇਸ ਦਾ ਕੁੱਝ ਹਿੱਸਾ ਵਾਪਿਸ ਯੂ ਕੇ ਦੀਆਂ ਗਲੀਆਂ ਵਿੱਚ ਆਉਣਾ ਸੀ। ਏਜੰਸੀ ਅਨੁਸਾਰ ਇਸ ਮਾਮਲੇ ਵਿੱਚ ਅੰਤਰਰਾਸ਼ਟਰੀ ਅਪਰਾਧੀ ਗ੍ਰੋਹਾਂ ਦਾ ਨੈਟਵਰਕ ਸ਼ਾਮਿਲ ਹੈ।



ਕੇਲਿਆਂ ਵਿੱਚ ਛੁਪਾਏ ਡਰਗ ਦੇ ਪੈਕਿਟ

ਇਸ ਤੋਂ ਪਹਿਲਾਂ 2022 ਵਿੱਚ ਸਾਊਥਹੈਂਪਟਨ ਬੰਦਰਗਾਹ ਤੇ ਹੀ 3.7 ਟਨ ਅਤੇ 2015 ਵਿੱਚ 3.2 ਟਨ ਡਰਗ ਸਕਾਟਲੈਂਡ ਦੀ ਇੱਕ ਬੰਦਰਗਾਹ ਤੇ ਜ਼ਬਤ ਕੀਤੀ ਸੀ। ਐਨ ਸੀ ਏ ਦੇ ਬੁਲਾਰੇ ਨੇ ਕਿਹਾ ਹੈ ਕਿ ਯੂ ਕੇ ਵਿੱਚ ਕੁਕੀਨ ਦੇ ਧਮਦੇ ਤੋਂ ਅਪਰਾਧੀ ਸੰਗਠਨ 4 ਅਰਬ ਬਿਲੀਅਨ ਪੌਂਡ ਦੀ ਕਮਾਈ ਕਰਦੇ ਹਨ।

# ਭਾਰਤੀ ਹਾਈਕਮਿਸ਼ਨ ਲੰਡਨ ਵਿਖੇ ਮਾਂ ਦਿਵਸ ਮੌਕੇ ਵਿਸ਼ਾਲ ਸਮਾਗਮ

## ਨਵੀਂ ਪੀੜੀ ਨੂੰ ਭਾਰਤੀ ਭਾਸ਼ਾਵਾਂ ਅਤੇ ਵਿਰਸੇ ਨਾਲ ਜੋੜਨ ਲਈ ਸਾਂਝੇ ਯਤਨਾਂ ਦੀ ਲੋੜ - ਬੁਲਾਰੇ



ਮਾਂ ਬੋਲੀ ਦਿਵਸ ਮੌਕੇ ਭਾਰਤੀ ਭਵਨ ਲੰਡਨ ਵਿਖੇ ਭਾਰਤੀ ਭਾਸ਼ਾਵਾਂ ਦੇ ਹਿਤੈਸ਼ੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਹਾਈਕਮਿਸ਼ਨ ਲੰਡਨ ਅਤੇ ਪੰਜਾਬੀ ਭਾਸ਼ਾਂ ਚੇਤਾਨਾ ਬੋਰਡ ਦੇ ਸਾਂਝੇ ਯਤਨਾਂ ਸਦਕਾ ਬੀਤੇ ਕੱਲ ਇੰਡੀਆ ਹਾਊਸ ਵਿਖੇ ਮਾਂ ਬੋਲੀ ਦਿਵਸ ਦੇ ਸਬੰਧੀ ਵਿਸ਼ੇਸ਼ ਸਮਾਗਮ ਕਰਵਾਏ ਗਏ। ਜਿਸ ਵਿੱਚ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਤੋਂ ਆਏ ਬੁੱਧੀਜੀਵੀਆਂ ਅਤੇ ਚਿੰਤਕਾਂ ਨੇ ਭਾਗ ਲਿਆ। ਡਿਪਟੀ ਹਾਈਕਮਿਸ਼ਨਰ ਸੁਜੀਤ ਘੋਸ਼ ਅਤੇ ਮੁੱਖ ਪ੍ਰਬੰਧ ਕੋਆਰਡੀਨੇਟਰ ਦੀਪਕ ਚੌਧਰੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ। ਬਰਤਾਨੀਆਂ ਵਿੱਚ ਭਾਰਤੀ ਭਾਸ਼ਾਵਾਂ ਅਤੇ ਵਿਰਸੇ ਨੂੰ ਕਾਇਮ ਰੱਖਣ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਵੱਚਣਵੱਧਤਾ ਪ੍ਰਗਟਾਈ। ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੇ ਯੂ ਕੇ ਸਰਕਾਰ ਨਾਲ ਬੀਤੇ ਸਮੇਂ ਤੋਂ ਸਕੂਲਾਂ ਵਿੱਚ ਪੰਜਾਬੀ ਸਮੇਤ ਭਾਰਤੀ ਭਾਸ਼ਾਂਵਾਂ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਚਾਨਣਾ ਪਾਇਆ।***

ਉਹਨਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਭਾਵੇਂ ਹਾਂ ਪੱਖੀ ਹੁੰਗਾਰਾ ਦਿੱਤਾ ਗਿਆ ਹੈ, ਪਰ ਨਾਲ ਹੀ ਉਹ ਇਸ ਦਾ ਸਾਰਾ ਬੋਝ ਸਕੂਲਾਂ ਤੇ ਪਾ ਕੇ ਸੁਰਖਰੂ ਹੋ ਜਾਂਦੇ ਹਨ। ਜਿਸ ਕਰਕੇ ਪਰਨਾਲਾ ਅਜੇ ਉੱਥੇ ਦਾ ਉੱਥੇ ਹੀ ਖੜ੍ਹਾ ਹੈ। ਬੀ ਬੀ ਸੀ ਦੇ ਸਾਬਕਾ ਹਿੰਦੀ ਵਿਭਾਗ ਦੇ ਸੰਪਾਦਕ ਅਤੇ ਕੈਂਬ੍ਰਿਜ਼ ਅੰਤਰਰਾਸ਼ਟਰੀ ਪ੍ਰੀਖਿਆ ਬੋਰਡ ਦੇ ਮੈਂਬਰ ਸ਼ਿਵ ਕਾਂਤ ਸ਼ਰਮਾਂ ਦੀ ਅਗਵਾਈ ਵਿੱਚ ਪੰਜਾਬੀ ਲਈ ਕੌਂਸਲਰ ਗੁਰਚਰਨ ਸਿੰਘ ਮੇਡਨਹੈਡ, ਮਰਾਠੀ, ਬੰਗਲਾ, ਅਸਾਮ ਆਦਿ ਭਾਸ਼ਾਵਾਂ ਦੇ ਮਾਹਿਰਾਂ ਦੇ ਪੈਨਲ ਨੇ ਵਿਚਾਰ ਚਰਚਾ ਕੀਤੀ। ਦੀਪਕ ਚੌਧਰੀ ਨੇ ਕਿਹਾ ਕਿ ਜਲਦੀ ਹੀ ਅਜੇਹਾ ਮੰਚ ਤਿਆਰ ਕੀਤਾ ਜਾਵੇਗਾ ਜੋ ਭਾਰਤੀ ਭਾਸ਼ਾਵਾਂ ਬਾਰੇ ਬਰਤਾਨੀਆਂ ਵਿੱਚ ਕੀਤੇ ਜਾ ਰਹੇ ਕੰਮਾਂ ਨੂੰ ਹੋਰ ਅਗਾਂਹ ਵਧਾਉਣ ਲਈ ਇੱਕ ਦੂਜੇ ਦੇ ਸਹਿਯੋਗੀ ਬਣ ਸਕਣ। ਇਸ ਮੌਕੇ ਬਲਜਿੰਦਰ ਸਿੰਘ ਰਾਠੌਰ, ਮਨਜੀਤ ਸਿੰਘ ਸ਼ਾਲਾਪੁਰੀ, ਅਮਨਦੀਪ ਸਿੰਘ ਸਿੱਧੂ, ਅਨਿਲ ਚੰਦੇਲ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਮਹਾਰਾਜਾ ਚਾਰਲਸ ਦੀ ਤਸਵੀਰ ਵਾਲੇ ਨੋਟ 5 ਜੂਨ ਤੋਂ ਵਰਤੋਂ ਵਿੱਚ ਆਉਣਗੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਚਾਰਲਸ ਦੀ ਤਸਵੀਰ ਵਾਲੇ ਨੋਟ 5 ਜੂਨ ਤੋਂ ਵਰਤੋਂ ਵਿੱਚ ਆਉਣਗੇ। ਇਸ ਦਾ ਖੁਲਾਸਾ ਬੈਂਕ ਆਫ ਇੰਗਲੈਂਡ ਨੇ ਕੀਤਾ ਹੈ। ਬੈਂਕ ਅਨੁਸਾਰ 5, 10, 20 ਅਤੇ 50 ਪੌਂਡ ਦੇ ਨੋਟਾਂ ਉੱਪਰ ਮਹਾਰਾਜਾ ਚਾਰਲਸ ਦੀ ਤਸਵੀਰ ਤੋਂ ਬਿਨ੍ਹਾ ਹੋਰ ਕੋਈ ਤਬਦੀਲੀ ਨਹੀਂ ਕੀਤੀ ਗਈ। ਬੈਂਕ ਆਫ ਇੰਗਲੈਂਡ ਵੱਲੋਂ ਸਿਰਫ ਨਸ਼ਟ ਹੋਏ ਅਤੇ ਲੋੜ ਮੰਗ ਮੁਤਾਬਿਕ ਹੀ ਨਵੇਂ ਨੋਟ ਛਾਪੇ ਜਾਣਗੇ। ਫਰ ਮਹਾਰਾਣੀ ਦੀ ਤਸਵੀਰ ਵਾਲੇ ਨੋਟ ਪਹਿਲਾਂ ਵਾਂਗ ਹੀ ਵਰਤੋਂ ਵਿੱਚ ਰਹਿਣਗੇ। ਜਿਕਰਯੋਗ ਹੈ ਕਿ ਮਹਾਰਾਣੀ ਦੀ ਤਸਵੀਰ ਵਾਲੇ ਨੋਟ 1960 ਤੋਂ ਸ਼ੁਰੂ ਹੋਏ ਸਨ। ਬਰਤਾਨਵੀ ਅਤੇ ਅੰਗਰੇਜ਼ ਸਾਸ਼ਕਾਂ ਦੀ ਤਸਵੀਰ 1000 ਸਾਲ ਤੋਂ ਵੱਧ ਸਮੇਂ ਤੋਂ ਸਿੱਕਿਆਂ ਤੇ ਛਾਪੀ ਜਾ ਰਹੀ ਹੈ।



# ਬਰਤਾਨਵੀ ਸੰਸਦ 'ਚ ਐਮ ਪੀ ਢੇਸੀ ਨੇ ਚੁੱਕਿਆ ਭਾਰਤੀ ਕਿਸਾਨਾਂ ਦਾ ਮੁੱਦਾ



ਸੰਸਦੀ ਨੇਤਾ ਪੈਨੀ ਮੌਰਡੰਟ ਅਤੇ ਐਮ ਪੀ ਤਨਮਨਜੀਤ ਸਿੰਘ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਵਿੱਚ ਦੁਬਾਰਾ ਸ਼ੁਰੂ ਹੋਏ ਕਿਸਾਨ ਅੰਦੋਲਨ ਨੂੰ ਲੈ ਕੇ ਵਿਦੇਸ਼ਾਂ ਵਿੱਚ ਵੀ ਸਰਕਾਰ ਖਿਲਾਫ ਭਾਰੀ ਰੋਹ ਪਾਇਆ ਜਾ ਰਿਹਾ ਹੈ। ਖਾਸ ਤੌਰ ਤੇ ਵਿਦੇਸ਼ਾਂ ਵਿੱਚ ਬੈਠਾ ਪੰਜਾਬੀ ਇਸ ਅੰਦੋਲਨ ਨੂੰ ਲੈ ਕੇ ਚਿੰਤਤ ਹੈ। ਬਰਤਾਨੀਆਂ ਦੀ ਸੰਸਦ ਵਿੱਚ ਕੱਲ ਐਮ ਪੀ ਤਨਮਨਜੀਤ ਸਿੰਘ ਢੇਸੀ ਅੰਦੋਲਨ ਬਾਰੇ ਅਵਾਜ਼ ਬੁਲੰਦ ਕਰਦਿਆਂ ਕਿਹਾ ਕਿ ਕਿਸਾਨਾਂ ਦੀ ਪ੍ਰਗਟਾਵੇ ਦੀ ਅਜ਼ਾਦੀ ਨੂੰ ਲੈ ਕੇ ਸਿੱਖ ਭਾਈਚਾਰਾ ਚਿੰਤਤ ਹੈ। ਸਿੱਖਾਂ ਅਤੇ ਗੁਰਦੁ-ਆਰਾ ਪ੍ਰਬੰਧਕ ਕਮੇਟੀਆਂ ਨੇ ਉਹਨਾਂ (ਐਮ ਪੀ ਢੇਸੀ) ਨੂੰ ਪੱਤਰ ਲਿਖ ਕੇ ਕਿਸਾਨਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਉਹਨਾ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸ-ਾਰ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਬਲ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ, ਪ੍ਰਦਰਸ਼ਨ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਗਈ ਹੈ। ਪੰਜਾਬ ਸਰਕਾਰ ਦੇ ਸਿਹਤ ਮੰਤਰੀ ਨੇ ਵੀ ਦੋ ਨੌਜਵਾਨਾਂ ਦੇ ਸਿਰ ਵਿੱਚ ਗੋਲੀ ਲੱਗਣ ਦੀ ਪੁਸ਼ਟੀ ਕੀਤੀ ਹੈ, ਜਦ ਕਿ ਇੱਕ ਬਚ ਗਿਆ ਹੈ ਅਤੇ 13 ਜਖ਼ਮੀ ਹਨ। ਉਹਨਾ ਇਹ ਵੀ ਕਿਹਾ ਕਿ ਟਵਿਟਰ ਨੇ ਮੰਨਿਆ ਹੈ ਕਿ ਉਸ ਨੂੰ ਭਾਰਤ ਵਿੱਚ ਕੁਝ ਪੋਸਟਾਂ ਅਤੇ ਖਾਤਿਆਂ ਨੂੰ ਹਟਾਉਣ ਲਈ ਕਿਹਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਚਾਹੁੰਦੀ ਹੈ ਅਤੇ ਇਸ ਲਈ ਕੀ ਕਾਰਵਾਈ ਕੀਤੀ ਗਈ ਹੈ? ਕੰਜ਼ਰਵੇਟਿਵ ਪਾਰਟੀ ਦੀ ਸੰਸਦੀ ਨੇਤਾ ਪੈਨੀ ਮੌਰਡੰਟ ਨੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਇਹ ਬਹੁਤ ਗੰਭੀਰ ਮਾਮਲਾ ਹੈ। ਸਰਕਾਰ ਸੁਰੱਖਿਆ ਵਿੱਚ ਪ੍ਰਦਰਸ਼ਨ ਕਰਨ ਦੇ ਅਧਿਕਾਰ ਦਾ ਸਮਰਥਨ ਕਰਦੀ ਹੈ। ਮੈਂ ਇਹ ਯਕੀਨੀ ਬਣਾਵਾਂਗੀ ਕਿ ਵਿਦੇਸ਼ ਵਿਭਾਗ ਇਸ ਬਾਰੇ ਸੁਣੇ ਅਤੇ ਸਬੰਧਿਤ ਮੰਤਰੀ ਜਲਦ ਹੀ ਸੰਪਰਕ ਕਰਨ।


## VACANCIES JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# ਭਾਰਤੀ ਮੂਲ ਦੀ ਨਾਬਾਲਗਾਂ ਦੇ ਹੱਤਿਆ ਮਾਮਲੇ ਦੀ ਜਾਂਚ ਨੂੰ ਲੈ ਕੇ ਪੁਲਿਸ ਦੀ ਆਲੋਚਨਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਸਾਲ 13 ਜੂਨ ਨੂੰ ਕਤਲ ਹੋਈ 19 ਸਾਲਾ ਬ੍ਰਿਟਿਸ਼-ਭਾਰਤੀ ਵਿਦਿਆਰਥਣ ਗ੍ਰੇਸ ਓ' ਮੈਲੀ-ਕੁਮਾਰ, 19 ਸਾਲਾ ਸਾਥੀ ਵਿਦਿਆਰਥੀ ਬਾਰਨਬੀ ਵੈਬਰ ਅਤੇ 65 ਸਾਲਾ ਸਕੂਲ ਕੇਅਰਟੇਕਰ ਇਆਨ ਕੋਟਸ ਦੀ ਨੌਟਿੰਘਮ ਯੂਨੀਵਰਸਿਟੀ ਨੇੜੇ ਵਾਲਡੋ ਕੈਲੂਕਨ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੀੜਤਾਂ ਦੇ ਪਰਿਵਾਰਾਂ ਨੇ ਨਾਟਿੰਘਮਸ਼ਾਇਰ ਪੁਲਿਸ 'ਤੇ ਮਾਮਲੇ ਦੀ ਜਾਂਚ ਵਿੱਚ ਅਸਫਲਤਾ ਦੇ ਵੇਰਵਿਆਂ ਨੂੰ ਜਨਤਕ ਹੋਣ ਤੋਂ ਰੋਕਣ ਲਈ ਮੀਡੀਆ 'ਤੇ ਦਬਾਅ ਪਾਉਣ ਦਾ ਦੋਸ਼ ਲਗਾਇਆ ਹੈ।**

32 ਸਾਲਾ ਕੈਲੂਕਨ ਨੂੰ ਪਿਛਲੇ ਮਹੀਨੇ ਅਣਮਿੱਥੇ ਸਮੇਂ ਲਈ ਹਸਪਤਾਲ ਰੱਖਣ ਦੇ ਆਦੇਸ਼ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਨੇ ਪੁਲਿਸ ਅਤੇ ਮਨੋਵਿਗਿਆਨੀ ਦੀ ਰਿਪੋਰਟ ਨੂੰ ਸਵੀਕਾਰ ਕਰ ਲਿਆ ਸੀ ਕਿ ਘਟਨਾ ਦੇ ਸਮੇਂ ਉਹ ਪੈਰਾਨਾਈਡ ਸਿਜ਼ੋਫਰੇਨੀਆ ਤੋਂ ਪੀੜਤ ਸੀ।

ਇਸ ਫੈਸਲੇ 'ਤੇ ਪੀੜਤ ਪਰਿਵਾਰਾਂ ਨੇ ਸਦਮੇ ਅਤੇ ਗੁੱਸੇ ਨਾਲ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਕੈਲੋਕਨ 'ਮਾਨਸਿਕ ਬਿਮਾਰੀ' ਕਾਰਨ ਕਤਲ ਦੇ ਮੁਕੱਦਮੇ ਦਾ ਸਾਹਮਣਾ ਨਹੀਂ ਕਰੇਗਾ। ਇਸ ਤੋਂ ਇਲਾਵਾ, ਉਸਨੇ ਸੁਣਵਾਈ ਦੌਰਾਨ ਇਹ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਦੀ ਆਲੋਚਨਾ ਕੀਤੀ ਕਿ ਇੱਕ ਵਟਸਐਪ ਸਮੂਹ 'ਤੇ ਮ੍ਰਿਤਕਾਂ ਬਾਰੇ ਵੇਰਵੇ ਸਾਂਝੇ ਕੀਤੇ ਸਨ। ਪੀੜਤ ਪਰਿਵਾਰਾਂ ਨੇ ਕਿਹਾ ਕਿ "ਅਸੀਂ ਚੁੱਪ ਨਹੀਂ ਰਹਾਂਗੇ। ਅਜਿਹਾ ਹੋਰ ਮਾਸੂਮ ਪਰਿਵਾਰਾਂ ਨਾਲ ਦੁਬਾਰਾ ਕਦੇ ਨਹੀਂ ਹੋਣਾ ਚਾਹੀਦਾ। ਪੁਲਿਸ ਫੋਰਸ ਦੀ ਪ੍ਰੈਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਰਿਪੋਰਟ ਨਾ ਦੇਣ ਸਬੰਧੀ ਕੀਤੀ ਚਰਚਾ ਦੀ ਵੀ ਆਲੋਚਨਾ ਕੀਤੀ।



ਭਾਰਤੀ ਮੂਲ ਦੀ ਕਤਲ ਹੋਈ ਗ੍ਰੇਸ ਓ' ਮੈਲੀ-ਕੁਮਾਰ

ਫਿਲਹਾਲ ਪੀੜਤ ਪਰਿਵਾਰ ਗ੍ਰਹਿ ਮੰਤਰੀ ਦੇ ਜਵਾਬ ਦੀ ਉਡੀਕ ਕਰ ਰਹੇ ਹਨ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ, ਵਿਰੋਧੀ ਧਿਰ ਦੇ ਨੇਤਾ ਕੀਰ ਸਟਾਰਮਰ ਨੂੰ ਵੀ ਪੱਤਰ ਲਿਖ ਕੇ ਮੁਲਾਕਾਤ ਦੀ ਮੰਗ ਕੀਤੀ ਹੈ। ਮਾਮਲੇ ਦੀ ਜਨਤਕ ਜਾਂਚ ਦੀ ਮੰਗ ਕਰਦੇ ਹੋਏ, ਬਣਦੀ ਕਾਰਵਾਈ ਦੀ ਮੰਗ ਕੀਤੀ ਹੈ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨੇੜੇ 8 ਸਾਲਾ ਬੱਚਾ ਦੀ ਟਰੱਕ ਲਪੇਟ 'ਚ ਆਉਣ ਨਾਲ ਮੌਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ੍ਹ ਸ਼ਾਮੀ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ ਸਾਊਥਾਲ ਨੂੰ ਜਾਂਦਿਆਂ ਕਿੰਗ ਸਟਰੀਟ ਦੀਆਂ ਟ੍ਰੈਫਿਕ ਲਾਇਟਾਂ ਕੋਲ ਇੱਕ 8 ਸਾਲਾ ਬੱਚੇ ਦੀ ਟਰੱਕ ਦੀ ਲਪੇਟ ਵਿਚ ਆਉਣ ਨਾਲ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ 18:20 ਵਜੇ ਦੇ ਕਰੀਬ ਬੱਚਾ ਗੁਰਦੁਆਰਾ ਸਾਹਿਬ ਵੱਲ ਜਾ ਰਿਹਾ ਸੀ। ਮੈਟਰੋ ਪੁਲੀਟਨ ਪੁਲਿਸ ਨੇ ਵੀ ਇਸ ਦੀ ਪੁਸ਼ਟੀ ਕਰਦਿਆ ਕਿਹਾ ਹੈ ਕਿ ਇੱਕ ਬੱਚੇ ਦੇ ਟਰੱਕ ਦੀ ਲਪੇਟ ਵਿੱਚ ਆਉਣ ਦੀ ਸੂਚਨਾ ਮਿਲਣ ਤੇ ਤੁਰੰਤ ਪੁਲਿਸ ਅਤੇ ਐਂਬੂਲੈਂਸ ਟੀਮ ਮੌਕੇ ਤੇ ਪਹੁੰਚੀ। ਬੱਚੇ ਦੀ ਹਾਲਤ ਨਾਜ਼ੁਕ ਵੇਖਦਿਆਂ ਹਸਪਤਾਲ ਲਿਜਾਇਆ ਗਿਆ ਜਿੱਥੇ 21:47 ਵਜੇ ਉਸ ਦੀ ਮੌਤ ਹੋ ਗਈ। ਪੁਲਿਸ ਵੱਲੋਂ ਦੁਰਘਟਨਾਂ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੌਕੇ ਤੇ ਮੌਜੂਦ ਲੋਕਾਂ ਨੂੰ ਅੱਗੇ ਆਉਣ ਅਤੇ ਵੀਡੀਓ ਪੁਲਿਸ ਨਾਲ ਸਾਂਝੇ ਕਰਨ ਦੀ ਅਪੀਲ ਕੀਤੀ ਹੈ। ਟਰੱਕ ਚਾਲਕ ਮੌਕੇ ਤੇ ਹੀ ਰੁਕ ਗਿਆ ਸੀ। ਇਸ ਸਬੰਧ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ। ਖ਼ਬਰ ਲਿਖਣ ਤੱਕ ਮ੍ਰਿਤਕ ਬਾਰੇ ਪੁਲਿਸ ਨੇ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ, ਪਰ ਪ੍ਰਾਪਤ ਜਾਣਕਾਰੀ ਅਨੁਸਾਰ ਬੱਚਾ ਸਿੱਖ ਭਾਈਚਾਰੇ ਨਾਲ ਸਬੰਧਿਤ ਸੀ।



ਘਟਨਾਂ ਸਥਾਨ ਤੇ ਪਹੁੰਚੀ ਪੁਲਿਸ

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਸਿੱਖ ਜਥੇਬੰਦੀਆਂ ਵਲੋਂ ਸਰਬਜੀਤ ਸਿੰਘ ਬਨੂੜ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ



ਲੰਡਨ- ਪੱਤਰਕਾਰ ਭਾਈ ਸਰਬਜੀਤ ਸਿੰਘ ਬਨੂੜ ਦੇ ਪਿਤਾ ਡਾਕਟਰ ਮਹਿੰਦਰ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ । ਯੂ,ਕੇ ਦੀਆਂ ਸਿੱਖ ਜਥੇਬੰਦੀਆਂ ਯੂਨਾਈਟਿਡ ਖਾਲਸਾ ਦਲ ਯੂ,ਕ, ਬ੍ਰਿਟਿਸ਼ ਸਿੱਖ ਕੌਂਸਲ ਯੂ, ਕੇ, ਬੱਬਰ ਅਕਾਲੀ ਆਰਗੇਨਾਈਜ਼ੇਸ਼ਨ ਯੂ, ਕੇ ਅਤੇ ਸ਼੍ਰੋਮਣੀ ਅਕਾਲੀ ਦਲ ਯੂ,ਕੇ ਵਲੋਂ ਡਾਕਟਰ ਮਹਿੰਦਰ ਸਿੰਘ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਰਦਾਸ ਕੀਤੀ ਗਈ ਹੈ ਕਿ ਅਕਾਲ ਪੁਰਖ ਵਾਹਿਗੁਰੂ ਡਾਕਟਰ ਮਹਿੰਦਰ ਸਿੰਘ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵ ਕਾਲ ਲਈ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ਣ।

ਸਿੱਖ ਜਥੇਬੰਦੀਆਂ ਦੇ ਆਗੂ ਭਾਈ ਜੋਗਾ ਸਿੰਘ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਤਰਸੇਮ ਸਿੰਘ ਦਿਓਲ, ਭਾਈ ਨਿਰਮਲ ਸਿੰਘ ਸੰਧੂ, ਭਾਈ ਗੁਰਦੇਵ ਸਿੰਘ ਚੋਹਾਨ ਨੇ ਭਾਈ ਸਰਬਜੀਤ ਸਿੰਘ ਬਨੂੜ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਭਾਰਤ ਸਰਕਾਰ ਦੀ ਸਖਤ ਅਲੋਚਨਾ ਕੀਤੀ ਹੈ ।

ਜਿਕਰਯੋਗ ਹੈ ਕਿ ਜਦੋਂ ਭਾਈ ਸਰਬਜੀਤ ਸਿੰਘ ਬਨੂੜ ਨੇ ਭਾਰਤ ਵਿਚ ਸਿੱਖਾਂ ਤੇ ਹੋ ਰਹੇ ਸਰਕਾਰੀ ਜ਼ੁਲਮਾਂ ਦੇ ਖਿਲਾਫ ਕਲਮ ਰਾਹੀਂ ਅਵਾਜ ਬੁਲੰਦ ਕਰਨੀ ਅਰੰਭ ਕੀਤੀ ਸੀ ਤਾਂ ਸਰਕਾਰ ਵਲੋਂ ਉਸਦਾ ਭਾਰਤ ਦਾਖਲਾ ਬੰਦ ਕਰ ਦਿੱਤਾ ਸੀ। ਪਿਛਲੇ ਤੇਰਾਂ ਸਾਲ ਤੋਂ ਜਲਾਵਤਨੀ ਜਿੰਦਗੀ ਬਸਰ ਕਰ ਰਹੇ ਭਾਈ ਸਰਬਜੀਤ ਸਿੰਘ ਨੂੰ ਆਪਣੇ ਪਿਤਾ ਦੇ ਅੰਤਿਮ ਦਰਸ਼ਨ ਕਰਨ ਅਤੇ ਅੰਤਿਮ ਕਿਰਿਆ ਕਰਮ ਨਿਭਾਉਣਾ ਵੀ ਨਸੀਬ ਨਹੀਂ ਹੋ ਸਕਿਆ। ਜਦੋਂ ਉਸਦੀ ਕਲਮ ਨਿਰੰਤਰ ਚਲਦੀ ਰਹੀ ਤਾਂ ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ) ਵਲੋਂ ਗੈਰ ਕਨੂੰਨੀ ਗਤੀਵਿਧੀਆਂ ਐਕਟ ਅਧੀਨ ਕੇਸ ਦਰਜ ਕਰਕੇ ਭਗੌੜਾ ਐਲਾਨ ਦਿੱਤਾ ਗਿਆ। ਭਾਰਤ ਸਰਕਾਰ ਦਾ ਇਹ ਧੱਕੜ ਅਤੇ ਜ਼ਾਲਮਾਨਾ ਰਵੱਈਆ ਕੇਵਲ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ ਵਾਸਤੇ ਲੰਬੇ ਅਰਸੇ ਤੋਂ ਜਾਰੀ ਹੈ।

# ਬਰੈਡਫੋਰਡ ਦੀਆਂ ਪੰਜਾਬਣਾਂ ਨੇ ਕੈਂਸਰ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ 2,791ਪੌਂਡ ਦੀ ਰਾਸ਼ੀ ਕੀਤੀ ਦਾਨ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਸ਼ਹਿਰ ਬਰੈਡਫੋਰਡ ਦੀ ਪੰਜਾਬਣਾਂ ਵੱਲੋਂ ਇੱਕ ਸ਼ਲਾਘਾਯੋਗ ਉਪਰਾਲਾ ਕਰਦਿਆਂ ਹਾਲ ਹੀ ਵਿੱਚ ਮਿਸਿਜ਼ ਪੰਜਾਬਣ ਯੂ ਕੇ ਅਤੇ ਯੂਰਪ ਚੁਣੀ ਗਈ ਪਵਨਦੀਪ ਕੌਰ ਚਾਹਲ, ਸਤਪਾਲ ਸਿੰਘ ਗਿੱਲ ਅਤੇ ਗੁਰਬਖਸ਼ ਕੌਰ ਮਾਨ ਦੇ ਉਦਮ ਸਦਕਾ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੇ ਸਬੰਧ ਵਿੱਚ ਕਰਵਾਏ ਗਏ ਚੈਰਿਟੀ ਸਮਾਗਮ ਮੌਕੇ ਇਕੱਤਰ ਕੀਤੀ ਗਈ 2,791 ਪੌਂਡ ਦੀ ਰਾਸ਼ੀ ਕੈਂਸਰ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ "ਕੈਂਸਰ ਰਿਸਰਚ ਯੂ.ਕੇ" ਚੈਰਿਟੀ ਨੂੰ ਦਾਨ ਕੀਤੀ ਗਈ।**




ਬਰੈਡਫੋਰਡ ਦੀਆਂ ਪੰਜਾਬਣਾਂ ਵੱਲੋਂ ਕੈਂਸਰ ਦੇ ਮਰੀਜ਼ਾਂ ਦੇ ਇਲਾਜ਼ ਲਈ ਇਕੱਤਰ ਕੀਤੀ ਗਈ ਰਾਸ਼ੀ ਚੈਰਿਟੀ ਨੂੰ ਸੌਂਪਦੇ ਹੋਏ ਪਵਨਦੀਪ ਕੌਰ ਚਾਹਲ, ਸਤਪਾਲ ਸਿੰਘ ਗਿੱਲ ਅਤੇ ਗੁਰਬਖਸ਼ ਕੌਰ ਮਾਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪਵਨਦੀਪ ਕੌਰ ਚਾਹਲ ਨੇ ਦੱਸਿਆ ਕਿ ਬਰੈਡਫੋਰਡ ਦੀਆਂ ਪੰਜਾਬਣਾਂ ਦੇ ਸਹਿਯੋਗ ਨਾਲ ਇਕੱਤਰ ਕੀਤੀ ਗਈ ਇਹ ਰਾਸ਼ੀ ਕੈਂਸਰ ਤੋਂ ਪੀੜਤ ਮਰੀਜ਼ਾਂ ਲਈ ਦਾਨ ਕਰਕੇ ਸਾਨੂੰ ਬਹੁਤ ਹੀ ਖੁਸ਼ੀ ਅਤੇ ਸੰਤੁਸ਼ਟੀ ਮਹਿਸੂਸ ਹੋ ਰਹੀ ਹੈ, ਅਤੇ ਅਸੀਂ ਅੱਗੇ ਤੋਂ ਵੀ ਆਪਣੇ ਸਹਿਯੋਗੀ ਸਾਥੀਆਂ ਦੀ ਮਦਦ ਨਾਲ ਹਰੇਕ ਸਾਲ ਦਿਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਅਜਿਹੇ ਚੈਰਿਟੀ ਸਮਾਗਮ ਕਰਕੇ ਕੈਂਸਰ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ਮਾਇਆ ਇੱਕਤਰ ਕਰਕੇ "ਕੈਂਸਰ ਰਿਸਰਚ ਯੂ.ਕੇ" ਸੰਸਥਾ ਨੂੰ ਭੇਂਟ ਕਰਦੇ ਰਹਾਂਗੇ, ਅਤੇ ਇਹ ਉਪਰਾਲਾ ਨਿਰੰਤਰ ਜਾਰੀ ਰੱਖਣ ਦੀ ਕੋਸ਼ਿਸ਼ ਕਰਦੇ ਰਹਾਂਗੇ।

# HOW DR MANMOHAN SINGH SAVED THE INDIAN ECONOMY

DR Manmohan Singh worked with then prime minister PV Narasimha Rao to bring the new economic policy in 1991. The main objective of the policy was globalisation, economic growth, economic stability, and building the gap between the public and private sectors.Dr singh known for his leadership and his intense knowledge of economic takes on the most daunting task rescuing the indian economy.

1 Economic Liberalisation- Dr Singh acknowledged that the system of permit and license stipulates entrepreneurship, which requires business to obtain approvals.

2 Currency Devaluation- DR manmohan singh makes the difficult decision to devalue the Indian rupee, this isn't popular but he knows it will make the indian export more competitive and boost the country income.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

3 Foreign Investment- DR Singh encourages foreign investment by simplifying regulations and making a attractive attractive destination for investors. This involved a influx of foreign capital, technology and expertise to reform the economic crises in India.

4 Financial Sector Reforms- implementing the importance of powerful financial system, interest rates are liberalised and steps to make strong banking sector.

5 Fiscal Displine- It is essential to control inflation and stabilise the economy, taking precautions to subsidies on various commodities.

6 International Help- Dr SIngh looks for reforming the nation looking for assistance from international monetary fund IMF exchange for financial support, India agreed to implement a set of reforms the Infrastructure and growth, understanding that the economy needs to increase, infrastructure needs to improve boosting technology, telecommunications and transportation.

7 Exportation- DR Singh promote industry focusing on exports, making it easier for indian goods to reach global markets. Overall Dr Manmohan Singh humble and pragmatic approach saved the indian economy in 1991, earning him gratitude from millions and legacy of indian modern economy landscape.



**From : LAMBARDAR DHARMVEER SINGH CLAIRE COVENTRY**

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਅਮਰੀਕਾ ਵਲੋਂ ਭਾਰਤ ਨੂੰ ਡਰੋਨ ਵੇਚਣ ਕਾਰਣ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਤਰਾਜ਼

## ✪ ਨਿਊਯਾਰਕ ਵਿਚ ਇੱਕ ਅਮਰੀਕੀ ਸਿੱਖ ਦੀ ਹੱਤਿਆ ਦੀ ਕੋਸ਼ਿਸ਼ ਉਪਰ ਭਾਰਤ ਨੂੰ ਕਟਹਿਰੇ ਵਿਚ ਕੀਤਾ ਖੜ੍ਹਾ



ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਅਧਿਕਾਰਾਂ ਦੇ ਦਮਨ ਦਾ ਮੁੱਦਾ ਬਣਾਉਂਦੇ ਹੋਏ ਭਾਰਤ ਨੂੰ ਮਾਰੂ ਹਥਿਆਰਬੰਦ ਡਰੋਨ ਵੇਚਣ ਦੇ ਫੈਸਲੇ ਦਾ ਅਮਰੀਕਾ ਵਿੱਚ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਹਿਊਮਨ ਰਾਈਟਸ ਵਾਚ ਦੇ ਏਸ਼ੀਆ ਐਡਵੋਕੇਸੀ ਡਾਇਰੈਕਟਰ ਜੌਹਨ ਸਿਫਟਨ ਨੇ ਅਮਰੀਕਾ ਦੀ ਇਸ "ਮਾੜੀ ਪਹੁੰਚ" ਦੀ ਸਖ਼ਤ ਆਲੋਚਨਾ ਕੀਤੀ। ਦਰਅਸਲ, ਜੋ ਬਿਡੇਨ ਪ੍ਰਸ਼ਾਸਨ ਭਾਰਤ ਸਰਕਾਰ ਨੂੰ ਹਥਿਆਰਾਂ ਨਾਲ ਲੈਸ 31 ਹਥਿਆਰਬੰਦ ਐਮਕਿਊ-9 ਰੀਪਰ ਡਰੋਨ ਵੇਚਣ ਦਾ ਇਰਾਦਾ ਰੱਖਦਾ ਹੈ, ਜੋ ਅਕਸਰ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਅਤੇ ਮਾਰਨ ਲਈ ਵਰਤੇ ਜਾਂਦੇ ਹਨ। ਜਦੋਂ ਕਿ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਨੇ ਨਿਊਯਾਰਕ ਵਿੱਚ ਇੱਕ ਸਿੱਖ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜ਼ਿਸ਼ ਵਿੱਚ ਭਾਰਤ ਸਰਕਾਰ ਦੇ ਸ਼ਾਮਲ ਹੋਣ ਦਾ ਸ਼ੱਕ ਜਤਾਇਆ ਸੀ। ਹੁਣ ਡਰੋਨ ਰਾਹੀਂ ਪੰਜਾਬ ਵਿਚ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਉਪਰ ਹਮਲੇ ਕੀਤੇ ਗਏ ਹਨ।

ਜੌਹਨ ਸਿਫਟਨ ਨੇ ਕਿਹਾ ਕਿ ਇਹੋ ਜਿਹੇ ਖਤਰਨਾਕ ਹਥਿਆਰ ਅਮਰੀਕਾ ਨੂੰ ਭਾਰਤ ਕੋਲ ਵੇਚਣੇ ਨਹੀਂ ਚਾਹੀਦੇ। ਕਿਉਂਕਿ ਭਾਰਤ ਉਪਰ ਮਿਥਕੇ ਕਤਲਾਂ ਦੇ ਦੋਸ਼ ਲਗੇ ਹਨ। ਉਸਨੇ ਕਿਹਾ ਕਿ ਅਮਰੀਕਾ ਨੇ "ਉਸੇ ਸਮੇਂ ਇਸ ਸੌਦੇ 'ਤੇ ਗੱਲਬਾਤ ਕਰਨ ਦਾ ਪ੍ਰਸਤਾਵ ਕੀਤਾ ਜਦੋਂ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਖੁਫੀਆ ਏਜੰਸੀਆਂ ਅਮਰੀਕੀ ਧਰਤੀ 'ਤੇ ਇੱਕ ਭਾਰਤੀ ਸਰਕਾਰੀ ਏਜੰਟ ਦੁਆਰਾ ਹੱਤਿਆ ਦੀ ਰਿਪੋਰਟ ਕਰ ਰਹੀਆਂ ਸਨ, ਜਿਸ ਨੂੰ ਅਸੀਂ ਬਹੁਤ ਚਿੰਤਾਜਨਕ ਮੰਨਦੇ ਹਾਂ। ਇਹ ਅਮਰੀਕੀ ਪ੍ਰਭਸਤਾ ਉਪਰ ਹਮਲਾ ਹੈ।"

ਐਮਨੈਸਟੀ ਇੰਟਰਨੈਸ਼ਨਲ (ਯੂਐਸਏ) ਦੀ ਏਸ਼ੀਆ ਐਡਵੋਕੇਸੀ ਡਾਇਰੈਕਟਰ ਕੈਰੋਲਿਨ ਨੈਸ਼ ਨੇ ਕਿਹਾ ਕਿ ਪ੍ਰਸਤਾਵਿਤ ਹਥਿਆਰਾਂ ਦੇ ਸੌਦੇ ਨੂੰ ਮੋਦੀ ਸਰਕਾਰ ਦੀ ਅੰਤਰਰਾਸ਼ਟਰੀ ਦਮਨ ਵਿੱਚ ਸ਼ਮੂਲੀਅਤ ਦੇ ਮੱਦੇਨਜ਼ਰ ਵੀ ਵਿਚਾਰਿਆ ਜਾਣਾ ਚਾਹੀਦਾ ਹੈ, ਜਿਸ ਵਿੱਚ ਹਾਲ ਹੀ ਵਿੱਚ ਰਹਿ ਰਹੇ ਨਿਊਯਾਰਕ ਵਿਚ ਇੱਕ ਅਮਰੀਕੀ ਸਿੱਖ ਦੀ ਹੱਤਿਆ ਦੀ ਕੋਸ਼ਿਸ਼ ਵੀ ਸ਼ਾਮਲ ਹੈ।

ਹਿੰਦੂਸ ਫਾਰ ਹਿਊਮਨ ਰਾਈਟਸ ਦੀ ਨੀਤੀ ਨਿਰਦੇਸ਼ਕ ਰੀਆ ਚੱਕਰਵਰਤੀ ਨੇ ਕਿਹਾ, "ਭਾਰਤ ਵਿੱਚ ਹਿੰਸਾ ਬਾਰੇ ਇਸ ਤਰ੍ਹਾਂ ਸੋਚੋ ਜਿਵੇਂ ਤੁਸੀਂ ਦੱਖਣੀ ਅਮਰੀਕੀ ਰਾਜਾਂ ਵਿੱਚ ਕਾਲੇ ਲੋਕਾਂ ਨਾਲ ਕਾਨੂੰਨੀ ਵਿਤਕਰੇ ਜਿਮ ਕਰੋ ਮਾਮਲੇ ਬਾਰੇ ਗੱਲ ਕਰ ਰਹੇ ਹੋ। ਉਨ੍ਹਾਂ ਨੇ ਕਿਹਾ ਕਿ ਫਿਰਕੂ ਹਿੰਸਾ, ਸਰਕਾਰ ਅਤੇ ਸਥਾਨਕ ਅਧਿਕਾਰੀਆਂ ਦੇ ਦੁਰਪ੍ਰਯੋਗ ਵਿੱਚ ਰਾਜ ਦੀ ਸਰਗਰਮ ਸ਼ਮੂਲੀਅਤ ਦਾ ਸਿਰਾ ਸੰਘੀ ਪੱਧਰ ਤੱਕ ਜਾਂਦਾ ਹੈ।"

ਚੱਕਰਵਰਤੀ ਨੇ ਕਿਹਾ, "ਇਹ ਸਾਰੀ ਹਿੰਸਾ, ਮਨੁੱਖੀ ਅਧਿਕਾਰਾਂ 'ਤੇ ਇਹ ਸਾਰੇ ਹਮਲੇ ਬੁਨਿਆਦੀ ਤੌਰ 'ਤੇ ਭਾਰਤ ਨੂੰ ਧਰਮ ਨਿਰਪੱਖ ਗਣਰਾਜ ਤੋਂ ਹਿੰਦੂ ਰਾਸ਼ਟਰ ਬਣਾਉਣ ਲਈ ਹਨ ਚੱਕਰਵਰਤੀ ਨੇ ਕਿਹਾ ਕਿ ਭਾਜਪਾ ਦਾ ਚੋਣ ਸੰਦੇਸ਼ ਇਹ ਹੈ ਕਿ ਮੋਦੀ... ਇਸ ਹਿੰਦੂ ਰਾਜ ਨੂੰ ਵਿਸ਼ਵ ਪੱਧਰ 'ਤੇ ਲੈ ਗਏ ਹਨ ਅਤੇ ਇਹ ਹਥਿਆਰਾਂ ਦਾ ਸੌਦਾ ਇਸ ਗੱਲ ਦੀ ਇੱਕ ਵਧੀਆ ਉਦਾਹਰਣ ਹੈ ਕਿ ਮੋਦੀ ਨੇ ਇਹ ਕਿਵੇਂ ਕੀਤਾ ਹੈ।

ਸਿਕਊਰਟੀ ਅਸਿਸਟੈਂਸ ਮਾਨੀਟਰ ਫਾਰ ਇੰਟਰਨੈਸ਼ਨਲ ਪਾਲਿਸੀ ਦੇ ਡਾਇਰੈਕਟਰ ਅਰੀ ਟੋਲਨੀ ਨੇ ਕਿਹਾ ਕਿ ਰਾਸ਼ਟਰਪਤੀ ਕਲਿੰਟਨ ਨੇ ਇੱਕ ਵਾਰ ਭਾਰਤ-ਪਾਕਿਸਤਾਨ ਸਰਹੱਦ ਨੂੰ ਧਰਤੀ 'ਤੇ ਸਭ ਤੋਂ ਖ਼ਤਰਨਾਕ ਸਥਾਨ ਵਜੋਂ ਦਰਸਾਇਆ ਸੀ, ਕਿਉਂਕਿ ਇਹ ਇੱਕੋ ਇੱਕ ਅਜਿਹੀ ਥਾਂ ਹੈ ਜਿੱਥੇ ਤਿੰਨ ਪ੍ਰਮਾਣੂ ਹਥਿਆਰ ਵਾਲੇ ਦੇਸ਼, ਜੋ ਪਹਿਲਾਂ ਇੱਕ ਦੂਜੇ ਨਾਲ ਲੜ ਚੁੱਕੇ ਹਨ ਅਤੇ ਹੁਣ ਇੱਕ ਦੂਜੇ ਦੀ ਸਰਹੱਦ 'ਤੇ ਤਣਾਅ ਪੈਦਾ ਕਰ ਰਹੇ ਹਨ। ਇਸ ਚਿੰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਕਾਂਗਰਸ ਲਈ ਜ਼ਰੂਰੀ ਹੈ ਕਿ ਉਹ ਭਾਰਤ ਦੇ ਹਥਿਆਰਾਂ ਦੀ ਵਿਕਰੀ 'ਤੇ ਨਜ਼ਰ ਰੱਖੇ ।

ਇਸ ਬ੍ਰੀਫਿੰਗ ਦਾ ਆਯੋਜਨ ਇੰਡੀਅਨ ਅਮਰੀਕਨ ਮੁਸਲਿਮ ਕਾਂਗਰਸ, ਹਿੰਦੂਜ਼ ਫਾਰ ਹਿਊਮਨ ਰਾਈਟਸ, ਦਲਿਤ ਸਾਲਿਡੇਰਿਟੀ ਫੋਰਮ, ਨਿਊਯਾਰਕ ਸਟੇਟ ਕੌਂਸਲ ਆਫ ਚਰਚਜ, ਵਰਲਡ ਵਿਦਾਊਟ ਜੈਨੋਸਾਈਡ, ਜਸਟਿਸ ਫਾਰ ਆਲ, ਫੈਡਰੇਸ਼ਨ ਆਫ ਇੰਡੀਅਨ ਅਮਰੀਕਨ ਕ੍ਰਿਸਚਨ ਆਰਗੇਨਾਈਜ਼ੇਸ਼ਨ ਆਫ ਨਾਰਥ ਅਮਰੀਕਾ, ਇੰਡੀਆ ਸਿਵਲ ਵਾਚ ਇੰਟਰਨੈਸ਼ਨਲ , ਸੈਂਟਰ ਫਾਰ ਪਲੂਰਾਲਿਜ਼ਮ, ਇੰਟਰਨੈਸ਼ਨਲ ਦਲਿਤ ਰਾਈਟਸ ਕਮਿਸ਼ਨ, ਅਮਰੀਕਨ ਮੁਸਲਿਮ ਇੰਸਟੀਚਿਊਟ, ਇੰਟਰਨੈਸ਼ਨਲ ਸੋਸਾਇਟੀ ਫਾਰ ਪੀਸ ਐਂਡ ਜਸਟਿਸ, ਨਾਰਥ ਅਮਰੀਕਨ ਮਨੀਪੁਰ ਟ੍ਰਾਈਬਲ ਐਸੋਸੀਏਸ਼ਨ, ਐਸੋਸੀਏਸ਼ਨ ਆਫ ਇੰਡੀਅਨ ਮੁਸਲਿਮ ਆਫ ਅਮਰੀਕਾ, ਪੇਰੀਆਰ ਅੰਬੇਡਕਰ ਥਾਟ ਸਰਕਲ ਆਸਟ੍ਰੇਲੀਆ, ਅਤੇ ਅਲਾਇੰਸ ਅਗੇਂਸਟ ਇਸਲਾਮੋਫੋਬੀਆ ਦੁਆਰਾ ਕੀਤਾ ਗਿਆ।

ਪੰਜਾਬ ਟਾਈਮਜ਼ ਸਮਝਦਾ ਹੈ ਕਿ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਅਮਰੀਕਾ ਦੀ ਨੀਤੀ ਉਪਰ ਸਹੀ ਸੁਆਲ ਉਠਾਏ ਹਨ। ਇਸ ਕਾਰਣ ਅਮਰੀਕਾ ਦੀਆਂ ਮਨੁੱਖੀ ਅਧਿਕਾਰਾਂ ਦੀਆਂ ਨੀਤੀਆਂ ਨੂੰ ਝਟਕਾ ਲਗਾ ਹੈ।

* * * * * * * *

# ਯੂਕਰੇਨ ਤੇ ਰੂਸ ਜੰਗ ਦੇ ਦੋ ਸਾਲ ਹੋਏ ਪੂਰੇ, ਜੰਗ ਹੋਰ ਭਿਅੰਕਰ ਰੂਪ ਲਵੇਗੀ

## ✪ ਰੂਸੀ ਅਰਥਚਾਰਾ ਪੱਛਮੀ ਦੇਸ਼ਾਂ ਦੀਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਕਾਫ਼ੀ ਮਜਬੂਤ ✪ ਭਾਰਤ ਨੇ ਰੂਸ ਨਾਲ ਨੇੜਤਾ ਕਰਕੇ ਲਏ ਆਰਥਿਕ ਲਾਭ

ਯੂਕਰੇਨ ਦੇ ਸੁਰੱਖਿਅਤ ਸ਼ਹਿਰ ਐਵਡੀਵਕਾ ਸ਼ਹਿਰ 'ਤੇ ਰੂਸ ਦਾ ਕਬਜ਼ਾ ਹੋ ਗਿਆ ਹੈ ਜਿਸ ਤੋਂ ਸੰਕੇਤ ਮਿਲੇ ਹਨ ਕਿ ਇਸ ਸਾਲ ਇਹ ਜੰਗ ਪਿਛਲੇ ਦੋ ਸਾਲਾਂ ਨਾਲੋਂ ਹੋਰ ਵੀ ਭਿਆਨਕ ਰੂਪ ਧਾਰ ਸਕਦੀ ਹੈ। ਐਵਡੀਵਕਾ ਵਾਂਗ ਹੀ ਯੂਕਰੇਨ ਦੇ ਚਾਰ ਪੰਜ ਹੋਰ ਕਿਲ੍ਹੇਬੰਦ ਸੁਰੱਖਿਅਤ ਸ਼ਹਿਰਾਂ 'ਤੇ ਰੂਸ ਨੂੰ ਕਬਜ਼ਾ ਕਰਨ ਲਈ ਆਪਣੀ ਬਹੁਤ ਸਾਰੀ ਫ਼ੌਜੀ ਤਾਕਤ ਝੋਕਣੀ ਪੈ ਸਕਦੀ ਹੈ। ਰੂਸ ਦੀ ਇਸ ਪੇਸ਼ਕਦਮੀ ਨੂੰ ਪੱਛਮ ਹੱਥ 'ਤੇ ਹੱਥ ਧਰ ਕੇ ਸਵੀਕਾਰ ਨਹੀਂ ਕਰੇਗਾ ਜਿਸ ਕਰ ਕੇ ਹੋਰ ਗਹਿਗੱਚ ਲੜਾਈ ਹੋ ਸਕਦੀ ਹੈ।

ਅਜਿਹਾ ਲਗਦਾ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਆਪਣੀਆਂ ਸ਼ਰਤਾਂ ਪੂਰੀਆਂ ਹੋਣ ਤੱਕ ਯੁੱਧ ਨੂੰ ਖਤਮ ਕਰਨ ਦੇ ਮੂਡ ਵਿੱਚ ਨਹੀਂ ਹਨ। ਲੋਯੋਲਾ ਯੂਨੀਵਰਸਿਟੀ ਮੈਰੀਲੈਂਡ ਦੀ ਗਲੋਬਲ ਸਟੱਡੀਜ਼ ਦੀ ਡਾਇਰੈਕਟਰ ਮੈਰੀ ਕੇਟ ਸਨਾਈਡਰ ਨੇ ਯੂਐਸਏ ਟੂਡੇ ਦੀ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ "ਰੂਸ ਇੱਕ ਲੰਮੀ ਜੰਗ ਦੇ ਮੂਡ ਵਿੱਚ ਹੈ ਅਤੇ ਯੂਕਰੇਨ ਲਗਾਤਾਰ ਆਪਣੇ ਬਚਾਅ ਲਈ ਲੜ ਰਿਹਾ ਹੈ, ਇਸ ਲਈ ਇਹ ਅਸ਼ਾਂਤੀ ਦੀ ਜੰਗ ਹੈ, ਜੋ ਜਲਦੀ ਖਤਮ ਨਹੀਂ ਹੋਵੇਗੀ।"

ਰਾਇਟਰਜ਼ ਨੇ ਪਿਛਲੇ ਦਸੰਬਰ ਵਿੱਚ, ਸੰਯੁਕਤ ਰਾਜ ਦੀ ਇੱਕ ਗੁਪਤ ਖੁਫੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਕੀਤੀ ਸੀ ਕਿ ਸੰਘਰਸ਼ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਲਗਭਗ 3,15,000 ਰੂਸੀ ਸੈਨਿਕ ਮਾਰੇ ਜਾਂ ਜ਼ਖਮੀ ਹੋ ਚੁੱਕੇ ਹਨ। ਰਿਪੋਰਟ ਦੇ ਅਨੁਸਾਰ, ਫਰਵਰੀ 2022 ਵਿੱਚ, ਰੂਸ ਨੇ 360,000 ਕਰਮਚਾਰੀਆਂ ਦੇ ਨਾਲ ਯੁੱਧ ਵਿੱਚ ਪ੍ਰਵੇਸ਼ ਕੀਤਾ, ਜਿਨ੍ਹਾਂ ਵਿੱਚੋਂ 87 ਪ੍ਰਤੀਸ਼ਤ ਦੀ ਮੌਤ ਹੋ ਗਈ ਜਾਂ ਜ਼ਖਮੀ ਹੋਏ। ਹਾਲਾਂਕਿ, ਰੂਸ ਨੇ ਕਦੇ ਵੀ ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਨਹੀਂ ਕੀਤੀ।

ਉਧਰ ਯੂਕਰੇਨ ਦਾ ਦਾਅਵਾ ਹੈ ਕਿ ਦੋ ਸਾਲਾਂ ਦੀ ਜੰਗ ਵਿੱਚ ਰੂਸ ਨੇ 4 ਲੱਖ 5 ਹਜ਼ਾਰ ਸੈਨਿਕ ਗੁਆ ਦਿੱਤੇ ਹਨ। ਪਿਛਲੇ ਹਫਤੇ ਮਾਸਕੋ ਨੇ ਯੂਕਰੇਨ ਦੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਪੂਰਬੀ ਸ਼ਹਿਰ ਅਵਦੀਵਕਾ 'ਤੇ ਕਬਜ਼ਾ ਕਰ ਲਿਆ ਸੀ, ਪਰ ਯੂਕਰੇਨ ਨੇ ਇੱਕ ਦਿਨ ਵਿੱਚ 1,200 ਰੂਸੀ ਸੈਨਿਕਾਂ ਨੂੰ ਮਾਰਨ ਦਾ ਦਾਅਵਾ ਕੀਤਾ ਸੀ ਜਨਵਰੀ ਵਿੱਚ, ਬ੍ਰਿਟੇਨ ਦੇ ਆਰਮਡ ਫੋਰਸਿਜ਼ ਮੰਤਰੀ ਜੇਮਸ ਹੈਪੀ ਨੇ ਬ੍ਰਿਟਿਸ਼ ਸੰਸਦ ਮੈਂਬਰਾਂ ਨੂੰ ਦੱਸਿਆ ਸੀ ਕਿ ਯੂਕਰੇਨ ਵਿੱਚ ਕਾਰਵਾਈ ਵਿੱਚ ਲਗਭਗ 350,000 ਰੂਸੀ ਸੈਨਿਕ ਮਾਰੇ ਗਏ ਜਾਂ ਜ਼ਖਮੀ ਹੋਏ ਹਨ।

ਰੂਸੀ ਅਧਿਕਾਰੀਆਂ ਨੇ ਮਾਰੇ ਗਏ ਲੋਕਾਂ ਦੀ ਗਿਣਤੀ ਬਾਰੇ ਪੱਛਮੀ ਦਾਅਵਿਆਂ ਨੂੰ ਰੱਦ ਕਰ ਦਿੱਤਾ ਹੈ। ਜਦੋਂ ਕਿ, ਦ ਨਿਊਯਾਰਕ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ, ਅਮਰੀਕਾ ਨੇ ਅਗਸਤ 2023 ਵਿੱਚ ਅੰਦਾਜ਼ਾ ਲਗਾਇਆ ਸੀ ਕਿ ਯੂਕਰੇਨ ਦੀ ਫੌਜ ਦੀ ਮੌਤ 70,000 ਸੀ ਅਤੇ 100,000 ਤੋਂ 120,000 ਫੌਜੀ ਜ਼ਖਮੀ ਹੋਏ ਸਨ।

ਰੂਸ ਦੇ ਵਿਰੋਧੀ ਆਗੂ ਅਲੈਕਸੀ ਨਵਾਲਨੀ ਦੀ ਜੇਲ੍ਹ ਵਿਚ ਮੌਤ ਹੋਣ ਤੋਂ ਬਾਅਦ ਰਾਸ਼ਟਰਪਤੀ ਪੁਤਿਨ ਨੂੰ ਵੰਗਾਰਨ ਵਾਲੀ ਤਕੜੀ ਆਵਾਜ਼ ਖ਼ਾਮੋਸ਼ ਹੋ ਗਈ ਹੈ ਅਤੇ ਰੂਸੀ ਅਰਥਚਾਰਾ ਪੱਛਮੀ ਦੇਸ਼ਾਂ ਦੀਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਕਾਫ਼ੀ ਦਮ ਖ਼ਮ ਦਿਖਾ ਰਿਹਾ ਹੈ। ਫਿਰ ਵੀ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਾਉਣ ਦੀ ਪੱਛਮ ਦੀ ਭੁੱਖ ਅਜੇ ਸ਼ਾਂਤ ਨਹੀਂ ਹੋਈ ਜਿਸ ਕਰ ਕੇ ਇਸ ਟਕਰਾਅ ਦੇ ਲੰਮਾ ਸਮਾਂ ਚੱਲਣ ਦੇ ਖ਼ਦਸ਼ੇ ਹਨ। ਲੜਾਈ ਲੰਮੀ ਹੋਣ ਨਾਲ ਪੱਛਮੀ ਦੇਸ਼ਾਂ ਵਲੋਂ ਭਾਰਤ ਨੂੰ ਸਾਲਸੀ ਦੀ ਭੂਮਿਕਾ ਨਿਭਾਉਣ ਦੇ ਸੁਝਾਅ ਵੀ ਦਿੱਤੇ ਜਾ ਰਹੇ ਹਨ। ਇਸ ਪ੍ਰਸੰਗ ਵਿਚ ਵਿਦੇਸ਼ ਮਾਮਲਿਆਂ ਦੇ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਕਿ ਭਾਰਤ ਸਾਲਸ ਦੀ ਭੂਮਿਕਾ ਨਿਭਾਉਣਾ ਤਾਂ ਚਾਹੁੰਦਾ ਹੈ ਪਰ ਇਸ ਮਾਮਲੇ ਵਿਚ ਉਹ ਆਪਣੇ ਤੌਰ 'ਤੇ ਪਹਿਲ ਨਹੀਂ ਕਰੇਗਾ। ਜਦੋਂ ਇਹ ਟਕਰਾਅ ਅਜੇ ਸ਼ੁਰੂ ਹੀ ਹੋਇਆ ਸੀ, ਉਦੋਂ ਹੀ ਭਾਰਤ ਨੇ ਇਸ ਮਸਲੇ 'ਤੇ ਨੈਤਿਕ ਪੈਂਤੜਾ ਪਛਾਣ ਲਿਆ ਸੀ ਕਿ ਇਸ ਦੀ ਆੜ ਵਿਚ ਪੱਛਮ ਰੂਸ ਨਾਲ ਹੋਂਦ ਦੀ ਲੜਾਈ ਲੜ ਰਿਹਾ ਹੈ। ਭਾਰਤ ਸ਼ੁਰੂ ਤੋਂ ਹੀ ਇਹ ਕਹਿੰਦਾ ਰਿਹਾ ਹੈ ਕਿ ਜੰਗ ਕੋਈ ਹੱਲ ਨਹੀਂ ਹੋ ਸਕਦੀ। ਇਸ ਦੀ ਬਜਾਇ ਗੱਲਬਾਤ ਅਤੇ ਕੂਟਨੀਤੀ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇਸ ਦਾ ਸਾਰ-ਤੱਤ ਇਹ ਹੈ ਕਿ ਕਿਸੇ ਇਕ ਧਿਰ ਦੀ ਹਾਰ ਦੇਖਣ ਦੀ ਬਜਾਇ ਭਾਰਤ ਜ਼ਿਆਦਾ ਖ਼ੁਸ਼ ਉਦੋਂ ਹੋਵੇਗਾ ਜਦੋਂ ਕੋਈ ਅਜਿਹਾ ਹੱਲ ਤਲਾਸ਼ਿਆ ਜਾਵੇ ਜੋ ਯੂਕਰੇਨ ਦੇ ਤੌਖ਼ਲਿਆਂ, ਰੂਸ ਦੀਆਂ ਖਾਹਿਸ਼ਾਂ ਅਤੇ ਯੂਰੋਪ ਦੀਆਂ ਬੇਚੈਨੀਆਂ ਨੂੰ ਮੁਖ਼ਾਤਬ ਹੋ ਸਕੇ।

ਉਂਝ, ਪੱਛਮ ਦੀ ਧਾਰਨਾ ਦੇ ਉਲਟ ਭਾਰਤ ਇਕ ਪਾਸੇ ਬਹਿ ਕੇ ਤਮਾਸ਼ਾ ਦੇਖਣ ਦੀ ਥਾਂ ਨਿਰਪੱਖ ਭੂਮਿਕਾ ਨਿਭਾਅ ਰਿਹਾ ਹੈ। ਇਸ ਨੇ ਆਪਣੇ ਕੌਮੀ ਹਿੱਤਾਂ, ਖ਼ਾਸਕਰ ਤੇਲ, ਰੱਖਿਆ ਅਤੇ ਖਾਦਾਂ ਦੀ ਸਪਲਾਈ ਪੱਖੋਂ, ਨੂੰ ਪੁਰਜ਼ੋਰ ਢੰਗ ਨਾਲ ਅਗਾਂਹ ਵਧਾਇਆ ਹੈ। ਇਸ ਨੇ ਜ਼ਾਪੋਰਿਜ਼ੀਆ ਪਰਮਾਣੂ ਊਰਜਾ ਪਲਾਂਟ ਦਾ ਰੇੜਕਾ ਸੁਲਝਾਉਣ ਵਿਚ ਸਫਲਤਾਪੂਰਬਕ ਸਾਲਸੀ ਕੀਤੀ ਸੀ। ਭਾਰਤ ਦੀ ਦਿਲਚਸਪੀ ਇਸ ਗੱਲ ਵਿਚ ਹੈ ਕਿ ਟਕਰਾਅ ਯੂਰੋਪੀ ਖਿੱਤੇ ਤੱਕ ਹੀ ਮਹਿਦੂਦ ਰਹੇ ਅਤੇ ਇਸ ਦਾ ਸੇਕ ਹਿੰਦ ਮਹਾਸਾਗਰ ਤੱਕ ਨਾ ਅੱਪੜੇ ਜਾਂ ਇਸ ਨਾਲ ਇਸ ਦੀ ਪੂਰਬ ਮੁਖੀ ਨੀਤੀ, ਖ਼ਾਸਕਰ ਚੀਨ ਮੁਤੱਲਕ ਨੀਤੀ ਲੀਹੋਂ ਨਾ ਲੱਥ ਜਾਵੇ।

ਪੰਜਾਬ ਟਾਈਮਜ਼ ਅਨੁਸਾਰ ਇਸ ਜੰਗ ਦਾ ਸਿੱਧਾ ਜਾਂ ਅਸਿੱਧਾ ਅਸਰ ਸਮੁੱਚੇ ਸੰਸਾਰ ਉਤੇ ਪੈ ਰਿਹਾ ਹੈ; ਖਾਸ ਕਰ ਕੇ ਕੁਝ ਮੁਲਕਾਂ ਦੇ ਅਰਥਚਾਰਿਆਂ 'ਤੇ ਇਸ ਦਾ ਡਾਢਾ ਅਸਰ ਪਿਆ ਹੈ; ਇਸ ਵਕਤ ਸੰਸਾਰ ਭਰ ਵਿਚ ਮਹਿੰਗਾਈ ਬਹੁਤ ਮੂੰਹਜ਼ੋਰ ਹੋ ਗਈ ਹੈ ਅਤੇ ਕਮਜ਼ੋਰ ਅਰਥਚਾਰੇ ਡਾਵਾਂਡੋਲ ਹੋ ਗਏ ਹਨ।

# ਇੰਗਲੈਂਡ ਭੇਜਣ ਦੇ ਨਾਮ 'ਤੇ ਟ੍ਰੈਵਲ ਏਜੰਟਾਂ ਦੀ ਲੋਕਾਂ ਨਾਲ ਠੱਗੀ

## ✪ ਪਰਮਿਸ਼ਨ 90 ਹਜ਼ਾਰ ਦੀ ਪਰ ਭੇਜ ਦਿੱਤੇ ਲੱਖਾਂ ਲੋਕ ✪ 30 ਤੋਂ 40 ਲੱਖ ਰੁਪਏ ਲੈ ਕੇ ਫਰਜ਼ੀ ਦਸਤਾਵੇਜ਼ ਬਣਾਏ



ਜਲੰਧਰ-ਆਮ ਤੌਰ 'ਤੇ ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਡਾਲਰਾਂ ਅਤੇ ਪੌਂਡਾਂ ਦੇ ਸੁਨਹਿਰੀ ਸੁਪਨੇ ਦਿਖਾ ਕੇ ਉਨ੍ਹਾਂ ਨਾਲ ਲੱਖਾਂ ਰੁਪਏ ਦੀ ਠੱਗੀ ਕਰਨ ਦੇ ਮਾਮਲੇ ਤਾਂ ਸਾਹਮਣੇ ਆਉਂਦੇ ਹੀ ਰਹਿੰਦੇ ਪਰ ਹੁਣ ਸੂਬੇ ਭਰ ਦੇ ਸੈਂਕੜੇ ਲੋਕਾਂ ਨੂੰ ਯੂ.ਕੇ. ਵਿਚ ਹੈਲਥਕੇਅਰ ਵਰਕ ਪਰਮਿਟ (ਕਾਸ) ਅਤੇ ਉਥੇ ਜਾ ਕੇ 3 ਸਾਲ ਤੱਕ ਕੰਮ ਦਿਵਾਉਣ ਦੇ ਨਾਂ 'ਤੇ ਉਨ੍ਹਾਂ ਤੋਂ 30 ਤੋਂ 40 ਲੱਖ ਰੁਪਏ ਲੈ ਕੇ ਫਰਜ਼ੀ ਦਸਤਾਵੇਜ਼ਾਂ 'ਤੇ ਯੂ.ਕੇ. ਭੇਜਣ ਦਾ ਫਰਜ਼ੀਵਾੜਾ ਵੀ ਸਾਹਮਣੇ ਆਉਣ ਲੱਗਾ ਹੈ। ਸੂਬੇ ਭਰ ਦੇ ਟ੍ਰੈਵਲ ਏਜੰਟਾਂ ਦਾ ਫਰਜ਼ੀਵਾੜਾ ਸਾਹਮਣੇ ਆਉਣ 'ਤੇ ਯੂ.ਕੇ. ਸਰਕਾਰ ਨੇ ਇਕ ਹਜ਼ਾਰ ਦੇ ਲਗਭਗ ਕੰਪਨੀਆਂ ਦੇ ਲਾਇਸੈਂਸ ਸਸਪੈਂਡ ਕਰ ਦਿੱਤੇ ਹਨ, ਜਿਸ ਕਾਰਨ ਸੂਬੇ ਭਰ ਦੇ ਟ੍ਰੈਵਲ ਕਾਰੋਬਾਰੀਆਂ ਨੂੰ 30 ਤੋਂ 40 ਲੱਖ ਰੁਪਏ ਦੇ ਕੇ ਯੂ.ਕੇ. ਪਹੁੰਚੇ ਲੋਕ ਵੀ ਹੁਣ ਉਥੇ ਗੈਰ-ਕਾਨੂੰਨੀ ਹੋ ਰਹੇ ਹਨ ਕਿਉਂਕਿ ਜਿਨ੍ਹਾਂ ਕੰਪਨੀਆਂ ਵਿਚ ਉਹ 3 ਸਾਲ ਦਾ ਵਰਕ ਪਰਮਿਟ ਲੈ ਕੇ ਕੰਮ ਕਰਨ ਲਈ ਗਏ ਸਨ, ਉਕਤ ਕੰਪਨੀਆਂ ਦੇ ਯੂ.ਕੇ. ਸਰਕਾਰ ਨੇ ਲਾਇਸੈਂਸ ਸਸਪੈਂਡ ਕਰ ਦਿਤੇ ਹਨ।

ਯੂ.ਕੇ. ਦੀ ਸਰਕਾਰ ਦੀ ਸਖ਼ਤੀ ਨੂੰ ਦੇਖ ਕੇ ਸੂਬੇ ਦੇ ਟ੍ਰੈਵਲ ਏਜੰਟਾਂ ਵਿਚ ਹੜਕੰਪ ਮਚਿਆ ਹੋਇਆ ਹੈ, ਜਿਸ ਕਾਰਨ ਲੱਖਾਂ ਰੁਪਏ ਖਰਚ ਕਰ ਕੇ ਉਥੇ ਪਹੁੰਚੇ ਲੋਕਾਂ ਦੇ ਪਰਿਵਾਰ ਵਾਲੇ ਹੁਣ ਟ੍ਰੈਵਲ ਏਜੰਟਾਂ ਦੇ ਦਫਤਰਾਂ ਦੇ ਚੱਕਰ ਲਾ ਕੇ ਲੋਕਾਂ ਨੂੰ ਕੰਮ ਨਾ ਮਿਲਣ ਤੇ ਆਪਣੀ ਮਿਹਨਤ ਦੀ ਕਮਾਈ ਵਾਪਸ ਕਰਨ ਲਈ ਕਹਿ ਰਹੇ ਹਨ। ਜਾਣਕਾਰੀ ਮੁਤਾਬਕ ਕਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਵਿਚ ਤਾਂ ਰੋਜ਼ਾਨਾ ਇਸੇ ਮਾਮਲੇ ਨੂੰ ਲੈ ਕੇ ਲੋਕਾਂ ਨਾਲ ਵਿਵਾਦ ਹੋ ਰਹੇ ਹਨ, ਜਦਕਿ ਕਈ ਟ੍ਰੈਵਲ ਕਾਰੋਬਾਰੀਆਂ ਨੇ ਤਾਂ ਲੋਕਾਂ ਦੇ ਵਿਵਾਦ ਤੋਂ ਬਚਣ ਲਈ ਅਤੇ ਲੋਕਾਂ ਨੂੰ ਨਾ ਮਿਲਣ ਲਈ ਬਾਹਰ ਬਾਊਂਸਰ ਖੜ੍ਹੇ ਕਰ ਦਿੱਤੇ ਹਨ, ਜੋ ਦਫਤਰ ਆਉਣ ਵਾਲੇ ਲੋਕਾਂ ਨੂੰ 'ਸਾਹਿਬ ਦਫਤਰ ਵਿਚ ਨਹੀਂ ਹਨ' ਕਹਿ ਕੇ ਵਾਪਸ ਭੇਜ ਰਹੇ ਹਨ। ਸੂਬੇ ਭਰ ਵਿਚ ਹੋਏ ਕਰੋੜਾਂ ਰੁਪਏ ਦੇ ਇਸ ਫਰਜ਼ੀਵਾੜੇ ਨੂੰ ਲੈ ਕੇ ਟ੍ਰੈਵਲ ਏਜੰਟਾਂ ਖ਼ਿਲਾਫ਼ ਪੁਲਸ ਵਿਭਾਗ ਵਿਚ ਸ਼ਿਕਾਇਤਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ।

ਉਥੇ ਹੀ ਕਈ ਟ੍ਰੈਵਲ ਕਾਰੋਬਾਰੀ ਤਾਂ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਆਪਣਾ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ ਤਾਂ ਕਿ ਯੂ. ਕੇ. ਪਹੁੰਚੇ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਕੁਝ ਸਮਾਂ ਬਾਅਦ ਸਭ ਠੀਕ ਹੋ ਜਾਣ ਦਾ ਝੂਠਾ ਭਰੋਸਾ ਦੇ ਕੇ ਉਨ੍ਹਾਂ ਨੂੰ ਵਾਪਸ ਭੇਜ ਰਹੇ ਹਨ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਸੂਬੇ ਭਰ ਵਿਚ ਟ੍ਰੈਵਲ ਏਜੰਟਾਂ ਵੱਲੋਂ ਕੀਤੇ ਜਾ ਰਹੇ ਫਰਜ਼ੀਵਾੜੇ ਦੀਆਂ ਸ਼ਿਕਾਇਤਾਂ ਹੋਰ ਵਧ ਸਕਦੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਦੱਸਿਆ ਜਾ ਰਿਹਾ ਹੈ ਕਿ ਯੂ. ਕੇ. ਦੀ ਸਰਕਾਰ ਨੇ ਲਗਭਗ 2 ਸਾਲ ਵਿਚ ਟੀਅਰ-2 ਤਹਿਤ ਵਿਦੇਸ਼ੀ ਸਕਿੱਲ ਵਰਕਰ ਨੂੰ ਯੂ. ਕੇ. ਬੁਲਾਉਣ ਲਈ ਇਕ ਸਕੀਮ ਚਲਾਈ ਸੀ, ਜਿਸ ਵਿਚ ਲਗਭਗ 90 ਹਜ਼ਾਰ ਲੋਕਾਂ ਦੀ ਯੂ. ਕੇ. ਵਿਚ ਲੋੜ ਸੀ, ਜਿਸ ਵਿਚ ਹੈਲਥਕੇਅਰ ਵਰਕ ਪਰਮਿਟ 'ਤੇ ਆਉਣ ਵਾਲੇ ਲੋਕਾਂ ਲਈ ਜੀ. ਐੱਨ. ਐੱਮ., ਨਰਸਿੰਗ, ਇਕ ਸਾਲ ਤਕ ਕੇਅਰ ਹੋਮ ਦਾ ਤਜਰਬਾ ਅਤੇ ਆਈਲੈੱਟਸ ਵਿਚ 5 ਬੈਂਡ ਲੈਣੇ ਜ਼ਰੂਰੀ ਸਨ। ਇਸ ਗੱਲ ਦਾ ਸੂਬੇ ਦੇ ਟ੍ਰੈਵਲ ਕਾਰੋਬਾਰੀਆਂ ਨੇ ਖੂਬ ਫਾਇਦਾ ਚੁੱਕਿਆ ਅਤੇ ਲੱਖਾਂ ਰੁਪਏ ਖਰਚ ਕਰ ਕੇ ਇਸ ਗੱਲ ਦੀ ਸੋਸ਼ਲ ਮੀਡੀਆ 'ਤੇ ਖੂਬ ਇਸ਼ਤਿਹਾਰਬਾਜ਼ੀ ਕੀਤੀ। ਹੁਣ ਜਦੋਂ ਯੂ. ਕੇ. ਦੀ ਸਰਕਾਰ ਨੇ ਫਰਜ਼ੀਵਾੜੇ ਨੂੰ ਫੜਿਆ ਤਾਂ ਲੋਕਾਂ ਨੇ ਟ੍ਰੈਵਲ ਕਾਰੋਬਾਰੀਆਂ ਖ਼ਿਲਾਫ਼ ਪੁਲਸ ਵਿਭਾਗ ਨੂੰ ਸ਼ਿਕਾਇਤਾਂ ਦਰਜ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ।

ਜਾਣਕਾਰੀ ਮੁਤਾਬਕ ਦੱਸਿਆ ਜਾ ਰਿਹਾ ਹੈ ਕਿ ਟੀਅਰ-2 ਸਕੀਮ ਤਹਿਤ ਹੈਲਥਕੇਅਰ ਸੈਕਟਰ ਦੇ ਨਾਲ-ਨਾਲ ਆਈ. ਟੀ., ਕੰਸਟਰੱਕਸ਼ਨ ਅਤੇ ਹੋਰ ਵੀ ਕਈ ਕੈਟਾਗਰੀਆਂ ਨੂੰ ਚੁਣਿਆ ਗਿਆ ਸੀ। ਹੁਣ ਹੈਲਥਕੇਅਰ ਕੈਟਾਗਰੀ ਤਹਿਤ ਆਉਣ ਵਾਲੇ ਲੋਕਾਂ ਨੂੰ ਯੂ. ਕੇ. ਸਰਕਾਰ ਨੇ ਇੰਸ਼ੋਰੈਂਸ ਤੋਂ ਛੋਟ ਦੇ ਦਿੱਤੀ ਹੈ।

ਜਾਣਕਾਰੀ ਮੁਤਾਬਕ ਜੇਕਰ ਕਿਸੇ ਨੇ ਵਰਕ ਪਰਮਿਟ 'ਤੇ ਜਿੰਨੇ ਸਾਲ ਲਈ ਜਾਣਾ ਹੁੰਦਾ ਹੈ, ਉਕਤ ਬਿਨੈਕਾਰ ਨੂੰ ਓਨੇ ਸਾਲ ਦੀ ਪਹਿਲਾਂ ਇੰਸ਼ੋਰੈਂਸ ਵੀ ਕਰਵਾਉਣੀ ਜ਼ਰੂਰੀ ਹੁੰਦੀ ਹੈ। ਉਦਾਹਰਣ ਵਜੋਂ ਵਰਕ ਪਰਮਿਟ 'ਤੇ ਜਾਣ ਵਾਲੇ ਵਿਦਿਆਰਥੀ ਨੂੰ 700 ਪੌਂਡ ਇਕ ਸਾਲ ਤਕ ਦੀ ਇੰਸ਼ੋਰੈਂਸ ਦੇਣੀ ਪੈਂਦੀ ਹੈ। ਭਾਵ 3 ਸਾਲ ਤਕ ਲਈ 2100 ਪੌਂਡ ਜੋ ਕਿ ਹੈਲਥਕੇਅਰ ਸੈਕਟਰ ਵਿਚ ਨਹੀਂ ਦੇਣੇ ਪੈਂਦੇ। ਇਸ ਗੱਲ ਦਾ ਟ੍ਰੈਵਲ ਏਜੰਟਾਂ ਨੇ ਖੂਬ ਫਾਇਦਾ ਉਠਾਇਆ।

ਦੱਸਿਆ ਜਾ ਰਿਹਾ ਹੈ ਕਿ 2022 ਵਿਚ ਤਾਂ ਸੂਬੇ ਭਰ ਦੇ ਟ੍ਰੈਵਲ ਏਜੰਟਾਂ ਨੇ ਇਸ ਸਕੀਮ ਦਾ ਖੂਬ ਫਾਇਦਾ ਉਠਾਇਆ। ਦੱਸਿਆ ਜਾ ਰਿਹਾ ਹੈ ਕਿ ਜਦੋਂ ਯੂ. ਕੇ. ਸਰਕਾਰ ਨੇ 2023 ਵਿਚ ਦੇਖਿਆ ਕਿ ਯੂ. ਕੇ. ਵਿਚ ਲਗਭਗ ਇਕ ਲੱਖ ਤੋਂ ਜ਼ਿਆਦਾ ਹੈਲਥਕੇਅਰ ਸੈਕਟਰ ਵਿਚ ਲੋਕ ਪਹੁੰਚ ਚੁੱਕੇ ਹਨ, ਜਦਕਿ ਉਨ੍ਹਾਂ ਨਾਲ ਲਗਭਗ 90 ਹਜ਼ਾਰ ਸਪਾਊਸ ਵੀ ਪਹੁੰਚ ਚੁੱਕੇ ਹਨ ਪਰ ਇਸਦੇ ਬਾਵਜੂਦ ਹਾਲੇ ਵੀ ਹੈਲਥਕੇਅਰ ਸੈਕਟਰ ਵਿਚ ਲਗਭਗ 67 ਹਜ਼ਾਰ ਅਸਾਮੀਆਂ ਖਾਲੀ ਹਨ। ਅਜਿਹਾ ਫਰਜ਼ੀਵਾੜਾ ਸਾਹਮਣੇ ਆਉਣ 'ਤੇ ਯੂ. ਕੇ. ਦੀ ਸਰਕਾਰ ਦੇ ਹੋਸ਼ ਉਡ ਗਏ ਕਿ ਆਖਿਰਕਾਰ 90 ਹਜ਼ਾਰ ਆਸਾਮੀਆਂ ਹੋਣ ਦੇ ਬਾਵਜੂਦ ਇਸ ਫਰਜ਼ੀਵਾੜੇ ਵਿਚ ਲਗਭਗ 2 ਲੱਖ ਲੋਕ ਪਹੁੰਚ ਗਏ।

ਸਵਾਲ ਇਹ ਹੈ ਕਿ ਹੈਲਥਕੇਅਰ ਸੈਕਟਰ ਵਿਚ ਆਪਣੇ ਸਪਾਊਸ ਨਾਲ ਪਹੁੰਚੇ ਲੋਕ ਕਿਥੇ ਗਾਇਬ ਹੋ ਗਏ, ਜਿਸ ਗੱਲ ਨੂੰ ਦੇਖ ਕੇ ਜਦੋਂ ਯੂ. ਕੇ. ਸਰਕਾਰ ਨੇ ਇਸ ਫਰਜ਼ੀਵਾੜੇ ਦੀ ਜਾਂਚ ਕੀਤੀ ਤਾਂ ਟ੍ਰੈਵਲ ਏਜੰਟਾਂ ਨਾਲ ਮਿਲੀਭੁਗਤ ਕਰ ਕੇ ਕਰੋੜਾਂ ਰੁਪਏ ਆਪਣੀਆਂ ਜੇਬਾਂ ਵਿਚ ਪਾਉਣ ਵਾਲੀਆਂ ਲਗਭਗ 1000 ਕੰਪਨੀਆਂ ਦੇ ਲਾਇਸੈਂਸ ਸਸਪੈਂਡ ਕਰ ਦਿੱਤੇ ਗਏ।

ਲਗਭਗ 10 ਸਾਲ ਪਹਿਲਾਂ ਟੀਅਰ-3 ਸਕੀਮ ਤਹਿਤ ਯੂ. ਕੇ. ਸਰਕਾਰ ਨੇ ਪੜ੍ਹਾਈ ਦੇ ਤੌਰ 'ਤੇ ਯੂ. ਕੇ. ਆਉਣ ਦੇ ਚਾਹਵਾਨਾਂ ਲਈ ਵੀਜ਼ਾ ਨਿਯਮ ਬਿਲਕੁਲ ਆਸਾਨ ਕੀਤੇ ਸਨ, ਜਿਸ ਵਿਚ ਜੇਕਰ ਕਿਸੇ ਵਿਦਿਆਰਥੀ ਨੇ ਬਾਰ੍ਹਵੀਂ ਪਾਸ ਕੀਤੀ ਹੈ ਅਤੇ ਉਸਨੇ ਆਈਲੈਟਸ ਦਾ ਟੈਸਟ ਪਾਸ ਨਹੀਂ ਕੀਤਾ ਤਾਂ ਉਹ ਵੀ ਪੜ੍ਹਾਈ ਲਈ ਯੂ. ਕੇ. ਆ ਸਕਦਾ ਸੀ। ਇਸ ਗੋਰਖਧੰਦੇ 'ਚ ਮੋਟੀ ਕਮਾਈ ਹੁੰਦੀ ਦੇਖ ਕੇ ਅਤੇ ਇਸ ਨੂੰ ਹੋਰ ਵਧਾਉਣ ਲਈ ਸੂਬੇ ਦੇ ਟ੍ਰੈਵਲ ਏਜੰਟਾਂ ਨੇ ਯੂ. ਕੇ. ਵਿਚ ਖੁਦ ਹੀ ਪ੍ਰਾਈਵੇਟ ਕਾਲਜ ਖੋਲ੍ਹਣੇ ਸ਼ੁਰੂ ਕਰ ਦਿਤੇ ਕਿਉਂਕਿ ਯੂ. ਕੇ. ਵਿਚ ਸਰਕਾਰੀ ਕਾਲਜਾਂ ਜਾਂ ਯੂਨੀਵਰਸਿਟੀਜ਼ ਵਿਚ ਪੜ੍ਹਨ ਜਾਣ ਦੇ ਚਾਹਵਾਨ ਵਿਦਿਆਰਥੀਆਂ ਦਾ ਦਾਖਲਾ ਕਰਵਾਉਣ 'ਤੇ ਏਜੰਟਾਂ ਨੂੰ ਸਿਰਫ 15 ਤੋਂ 20 ਫੀਸਦੀ ਤਕ ਹੀ ਕਮੀਸ਼ਨ ਮਿਲਦੀ ਸੀ ਪਰ ਆਪਣੇ ਕਾਲਜ ਖੋਲ੍ਹਣ 'ਤੇ ਵਿਦਿਆਰਥੀ ਵੱਲੋਂ ਭੇਜੀ ਗਈ ਸਾਰੀ ਫੀਸ ਖੁਦ ਦੀ ਜੇਬ ਵਿਚ ਜਾਂਦੀ ਸੀ। ਬਸ ਇਸ ਤੋਂ ਬਾਅਦ ਪਹਿਲਾਂ ਕੁਝ ਏਜੰਟਾਂ ਨੇ ਕਾਲਜ ਖੋਲ੍ਹੇ ਤਾਂ ਹੌਲੀ-ਹੌਲੀ 'ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਬਦਲਦਾ ਹੈ' ਕਹਾਵਤ ਸੱਚ ਹੋਣ ਲੱਗੀ। ਇਸ ਗੋਰਖਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਕੇ ਸ਼ਹਿਰ ਵਿਚ ਐੱਸ. ਟੀ. ਡੀ., ਪੀ. ਸੀ. ਓ. ਚਲਾਉਣ ਵਾਲੇ ਅਤੇ ਕਈ ਛੋਟਾ-ਮੋਟਾ ਕਾਰੋਬਾਰ ਚਲਾਉਣ ਵਾਲੇ ਵੀ ਇਸ ਗੋਰਖਧੰਦੇ ਵਿਚ ਸ਼ਾਮਲ ਹੋ ਗਏ ਅਤੇ ਕੁਝ ਸਮੇਂ ਵਿਚ ਹੀ ਯੂ. ਕੇ. ਵਿਚ ਟ੍ਰੈਵਲ ਕਾਰੋਬਾਰੀਆਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਪ੍ਰਾਈਵੇਟ ਕਾਲਜ ਖੋਲ੍ਹ ਕੇ ਫਰਜ਼ੀਵਾੜਾ ਸ਼ੁਰੂ ਕਰ ਦਿਤਾ।

ਜਦੋਂ ਕੁਝ ਸਮੇਂ ਬਾਅਦ ਯੂ. ਕੇ. ਦੀ ਸਰਕਾਰ ਨੂੰ ਪਤਾ ਲੱਗਾ ਕਿ ਪੜ੍ਹਾਈ ਦੇ ਤੌਰ 'ਤੇ ਜਾਣ ਵਾਲੇ ਵਿਦਿਆਰਥੀ ਪ੍ਰਾਈਵੇਟ ਕਾਲਜਾਂ ਵਿਚ ਪੜ੍ਹਾਈ ਕਰਦੇ ਹੀ ਨਹੀਂ, ਜਦਕਿ ਉਥੇ ਪਹੁੰਚ ਕੇ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਹਨ ਤਾਂ ਉਸ ਨੇ ਲਗਭਗ 1000 ਪ੍ਰਾਈਵੇਟ ਕਾਲਜਾਂ ਦੇ ਲਾਇਸੈਂਸ ਸਸਪੈਂਡ ਕਰ ਦਿੱਤੇ। ਇਸ ਕਾਰਨ ਵਿਦਿਆਰਥੀਆਂ ਨੂੰ ਉਥੇ ਕਾਨੂੰਨੀ ਤੌਰ 'ਤੇ ਰਹਿਣ ਲਈ ਦੂਜੇ ਕਾਲਜਾਂ ਵਿਚ ਦਾਖਲਾ ਲੈਣਾ ਪਿਆ, ਜਦਕਿ ਪੰਜਾਬ ਦੇ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਮਿਹਨਤ ਦੀ ਕਰੋੜਾਂ ਰੁਪਏ ਦੀ ਪੂੰਜੀ ਰੁੜ੍ਹ ਗਈ।

### ਸਰਕਾਰ ਦੇ ਹੁਕਮਾਂ ਦੀ ਵੀ ਟ੍ਰੈਵਲ ਏਜੰਟਾਂ ਨੇ ਕੀਤੀ ਖੁੱਲ੍ਹ ਕੇ ਉਲੰਘਣਾ

ਆਮ ਤੌਰ 'ਤੇ ਵਿਦੇਸ਼ ਭੇਜਣ ਲਈ ਇਮੀਗ੍ਰੇਸ਼ਨ ਕਾਰੋਬਾਰੀ ਨੂੰ ਪੰਜਾਬ ਸਰਕਾਰ ਤੋਂ ਆਪਣਾ ਨਵਾਂ ਆਫਿਸ ਖੋਲ੍ਹਣ ਤੋਂ ਪਹਿਲਾਂ ਡੀ. ਸੀ. ਆਫਿਸ ਵਿਚ ਆਪਣੀ ਕਾਗਜ਼ੀ ਕਾਰਵਾਈ ਪੂਰੀ ਕਰ ਕੇ ਲਾਇਸੈਂਸ ਲੈਣ ਲਈ ਬਿਨੈ-ਪੱਤਰ ਜਮ੍ਹਾ ਕਰਵਾਉਣਾ ਹੁੰਦਾ ਹੈ, ਜਿਸ ਤੋਂ ਬਾਅਦ ਪੁਲਸ ਵੈਰੀਫਿਕੇਸ਼ਨ ਹੋਣ ਅਤੇ ਸਾਰੀ ਫਾਰਮੈਲਿਟੀ ਕੰਪਲੀਟ ਹੋਣ ਤੋਂ ਬਾਅਦ ਹੀ ਟ੍ਰੈਵਲ ਕਾਰੋਬਾਰੀਆਂ ਨੂੰ ਲਾਇਸੈਂਸ ਜਾਰੀ ਕੀਤਾ ਜਾਂਦਾ ਹੈ। ਸਰਕਾਰ ਦੇ ਹੁਕਮਾਂ ਮੁਤਾਬਕ ਇਸ਼ਤਿਹਾਰਬਾਜ਼ੀ ਕਰਨ 'ਤੇ ਵੀ ਟ੍ਰੈਵਲ ਏਜੰਟਾਂ ਨੂੰ ਆਪਣੇ ਇਸ਼ਤਿਹਾਰ 'ਤੇ ਲਾਇਸੈਂਸ ਨੰਬਰ ਲਿਖਣਾ ਜ਼ਰੂਰੀ ਹੁੰਦਾ ਹੈ, ਜਦਕਿ ਵਰਕ ਪਰਮਿਟ 'ਤੇ ਭੇਜਣ 'ਤੇ ਟ੍ਰੈਵਲ ਕਾਰੋਬਾਰੀਆਂ ਨੂੰ ਭਾਰਤ ਸਰਕਾਰ ਤੋਂ ਮੈਨਪਾਵਰ ਲਾਇਸੈਂਸ ਲੈਣਾ ਜ਼ਰੂਰੀ ਹੁੰਦਾ ਹੈ। ਲੱਖਾਂ ਰੁਪਏ ਫੀਸ ਅਦਾ ਕਰਨ ਦੇ ਨਾਲ ਟ੍ਰੈਵਲ ਕਾਰੋਬਾਰੀਆਂ ਨੂੰ ਸਰਕਾਰ ਦੀਆਂ ਲਾਇਸੈਂਸ ਲੈਣ ਦੀਆਂ ਸ਼ਰਤਾਂ ਨੂੰ ਵੀ ਪੂਰਾ ਕਰਨਾ ਜ਼ਰੂਰੀ ਹੁੰਦਾ ਹੈ ਪਰ ਆਮ ਤੌਰ 'ਤੇ ਕਈ ਵੱਡੇ ਕਾਰੋਬਾਰੀ ਹੀ ਨਿਯਮਾਂ ਦੀ ਪਾਲਣਾ ਕਰਦੇ ਹਨ।

ਪੰਜਾਬ ਟਾਈਮਜ਼ ਦੀ ਜਾਣਕਾਰੀ ਮੁਤਾਬਕ ਸੂਬੇ ਵਿਚ ਕਾਸ ਵਰਕ ਪਰਮਿਟ ਦੇ ਨਾਂ 'ਤੇ ਲੋਕਾਂ ਨੇ ਬਿਨਾਂ ਮੈਨਪਾਵਰ ਲਾਇਸੈਂਸ ਦੇ ਹੀ ਖੁਦ ਦੇ ਸੋਸ਼ਲ ਮੀਡੀਆ ਪੇਜ 'ਤੇ ਜੰਮ ਕੇ ਇਸ਼ਤਿਹਾਰਬਾਜ਼ੀ ਕਰ ਕੇ ਲੋਕਾਂ ਤੋਂ ਲੱਖਾਂ ਰੁਪਏ ਠੱਗ ਲਏ। ਜੇਕਰ ਪ੍ਰਸ਼ਾਸਨ ਇਸ ਮਾਮਲੇ ਦੀ ਗੰਭੀਰਤਾ ਨੂੰ ਜਾਂਚੇ ਤਾਂ ਕਈ ਚਿਹਰੇ ਸਾਹਮਣੇ ਆ ਸਕਦੇ ਹਨ।

ਬੱਚਿਆਂ ਦੇ ਅਨੰਦ ਕਾਰਜ ਮੌਕੇ ਸਾਰਾ ਖਰਚਾ ਕੇਵਲ ਬੱਚੀ ਦੇ ਪਰਿਵਾਰ ਵੱਲੋਂ ਨਾ ਕਰਵਾਇਆ ਜਾਵੇ। ਵਿਆਹ ਦਾ ਖਰਚਾ ਦੋਵੇਂ ਪਰਿਵਾਰ ਰਲ ਮਿਲ ਕੇ ਕਰਨ।

# ਭਾਰਤ ਤੋਂ ਇਲਾਵਾ ਦੁਨੀਆ ਦੇ ਕਈ ਹੋਰ ਦੇਸ਼ਾਂ ਵਿੱਚ ਵੀ ਕਿਸਾਨ ਕਿਉਂ ਨਾਰਾਜ਼ ਹਨ ?

**ਵਿਸ਼ੇਸ਼ ਰਿਪੋਟ** ✪ ਯੂਰਪ 'ਚ ਵੀ ਕਿਸਾਨਾਂ ਨੇ ਕੀਤਾ ਰੋਸ ਪ੍ਰਦਰਸ਼ਨ, ਸੁਹਿਰਦਤਾ ਨਾਲ ਪੇਸ਼ ਆਈਆਂ ਸਰਕਾਰਾਂ ✪ ਕਿਸਾਨਾਂ ਨੇ ਫਰਾਂਸ ਦੇ ਰਾਸ਼ਟਰਪਤੀ ਨੂੰ 'ਘੇਰ ਕੇ' ਆਪਣੇ ਮਸਲੇ ਰੱਖੇ

ਵਿਸ਼ਵ ਭਰ ਵਿੱਚ ਖੇਤੀਬਾੜੀ ਸੈਕਟਰ ਵਧ ਰਹੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਕਿਉਂਕਿ ਕਿਸਾਨਾਂ ਨੂੰ ਮਹਿੰਗਾਈ, ਵਿਦੇਸ਼ੀ ਮੁਕਾਬਲੇਬਾਜ਼ੀ ਤੇ ਵੱਧ ਰਹੀਆਂ ਵਾਤਾਵਰਣ ਸੁਰੱਖਿਆ ਲਾਗਤਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਿਤੀ ਹੌਲੀ-ਹੌਲੀ ਆਪਣੇ ਸਿਖਰ 'ਤੇ ਪਹੁੰਚ ਰਹੀ ਹੈ। ਭਾਰਤ ਵਾਂਗ ਹੀ ਯੂਰਪ ਦੇ 11 ਦੇਸ਼ਾਂ ਵਿੱਚ ਬੈਲਜੀਅਮ, ਬੁਲਗਾਰੀਆ, ਸਪੇਨ, ਗ੍ਰੀਸ, ਫਰਾਂਸ, ਇਟਲੀ, ਜਰਮਨੀ, ਪੋਲੈਂਡ, ਬੈਲਜੀਅਮ, ਨੀਦਰਲੈਂਡ ਆਦਿ ਵਿੱਚ ਵੀ ਕਿਸਾਨਾਂ ਵਲੋਂ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਹਾਲਾਂਕਿ ਇਨ੍ਹਾਂ ਦੇਸ਼ਾਂ ਦੇ ਮੁਕਾਬਲੇ ਭਾਰਤੀ ਕਿਸਾਨਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ। ਇੱਥੇ ਉਸ ਨੂੰ ਆਪਣੀ ਫ਼ਸਲ ਦਾ ਵਾਜਬ ਮੁੱਲ ਲੈਣ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਭਾਰਤ ਦੇ ਕਿਸਾਨਾਂ ਖਾਸ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਗੋਲੀਆਂ, ਡਾਂਗਾਂ ਵੀ ਖਾਣੀਆਂ ਪੈਂਦੀਆਂ ਹਨ। ਯੂਰਪ ਦੀਆਂ ਸਰਕਾਰਾਂ ਕਿਸਾਨਾਂ ਨਾਲ ਠਰੰਮੇ ਨਾਲ ਗਲਬਾਤ ਕਰਕੇ ਮਸਲਾ ਨਿਬੇੜਨਾ ਚਾਹੁੰਦੀਆਂ ਹਨ, ਪਰ ਭਾਰਤ ਸਰਕਾਰ ਕਿਸਾਨੀ ਸੰਘਰਸ਼ ਨੂੰ ਸਟੇਟ ਦੇ ਡੰਡੇ ਨਾਲ ਕੁਚਲਣਾ ਚਾਹੁੰਦੀ ਹੈ ਭਾਰਤੀ ਅਰਥਵਿਵਸਥਾ ਵਿੱਚ ਖੇਤੀਬਾੜੀ ਦੀ ਅਹਿਮ ਭੂਮਿਕਾ ਹੈ ਪਰ ਮੌਜੂਦਾ ਸਮੇਂ ਵਿੱਚ ਖੇਤੀ ਭਾਰਤ ਸਰਕਾਰ ਦੀ ਤਰਜੀਹ ਨਹੀਂ ਹੈ। ਵਿਸ਼ਵ ਪੱਧਰ 'ਤੇ ਕਿਸਾਨ ਆਪਣੀਆਂ ਆਪਣੀਆਂ ਸਰਕਾਰਾਂ ਤੋਂ ਫਸਲਾਂ ਦੀਆਂ ਬਿਹਤਰ ਕੀਮਤਾਂ, ਬਿਹਤਰ ਕੰਮ ਕਰਨ ਦੀਆਂ ਸਥਿਤੀਆਂ ਅਤੇ ਅਧਿਕ ਸਮਰਥਨ ਮੁਲ ਦੀ ਮੰਗ ਕਰ ਰਹੇ ਹਨ। ਯੂਰਪੀਅਨ ਸੰਸਦ ਦੀ ਖੇਤੀਬਾੜੀ ਕਮੇਟੀ ਨੇ ਯੂਰਪੀਅਨ ਕਿਸਾਨਾਂ ਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਨੂੰ ਸਵੀਕਾਰ ਕੀਤਾ ਹੈ, ਜਿਸ ਵਿੱਚ ਆਰਥਿਕ ਚਿੰਤਾਵਾਂ, ਨੌਕਰਸ਼ਾਹੀ ਰੁਕਾਵਟਾਂ ਅਤੇ ਕੋਵਿਡ-19 ਮਹਾਂਮਾਰੀ ਅਤੇ ਯੂਕਰੇਨ ਵਿੱਚ ਯੁੱਧ ਵਰਗੇ ਸੰਕਟਾਂ ਦੇ ਪ੍ਰਭਾਵ ਸ਼ਾਮਲ ਹਨ।

ਖੇਤੀ ਖੇਤਰ ਵਿੱਚ ਵਧ ਰਹੀ ਬੇਚੈਨੀ ਦੇ ਸਿਆਸੀ ਪਹਿਲੂ ਵੀ ਹਨ। ਭਾਰਤ ਵਰਗੀ ਸਥਿਤੀ ਹੋਰ ਥਾਵਾਂ 'ਤੇ ਵੀ ਇਹੋ ਸਥਿਤੀ ਹੈ। ਕਈ ਦੇਸ਼ਾਂ ਵਿੱਚ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਲੋਕ-ਲੁਭਾਊ ਨਾਅਰਿਆਂ ਨਾਲ ਨਾਲ ਕਿਸਾਨਾਂ ਦੇ ਮਸਲਿਆਂ ਨਾਲ ਜੁੜ ਗਏ ਹਨ। ਯੂਰਪੀਅਨ ਸੰਘ ਦੀ ਗ੍ਰੀਨ ਡੀਲ ਅਤੇ ਖੇਤੀਬਾੜੀ ਨੀਤੀਆਂ ਬਾਰੇ ਕਿਸਾਨਾਂ ਵਲੋਂ ਚਿੰਤਾਵਾਂ ਪ੍ਰਗਟਾਈਆਂ ਗਈਆਂ ਹਨ,ਜਿਸ ਕਾਰਣ ਮੁੱਦੇ ਹੋਰ ਗੁੰਝਲਦਾਰ ਹੋ ਗਏ ਹਨ। ਐਂਟਵਰਪ, ਸੋਫੀਆ ਅਤੇ ਏਥਨਜ਼ ਵਿੱਚ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਨੇ ਸਰਕਾਰੀ ਅਧਿਕਾਰੀਆਂ ਦੇ ਅਸਤੀਫੇ ਦੇ ਨਾਲ-ਨਾਲ ਬਿਹਤਰ ਕੀਮਤਾਂ ਅਤੇ ਕੰਮ ਕਰਨ ਦੀਆਂ ਬੇਹਤਰ ਸਥਿਤੀਆਂ ਦੀ ਮੰਗ ਕੀਤੀ ਹੈ। ਯੂਰਪੀਅਨ ਕਮਿਸ਼ਨ ਅਤੇ ਰਾਸ਼ਟਰੀ ਸਰਕਾਰਾਂ ਨੇ ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਰਿਆਇਤਾਂ ਦਿੱਤੀਆਂ ਹਨ, ਪਰ ਸਥਿਤੀ ਅਨਿਸ਼ਚਿਤ ਬਣੀ ਹੋਈ ਹੈ। ਖੇਤੀ ਸੈਕਟਰ ਵਿੱਚ ਵਧ ਰਹੀ ਬੇਚੈਨੀ ਇੱਕ ਗੁੰਝਲਦਾਰ ਮੁੱਦਾ ਹੈ ਜਿਸ ਵੱਲ ਸਰਕਾਰਾਂ, ਨੀਤੀ ਨਿਰਮਾਤਾਵਾਂ ਅਤੇ ਸਟੇਕ ਹੋਲਡਰਜ਼ ਨੂੰ ਤੁਰੰਤ ਧਿਆਨ ਦੇਣ ਅਤੇ ਕਾਰਵਾਈ ਕਰਨ ਦੀ ਲੋੜ ਹੈ। ਮਿਲ ਕੇ ਕੰਮ ਕਰਨ ਨਾਲ, ਸਮੁੱਚੇ ਤੌਰ 'ਤੇ ਕਿਸਾਨਾਂ ਅਤੇ




ਸਮਾਜ ਦੇ ਫਾਇਦੇ ਲਈ ਇੱਕ ਟਿਕਾਊ ਅਤੇ ਬਰਾਬਰੀ ਵਾਲਾ ਹੱਲ ਲੱਭਿਆ ਜਾ ਸਕਦਾ ਹੈ।

## ਫਰਾਂਸ ਵਿੱਚ ਕੀ ਹੋ ਰਿਹਾ ਹੈ

ਫਰਾਂਸ ਦੇ ਕਿਸਾਨਾਂ ਨੇ ਰਾਜਧਾਨੀ ਪੈਰਿਸ ਵਿਚ ਹਾਈਵੇਅ ਜਾਮ ਕਰ ਦਿੱਤੇ, ਜਦਕਿ ਜਰਮਨ ਕਿਸਾਨਾਂ ਨੇ ਦੇਸ਼ ਦੀ ਰਾਜਧਾਨੀ ਬਰਲਿਨ ਸਮੇਤ ਕਈ ਸ਼ਹਿਰਾਂ 'ਚ ਹਾਈਵੇਅ ਜਾਮ ਕਰ ਦਿੱਤੇ। ਇਨ੍ਹਾਂ ਦੇਸ਼ਾਂ ਵਿੱਚ ਕਿਸਾਨ ਪ੍ਰਦਰਸ਼ਨਾਂ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਦੇ ਵਤੀਰੇ ਵਿੱਚ ਭਾਰਤ ਨਾਲੋਂ ਬਹੁਤ ਅੰਤਰ ਹੈ।

ਫਰਾਂਸ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਯੂਰਪੀ ਸੰਘ ਦਾ ਸਭ ਤੋਂ ਵੱਡਾ ਖੇਤੀ ਉਤਪਾਦਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਲੋੜੀਂਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ ਹੈ। ਵਧਦੀ ਮਹਿੰਗਾਈ ਦਰਮਿਆਨ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਦੇ ਮੁਲ ਉਨ੍ਹਾਂ ਦੇ ਵਿਰੋਧ ਦੇ ਕੇਂਦਰ ਵਿਚ ਹਨ। ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਲਾਤੀਨੀ ਅਮਰੀਕੀ ਦੇਸ਼ਾਂ ਦੇ ਨਾਲ ਹਾਲ ਹੀ ਵਿੱਚ ਯੂਰਪੀਅਨ ਯੂਨੀਅਨ ਦੀ ਵਪਾਰਕ ਗੱਲਬਾਤ ਦਾ ਵਿਰੋਧ ਕਰ ਰਹੇ ਹਨ। ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਵੱਧ ਤੋਂ ਵੱਧ ਵਾਤਾਵਰਨ ਸੁਰੱਖਿਆ ਨਿਯਮਾਂ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਨੁਕਸਾਨ ਹੋ ਰਿਹਾ ਹੈ। ਸ਼ਨੀਵਾਰ ਨੂੰ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਸ਼ੁਰੂ ਹੋਏ ਖੇਤੀ ਵਪਾਰ ਮੇਲੇ ਮੌਕੇ ਪੁੱਜੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦਾ ਸਵਾਗਤ ਕਿਸਾਨਾਂ ਦੇ ਰੋਹ ਨੇ ਕੀਤਾ। ਕਿਸਾਨਾਂ ਨੇ ਰਾਸ਼ਟਰਪਤੀ ਨੂੰ ਘੇਰ ਲਿਆ ਅਤੇ ਉਨ੍ਹਾਂ ਨੇ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ।

ਰਾਸ਼ਟਰਪਤੀ ਨੇ ਕਿਹਾ, "ਮੈਂ ਸਮਝਦਾ ਹਾਂ ਕਿ ਕਿਸਾਨੀ ਮੁਦੇ ਅਹਿਮ ਹੈ ਅਤੇ ਮੈਂ ਇਹ ਕਹਿ ਰਿਹਾ ਹਾਂ ਕਿਉਂਕਿ ਸਾਨੂੰ ਦੋਵਾਂ ਨੂੰ ਨਿਮਰ ਅਤੇ ਲਚਕੀਲੇ ਹੋਣਾ ਚਾਹੀਦਾ ਹੈ। ਖੇਤੀਬਾੜੀ ਸੰਕਟ ਦਾ ਹੱਲ ਅਸੀਂ ਕੁਝ ਘੰਟਿਆਂ ਵਿੱਚ ਨਹੀਂ ਕਰ ਸਕਦੇ। ਇਹ ਅੱਜ ਇਸ ਮੇਲੇ ਉੱਪਰ ਹੱਲ ਨਹੀਂ ਹੋਵੇਗਾ।"

ਜਦੋਂ ਕਿਸਾਨਾਂ ਨੇ ਮੇਲੇ ਵਿੱਚ ਹੋ-ਹੱਲਾ ਕਰਨਾ ਸ਼ੁਰੂ ਕੀਤਾ ਤਾਂ ਪੈਰਿਸ ਦੀ ਪੁਲਿਸ ਨੂੰ ਉਨ੍ਹਾਂ ਉੱਤੇ ਕਾਬੂ ਪਾਉਣਾ ਪਿਆ।ਨਵੇਂ ਪ੍ਰਧਾਨ ਮੰਤਰੀ ਨੂੰ ਚੁਣੌਤੀ ਦੇਣ ਲਈ ਕਿਸਾਨਾਂ ਨੇ ਬੀਤੇ ਸ਼ੁੱਕਰਵਾਰ ਨੂੰ ਫਰਾਂਸ ਵਿੱਚ ਕਈ ਮੋਟਰਵੇਅ ਜਾਮ ਕਰ ਦਿੱਤੇ। ਕਿਸਾਨਾਂ ਨੇ ਮੋਟਰਵੇਅ ਦੇ ਵੱਡੇ ਹਿੱਸੇ ਨੂੰ ਬੰਦ ਕਰਕੇ ਨਵੇਂ ਪ੍ਰਧਾਨ ਮੰਤਰੀ ਗੈਬਰੀਅਲ ਅਟਲ ਲਈ ਇੱਕ ਸੰਕਟ ਖੜ੍ਹਾ ਕਰ ਦਿੱਤਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਨੇ ਕਿਸਾਨਾਂ ਦਾ ਗੁੱਸਾ ਸ਼ਾਂਤ ਕਰਨ ਲਈ ਦੱਖਣ-ਪੱਛਮ ਵਿੱਚ ਇੱਕ ਫਾਰਮ ਦਾ ਦੌਰਾ ਕੀਤਾ ਅਤੇ ਕਿਸਾਨਾਂ ਨੂੰ ਸਰਕਾਰ ਦੇ ਕਦਮਾਂ ਤੋਂ ਜਾਣੂ ਕਰਵਾਇਆ।

## ਕਿਸਾਨ ਕੱਟੜਪੰਥੀ ਨਹੀਂ ਹਨ

ਫਰਾਂਸ ਦੀ ਨੈਸ਼ਨਲ ਰੈਲੀ ਪਾਰਟੀ ਦੇ ਆਗੂ ਜੌਰਡਨ ਬਾਰਡੇਲਾ ਨੂੰ ਪ੍ਰਦਰਸ਼ਨਕਾਰੀਆਂ ਵਿਚਕਾਰ ਦੇਖਿਆ ਗਿਆ ਹੈ। ਇਸ ਤੋਂ ਇਲਾਵਾ ਜਰਮਨੀ ਵਿੱਚ ਸੱਜੇ ਪੱਖੀ ਅਲਟਰਨੇਟਿਵ ਫਾਰ ਜਰਮਨੀ (ਏ.ਐੱਫ.ਡੀ.) ਨੇ ਵੀ ਕਿਸਾਨਾਂ ਦੇ ਦੇ ਮੁੱਦਿਆਂ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਹੈ ਹਾਲਾਂਕਿ ਵਰਨੇਟ ਨੇ ਇਨ੍ਹਾਂ ਕੋਸ਼ਿਸ਼ਾਂ ਦਾ ਮੂੰਹ ਮੋੜ ਦਿੱਤਾ: "ਕਿਸਾਨ ਕੱਟੜਪੰਥੀ ਨਹੀਂ ਹਨ। ਅਸਲ ਵਿੱਚ, ਯੂਰਪ ਵਿੱਚ ਕਿਸਾਨ ਪਹਿਲਾ ਯੂਰਪੀਅਨ ਹਨ, ਕਿਉਂਕਿ ਉਹ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਯੂਰਪ ਉਨ੍ਹਾਂ ਲਈ ਕਿੰਨਾ ਮਹੱਤਵਪੂਰਨ ਹੈ।"

ਯੂਰਪ ਵਿੱਚ ਚੋਣਾਂ ਨੇੜੇ ਹੋਣ ਦੇ ਨਾਲ, ਫਰਾਂਸ ਦੇ ਨਵੇਂ ਪ੍ਰਧਾਨ ਮੰਤਰੀ ਗੈਬਰੀਅਲ ਅਟਲ ਆਪਣੇ ਕਾਰਜਕਾਲ ਦੇ ਪਹਿਲੇ ਸਿਆਸੀ ਸੰਕਟ ਨੂੰ ਖਤਮ ਕਰਨ ਲਈ ਉਤਾਵਲੇ ਹਨ।

## ਪੋਲੈਂਡ ਵਿੱਚ ਕੀ ਹੋ ਰਿਹਾ ਹੈ

ਪੋਲਿਸ਼ ਕਿਸਾਨ ਗੁਆਂਢੀ ਦੇਸ਼ ਯੂਕਰੇਨ ਤੋਂ ਅਨਾਜ ਦੀ ਆਮਦ ਦਾ ਵਿਰੋਧ ਕਰ ਰਹੇ ਹਨ, ਜਿਸ ਕਾਰਨ ਸਰਕਾਰ ਨੇ ਗੱਲਬਾਤ ਕਰਨ ਲਈ ਪ੍ਰੇਰਿਆ ਹੈ। ਰੂਸ ਨੇ 2022 ਵਿੱਚ ਆਪਣੀ ਫੌਜੀ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਯੂਕਰੇਨ ਤੋਂ ਯੂਰਪੀ ਸੰਘ ਵਿਚ ਅਯਾਤ ਡਿਊਟੀ ਮੁਕਤ ਕਰ ਦਿੱਤਾ ਗਿਆ ਸੀ। ਯੂਰਪੀਅਨ ਸੰਘ ਦੇ ਕਿਸਾਨ ਯੂਕਰੇਨ ਨੂੰ ਢਿੱਲ ਦੇਣ ਅਤੇ ਕੀਮਤਾਂ ਉਪਰ ਦਬਾਅ ਪਾਉਣ ਲਈ ਨਾਰਾਜ਼ ਹਨ।

ਕਿਸਾਨਾਂ ਦਾ ਕਹਿਣਾ ਹੈ ਕਿ 27 ਦੇਸ਼ਾਂ ਦੀਆਂ ਯੂਰਪੀ ਯੂਨੀਅਨ ਦੀਆਂ ਨੀਤੀਆਂ ਉਨ੍ਹਾਂ ਦੇ ਉਤਪਾਦਾਂ ਨੂੰ ਗੈਰ-ਯੂਰਪੀਅਨ ਸੰਘ ਦੇ ਅਯਾਤ ਨਾਲੋਂ ਮਹਿੰਗੀਆਂ ਬਣਾਉਂਦੀਆਂ ਹਨ ਅਤੇ ਉਹ ਇਟਲੀ, ਸਪੇਨ, ਸਵਿਟਜ਼ਰਲੈਂਡ, ਰੋਮਾਨੀਆ ਅਤੇ ਹੋਰ ਦੇਸ਼ਾਂ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਯੂਰਪੀਅਨ ਯੂਨੀਅਨ ਦੀ ਕਾਰਜਕਾਰੀ ਸ਼ਾਖਾ ਨੇ ਵਿਰੋਧ ਪ੍ਰਦਰਸ਼ਨਾਂ ਕਾਰਣ ਕਈ ਰਾਜਧਾਨੀਆਂ ਨੂੰ ਬੰਦ ਕਰਨ ਤੋਂ ਬਾਅਦ ਪਿਛਲੇ ਹਫਤੇ ਕੀਟਨਾਸ਼ਕ ਵਿਰੋਧੀ ਮਤੇ ਨੂੰ ਰੱਦ ਕਰ ਦਿੱਤਾ ਸੀ।

## ਜਰਮਨੀ ਵਿੱਚ ਸਥਿਤੀ

ਜਰਮਨੀ 'ਚ ਕਿਸਾਨਾਂ ਦੀ ਨਾਰਾਜ਼ਗੀ ਨੂੰ ਦੇਖਦਿਆਂ ਸਰਕਾਰ ਨੇ ਗੱਲਬਾਤ ਕਰਨ ਦਾ ਇਰਾਦਾ ਦਿਖਾਇਆ। ਕਿਸਾਨਾਂ ਦੇ ਪ੍ਰਦਰਸ਼ਨ ਵਿਚ ਗੱਲਬਾਤ ਕਰਨ ਗਏ ਖੇਤੀ ਮੰਤਰੀ ਕੈਮ ਓਜ਼ਡੇਮੀਰ ਨੇ ਉਨ੍ਹਾਂ ਭਰੋਸਾ ਦਿਵਾਇਆ ਕਿ ਜੋ ਵੀ ਉਨ੍ਹਾਂ ਦੇ ਵਸ ਵਿਚ ਹੈ, ਉਹ ਕਿਸਾਨਾਂ ਲਈ ਕਰਨਗੇ। ਸਰਕਾਰ ਸਪੱਸ਼ਟ ਕਰ ਰਹੀ ਹੈ ਕਿ ਉਹ ਆਪਣੇ ਫੈਸਲਿਆਂ 'ਤੇ ਅੜੀਅਲ ਨਹੀਂ ਹੈ।

ਜਰਮਨੀ ਵਿਚ ਵੀ ਇਹ ਖਦਸ਼ਾ ਸੀ ਕਿ ਕਿਸਾਨ ਅੰਦੋਲਨ ਦੇ ਬਹਾਨੇ ਸੱਜੇ-ਪੱਖੀ ਤੱਤ ਆਪਣਾ ਏਜੰਡੇ ਚਲਾ ਸਕਦੇ ਹਨ। ਥੁਰਿੰਜੀਆ ਰਾਜ ਵਿੱਚ "ਸੰਵਿਧਾਨ ਦੀ ਸੁਰੱਖਿਆ ਲਈ ਦਫਤਰ" ਦੇ ਮੁਖੀ ਸਟੀਫਨ ਕ੍ਰੈਮਰ ਨੇ ਖਦਸ਼ਾ ਪ੍ਰਗਟਾਇਆ ਕਿ ਸੱਜੇ-ਪੱਖੀ ਕੱਟੜਪੰਥੀ ਕਿਸਾਨਾਂ ਦੇ ਪ੍ਰਦਰਸ਼ਨਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਪਰ ਇਨ੍ਹਾਂ ਖਦਸ਼ਿਆਂ ਦੇ ਆਧਾਰ 'ਤੇ ਪ੍ਰਦਰਸ਼ਨਾਂ ਨੂੰ ਰੱਦ ਕਰਨ ਜਾਂ ਹੋਣ ਤੋਂ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਜਰਮਨ ਦੇ ਕਿਸਾਨਾਂ ਨੇ ਆਪਣੇ ਦੇਸ਼ ਵਿੱਚ ਡੀਜ਼ਲ ਬਾਲਣ ਲਈ ਸਬਸਿਡੀਆਂ ਵਿੱਚ ਕਟੌਤੀ ਦੇ ਵਿਰੁੱਧ ਰੈਲੀ ਕੀਤੀ ਸੀ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਬਸਿਡੀ ਵਿੱਚ ਕਟੌਤੀ ਕਾਰਣ ਉਹ ਦੀਵਾਲੀਆ ਹੋ ਜਾਣਗੇ। ਕਿਉਂਕਿ ਉਨ੍ਹਾਂ ਨੂੰ ਜੋ ਬਚਤ ਹੁੰਦੀ ਸੀ, ਉਹ ਹੁਣ ਡੀਜ਼ਲ ਖਰੀਦਣ 'ਤੇ ਖਰਚ ਹੋ ਜਾਵੇਗੀ। ਉਨ੍ਹਾਂ ਕੋਲ ਫਿਰ ਕੀ ਬਚਿਆ ਹੋਵੇਗਾ?

## ਅਮਰੀਕਾ ਦੀ ਸਥਿਤੀ

ਸੰਯੁਕਤ ਰਾਜ ਵਿੱਚ ਕਿਸਾਨ ਦਲੀਲ ਦਿੰਦੇ ਹਨ ਕਿ ਵੱਡੀਆਂ ਕਾਰਪੋਰੇਸ਼ਨਾਂ ਉਨ੍ਹਾਂ ਦੀਆਂ ਫਸਲਾਂ ਦੀ ਕੀਮਤ ਨਿਰਧਾਰਤ ਕਰ ਰਹੀਆਂ ਹਨ। 2023 ਵਿੱਚ ਉਤਪਾਦਨ ਲਾਗਤ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਅਜਿਹੇ ਵਿਚ ਅਮਰੀਕੀ ਕਿਸਾਨਾਂ 'ਤੇ ਖੇਤੀ ਦਾ ਕੰਮ ਜਾਰੀ ਰੱਖਣ ਲਈ ਵਿੱਤੀ ਦਬਾਅ ਅਰਥਾਤ ਖਰਚਾ ਵਧ ਗਿਆ ਹੈ।

## ਨੀਦਰਲੈਂਡ ਦੇ ਹਾਲਾਤ

ਡੱਚ ਕਿਸਾਨਾਂ ਨੇ ਦੇਸ਼ ਦੇ ਵੱਡੇ ਪੱਧਰ 'ਤੇ ਪਸ਼ੂ ਪਾਲਣ ਪ੍ਰਣਾਲੀ ਤੋਂ ਨਾਈਟਰਸ ਆਕਸਾਈਡ ਪ੍ਰਦੂਸ਼ਣ ਨੂੰ ਰੋਕਣ ਦੀਆਂ ਯੋਜਨਾਵਾਂ 'ਤੇ ਗੁੱਸਾ ਜ਼ਾਹਰ ਕੀਤਾ ਹੈ। ਪਿਛਲੇ ਜੂਨ ਵਿੱਚ, ਨੀਦਰਲੈਂਡ ਨੇ 2030 ਤੱਕ ਨਾਈਟ੍ਰੋਜਨ ਨਾਲ ਸਬੰਧਤ ਗੈਸਾਂ ਦੇ ਨਿਕਾਸ ਨੂੰ ਅੱਧਾ ਕਰਨ ਦਾ ਟੀਚਾ ਘੋਸ਼ਿਤ ਕੀਤਾ ਸੀ। ਕਿਸਾਨ ਦਲੀਲ ਦਿੰਦੇ ਹਨ ਕਿ ਵਿਮਾਨ ਸੇਵਾਵਾਂ ਵਰਗੀਆਂ ਹੋਰ ਬਹੁਤ ਜ਼ਿਆਦਾ ਪ੍ਰਦੂਸ਼ਣ ਕਰਨ ਵਾਲੀਆਂ ਸਨਅਤਾਂ, ਅਜਿਹੀਆਂ ਸਖ਼ਤ ਪਾਬੰਦੀਆਂ ਦੇ ਅਧੀਨ ਕਿਉਂ ਨਹੀਂ ਹਨ।

## ਗ੍ਰੀਸ ਵਿੱਚ ਵੀ ਨਾਰਾਜ਼ਗੀ

ਗ੍ਰੀਸ ਵਿੱਚ ਕਿਸਾਨ ਸੰਗਠਨਾਂ ਨੇ ਉੱਚ ਉਤਪਾਦਨ ਲਾਗਤ ਦੇ ਵਿਰੋਧ ਵਿੱਚ ਦੇਸ਼ ਭਰ ਵਿੱਚ ਸੜਕਾਂ ਜਾਮ ਕਰਨ ਦੀ ਧਮਕੀ ਦਿੱਤੀ ਹੈ। ਜਿਸ 'ਤੇ ਯੂਨਾਨ ਸਰਕਾਰ ਦਾ ਕਹਿਣਾ ਹੈ ਕਿ ਉਹ ਇਸ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੇਗੀ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਕੁੱਲ ਮਿਲਾ ਕੇ ਦੁਨੀਆਂ ਦੇ ਸਾਰੇ ਦੇਸ਼ਾਂ ਦੇ ਕਿਸਾਨ ਦਲੀਲ ਦਿੰਦੇ ਹਨ ਕਿ ਸਰਕਾਰੀ ਨੀਤੀਆਂ ਕਾਰਨ ਅਸੀਂ ਬਿਜਲੀ, ਖਾਦ ਅਤੇ ਟਰਾਂਸਪੋਰਟ ਦੀਆਂ ਵਧਦੀਆਂ ਕੀਮਤਾਂ ਕਾਰਣ ਖੇਤੀ ਦਾ ਘਾਟਾ ਪੂਰਾ ਕਰਨ ਤੋਂ ਅਸਮਰੱਥ ਹਾਂ। ਵਿਸ਼ਵ ਭਰ ਦੇ ਕਿਸਾਨ ਇੱਕ ਵਿਆਪਕ ਊਰਜਾ ਪਰਿਵਰਤਨ ਨੀਤੀ ਦੇ ਹਿੱਸੇ ਵਜੋਂ, ਡੀਜ਼ਲ ਈਂਧਨ 'ਤੇ ਕਿਸਾਨਾਂ ਲਈ ਟੈਕਸ ਬਰੇਕਾਂ ਨੂੰ ਪੜਾਅਵਾਰ ਖਤਮ ਕਰਨ ਦੀਆਂ ਸਰਕਾਰੀ ਯੋਜਨਾਵਾਂ ਤੋਂ ਵੀ ਨਾਰਾਜ਼ ਹਨ। ਜਦੋਂ ਉਸ ਨੂੰ ਆਪਣੀ ਫਸਲ ਦਾ ਵਾਜਬ ਮੁੱਲ ਨਹੀਂ ਮਿਲਦਾ ਤਾਂ ਬਾਕੀ ਖਰਚੇ ਲਈ ਪੈਸੇ ਕਿੱਥੋਂ ਮਿਲਣਗੇ।

# ਕਿਸਾਨ ਸੰਘਰਸ਼ ਕੁਚਲਣ ਲਈ ਪਾਬੰਦੀ ਸ਼ੁਦਾ ਖਤਰਨਾਕ ਪੈਲੇਟ ਗੰਨ ਦੀ ਵਰਤੋਂ ਹੋਈ

**✪ ਮਾਹਿਰਾਂ ਨੇ ਹਰਿਆਣਾ ਦੇ ਦਾਅਵੇ ਨੂੰ ਦੱਸਿਆ ਝੂਠ ✪ ਸਰਕਾਰ ਦਾ ਕਿਸਾਨਾਂ 'ਤੇ ਕੀਤਾ ਜਾ ਰਿਹਾ ਜ਼ੁਲਮ ਜੱਲ੍ਹਿਆਂਵਾਲੇ ਕਾਂਡ ਤੋਂ ਵੀ ਵੱਧ : ਜਥੇਦਾਰ ਅਕਾਲ ਤਖ਼ਤ ✪ ਹਾਈਕੋਰਟ ਵਿਖੇ ਹੰਝੂ ਗੈਸ ਦੇ ਗੋਲਿਆਂ ਤੇ ਪੈਲੇਟ ਗੰਨ 'ਤੇ ਚੁੱਕੇ ਸਵਾਲ**








ਕਿਸਾਨ ਆਗੂਆਂ ਤੇ ਰਾਜਨੀਤਕ ਆਗੂਆਂ ਦਾ ਮੰਨਣਾ ਹੈ ਕਿ ਹਰਿਆਣਾ ਸਰਕਾਰ ਨੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨ ਸੰਘਰਸ਼ ਕੁਚਲਣ ਲਈ ਪਾਬੰਦੀ ਸ਼ੁਦਾ ਖਤਰਨਾਕ ਪੈਲੇਟ ਗੰਨ ਦੀ ਵਰਤੋਂ ਕੀਤੀ ਹੈ ਅਤੇ ਅਨੇਕਾਂ ਜ਼ਖਮੀ ਕਿਸਾਨਾਂ ਦੇ ਸਰੀਰ ਵਿਚ ਇਸ ਗੰਨ ਦੀਆਂ ਗੋਲੀਆਂ ਦੇ ਕਣ ਫਸੇ ਹੋਏ ਹਨ ਜੋ ਅਪਰੇਸ਼ਨ ਰਾਹੀਂ ਕਢੇ ਜਾ ਰਹੇ ਹਨ। ਖਨੌਰੀ ਬਾਰਡਰ 'ਤੇ 21 ਸਾਲ ਕਿਸਾਨ ਸ਼ੁਭਕਰਨ ਦੀ ਹੋਈ ਮੌਤ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਪਹੁੰਚ ਗਿਆ ਹੈ। ਸ਼ੁਭਕਰਨ ਦੀ ਮੌਤ ਨੂੰ ਲੈ ਕੇ ਹਾਈਕੋਰਟ 'ਚ ਮੋਹਾਲੀ ਦੇ ਇਕ ਐਡਵੋਕੇਟ ਹਰਿੰਦਰ ਸਿੰਘ ਵਲੋਂ ਪਟੀਸ਼ਨ ਦਾਇਰ ਕੀਤੀ ਗਈ ਹੈ। ਉਨ੍ਹਾਂ ਨੇ ਆਪਣੀ ਪਟੀਸ਼ਨ ਵਿਚ ਹੰਝੂ ਗੈਸ ਅਤੇ ਪੈਲੇਟ ਗੰਨ ਦੇ ਇਸਤੇਮਾਲ 'ਤੇ ਸਵਾਲ ਚੁੱਕੇ ਹਨ।ਫਿਲਹਾਲ ਇਸ ਪਟੀਸ਼ਨ 'ਤੇ ਅਦਾਲਤ ਵਲੋਂ 29 ਫਰਵਰੀ ਨੂੰ ਸੁਣਵਾਈ ਕੀਤੀ ਜਾਵੇਗੀ।

ਦੂਜੇ ਪਾਸੇ ਹਰਿਆਣਾ ਦੇ ਡੀਜੀਪੀ ਸ਼ਤਰੂਜੀਤ ਸਿੰਘ ਪੈਲੇਟ ਗੰਨ ਤੋਂ ਸਾਫ ਇਨਕਾਰ ਕਰ ਰਹੇ ਹਨ ਜਦਕਿ ਏਡੀਜੀਪੀ ਲਾਅ ਐਂਡ ਆਰਡਰ ਮਮਤਾ ਸਿੰਘ ਦਾ ਦਾਅਵਾ ਹੈ ਕਿ ਅਸੀਂ ਇੱਕ ਜਾਂ ਫਿਰ 2 ਮੌਕਿਆਂ 'ਤੇ ਰੱਬੜ ਦੀਆਂ ਗੋਲੀਆਂ ਦੀ ਵਰਤੋਂ ਕੀਤੀ ਹੈ। ਪਰ ਕਿਸਾਨਾਂ ਦੇ ਸਰੀਰ 'ਤੇ ਮੋਰੀਆਂ ਵਰਗੇ ਜ਼ਖਮ ਹਨ ਉਸ ਨੂੰ ਵੇਖ ਕੇ ਡਾਕਟਰ ਅਤੇ ਸਾਬਕਾ ਪੁਲਿਸ ਅਫਸਰ ਹਰਿਆਣਾ ਦੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪਹਿਲੀ ਨਜ਼ਰ ਵਿੱਚ ਪੈਲੇਟ ਗੰਨ ਦੇ ਨਿਸ਼ਾਨ ਹਨ ,ਜਿਸਦੀ ਵਰਤੋਂ ਕਸ਼ਮੀਰ ਵਿਚ ਕੀਤੀ ਗਈ ਸੀ । ਕਸ਼ਮੀਰ ਵਿਚ ਇਸ ਗੰਨ ਉਪਰ ਪਾਬੰਦੀ ਲਗੀ ਹੋਈ ਹੈ।

ਦਿੱਲੀ ਦੇ ਪ੍ਰੋਗੇਸਿਵ ਮੈਡੀਕੋਜ ਐਂਡ ਸਾਇੰਟਿਸਟ ਫੋਰਨ ਦੇ ਚੇਅਰਮੈਨ ਡਾਕਟਰ ਸਿਧਾਰਥ ਨੇ ਖਨੌਰੀ ਬਾਰਡਰ 'ਤੇ ਜਖ਼ਮੀ ਹੋਏ ਬਲਵਿੰਦਰ ਸਿੰਘ ਦੀ ਫੋਟੋ ਵੇਖਣ ਤੋਂ ਬਾਅਦਾ ਦਾਅਵਾ ਕੀਤਾ ਕਿ ਇਹ ਪੈਲੇਟ ਗੰਨ ਫਾਇਰਿੰਗ ਦੇ ਸਾਫ ਸਬੂਤ ਹਨ। ਬਤੌਰ ਡਾਕਟਰ ਮੈਂ ਕਹਿ ਸਕਦਾ ਹਾਂ ਕਿ ਸਰੀਰ ਵਿੱਚ ਜਿਸ ਤਰ੍ਹਾਂ ਦੇ ਨਿਸ਼ਾਨ ਹਨ ਉਹ ਪੈਲੇਟ ਗੰਨ ਦੇ ਜਖਮ ਹਨ। ਪੈਲੇਟ ਲੱਗਣ ਨਾਲ ਅੱਖਾਂ ਵਿੱਚ ਜ਼ਖਮ ਹੋਏ ਹਨ। ਜੇਕਰ ਉਹ ਪੈਲੇਟ ਵਕਤ ਰਹਿੰਦੇ ਨਾ ਨਿਕਲੇ ਤਾਂ ਇਨਫੈਕਸ਼ਨ ਜਾਂ ਐਲਰਜੀ ਵੀ ਹੋ ਸਕਦੀ ਹੈ। ਇਨਫੈਕਸ਼ਨ ਵਧਣ ਨਾਲ ਜਾਨ ਵੀ ਜਾ ਸਕਦੀ ਹੈ । ਇਸ ਤੋਂ ਬਾਅਦ ਫਾਰੈਂਸਿਸ ਮਾਹਿਰ ਦਿੱਲੀ ਦੇ ਸੀਨੀਅਰ ਡਾਕਟਰ ਰਿਸ਼ੀ ਨੇ ਵੀ ਦੱਸਿਆ ਬਲਵਿੰਦਰ ਸਿੰਘ ਦੀ ਫੋਟੋ ਨੂੰ ਵੇਖ ਕੇ ਲੱਗਦਾ ਹੈ ਇਹ ਜਖ਼ਮ ਪੈਲੇਟ ਗੰਨ ਦੀ ਵਜ੍ਹਾ ਕਰਕੇ ਹੀ ਹੋਏ ਹਨ।

ਪੈਲੇਟ ਗੰਨ ਦੇ ਇੱਕ ਕਾਰਤੂਸ ਵਿੱਚ ਤਕਰੀਬਨ 100 ਪੈਲੇਟਸ ਹੁੰਦੇ ਹਨ। ਇੰਨਾਂ ਨੂੰ ਫਾਇਰ ਕੀਤਾ ਜਾਂਦਾ ਹੈ ਤਾਂ ਤਕਰੀਬਨ 100 ਮੀਟਰ ਦੂਰ ਇੱਕ ਪੈਲੇਟ ਬਿਖਰ ਜਾਂਦਾ ਹੈ । ਇਹ ਸਰੀਰ ਵਿੱਚ ਵੜ੍ਹ ਜਾਂਦਾ ਹੈ। ਜਿਸ ਨਾਲ ਤੇਜ਼ ਦਰਦ ਹੁੰਦਾ ਹੈ। ਜੇਕਰ ਪੈਲੇਟਸ ਅੱਖਾਂ ਵਿੱਚ ਲੱਗ ਜਾਣ ਤਾਂ ਅੱਖਾਂ ਫੱਟ ਸਕਦੀਆਂ ਹਨ । ਰੇਟਿਨਾ ਵੱਖ ਹੋ ਸਕਦਾ ਹੈ। ਰੋਸ਼ਨੀ ਪੂਰੀ ਤਰ੍ਹਾਂ ਨਾਲ ਖਤਮ ਹੋ ਸਕਦੀ ਹੈ। ਇਹੀ ਕੁਝ ਕਿਸਾਨਾਂ ਨਾਲ ਵਾਪਰਿਆ ਹੈ।

ਯਾਦ ਰਹੇ ਕਿ ਪੈਲੇਟ ਗੰਨ ਵਿੱਚ ਅੱਖਾਂ ਵਿੱਚ ਸੱਟਾਂ ਦੀ ਵਜ੍ਹਾ ਕਰਕੇ ਕਸ਼ਮੀਰ ਵਿੱਚ ਵੱਡੀ ਗਿਣਤੀ ਵਿਚ ਲੋਕਾਂ ਦੀ ਅੱਖਾਂ ਦੀ ਰੋਸ਼ਨੀ ਚੱਲੀ ਗਈ । ਇਸ ਦੇ ਬਾਅਦ ਪੈਲੇਟ ਗੰਨ ਦੀ ਵਰਤੋਂ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਚਿੰਤਾ ਜਤਾਈ ਸੀ । ਨਾਲ ਹੀ ਭੀੜ ਨੂੰ ਕਾਬੂ ਕਰਨ ਦੇ ਲਈ ਜ਼ਿਆਦਾ ਮਨੁੱਖੀ ਤਰੀਕੇ ਅਪਨਾਉਣ ਦੀ ਵਕਾਲਤ ਕੀਤੀ ਗਈ ਸੀ।

ਪ੍ਰਦਰਸ਼ਨ ਦੇ ਦੌਰਾਨ ਪੈਲੇਟ ਗੰਨ ਦੀ ਵਰਤੋਂ ਕਰਨ ਦੇ ਦਾਅਵੇ 'ਤੇ ਰਿਟਾਇਡ ਆਈਪੀਐਸ ਅਫਸਰ ਐਸ ਆਰ ਦਾਰਾਪੁਰੀ ਨੇ ਬਲਵਿੰਦਰ ਸਿੰਘ ਦੀ ਫੋਟੋ ਵੇਖ ਦੱਸਿਆ ਕਿ ਇਹ ਪੈਲੇਟ ਗੰਨ ਦੇ ਜਖਮ ਦੇ ਨਿਸ਼ਾਨ ਹਨ। ਇਹ ਪੈਲੇਟ ਗੰਨ ਦੇ ਹੀ ਛਰੇ ਹਨ। ਕਿਸਾਨਾਂ 'ਤੇ ਚਲਾਏ ਗਏ ਹਨ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਪੁਲਿਸ ਕਿਸ ਹਾਲਾਤ ਵਿੱਚ ਪੈਲੇਟ ਗੰਨ ਚਲਾ ਸਕਦੀ ਹੈ ਤਾਂ ਸਾਬਕਾ ਆਈਪੀਐਸ ਅਫਸਰ ਨੇ ਕਿਹਾ ਭਾਰਤ ਵਿੱਚ ਪੁਲਿਸ ਨੂੰ ਪੈਲੇਟ ਗੰਨ ਦੀ ਵਰਤੋਂ ਕਰਨ ਦੀ ਮਨਾਹੀ ਹੈ,ਕਿਸੇ ਵੀ ਹਾਲਾਤ ਵਿੱਚ ਇਸ ਦੀ ਵਰਤੋਂ ਨਹੀਂ ਹੋ ਸਕਦੀ ਹੈ। ਜੇਕਰ ਇਸ ਦੀ ਵਰਤੋਂ ਵੀ ਕਰਨੀ ਪਏ ਤਾਂ ਇਹ ਅਖੀਰਲਾ ਬਦਲ ਹੁੰਦਾ ਹੈ। ਯਾਨੀ ਬਹੁਤ ਹੀ ਗੰਭੀਰ ਹਾਲਤ ਵਿੱਚ ਤੁਸੀਂ ਇਜਾਜ਼ਤ ਦੇ ਨਾਲ ਇਸ ਦੀ ਵਰਤੋਂ ਹੁੰਦੀ ਹੈ। ਸਾਬਕਾ ਆਈਪੀਐਸ ਅਫਸਰ ਸ਼੍ਰ ਦਾਰਾਪੁਰੀ ਨੇ ਦੱਸਿਆ ਕਿ ਕਸ਼ਮੀਰ ਦੀ ਘਟਨਾਵਾਂ ਦੇ ਬਾਅਦ ਇਸ ਦੀ ਵਰਤੋਂ ਹੁਣ ਤੱਕ ਨਹੀਂ ਹੋਈ। ਹੁਣ ਪੰਜਾਬ ਵਿਚ ਹੋਈ ਹੈ।

ਸਾਬਕਾ ਆਈਪੀਐਸ ਅਫਸਰ ਮੁਤਾਬਿਕ ਬੁਲੇਟ 5 ਤੋਂ 12 ਰੇਂਜ ਤੱਕ ਦੀ ਹੁੰਦੀ ਹੈ,5 ਨੂੰ ਸਭ ਤੋ ਖਤਰਨਾਕ ਮੰਨਿਆ ਜਾਂਦਾ ਹੈ। ਪੈਲੇਟ ਗੰਨ ਤੋਂ ਛੋਟੀਆਂ-ਛੋਟੀਆਂ ਬਾਲ ਫਾਇਰ ਕੀਤੀਆਂ ਜਾਂਦੀਆਂ ਹਨ। ਇੱਕ ਬੁਲੇਟ ਤੋਂ 100 ਤੋਂ 600 ਬਾਲ ਹੁੰਦੇ ਹਨ। ਫਾਇਰ ਹੋਣ ਤੋਂ ਬਾਅਦ ਬੁਲੇਟ ਹਵਾ ਵਿੱਚ ਫੱਟ ਦੀ ਹੈ ਅਤੇ ਫਿਰ ਬਾਲ 100 ਮੀਟਰ ਦੂਰ ਜਾਕੇ ਫੱਟਦੀ ਹੈ। ਕਾਨੂੰਨ ਦੇ ਜਾਣਕਾਰਾਂ ਦੇ ਮੁਤਾਬਿਕ ਪੈਲੇਟ ਗੰਨ ਨੂੰ ਲੈਕੇ ਕੋਈ ਕਾਨੂੰਨ ਨਹੀਂ ਹੈ। ਆਰਮਸ ਐਕਟ ਵਿੱਚ ਏਅਰ ਗੰਨ ਦੇ ਲਈ ਨਿਯਮ ਹਨ। ਮੁਆਵਜ਼ੇ 'ਤੇ ਕੋਈ ਕਾਨੂੰਨ ਨਹੀਂ ਹੈ। ਹੁਣ ਤੱਕ ਕੋਰਟ ਨੂੰ ਅਜਿਹਾ ਕਾਨੂੰਨ ਬਣਾਉਣ ਦਾ ਮੌਕਾ ਨਹੀਂ ਮਿਲਿਆ। ਪੈਲੇਟ ਗੰਨ ਦੀ ਵਜ੍ਹਾ ਕਰਕੇ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਮੁਆਵਜ਼ਾ ਨਹੀਂ ਮਿਲਦਾ ਹੈ।



ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਖਨੌਰੀ ਕੋਲ ਕਿਸਾਨਾਂ ਉੱਤੇ ਪੁਲਿਸ ਵੱਲੋਂ ਚਲਾਈਆਂ ਗਈਆਂ ਸਿੱਧੀਆਂ ਗੋਲੀਆਂ ਤੇ ਪੈਲੇਟ ਗੰਨ ਦੀਆਂ ਗੋਲੀਆਂ ਕਾਰਨ ਇਕ ਪੰਜਾਬੀ ਨੌਜਵਾਨ ਸ਼ੁਭਇੰਦਰ ਦੀ ਮੌਤ ਹੋਈ ਹੈ ਅਤੇ ਕਈ ਗੰਭੀਰ ਜ਼ਖ਼ਮੀ ਹੋਏ ਹਨ। ਉਨ੍ਹਾਂ ਆਖਿਆ ਕਿ ਇਹ ਕਿਸਾਨ ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਾ ਹਨ, ਨਾ ਕਿ ਕਿਸੇ ਦੁਸ਼ਮਣ ਦੇਸ਼ ਦੇ ਘੁਸਪੈਠੀਏ, ਜਿਨ੍ਹਾਂ ਵੱਲ ਸਰਕਾਰ ਸਿੱਧੀਆਂ ਗੋਲੀਆਂ ਚਲਾ ਕੇ ਉਨ੍ਹਾਂ ਦੀਆਂ ਛਾਤੀਆਂ ਅਤੇ ਸਿਰ ਵਿੰਨ੍ਹ ਰਹੀ ਹੈ। ਉਨ੍ਹਾਂ ਨੂੰ ਆਪਣੇ ਜਮਹੂਰੀ ਅਧਿਕਾਰ ਤਹਿਤ ਦਿੱਲੀ ਜਾ ਕੇ ਪ੍ਰਦਰਸ਼ਨ ਕਰਨ ਤੋਂ ਰੋਕਣ ਵਾਸਤੇ ਸਰਕਾਰ ਵੱਲੋਂ ਵਰਤੇ ਹਥਕੰਡੇ ਕਿਸੇ ਵੀ ਤਰ੍ਹਾਂ ਜੱਲ੍ਹਿਆਂਵਾਲੇ ਬਾਗ 'ਚ ਅੰਗਰੇਜ਼ ਹਕੂਮਤ ਵੱਲੋਂ ਭਾਰਤੀਆਂ ਨਾਲ ਕੀਤੇ ਜ਼ੁਲਮ ਤੋਂ ਘੱਟ ਨਹੀਂ ਹਨ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਪਿਛਲੇ ਦਿਨਾਂ ਤੋਂ ਪੰਜਾਬ ਦੇ ਕਿਸਾਨ ਕੇਂਦਰ ਸਰਕਾਰ ਕੋਲੋਂ ਆਪਣੀਆਂ ਜਿਣਸਾਂ ਦੇ ਘੱਟੋ-ਘੱਟ ਸਮੱਰਥਨ ਮੁੱਲ ਸਮੇਤ ਹੋਰ ਹੱਕ ਮੰਗ ਕਰ ਰਹੇ ਹਨ ਪਰ ਸਰਕਾਰ ਆਪਣੇ ਕੰਨ੍ਹ ਤੇ ਅੱਖਾਂ ਬੰਦ ਕਰੀ ਬੈਠੀ ਹੈ ਜਿਸ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਮਸਲੇ ਹੱਲ ਨਹੀਂ ਕਰਨਾ ਚਾਹੁੰਦੀ।

********

# ਇੰਡੀਆ' ਦੇ ਪ੍ਰਮੁੱਖ ਮਹਾਂਰਥੀਆਂ ਨੇ ਆਖ਼ਿਰ ਲੋਕ ਸਭਾ ਚੋਣਾਂ ਲਈ ਮੁੱਢਲੀ ਤਿਆਰੀ ਵਿੱਢੀ

**✪ ਕਾਂਗਰਸ ਤੇ ਆਪ ਪੰਜਾਬ ਵਿਚ ਲੜਨਗੇ ਵੱਖੋ-ਵੱਖ, ਚੰਡੀਗੜ੍ਹ ਸੀਟ ਕਾਂਗਰਸ ਦੀ ਝੋਲੀ ਵਿਚ ✪ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ ✪ ਤ੍ਰਿਣਮੂਲ ਕਾਂਗਰਸ ਪੱਛਮੀ ਬੰਗਾਲ ਦੀਆਂ ਸਾਰੀਆਂ 42 ਲੋਕ ਸਭਾ ਸੀਟਾਂ 'ਤੇ ਚੋਣ ਲੜਨ 'ਤੇ ਅੜੀ**



ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਨੇ ਕਾਂਗਰਸ ਨਾਲ ਸਮਝੌਤਾ ਸਿਰੇ ਚਾੜ੍ਹ ਲਿਆ ਹੈ। ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ 'ਤੇ ਚੋਣਾਂ ਲੜੇਗੀ। ਕਦੇ ਦਹਾਕਿਆਂ ਪਹਿਲਾਂ ਯੂ.ਪੀ. ਵਿਚ ਕਾਂਗਰਸ ਦੀ ਤੂਤੀ ਬੋਲਦੀ ਸੀ, ਪਰ ਹੌਲੀ-ਹੌਲੀ ਗਾਂਧੀ-ਨਹਿਰੂ ਪਰਿਵਾਰ ਦਾ ਇਹ ਮਜ਼ਬੂਤ ਕਿਲ੍ਹਾ ਢਹਿਣਾ ਸ਼ੁਰੂ ਹੋ ਗਿਆ ਸੀ। ਪਹਿਲਾਂ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਕਾਂਗਰਸ ਨੂੰ 11 ਸੀਟਾਂ ਦੇਣ ਲਈ ਹੀ ਤਿਆਰ ਹੋਏ ਸਨ, ਪਰ ਬਾਅਦ ਵਿਚ ਪ੍ਰਿਅੰਕਾ ਗਾਂਧੀ ਵਾਡਰਾ ਦੇ ਦਖ਼ਲ ਦੇਣ ਮਗਰੋਂ ਇਹ ਮਸਲਾ ਹੱਲ ਹੋ ਗਿਆ। ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਉਹ ਦੇਸ਼ ਦੇ ਵੱਖ ਵੱਖ ਸੂਬਿਆਂ ਅੰਦਰ ਆਪਣੇ ਦਮ 'ਤੇ ਭਾਜਪਾ ਦਾ ਟਾਕਰਾ ਨਹੀਂ ਕਰ ਸਕਦੀਆਂ

ਦੂਜੇ ਪਾਸੇ ਕੁਝ ਰਾਜਾਂ ਵਿਚ ਸਰਗਰਮ ਆਪ ਪਾਰਟੀ ਨਾਲ ਵੀ ਕਾਂਗਰਸ ਸਮਝੌਤਾ ਕਰਨ ਦੀ ਵੱਡੀ ਚਾਹਵਾਨ ਰਹੀ ਹੈ। ਚਾਹੇ ਪੰਜਾਬ ਦੇ ਕਾਂਗਰਸੀ ਆਗੂਆਂ ਨੇ ਇਸ ਸੰਬੰਧੀ ਆਪਣੀ ਹਾਈਕਮਾਨ ਦੀ ਚੱਲਣ ਨਹੀਂ ਦਿੱਤੀ, ਪਰ ਦਿੱਲੀ, ਹਰਿਆਣਾ, ਗੁਜਰਾਤ, ਗੋਆ ਅਤੇ ਚੰਡੀਗੜ੍ਹ ਵਿਚ ਉਸ ਦਾ ਆਪ ਪਾਰਟੀ ਨਾਲ ਸਮਝੌਤਾ ਸਿਰੇ ਚੜ੍ਹ ਗਿਆ ਹੈ। ਦਿੱਲੀ ਰਾਜ ਦੀਆਂ 7 ਸੀਟਾਂ ਵਿਚੋਂ 3 'ਤੇ ਕਾਂਗਰਸ ਅਤੇ 4 ਸੀਟਾਂ 'ਤੇ ਆਮ ਆਦਮੀ ਪਾਰਟੀ ਚੋਣਾਂ ਲੜੇਗੀ। ਪਰ ਇਨ੍ਹਾਂ ਦੋਹਾਂ ਹੀ ਪਾਰਟੀਆਂ ਨੂੰ ਕੌਮੀ ਰਾਜਧਾਨੀ ਵਿਚ ਭਾਜਪਾ ਨਾਲ ਸਖ਼ਤ ਮੁਕਾਬਲਾ ਕਰਨਾ ਪਵੇਗਾ, ਕਿਉਂਕਿ ਇਸ ਸਮੇਂ ਲੋਕ ਸਭਾ ਦੀਆਂ ਸਾਰੀਆਂ 7 ਸੀਟਾਂ ਭਾਜਪਾ ਦੇ ਕੋਲ ਹਨ।

ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਗੁਜਰਾਤ ਦੀ ਭਰੂਚ ਅਤੇ ਭਾਵਨਗਰ ਸੀਟ ਅਤੇ ਹਰਿਆਣਾ ਦੀ ਕੁਰੂਕਸ਼ੇਤਰ ਲੋਕ ਸਭਾ ਸੀਟ 'ਤੇ ਵੀ ਚੋਣ ਲੜੇਗੀ। ਕਾਂਗਰਸ ਦੇ ਸੀਨੀਅਰ ਆਗੂ ਮੁਕੁਲ ਵਾਸਨਿਕ ਨੇ ਆਮ ਆਦਮੀ ਪਾਰਟੀ ਦੇ ਆਗੂਆਂ ਸੰਦੀਪ ਪਾਠਕ, ਸੌਰਵ ਭਾਰਦਵਾਜ ਅਤੇ ਆਤਿਸ਼ੀ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਸੀਟ ਵੰਡ ਦਾ ਐਲਾਨ ਕੀਤਾ ਸੀ ਕਿ 'ਆਪ' ਅਤੇ ਕਾਂਗਰਸ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਵੱਖ-ਵੱਖ ਲੜਨ ਦਾ ਫੈਸਲਾ ਕੀਤਾ ਹੈ ਤੇ ਚੰਡੀਗੜ੍ਹ ਲੋਕ ਸਭਾ ਸੀਟ ਤੋਂ ਕਾਂਗਰਸ ਆਪਣਾ ਉਮੀਦਵਾਰ ਖੜ੍ਹਾ ਕਰੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸੀਨੀਅਰ 'ਆਪ' ਆਗੂਆਂ ਦੇ ਕੇਂਦਰੀ ਜਾਂਚ ਏਜੰਸੀਆਂ ਦੇ ਘੇਰੇ 'ਚ ਆਉਣ ਦੇ ਮੱਦੇਨਜ਼ਰ ਪਾਰਟੀ ਭਾਜਪਾ ਨੂੰ ਜੜ੍ਹੋਂ ਪੁੱਟਣ ਲਈ ਕਾਂਗਰਸ 'ਤੇ ਭਰੋਸਾ ਕਰ ਰਹੀ ਹੈ।

ਚਾਹੇ ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਨੇ ਸਪੱਸ਼ਟ ਤੌਰ 'ਤੇ ਕਾਂਗਰਸ ਨਾਲ ਭਾਈਵਾਲੀ ਦੀ ਥਾਂ 'ਤੇ ਆਪ ਇਕੱਲਿਆਂ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਤ੍ਰਿਣਮੂਲ ਕਾਂਗਰਸ ਦੇ ਆਗੂ ਡੇਰੇਕ ਓ ਬ੍ਰਾਇਨ ਨੇ ਕਿਹਾ ਸੀ ਕਿ ਪੱਛਮੀ ਬੰਗਾਲ ਦੀਆਂ ਸਾਰੀਆਂ 42 ਲੋਕ ਸਭਾ ਸੀਟਾਂ, ਅਸਾਮ ਦੀਆਂ ਕੁਝ ਅਤੇ ਮੇਘਾਲਿਆ ਦੀ ਇਕ ਸੀਟ 'ਤੇ ਚੋਣ ਲੜਨ ਦੇ ਪਾਰਟੀ ਦੇ ਸਟੈਂਡ ਵਿਚ ਕੋਈ ਬਦਲਾਅ ਨਹੀਂ ਆਇਆ ਹੈ।

ਕੇਰਲ ਵਿਚ ਵੀ ਮਾਰਕਸੀ ਪਾਰਟੀ ਨਾਲ ਇਸ ਦਾ ਸਮਝੌਤਾ ਹੋਣਾ ਮੁਸ਼ਕਿਲ ਜਾਪਦਾ ਹੈ, ਪਰ ਕਾਂਗਰਸ ਹਾਈਕਮਾਨ ਹਾਲੇ ਤੱਕ ਵੀ ਇਹ ਯਤਨ ਕਰ ਰਹੀ ਹੈ ਕਿ ਉਹ ਇਨ੍ਹਾਂ ਦੋਹਾਂ ਰਾਜਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਅਤੇ ਕਿਸੇ ਵੀ ਸ਼ਰਤ 'ਤੇ ਸੀਟਾਂ ਸੰਬੰਧੀ ਸਮਝੌਤਾ ਕਰ ਲਵੇ। ਕਾਂਗਰਸ ਮੱਧ ਪ੍ਰਦੇਸ਼ ਦੀਆਂ 29 ਸੀਟਾਂ ਵਿਚੋਂ ਸਮਾਜਵਾਦੀ ਪਾਰਟੀ ਨੂੰ ਇਕ ਸੀਟ ਦੇਵੇਗੀ ਤੇ ਬਾਕੀ ਸੀਟਾਂ 'ਤੇ ਆਪ ਚੋਣਾਂ ਲੜੇਗੀ। ਇਸੇ ਹੀ ਤਰ੍ਹਾਂ ਝਾਰਖੰਡ ਵਿਚ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਅਤੇ ਝਾਰਖੰਡ ਮੁਕਤੀ ਮੋਰਚੇ ਨੇ ਰਲ ਕੇ ਚੋਣਾਂ ਲੜੀਆਂ ਸਨ ਅਤੇ ਇਸ ਵਾਰ ਵੀ ਅਜਿਹੇ ਹੀ ਆਸਾਰ ਨਜ਼ਰ ਆਉਂਦੇ ਹਨ। ਵੱਡਾ ਅਤੇ ਸਖ਼ਤ ਮੁਕਾਬਲਾ ਬਿਹਾਰ ਵਿਚ ਹੋਣ ਜਾ ਰਿਹਾ ਹੈ, ਜਿਥੇ 'ਇੰਡੀਆ' ਗੱਠਜੋੜ ਦਾ ਸੂਤਰਧਾਰ ਮੁੱਖ ਮੰਤਰੀ ਨਿਤਿਸ਼ ਕੁਮਾਰ ਆਪਣਾ ਪਾਲਾ ਬਦਲ ਕੇ ਭਾਜਪਾ ਨਾਲ ਜਾ ਰਲਿਆ ਹੈ, ਪਰ ਬਿਹਾਰ ਵਿਚ ਹਾਲੇ ਵੀ ਲਾਲੂ ਪ੍ਰਸਾਦ ਦੀ ਅਗਵਾਈ ਵਾਲੇ ਰਾਸ਼ਟਰੀ ਜਨਤਾ ਦਲ ਦਾ ਵੱਡਾ ਆਧਾਰ ਬਣਿਆ ਹੋਇਆ ਹੈ। ਇਸ ਲਈ ਕਾਂਗਰਸ, ਖੱਬੇਪੱਖੀ ਪਾਰਟੀਆਂ ਤੇ ਤੇਜਸਵੀ ਯਾਦਵ ਦੀ ਅਗਵਾਈ ਵਾਲੇ ਰਾਸ਼ਟਰੀ ਜਨਤਾ ਦਲ ਨਾਲ ਰਲ ਕੇ ਚੋਣਾਂ ਲੜਨ ਲਈ ਸਮਝੌਤਾ ਕਰ ਰਹੀ ਹੈ।

ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਨੇ ਇਹ ਸਪੱਸ਼ਟ ਰੂਪ ਵਿਚ ਬਿਆਨ ਦਿੱਤਾ ਸੀ ਕਿ ਉਨ੍ਹਾਂ ਦੀ ਪਾਰਟੀ ਚੋਣਾਂ ਵਿਚ ਕਾਂਗਰਸ ਨਾਲ ਗੱਠਜੋੜ ਨਹੀਂ ਕਰੇਗੀ, ਪਰ ਕਾਂਗਰਸ ਫਾਰੂਕ ਅਬਦੁੱਲਾ ਨਾਲ ਵੀ ਕਿਸੇ ਨਾ ਕਿਸੇ ਤਰ੍ਹਾਂ ਅਜਿਹਾ ਸਮਝੌਤਾ ਕਰਨ ਲਈ ਯਤਨ ਕਰ ਰਹੀ ਹੈ। ਇਸ ਲਈ ਕਾਂਗਰਸ ਨੇ ਵਾਦੀ ਵਿਚ ਲੋਕ ਸਭਾ ਦੀਆਂ 6 ਸੀਟਾਂ 'ਚੋਂ 3 ਸੀਟਾਂ ਫਾਰੂਕ ਅਬਦੁੱਲਾ ਦੀ ਪਾਰਟੀ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੈ।

ਪਿਛਲੇ ਸਮੇਂ ਵਿਚ ਮਹਾਰਾਸ਼ਟਰ ਦੀ ਸਿਆਸਤ ਵਿਚ ਵੀ ਵੱਡੀ ਪੱਧਰ 'ਤੇ ਉਥਲ-ਪੁਥਲ ਹੁੰਦੀ ਰਹੀ ਹੈ, ਖ਼ਾਸ ਤੌਰ 'ਤੇ ਸ਼ਿਵ ਸੈਨਾ ਦਾ ਟੁਕੜਿਆਂ ਵਿਚ ਵੰਡਿਆ ਜਾਣਾ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ ਦਾ ਟੁੱਟ ਜਾਣਾ ਮਹੱਤਵਪੂਰਨ ਗੱਲਾਂ ਹਨ, ਪਰ ਕਾਂਗਰਸ ਕੋਲ ਸ਼ਿਵ ਸੈਨਾ ਦੇ ਊਧਵ ਧੜੇ ਨਾਲ ਤੇ ਸ਼ਰਦ ਪਵਾਰ ਕੋਲ ਬਚੀ ਨੈਸ਼ਨਲਿਸਟ ਕਾਂਗਰਸ ਪਾਰਟੀ ਨਾਲ ਸਮਝੌਤਾ ਕਰਨ ਤੋਂ ਬਗ਼ੈਰ ਹੋਰ ਕੋਈ ਚਾਰਾ ਦਿਖਾਈ ਨਹੀਂ ਦੇ ਰਿਹਾ। ਤਾਮਿਲਨਾਡੂ ਵਿਚ ਹਾਲੇ ਤਕ ਵੀ ਡੀ.ਐਮ.ਕੇ. ਅਤੇ ਕਾਂਗਰਸ ਦਾ ਮਜ਼ਬੂਤ ਆਧਾਰ ਬਣਿਆ ਦਿਖਾਈ ਦਿੰਦਾ ਹੈ। ਸਾਲ 2019 ਵਿਚ ਡੀ.ਐਮ.ਕੇ. ਖੱਬੇਪੱਖੀ ਪਾਰਟੀਆਂ ਅਤੇ ਕਾਂਗਰਸ ਨੇ ਰਲ ਕੇ 39 ਵਿਚੋਂ 38 ਸੀਟਾਂ ਜਿੱਤੀਆਂ ਸਨ। ਇਸ ਵਾਰ ਵੀ ਇਹ ਗੱਠਜੋੜ ਕਾਇਮ ਰਹਿਣ ਦੀ ਪੂਰੀ ਸੰਭਾਵਨਾ ਹੈ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਜਨਤਾ ਦਲ (ਯੂ) ਦੇ ਨਿਤੀਸ਼ ਕੁਮਾਰ ਨੇ ਇਕ ਵਾਰ ਫਿਰ ਪਲਟੀ ਮਾਰ ਕੇ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਨਾਲ ਹੱਥ ਮਿਲਾ ਲਏ ਹਨ ਅਤੇ ਅਸ਼ੋਕ ਚਵਾਨ ਵਰਗੇ ਕੁਝ ਆਗੂਆਂ ਵਲੋਂ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਬਾਅਦ ਕਾਂਗਰਸ ਨੇ ਆਪਣੇ ਕੁਲੀਸ਼ਨ ਭਿਆਲਾਂ ਨੂੰ ਨਾਲ ਰੱਖਣ ਲਈ ਨਰਮ ਸੁਰ ਅਪਣਾ ਲਈ ਹੈ। 'ਇੰਡੀਆ' ਗੱਠਜੋੜ ਨੂੰ ਕਈ ਝਟਕੇ ਲੱਗਣ ਤੋਂ ਬਾਅਦ ਹੁਣ ਇਕ ਵਾਰ ਫਿਰ ਇਹ ਆਪਣੇ ਪੈਰਾਂ 'ਤੇ ਖੜ੍ਹਾ ਹੁੰਦਾ ਦਿਖਾਈ ਦੇ ਰਿਹਾ ਹੈ। ਆਉਣ ਵਾਲੇ ਦਿਨਾਂ ਦੌਰਾਨ ਜੇਕਰ ਕਾਂਗਰਸ ਦਾ ਵਿਰੋਧੀ ਧਿਰ ਵਾਲੀਆਂ ਹੋਰ ਪਾਰਟੀਆਂ ਨਾਲ ਚੁਣਾਵੀ ਤਾਲਮੇਲ ਬੈਠ ਜਾਂਦਾ ਹੈ ਤਾਂ 'ਇੰਡੀਆ' ਗੱਠਜੋੜ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਟੱਕਰ ਦੇ ਸਕਦਾ ਹੈ।

********

## ਯੂ.ਪੀ 'ਚ ਸਪਾ ਤੇ ਕਾਂਗਰਸ 'ਚ ਸਮਝੌਤਾ

ਲਖਨਊ-ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਦੇ ਭਾਈਵਾਲਾਂ ਸਮਾਜਵਾਦੀ ਪਾਰਟੀ ਤੇ ਕਾਂਗਰਸ ਨੇ ਉੱਤਰ ਪ੍ਰਦੇਸ਼ 'ਚ ਲੋਕ ਸਭਾ ਚੋਣਾਂ ਲਈ ਦੋਹਾਂ ਪਾਰਟੀਆਂ ਦਾ ਸਮਝੌਤਾ ਹੋਣ ਦਾ ਐਲਾਨ ਕਰਦਿਆਂ ਦੱਸਿਆ ਕਿ ਯੂ.ਪੀ 'ਚ ਕਾਂਗਰਸ 17 ਤੇ ਸਮਾਜਵਾਦੀ ਪਾਰਟੀ 63 ਸੀਟਾਂ 'ਤੇ ਚੋਣ ਲੜਨਗੀਆਂ। ਇਸ ਸਮਝੌਤੇ ਦਾ ਐਲਾਨ ਸਮਾਜਵਾਦੀ ਪਾਰਟੀ ਦੇ ਸੂਬਾ ਪ੍ਰਧਾਨ ਨਰੇਸ਼ ਉੱਤਮ ਪਟੇਲ, ਜਨਰਲ ਸਕੱਤਰ ਰਾਜੇਂਦਰ ਚੌਧਰੀ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਅਜੇ ਰਾਏ ਨੇ ਇਕ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ।

## ਕਿਸਾਨਾਂ ਵਲੋਂ ਘੇਰਨ ਉਪਰੰਤ ਆਪ ਵਿਧਾਇਕ ਰਣਬੀਰ ਸਿੰਘ ਨੇ ਕਿਸਾਨਾਂ ਨੂੰ ਕੱਢੀਆਂ ਗਾਲ੍ਹਾਂ



ਫਿਰੋਜ਼ਪੁਰ-ਆਮ ਆਦਮੀ ਪਾਰਟੀ ਦੇ ਫ਼ਿਰੋਜ਼ਪੁਰ ਤੋਂ ਵਿਧਾਇਕ ਰਣਬੀਰ ਸਿੰਘ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹ ਕਿਸਾਨਾਂ ਨੂੰ ਗਾਲਾਂ ਕੱਢਦੇ ਨਜ਼ਰ ਆ ਰਹੇ ਹਨ। ਇਸ ਤੋਂ ਬਾਅਦ ਉਹ ਵਿਵਾਦਾਂ ਵਿੱਚ ਘਿਰ ਗਏ ਹਨ। ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਨੇ ਇੱਕ ਜਨਤਕ ਰੈਲੀ ਵਿੱਚ ਹਿੱਸਾ ਲਿਆ ਜਿੱਥੇ ਉਹ ਆਪਣੇ ਕੁਝ ਸਮਰਥਕਾਂ ਨਾਲ ਜਾ ਰਹੇ ਸਨ। ਇਸ ਦੌਰਾਨ ਹਰੇ ਝੰਡੇ ਵਾਲੇ ਕਿਸਾਨਾਂ ਨੇ ਮਾਰਚ ਕਰਦਿਆਂ ਹੋਇਆਂ ਆਗੂ ਦਾ ਘਿਰਾਓ ਕੀਤਾ। ਇਸ ਦੌਰਾਨ ਰਣਬੀਰ ਸਿੰਘ ਨੇ ਕਿਸਾਨ ਮਾਰਚ ਦੇ ਸੀਨੀਅਰ ਮੈਂਬਰ ਨਾਲ ਬਹਿਸ ਕੀਤੀ। ਰਣਬੀਰ ਸਿੰਘ ਜਿਵੇਂ-ਜਿਵੇਂ ਅੱਗੇ ਵੱਧ ਰਹੇ ਸੀ, ਉਵੇਂ-ਉਵੇਂ ਬਹਿਸ ਹੁੰਦੀ ਰਹੀ। ਇਸ ਤੋਂ ਬਾਅਦ ਗੱਲ ਇੰਨੀ ਵੱਧ ਗਈ ਕਿ ਫਿਰੋਜ਼ਪੁਰ ਦੇ ਵਿਧਾਇਕ ਨੇ ਸੀਨੀਅਰ ਕਿਸਾਨ ਆਗੂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਅਜਿਹੇ ਵਿਚ ਵਿਧਾਇਕ ਰਣਬੀਰ ਸਿੰਘ ਦਾ ਵੀਡੀਓ ਰਾਸ਼ਟਰੀ ਪਾਰਟੀ ਆਪ ਲਈ ਚੁਣੌਤੀ ਪੈਦਾ ਕਰ ਰਿਹਾ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 29 ਫਰਵਰੀ ਤੋਂ ਬੁੱਧਵਾਰ 04 ਮਾਰਚ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਪਰਿਵਾਰਕ ਅਤੇ ਆਰਥਿਕ ਹਾਲਾਤ ਡਾਂਵਾਡੋਲ ਰਹਿਣ ਦੇ ਬਾਵਜੂਦ ਇਸ ਹਫ਼ਤੇ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਮਾਤਾ-ਪਿਤਾ ਨਾਲ ਅਣਬਣ ਜਾਂ ਮੱਤਭੇਦ ਵੀ ਹੋ ਸਕਦੇ ਹਨ। ਫਜ਼ੂਲ ਦੇ ਕੰਮਾਂ ਵਿੱਚ ਸਮਾਂ ਬੀਤੇਗਾ। ਆਪਣੇ ਮਾਤਾ-ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਇਸ ਹਫਤੇ ਅਚਾਨਕ ਧਨ ਲਾਭ ਹੋਵੇਗਾ। ਕੰਮ-ਕਾਜ ਦੀ ਹਾਲਤ ਕੁਝ ਅਨੁਕੂਲ ਹੀ ਰਹੇਗੀ। ਭਾਈ-ਬੰਧੂਆਂ ਦਾ ਸਹਿਯੋਗ ਵੀ ਮਿਲੇਗਾ। ਕਿਸੇ ਜ਼ਰੂਰੀ ਕੰਮ ਦੇ ਪੂਰੇ ਹੋਣ ਨਾਲ ਖੁਸ਼ੀ ਮਿਲੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਡਰ ਹੈ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਪਰਿਵਾਰ ਵਿੱਚ ਧਰਮ-ਕਰਮ ਦੇ ਕੰਮਾਂ ਵਿੱਚ ਰੁਝਾਨ ਵਧੇਗਾ ਅਤੇ ਇਸ ਹਫ਼ਤੇ ਆਮਦਨ ਦੇ ਸਾਧਨ ਪਹਿਲੇ ਨਾਲੋਂ ਬਿਹਤਰ ਹੋਣਗੇ। ਪੁਸ਼ਤੈਨੀ ਜਾਇਦਾਦ ਸਬੰਧੀ ਵਿਵਾਦ ਦੇ ਵੀ ਯੋਗ ਹਨ। ਫਜ਼ੂਲ ਦੀ ਭੱਜ-ਦੌੜ ਬਣੀ ਰਹੇਗੀ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਲੰਬਾ ਸਮਾਂ ਸ਼ਾਂਤੀ ਆਵੇਗੀ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਪਰਿਵਾਰ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਪਿਤਾ-ਪੁੱਤਰ ਦੇ ਖਿਆਲਾਂ ਵਿੱਚ ਮੱਤਭੇਦ ਅਤੇ ਸਰਕਾਰੀ ਖੇਤਰਾਂ ਵਿੱਚ ਰੁਕਾਵਟਾਂ ਦੇ ਬਾਵਜੂਦ ਧਨ ਦਾ ਖਰਚ ਜ਼ਿਆਦਾ ਹੋਵੇਗਾ। ਕਿਸਮਤ ਨਾਲ ਹੀ ਆਮਦਨ ਦੇ ਸਾਧਨ ਅੱਗੇ ਵੱਧਣਗੇ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਇਸ ਹਫ਼ਤੇ ਸੰਤਾਨ ਦੇ ਕੈਰੀਅਰ ਸਬੰਧੀ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਸਿਹਤ ਸਬੰਧੀ ਪ੍ਰੇਸ਼ਾਨੀ, ਦਿਮਾਗੀ ਤਣਾਉ ਅਤੇ ਉਤੇਜਨਾ ਨਾਲ ਕੋਈ ਬਣਿਆ ਕੰਮ ਵਿਗੜ ਵੀ ਸਕਦਾ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਪਵੋ, ਇਹ ਵੱਡੇ ਠੱਗ ਤੁਹਾਡਾ ਨੁਕਸਾਨ ਕਰ ਸਕਦੇ ਹਨ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਸਾਂਝੇਦਾਰੀ ਦੇ ਕੰਮਾਂ ਵਿੱਚ ਪ੍ਰੇਸ਼ਾਨੀ ਪੈਦਾ ਹੋਵੇਗੀ। ਵਿਵਾਹਿਕ ਜੀਵਨ ਵਿੱਚ ਮਿੱਠੇ ਸਬੰਧ ਬਣਾਉਣ ਲਈ ਖਾਸ ਕੋਸ਼ਿਸ਼ ਕਰਨੀ ਪਵੇਗੀ। ਦੁਸ਼ਮਣ ਸਰਗਰਮ ਰਹਿਣਗੇ। ਕਾਰੋਬਾਰੀ ਖੇਤਰਾਂ ਵਿੱਚ ਆਪਣੀ ਅਕਲ ਅਤੇ ਵਿਵੇਕ ਨਾਲ ਕੰਮ ਕਰੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਰੱਬ 'ਤੇ ਵਿਸ਼ਵਾਸ਼ ਰੱਖੋ ਅਤੇ ਗੁਰੂ ਘਰ ਜ਼ਰੂਰ ਹਾਜ਼ਰੀ ਭਰੋ,

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਉਤਸ਼ਾਹ ਅਤੇ ਸੰਘਰਸ਼ ਸ਼ਕਤੀ ਕਮਜ਼ੋਰ ਹੀ ਰਹੇਗੀ। ਪਿਤਾ-ਪੁੱਤਰ ਵਿੱਚ ਕੁਝ ਮੱਤਭੇਦ ਜਾਂ ਪੁਸ਼ਤੈਨੀ ਜਾਇਦਾਦ ਸਬੰਧੀ ਕੁਝ ਵਿਵਾਦ ਦੇ ਯੋਗ ਹਨ। ਆਰਥਿਕ ਮਾਮਲੇ ਵਿੱਚ ਬਜ਼ੁਰਗਾਂ ਦਾ ਸਹਿਯੋਗ ਲੈਣਾ ਜ਼ਰੂਰੀ ਹੋਵੇਗੀ। ਕਿਸੇ ਦੀ ਨਿੰਦਾ-ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਇਸ ਹਫ਼ਤੇ ਮਾਣ-ਇੱਜ਼ਤ ਵਿੱਚ ਵਾਧਾ ਅਤੇ ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮ ਹੋਣਗੇ। ਧਰਮ-ਕਰਮ ਵਿੱਚ ਰੁਝਾਨ ਵਧੇਗਾ ਅਤੇ ਲਾਭ ਦੀ ਵੀ ਪ੍ਰਾਪਤੀ ਹੋਵੇਗੀ। ਪਰਿਵਾਰਕ ਉਲਝਣਾਂ ਨੂੰ ਆਪਸੀ ਰਜ਼ਾਮੰਦੀ ਨਾਲ ਖ਼ਤਮ ਕਰਨ ਦੀ ਕੋਸ਼ਿਸ਼ ਕਰੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਕਾਰੋਬਾਰ ਵਿੱਚ ਕਾਮਯਾਬੀ ਅਤੇ ਸ਼ੁੱਭ ਕੰਮਾਂ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਪਿਤਾ/ਪੁੱਤਰ ਵਿੱਚ ਪੁਸ਼ਤੈਨੀ ਜਾਇਦਾਦ ਸਬੰਧੀ ਵਿਵਾਦ ਕਾਰਨ ਪ੍ਰੇਸ਼ਾਨੀ ਹੋਵੇਗੀ। ਗੁੱਸਾ ਅਤੇ ਉਤੇਜਨਾ ਨਾਲ ਕੰਮ ਵਿਗੜ ਸਕਦਾ ਹੈ। ਸਾਂਝੇਦਾਰੀ ਦੇ ਕੰਮ ਵਿੱਚ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਬਿਨਾਂ ਵਜ੍ਹਾ ਗੁੱਸਾ ਜ਼ਿਆਦਾ ਆਵੇਗਾ। ਪਰਿਵਾਰ ਵਿੱਚ ਤਣਾਉ ਅਤੇ ਮੱਤਭੇਦ ਰਹਿਣਗੇ। ਕਾਰੋਬਾਰ ਵਿੱਚ ਉਤਾਰ-ਚੜ੍ਹਾਵ ਅਤੇ ਸੰਘਰਸ਼ ਜ਼ਿਆਦਾ ਹੋਵੇਗਾ, ਗੁਪਤ ਚਿੰਤਾ ਬਣੀ ਰਹੇਗੀ। ਔਰਤਾਂ ਨੂੰ ਪਰਿਵਾਰਕ ਜ਼ਿੰਮੇਦਾਰੀ ਨਿਭਾਉਣ ਦੀ ਫਿਕਰ ਰਹੇਗੀ। ਦੁਸ਼ਮਣ ਨਾਲ ਵੀ ਪਿਆਰ ਨਾਲ ਪੇਸ਼ ਆਉ, ਰਿਸ਼ਤਿਆਂ ਵਿੱਚ ਮਿਠਾਸ ਆ ਸਕਦੀ ਹੈ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਹੌਂਸਲਾ ਅਤੇ ਮਿਹਨਤ ਨਾਲ ਕੰਮ ਕਰਨ 'ਤੇ ਲਾਭ ਹੋਵੇਗਾ। ਕਈ ਕੰਮਾਂ ਵਿੱਚ ਕਾਮਯਾਬੀ ਅਤੇ ਨਵੇਂ ਕੰਮਾਂ ਵਿੱਚ ਲਾਭ ਵੀ ਮਿਲੇਗਾ। ਸਮਾਜਿਕ ਖੇਤਰ ਵਿੱਚ ਮਾਣ-ਇੱਜ਼ਤ ਵਧੇਗਾ। ਨਸ਼ਿਆਂ ਦੀ ਦਲ-ਦਲ ਵਿੱਚ ਫਸੇ ਸਮਾਜ ਨੂੰ ਬਾਹਰ ਕੱਢਣ ਲਈ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉ ਅਤੇ ਬੱਚਿਆਂ ਨੂੰ ਵੀ ਪ੍ਰੇਰਿਤ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਧਨ ਲਾਭ ਅਤੇ ਤਰੱਕੀ ਦੇ ਰਸਤੇ ਖੁੱਲ੍ਹਣਗੇ। ਸਥਾਨ ਬਦਲਾਵ ਦੀ ਯੋਜਨਾ ਵੀ ਬਣੇਗੀ। ਘਰ ਪਰਿਵਾਰ ਵਿੱਚ ਸ਼ੁੱਭ ਅਤੇ ਮੰਗਲ ਕਾਰਜ ਹੋਣਗੇ। ਕਿਸੇ ਵੀ ਜ਼ਰੂਰੀ ਕਾਗਜ਼ 'ਤੇ ਦਸਤਖ਼ਤ ਕਰਨ ਵੇਲੇ ਸਾਵਧਾਨੀ ਵਰਤੋ, ਨਹੀ ਤਾਂ ਨੁਕਸਾਨ ਹੋ ਸਕਦਾ ਹੈ। ਪਰਿਵਾਰ ਸਮੇਤ ਗੁਰੂ ਘਰ ਜਾ ਕੇ ਲੰਗਰ ਦੀ ਸੇਵਾ ਕਰੋ।

* * * * * * * *

## ਹਾਸੇ ਦੀ ਪਟਾਰੀ

**ਸੁਰੇਸ਼,** ਸੱਚਾ ਦੋਸਤ ਕੌਣ ਹੁੰਦਾ ਹੈ?

ਮੁਕੇਸ਼, ਸੱਚਾ ਦੋਸਤ ਉਹ ਹੁੰਦਾ ਹੈ, ਜਿਸ ਦੇ ਘਰ ਆਉਂਦੇ ਹੀ ਮਾਂ ਕਹੇ, ਆ ਗਿਆ ਕਮੀਨਾ, ਇਸ ਨੇ ਹੀ ਮੇਰੇ ਬੇਟੇ ਨੂੰ ਵਿਗਾੜਿਆ ਹੈ।

*---*---*

**ਬੁਆਏਫ੍ਰੈਂਡ,** ਤੂੰ ਆਪਣਾ ਵ੍ਹਟਸਐਪ ਅਪਡੇਟ ਕਰ ਲੈ।

ਗਰਲਫ੍ਰੈਂਡ, ਉਹ ਕਿਵੇਂ ਕਰਦੇ ਹਨ?

ਬੁਆਏਫ੍ਰੈਂਡ, ਪਲੇਅ ਸਟੋਰ ਵਿੱਚ ਜਾਉ ਤੇ ਉਥੇ ਕਰ ਲਉ।

ਗਰਲਫ੍ਰੈਂਡ, ਸਾਡੇ ਪਿੰਡ ਵਿੱਚ ਪਲੇਅ ਸਟੋਰ ਨਹੀਂ, ਜਨਰਲ ਸਟੋਰ ਹੈ, ਉਥੋਂ ਕਰ ਲਵਾਂ?

*---*---*

**ਆਦਮੀ,** ਬੱਚੇ ਕੀ ਇਹ ਬਾਲ ਤੇਰੀ ਹੈ?

ਬੱਚਾ, ਅੰਕਲ, ਕੀ ਇਸ ਨਾਲ ਕੋਈ ਸ਼ੀਸ਼ਾ ਟੁੱਟਾ ਹੈ?

ਆਦਮੀ, ਨਹੀਂ।

ਬੱਚਾ, ਹਾਂ ਤਾਂ ਫਿਰ ਮੇਰੀ ਹੈ।

*---*---*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ:

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................
ADDRESS.................................................................
.......................................POST CODE...........................
TEL..........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਰੂਸ, ਅਮਰੀਕਾ, ਉਤਰੀ ਕੋਰੀਆ ਤੇ ਚੀਨ ਕੋਲ ਨੇ ਵਿਸ਼ਵ ਦੀਆਂ ਪੰਜ ਖਤਰਨਾਕ ਮਿਜ਼ਾਈਲਾਂ

## ✪ ਪ੍ਰਮਾਣੂ ਹਮਲੇ ਦੇ ਸਮਰਥ ਨੇ ਇਹ ਮਿਜ਼ਾਈਲਾਂ

ਵਸ਼ਿੰਗਟਨ-ਅੱਜ ਦੁਨੀਆ ਵਿੱਚ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਵਿਕਸਤ ਕਰਨ ਦੀ ਦੌੜ ਲੱਗੀ ਹੋਈ ਹੈ। ਹਰ ਦੇਸ਼ ਦੂਜੇ ਨਾਲੋਂ ਵੱਧ ਰੇਂਜ ਵਾਲੀਆਂ ਮਿਜ਼ਾਈਲਾਂ ਦਾ ਪ੍ਰੀਖਣ ਕਰ ਰਿਹਾ ਹੈ। ਇਸ ਸਮੇਂ ਕਈ ਦੇਸ਼ਾਂ ਕੋਲ ਅਜਿਹੀਆਂ ਮਿਜ਼ਾਈਲਾਂ ਹਨ, ਜੋ ਦੁਨੀਆ ਦੇ ਕਿਸੇ ਵੀ ਕੋਨੇ 'ਤੇ ਹਮਲਾ ਕਰ ਸਕਦੀਆਂ ਹਨ।

### ਆਰਐਸ-28 ਸਰਮਤ ਮਿਜ਼ਾਈਲ

ਆਰ ਐਸ-28 ਸਰਮਤ ਦੁਨੀਆ ਦੀ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਹੈ। ਇਸ ਰੂਸੀ ਮਿਜ਼ਾਈਲ ਦੀ ਰੇਂਜ 18,000 ਕਿਲੋਮੀਟਰ ਹੈ। ਇਸ ਦਾ ਉਪਨਾਮ ਸ਼ੈਤਾਨ-2 ਹੈ। ਇਹ ਮਿਜ਼ਾਈਲ ਪਰਮਾਣੂ ਹਮਲੇ ਦੇ ਵੀ ਸਮਰੱਥ ਹੈ।

### ਐਲਜੀਐਮ-30 ਮਿਨਊਟ ਮੈਨ III ਮਿਜ਼ਾਈਲ

ਇਹ ਅਮਰੀਕਾ ਦੀ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਹੈ। ਇਹ ਦਹਾਕਿਆਂ ਤੋਂ ਅਮਰੀਕੀ ਪ੍ਰਮਾਣੂ ਹਥਿਆਰਾਂ ਵਿੱਚ ਸ਼ਾਮਲ ਹੈ। ਐਲਜੀਐਮ-30 ਮਿਨਊਟ ਮੈਨ III ਦੀ ਰੇਂਜ 14000 ਕਿਲੋਮੀਟਰ ਹੈ।

### ਹਵਾਸੌਂਗ-15 ਮਿਜ਼ਾਈਲ

ਹਵਾਸੋਂਗ-15 ਉੱਤਰੀ ਕੋਰੀਆ ਦੀ ਸਭ ਤੋਂ ਲੰਬੀ ਦੂਰੀ ਦੀ ਮਿਜ਼ਾਈਲ ਹੈ। ਇਸ ਦੀ



ਅਨੁਮਾਨਿਤ ਰੇਂਜ 13000 ਕਿਲੋਮੀਟਰ ਹੈ। ਹਵਾਸੌਂਗ-15 ਦਾ ਪ੍ਰੀਖਣ 2017 ਵਿੱਚ ਕੀਤਾ ਗਿਆ ਸੀ। ਇਹ ਅਮਰੀਕਾ 'ਤੇ ਹਮਲਾ ਕਰਨ ਦੀ ਸਮਰੱਥਾ ਰੱਖਦੀ ਹੈ।

### ਡੀਐਫ-41 ਮਿਜ਼ਾਈਲ

ਡੀਐਫ-41 ਚੀਨ ਦੀ ਸਭ ਤੋਂ ਲੰਬੀ ਦੂਰੀ ਦੀ ਸਟ੍ਰਾਈਕ ਮਿਜ਼ਾਈਲ ਹੈ। ਇਸਨੂੰ ਡੋਂਗਫੇਂਗ-41 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਡੀਐਫ-41 ਦੀ ਰੇਂਜ 12,000-15,000 ਕਿਲੋਮੀਟਰ ਮੰਨੀ ਜਾਂਦੀ ਹੈ। ਇਹ ਧਰਤੀ ਦੇ ਕਿਸੇ ਵੀ ਕੋਨੇ 'ਤੇ ਹਮਲਾ ਕਰਨ ਦੇ ਸਮਰੱਥ ਹੈ।

### ਟਰਾਈਡੈਂਟ ਡੀ5 ਮਿਜ਼ਾਈਲ

ਟ੍ਰਾਈਡੈਂਟ ਡੀ5 ਇੱਕ ਅਮਰੀਕੀ ਪਣਡੁੱਬੀ ਦੁਆਰਾ ਲਾਂਚ ਕੀਤੀ ਗਈ ਮਿਜ਼ਾਈਲ ਹੈ। ਇਸ ਨੂੰ ਅਮਰੀਕੀ ਜਲ ਸੈਨਾ ਦੀ ਓਹੀਓ ਸ਼੍ਰੇਣੀ ਦੀਆਂ ਪਣਡੁੱਬੀਆਂ ਤੋਂ ਦਾਗਿਆ ਜਾ ਸਕਦਾ ਹੈ। ਟ੍ਰਾਈਡੈਂਟ ਡੀ5 ਮਿਜ਼ਾਈਲ ਦੀ ਰੇਂਜ 12,000 ਕਿਲੋਮੀਟਰ ਹੈ।

# ਕੈਂਸਰ ਦੇ ਇਲਾਜ ਲਈ ਮਦਰਾਸ ਦੇ ਖੋਜਕਰਤਾਵਾਂ ਨੇ ਭਾਰਤੀ ਮਸਾਲਿਆਂ ਦੀ ਵਰਤੋਂ ਦਾ ਪੇਟੈਂਟ ਕਰਵਾਇਆ

## ✪ ਮਸਾਲਿਆਂ ਤੋਂ ਬਣਨ ਵਾਲੀਆਂ ਦਵਾਈਆਂ 2028 ਤੱਕ ਉਪਲਬਧ ਹੋਣਗੀਆਂ

ਨਵੀਂ ਦਿੱਲੀ-ਕਈ ਮਸਾਲੇ ਅਜਿਹੇ ਹਨ ਜੋ ਕੈਂਸਰ ਵਰਗੀ ਬਿਮਾਰੀ ਦੇ ਇਲਾਜ ਵਿਚ ਰਾਮਬਾਣ ਸਾਬਤ ਹੁੰਦੇ ਹਨ। ਭਾਰਤੀ ਤਕਨੀਕੀ ਸੰਸਥਾਨ (ਆਈ. ਆਈ. ਟੀ.) ਮਦਰਾਸ ਦੇ ਖੋਜਕਰਤਾਵਾਂ ਨੇ ਉਨ੍ਹਾਂ ਭਾਰਤੀ ਮਸਾਲਿਆਂ ਦੀ ਵਰਤੋਂ ਦਾ ਪੇਟੈਂਟ ਕਰਵਾਇਆ ਹੈ, ਜੋ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦੇ ਇਲਾਜ 'ਚ ਕਾਰਗਰ ਸਾਬਤ ਹੋ ਸਕਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਔਸ਼ਧੀ ਗੁਣਾਂ ਵਾਲੇ ਇਨ੍ਹਾਂ ਮਸਾਲਿਆਂ ਤੋਂ ਬਣਨ ਵਾਲੀਆਂ ਦਵਾਈਆਂ 2028 ਤੱਕ ਬਾਜ਼ਾਰ 'ਚ ਉਪਲਬਧ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਮਸਾਲਿਆਂ ਤੋਂ ਬਣੀਆਂ ਨੈਨੋ ਦਵਾਈਆਂ ਨੇ ਫੇਫੜੇ, ਛਾਤੀ, ਕੋਲਨ (ਅੰਤੜੀ), ਸਰਵਾਈਕਲ, ਓਰਲ ਤੇ ਥਾਇਰਾਇਡ 'ਚ ਕੈਂਸਰ ਸੈਲਾਂ 'ਤੇ ਅਸਰ ਦਿਖਾਇਆ ਹੈ। ਹਾਲਾਂਕਿ ਇਹ ਦਵਾਈਆਂ ਸਾਧਾਰਨ ਸੈੱਲਾਂ 'ਚ ਸੁਰੱਖਿਅਤ ਪਾਈਆਂ ਗਈਆਂ। ਖੋਜਕਰਤਾ ਅਜੇ ਕੈਂਸਰ ਦਵਾਈ ਦੀ ਸੁਰੱਖਿਆ ਅਤੇ ਲਾਗਤ ਦੇ ਮੁੱਦਿਆਂ 'ਤੇ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਹਾਲ ਹੀ 'ਚ ਜਾਨਵਰਾਂ 'ਤੇ ਸਫਲਤਾਪੂਰਵਕ ਅਧਿਐਨ ਕੀਤਾ ਗਿਆ। ਹੁਣ ਇਨ੍ਹਾਂ ਦਵਾਈਆਂ ਨੂੰ 2027-28 ਤੱਕ ਬਾਜ਼ਾਰ 'ਚ ਉਪਲਬਧ ਕਰਾਉਣ ਦੇ ਉਦੇਸ਼ ਨਾਲ ਕਲੀਨੀਕਲ ਪ੍ਰੀਖਣਾਂ ਦੀ ਯੋਜਨਾ ਬਣਾਈ ਜਾ ਰਹੀ ਹੈ। ਆਈ.ਆਈ.ਟੀ. ਮਦਰਾਸ ਦੇ ਕੈਮੀਕਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਆਰ. ਨਾਗਾਰਾਜਨ ਨੇ ਕਿਹਾ ਕਿ ਭਾਰਤੀ ਮਸਾਲੇ ਯੁੱਗਾਂ ਤੋਂ ਸਿਹਤ ਲਾਭ ਲਈ ਜਾਣੇ ਜਾਂਦੇ ਹਨ।

# ਮਰੀਅਮ ਨਵਾਜ਼ ਸੂਬਾ ਪਾਕਿਸਤਾਨੀ ਪੰਜਾਬ ਦੀ ਪਹਿਲੀ ਔਰਤ ਮੁੱਖ ਮੰਤਰੀ ਬਣੀ

ਲਾਹੌਰ-ਤਿੰਨ ਵਾਰ ਸਾਬਕਾ ਪ੍ਰਧਾਨ ਮੰਤਰੀ ਰਹਿ ਚੁੱਕੇ ਨਵਾਜ਼ ਸ਼ਰੀ.ਫ ਦੀ ਧੀ ਤੇ ਪੀਐੱਮਐੱਲ-ਐੱਨ ਦੀ ਸੀਨੀਅਰ ਆਗੂ ਮਰੀਅਮ ਨਵਾਜ਼ ਅੱਜ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਬਣ ਗਈ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੀ 50 ਸਾਲਾ ਸੀਨੀਅਰ ਮੀਤ ਪ੍ਰਧਾਨ ਮਰੀਅਮ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਸਮਰਥਕ ਸੁੰਨੀ ਇਤੇਹਾਦ ਕੌਂਸਲ (ਐੱਸਆਈਸੀ) ਦੇ ਮੈਂਬਰਾਂ ਵੱਲੋਂ ਵਾਕਆਊਟ ਦੌਰਾਨ ਮੁੱਖ ਮੰਤਰੀ ਅਹੁਦੇ ਦੀ ਚੋਣ ਜਿੱਤ ਲਈ। ਮਰੀਅਮ ਨੇ ਪੰਜਾਬ ਵਿਧਾਨ ਸਭਾ ਜਾਣ ਤੋਂ ਪਹਿਲਾਂ ਜਾਤੀ ਉਮਰਾ ਵਿਖੇ ਆਪਣੀ ਮਾਂ ਦੀ ਕਬਰ 'ਤੇ ਗਈ।



# ਭਾਰਤ ਦੇ 553 ਰੇਲਵੇ ਸਟੇਸ਼ਨਾਂ ਦਾ ਨਵੀਨੀਕਰਨ ਸ਼ੁਰੂ

## ✪ ਪੰਜਾਬ ਦੇ ਤਿੰਨ ਸਟੇਸ਼ਨ ਵੀ ਸ਼ਾਮਲ, ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਨੀਂਹ ਪੱਥਰ ਰੱਖਿਆ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 41,000 ਕਰੋੜ ਰੁਪਏ ਤੋਂ ਵੱਧ ਦੇ ਕਰੀਬ 2,000 ਰੇਲਵੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਪ੍ਰਧਾਨ ਮੰਤਰੀ ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ 553 ਰੇਲਵੇ ਸਟੇਸ਼ਨਾਂ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ। ਇਨ੍ਹਾਂ 'ਚ ਪੰਜਾਬ ਦੇ ਤਿੰਨ ਜਲੰਧਰ, ਬਿਆਸ ਅਤੇ ਮੋਗਾ ਰੇਲਵੇ ਸਟੇਸ਼ਨ ਸ਼ਾਮਲ ਹਨ।

# ਅਮਰੀਕਾ ਭਾਰਤੀਆਂ ਲਈ ਅਮਰੀਕੀ ਵੀਜ਼ੇ ਦੀ ਉਡੀਕ ਦਾ ਸਮਾਂ ਘਟਾਏਗਾ

ਨਵੀਂ ਦਿੱਲੀ-ਅਮਰੀਕਾ ਭਾਰਤੀਆਂ ਨੂੰ ਵਿਜ਼ਿਟਰ ਵੀਜ਼ਾ ਜਾਰੀ ਕਰਨ 'ਚ ਲੱਗਣ ਵਾਲੇ ਸਮੇਂ ਨੂੰ ਹੋਰ ਘੱਟ ਕਰਨ ਦੀ ਦਿਸ਼ਾ ਵਿਚ ਕੰਮ ਕਰ ਰਿਹਾ ਹੈ। ਪਿਛਲੇ ਸਾਲ ਵੀ ਅਮਰੀਕਾ ਨੇ ਇਹ ਵੀਜ਼ਾ ਜਾਰੀ ਕਰਨ 'ਚ ਲੱਗਣ ਵਾਲਾ ਸਮਾਂ 75 ਫ਼ੀਸਦੀ ਤੱਕ ਘੱਟ ਕੀਤਾ ਸੀ। ਵਣਜੀ ਦੂਤਘਰ ਮਾਮਲਿਆਂ ਦੀ ਅਮਰੀਕਾ ਦੀ ਉਪ ਰੱਖਿਆ ਮੰਤਰੀ ਰੈਨਾ ਬਿਟਰ ਨੇ ਇਹ ਜਾਣਕਾਰੀ ਦਿੱਤੀ। ਬਿਟਰ ਨੇ ਕਿਹਾ ਕਿ ਭਾਰਤ 'ਚ ਦੂਤਘਰ ਨੇ ਪਿਛਲੇ ਸਾਲ 14 ਲੱਖ ਵੀਜ਼ਾ ਅਰਜ਼ੀਆਂ 'ਤੇ ਕੰਮ ਕੀਤਾ ਜਿਹੜੀ ਵੱਡੀ ਗਿਣਤੀ ਹੈ। ਸੈਲਾਨੀਆਂ ਲਈ ਪਹਿਲੀ ਵਾਰ ਅਮਰੀਕਾ ਦੀ ਯਾਤਰਾ ਕਰਨ ਵਾਲਿਆਂ ਨੂੰ ਵੀਜ਼ੇ ਜਾਰੀ ਕਰਨ 'ਚ ਜ਼ਿਆਦਾ ਸਮਾਂ ਲੱਗਦਾ ਹੈ ਪਰ ਪਿਛਲੇ ਸਾਲ ਦੇ ਮੁਕਾਬਲੇ ਇਹ ਸਮਾਂ 75 ਫ਼ੀਸਦੀ ਤੱਕ ਘੱਟ ਕੀਤਾ ਗਿਆ ਹੈ।

ਐੱਚ-1ਬੀ ਵੀਜ਼ੇ ਦੀ ਯੋਜਨਾ 'ਤੇ ਬਿਟਰ ਨੇ ਕਿਹਾ ਕਿ ਭਾਰਤੀ ਦੂਤਘਰ ਨੇ ਪਿਛਲੇ ਸਾਲ 34 ਫ਼ੀਸਦੀ ਜ਼ਿਆਦਾ ਐੱਚ-1ਬੀ ਵੀਜ਼ੇ ਜਾਰੀ ਕੀਤੇ ਜਿਹੜੇ ਹੁਣ ਤੱਕ ਸਭ ਤੋਂ ਜ਼ਿਆਦਾ ਹਨ। ਅਸੀਂ ਅਮਰੀਕਾ 'ਚ 20 ਹਜ਼ਾਰ ਭਾਰਤੀ ਹੁਨਰਮੰਦ ਕਾਮਿਆਂ ਨੂੰ ਮੁੜ ਜਾਇਜ਼ਤਾ ਦੇਣ ਲਈ ਜਨਵਰੀ 'ਚ ਪ੍ਰਯੋਗੀ ਪ੍ਰੋਗਰਾਮ ਸ਼ੁਰੂ ਕੀਤਾ ਸੀ ਜਿਹੜਾ ਇਸ ਮਹੀਨੇ ਦੇ ਅਖ਼ੀਰ 'ਚ ਖ਼ਤਮ ਹੋਵੇਗਾ।

### ਪਾਇਲਟ ਪ੍ਰੋਗਰਾਮ ਦੇ ਪੂਰਾ ਹੋਣ ਤੋਂ ਬਾਅਦ ਮੁਲਾਂਕਣ

ਇੱਕ ਵਾਰ ਪਾਇਲਟ ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ, ਇਸਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਇਹ ਦੇਖਣ ਲਈ ਸਮੀਖਿਆ ਕੀਤੀ ਜਾਵੇਗੀ ਕਿ ਅਮਰੀਕਾ ਵਿੱਚ ਕੰਮ ਕਰਨ ਵਾਲੇ ਭਾਰਤੀਆਂ ਲਈ ਇਸ ਨੂੰ ਆਸਾਨ ਬਣਾਉਣ ਲਈ ਕੀ ਕੀਤਾ ਜਾ ਸਕਦਾ ਹੈ। ਐਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਪੇਸ਼ਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਨ੍ਹਾਂ ਲਈ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ।

### ਹਰ ਚਾਰ ਵਿਦੇਸ਼ੀ ਵਿਦਿਆਰਥੀਆਂ ਵਿੱਚੋਂ ਇੱਕ ਭਾਰਤੀ

ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਇਸ 'ਤੇ ਨਿਰਭਰ ਕਰਦੀਆਂ ਹਨ। ਸਟੂਡੈਂਟ ਵੀਜ਼ਿਆਂ ਬਾਰੇ ਬਿਟਰ ਨੇ ਕਿਹਾ, ਅਮਰੀਕਾ ਵਿੱਚ ਪੜ੍ਹ ਰਹੇ ਹਰ ਚਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਇੱਕ ਭਾਰਤੀ ਹੈ। ਉੱਚ ਸਿੱਖਿਆ ਲਈ ਅਮਰੀਕਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ 35 ਫੀਸਦੀ ਵਧੀ ਹੈ। ਪਿਛਲੇ ਸਾਲ, ਭਾਰਤ ਵਿੱਚ ਅਮਰੀਕੀ ਕੌਂਸਲੇਟ ਨੇ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਸਨ।

# ਲਵ ਮੈਰਿਜ ਕਾਰਣ ਮੁੰਡੇ ਦਾ ਕਤਲ, ਪਿਓ ਦੀਆਂ ਵੱਢੀਆਂ ਬਾਹਾਂ

ਭਿਵਾਨੀ-ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਬਾਪੋੜਾ ਪਿੰਡ ਵਿੱਚ ਪ੍ਰੇਮ ਵਿਆਹ ਤੋਂ ਨਾਰਾਜ਼ ਕੁਝ ਲੋਕਾਂ ਨੇ ਇੱਕ ਵਿਅਕਤੀ ਦਾ ਕਥਿਤ ਰੂਪ ਵਿੱਚ ਕਤਲ ਕਰ ਦਿੱਤਾ ਜਦੋਂ ਕਿ ਉਸ ਦੇ ਪਿਤਾਂ ਦੇ ਦੋਵੇਂ ਹੱਥ ਵੱਢ ਦਿੱਤੇ।

ਪੁਲਿਸ ਅਨੁਸਾਰ 50 ਸਾਲਾ ਗੋਪੀਰਾਮ ਦੇ ਬੇਟੇ ਲਾਲਾ ਨੇ ਕਰੀਬ ਇੱਕ ਮਹੀਨਾਂ ਪਹਿਲਾਂ ਗੁਆਂਢ ਦੀ ਇੱਕ ਕੁੜੀ ਨਾਲ ਪਰਿਵਾਰ ਦੇ ਉਲਟ ਜਾ ਕੇ ਵਿਆਹ ਕਰਵਾਇਆ ਸੀ ਜਿਸ ਤੋਂ ਬਾਅਦ ਦੋਵੇਂ ਪਿੰਡ ਤੋਂ ਬਾਹਰ ਰਹਿ ਰਹੇ ਸੀ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਆਰੋਪੀ ਤੇਜ਼ਧਾਰ ਹਥਿਆਰਾਂ ਨਾਲ ਗੋਪੀਰਾਮ ਦੇ ਘਰ ਗਏ ਤੇ ਉਸ ਦੇ ਵੱਡੇ ਮੁੰਡੇ ਉੱਤੇ ਹਮਲਾ ਕਰ ਦਿੱਤਾ। ਇਸ ਵਿੱਚ ਉਨ੍ਹਾਂ ਨੇ ਗੋਪੀਰਾਮ ਦੇ ਦੋਵੇਂ ਹੱਥ ਵੀ ਵੱਢ ਦਿੱਤੇ। ਇਸ ਤੋਂ ਬਾਅਦ ਦੋਵਾਂ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਭਰਤੀ ਕਰਵਾਇਆ ਗਿਆ ਜਿੱਥੇ ਹਾਲਤ ਨਾਜ਼ੁਕ ਦੇਖਦਿਆਂ ਉਨ੍ਹਾਂ ਨੂੰ ਪੀਜੀਆਈ ਰੋਹਤਕ ਰੈਫਰ ਕਰ ਦਿੱਤਾ ਗਿਆ ਜਿੱਥੇ ਸੋਮਬੀਰ ਦੀ ਪੀਜੀਆਈ ਪਹੁੰਚਣ ਤੋਂ ਪਹਿਲਾਂ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮੀ ਦੇ ਬਿਆਨਾਂ ਦੇ ਆਧਾਰ ਉੱਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

# ਜ਼ਮੀਨੀ ਝਗੜੇ ਕਾਰਨ ਪ੍ਰਵਾਸੀ ਪੰਜਾਬੀ ਦਾ ਕਤਲ ਕਰ ਕੇ ਘਰ ਅੰਦਰ ਦੱਬਿਆ



ਮੋਗਾ-ਇਥੇ ਇੱਕ ਐੱਨਆਰਆਈ ਦੀ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਦੇ ਹੀ ਇੱਕ ਵਿਅਕਤੀ ਨੇ ਜ਼ਮੀਨੀ ਝਗੜੇ ਦੀ ਰੰਜ਼ਿਸ਼ ਕਾਰਨ ਦੋ ਨਾਬਾਲਗਾਂ ਨਾਲ ਰਲ ਕੇ ਹੱਤਿਆ ਮਗਰੋਂ ਐਨਆਰਆਈ ਦੀ ਲਾਸ਼ ਘਰ ਅੰਦਰ ਹੀ ਲਾਸ਼ ਦੱਬ ਦਿੱਤੀ। ਹੱਤਿਆ ਤੋਂ ਕਰੀਬ 20 ਦਿਨ ਬਾਅਦ ਭੇਤ ਖੁੱਲ੍ਹਣ ਡਰੋਂ ਮੁਲਜ਼ਮਾਂ ਨੇ ਸਾਥੀ ਨਾਬਾਲਗ ਮੁਲਜ਼ਮ ਦੀ ਹੱਤਿਆ ਕਰਕੇ ਲਾਸ਼ ਰੇਲਵੇ ਲਾਈਨ ਨੇੜੇ ਸੇਮ ਨਾਲੇ ਵਿੱਚ ਸੁੱਟ ਦਿੱਤੀ ਗਈ, ਜਿਸ ਤੋਂ ਪਰਵਾਸੀ ਪੰਜਾਬੀ ਦੀ ਹੱਤਿਆ ਤੋਂ ਵੀ ਭੇਦ ਖੁੱਲ੍ਹ ਗਿਆ।

ਥਾਣਾ ਮਹਿਣਾ ਮੁਖੀ ਇੰਸਪੈਕਟਰ ਬਲਵੰਤ ਸਿੰਘ ਨੇ ਵਾਰਦਾਤ ਦੀ ਪੁਸ਼ਟੀ ਕਰਦੇ ਕਿਹਾ ਕਿ ਫ਼ਿਲਹਾਲ ਅਕਾਸ਼ਦੀਪ ਸਿੰਘ ਵਾਸੀ ਬੱਧਨੀ ਖੁਰਦ ਦੀ ਸ਼ਿਕਾਇਤ ਉੱਤੇ ਮੁਲਜ਼ਮ ਕੁਲਵਿੰਦਰ ਸਿੰਘ ਅਤੇ ਰਾਜੇਸ਼ ਸਿੰਘ ਖ਼ਿਲਾਫ਼ ਕੇਸ ਦਰਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕੇਸ ਨੂੰ ਹੱਤਿਆ ਦੀ ਧਾਰਾ 302 ਵਿਚ ਤਬਦੀਲ ਕਰਨ ਲਈ ਤਫ਼ਤੀਸ਼ ਕੀਤੀ ਜਾ ਰਹੀ ਹੈ। ਵੇਰਵਿਆਂ ਅਨੁਸਾਰ ਐੱਨਆਰਆਈ ਤੀਰਥ ਸਿੰਘ ਪਿੰਡ ਬੱਧਨੀ ਖੁਰਦ ਨਾਲ ਮੁਲਜ਼ਮ ਕੁਲਵਿੰਦਰ ਸਿੰਘ ਦੀ ਜ਼ਮੀਨੀ ਝਗੜੇ ਦੀ ਰੰਜਿਸ਼ ਚਲੀ ਆ ਰਹੀ ਸੀ। ਮੁਲਜ਼ਮ ਕੁਲਵਿੰਦਰ ਸਿੰਘ ਨੇ ਕਰੀਬ 20 ਦਿਨ ਪਹਿਲਾਂ ਉਸਦੀ ਉਕਤ ਮੁਲਜ਼ਮ ਰਾਜੇਸ਼ ਸਿੰਘ ਤੇ ਇੱਕ ਹੋਰ ਨਾਬਾਲਗ ਮਨੀਕਰਨ ਸਿੰਘ (ਹੁਣ ਮ੍ਰਿਤਕ) ਕੋਲੋਂ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰਵਾ ਕੇ ਉਸ ਦੀ ਲਾਸ਼ ਉਸਦੇ ਘਰ ਅੰਦਰ ਹੀ ਦੱਬ ਦਿੱਤੀ। ਪੁਲੀਸ ਮੁਤਾਬਕ ਐੱਨਆਰਆਈ ਤੀਰਥ ਸਿੰਘ ਘਰ ਵਿਚ ਇਕੱਲਾ ਹੀ ਰਹਿੰਦਾ ਸੀ ਤੇ ਆਸ ਪਾਸ ਦੇ ਲੋਕਾਂ ਨੇ ਸਮਝ ਲਿਆ ਕਿ ਉਹ ਵਾਪਸ ਵਿਦੇਸ਼ ਪਰਤ ਗਿਆ ਹੋਵੇਗਾ।

ਇਸ ਹੱਤਿਆ ਕਾਂਡ ਦੇ ਸਾਜਿਸ਼ ਘਾੜੇ ਮੁਲਜ਼ਮ ਕੁਲਵਿੰਦਰ ਸਿੰਘ ਅਤੇ ਮੁਲਜ਼ਮ ਰਾਜੇਸ਼ ਸਿੰਘ ਨੂੰ ਸ਼ੱਕ ਪੈਦਾ ਹੋ ਗਿਆ ਕਿ ਨਾਬਾਲਗ ਮ੍ਰਿਤਕ ਮਨੀਕਰਨ ਸਿੰਘ ਜੋ ਐੱਨਆਰਆਈ ਦੀ ਹੱਤਿਆ ਵਿਚ ਸ਼ਾਮਲ ਦੱਸਿਆ ਜਾਂਦਾ ਹੈ ਕਿ ਕਿਤੇ ਭੇਦ ਨਾ ਖੋਲ੍ਹ ਦੇਵੇ। ਇਸ ਲਈ ਕੱਲ੍ਹ ਉਸ ਦੀ ਵੀ ਹੱਤਿਆ ਕਰਕੇ ਥਾਣਾ ਮਹਿਣਾ ਅਧੀਨ ਮੋਗਾ ਸ਼ਹਿਰ ਦੀ ਹੱਦ ਉੱਤੇ ਰੇਲਵੇ ਲਾਈਨ ਨਜ਼ਦੀਕ ਲੰਘਦੇ ਸੇਮ ਨਾਲੇ ਵਿਚ ਸੁੱਟ ਦਿੱਤੀ। ਪਰਿਵਾਰ ਵੱਲੋਂ ਉਸਦੀ ਭਾਲ ਕੀਤੀ ਜਾ ਰਹੀ ਸੀ ਅਤੇ ਉਸਦਾ ਫੋਨ ਬੰਦ ਆ ਰਿਹਾ ਸੀ। ਉਨ੍ਹਾਂ ਪੁਲੀਸ ਨੂੰ ਸੂਚਨਾ ਦਿੱਤੀ ਸੀ। ਥਾਣਾ ਮਹਿਣਾ ਪੁਲੀਸ ਨੇ ਦੋਵਾਂ ਅੰਨ੍ਹੇ ਕਤਲਾਂ ਦਾ ਪਤਾ ਲਗਾ ਲਿਆ ਹੈ ਅਤੇ ਮੁਲਜ਼ਮ ਦੀ ਪੈੜ ਵੀ ਨੱਪ ਲਈ ਹੈ।

# ਦੋ ਵਿਦੇਸ਼ੀ ਰਿਵਾਲਵਰਾਂ ਤੇ ਪਿਸਤੌਲ ਸਣੇ ਪੁਲੀਸ ਨੇ ਦੋਸ਼ੀ ਕੀਤਾ ਗ੍ਰਿਫ਼ਤਾਰ



ਪਟਿਆਲਾ-ਥਾਣਾ ਤ੍ਰਿਪੜੀ ਦੇ ਐੱਸਐੱਚਓ ਇੰਸਪੈਕਟਰ ਗੁਰਪ੍ਰੀਤ ਸਿੰਘ ਭਿੰਡਰ ਤੇ ਟੀਮ ਨੇ ਵਿਅਕਤੀ ਕੈਸ ਮਾਲੇਰਕੋਟਲਾ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ ਦੋ ਵਿਦੇਸ਼ੀ ਰਿਵਾਲਵਰ ਤੇ ਪਿਸਤੌਲ ਬਰਾਮਦ ਕੀਤਾ ਹੈ। ਬਰਾਮਦ ਕੀਤੇ ਦੋਵੇਂ ਰਿਵਾਲਵਰ ਅਮਰੀਕਾ ਦੇ ਬਣੇ ਹਨ।

# ਮਤਰੇਏ ਪਿਓ ਨੇ 15 ਸਾਲਾ ਧੀ ਨਾਲ ਕਰਵਾਇਆ ਸਮੂਹਿਕ ਬਲਾਤਕਾਰ

### ✪ ਮਾਸੀ ਨੇ ਪੁਲੀਸ ਕੋਲ ਰਿਪੋਟ ਲਿਖਵਾਈ, ਤਿੰਨ ਦੋਸ਼ੀ ਗ੍ਰਿਫਤਾਰ



ਲੁਧਿਆਣਾ-ਥਾਣਾ ਮਿਹਰਬਾਨ ਦੀ ਪੁਲਸ ਨੇ 15 ਸਾਲਾ ਲੜਕੀ ਨਾਲ ਸਮੂਹਿਕ ਜਬਰ-ਜ਼ਨਾਹ ਕਰਨ ਦਾ ਪਰਚਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਥਾਣੇਦਾਰ ਰਾਧੇ ਸ਼ਾਮ ਨੇ ਦੱਸਿਆ ਕਿ ਪੁਲਸ ਨੂੰ ਇਕ ਔਰਤ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਭੈਣ ਦਾ ਦੂਜਾ ਵਿਆਹ ਹੋਇਆ ਹੈ ਅਤੇ ਭੈਣ ਦੀ ਪਹਿਲਾਂ ਇਕ ਬੇਟੀ ਵੀ ਉਸ ਨਾਲ ਰਹਿੰਦੀ ਹੈ। ਕੁਝ ਦਿਨ ਪਹਿਲਾਂ ਉਸ ਦੀ ਭੈਣ ਦੀ ਆਪਣੇ ਪਤੀ ਨਾਲ ਲੜਾਈ ਹੋ ਗਈ ਅਤੇ 13 ਜਨਵਰੀ ਨੂੰ ਝਗੜਾ ਕਰਕੇ ਘਰੋਂ ਕਿਤੇ ਚਲੀ ਗਈ। ਇਸ ਤੋਂ ਬਾਅਦ 20 ਫਰਵਰੀ ਦੀ ਰਾਤ ਨੂੰ ਘਰ ਵਿਚ ਉਸ ਦੀ 15 ਸਾਲਾ ਲੜਕੀ ਨਾਲ ਉਸ ਦੇ ਮਤਰਏ ਪਿਓ ਪਰਮਿੰਦਰ ਸਿੰਘ, ਮਾਮਾ ਲਵਲੀ ਅਤੇ ਦੋਸਤ ਵਿਸ਼ਾਲ ਨੇ ਸ਼ਰਾਬ ਦੇ ਨਸ਼ੇ ਵਿਚ ਸਮੂਹਿਕ ਜਬਰ-ਜ਼ਿਨਾਹ ਕੀਤਾ। ਕੁਝ ਦਿਨ ਬਾਅਦ ਲੜਕੀ ਨੇ ਇਹ ਸਾਰੀ ਗੱਲ ਮਾਸੀ ਨੂੰ ਦੱਸ ਦਿੱਤੀ, ਜਿਸ ਤੋਂ ਬਾਅਦ ਸ਼ਿਕਾਇਤ ਦੇਣ 'ਤੇ ਪੁਲਸ ਨੇ ਮਾਮਲੇ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਤਿੰਨੇ ਮੁਲਜ਼ਮਾਂ ਖ਼ਿਲਾਫ ਕੇਸ ਦਰਜ ਕਰ ਲਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਤਿੰਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਬੰਗਾਲ ਵਿਚ ਸਿੱਖ ਆਈ. ਪੀ. ਐਸ. ਨੂੰ ਖ਼ਾਲਿਸਤਾਨੀ ਕਹਿਣ ਕਾਰਣ ਭਾਜਪਾ ਆਗੂ ਉਪਰ ਕੇਸ ਦਰਜ



ਕੋਲਕਾਤਾ-ਪੱਛਮੀ ਬੰਗਾਲ ਦੇ ਤਣਾਅਗ੍ਰਸਤ ਸੰਦੇਸ਼ਖਲੀ ਜਾਣ ਸਮੇਂ ਰੋਕੇ ਜਾਣ 'ਤੇ ਭਾਜਪਾ ਆਗੂ ਸੁਭੇਂਦੂ ਅਧਿਕਾਰੀ ਵਲੋਂ ਇਕ ਸਿੱਖ ਆਈ. ਪੀ. ਐਸ. ਅਧਿਕਾਰੀ ਨੂੰ ਖ਼ਾਲਿਸਤਾਨੀ ਕਹਿਣ ਦੇ ਮੁੱਦੇ 'ਤੇ ਕੋਲਕਾਤਾ ਦੇ ਭਵਾਨੀਪੁਰ ਥਾਣੇ 'ਚ ਅਣਪਛਾਤੇ ਵਿਅਕਤੀ ਵਿਰੁੱਧ ਐਫ.ਆਈ. ਆਰ. ਦਰਜ ਕੀਤੀ ਗਈ ਹੈ। ਭਵਾਨੀਪੁਰ ਥਾਣੇ ਵਿਚ ਯੂਥ ਖਾਲਸਾ ਕਲੱਬ ਦੇ ਗੁਰਮੀਤ ਸਿੰਘ ਨੇ ਐਫ.ਆਈ.ਆਰ. ਦਰਜ ਕਰਵਾਈ ਹੈ ਸ਼ਇਸ ਐਫ.ਆਈ.ਆਰ. 'ਚ ਸ਼ਿਕਾਇਤ ਕੀਤੀ ਗਈ ਹੈ ਕਿ ਇਸ ਤਰ੍ਹਾਂ ਦੀਆਂ ਟਿੱਪਣੀਆਂ ਨਾਲ ਨਾ ਸਿਰਫ ਸਿੱਖਾਂ ਦਾ ਅਕਸ ਖਰਾਬ ਹੋਇਆ ਬਲਕਿ ਸੂਬੇ ਦਾ ਫਿਰਕੂ ਮਾਹੌਲ ਵੀ ਖਰਾਬ ਹੋਇਆ ਹੈ। ਕੋਲਕਾਤਾ ਸਥਿਤ ਭਾਜਪਾ ਦੇ ਬੰਗਾਲ ਹੈਡਕੁਆਰਟਰ ਸਾਹਮਣੇ ਸਿੱਖਾਂ ਵਲੋਂ ਧਰਨਾ ਵੀ ਜਾਰੀ ਹੈ।

# 4 ਕਿੱਲੋ ਹੈਰੋਇਨ, ਡਰੱਗ ਮਨੀ ਤੇ ਪਿਸਤੌਲ ਸਣੇ ਸਮਗਲਰ ਗ੍ਰਿਫ਼ਤਾਰ

ਅੰਮ੍ਰਿਤਸਰ-ਸਪੈਸ਼ਲ ਸੈੱਲ ਦਿਹਾਤੀ ਦੀ ਟੀਮ ਨੇ ਸਮੱਗਲਰ ਮਨਜੀਤ ਸਿੰਘ ਕਾਲੂ ਵਾਸੀ ਧਨੋਆ ਕਲਾਂ ਨੂੰ ਕਾਬੂ ਕੀਤਾ ਹੈ ਜਿਸ ਕੋਲੋਂ ਚਾਰ ਕਿੱਲੋ ਹੈਰੋਇਨ, 2 ਲੱਖ ਰੁਪਏ ਦੀ ਡਰੱਗ ਮਨੀ, ਇਕ 20 ਬੋਰ ਦਾ ਪਿਸਤੌਲ, ਇਕ ਡੌਂਗਲ, ਪੰਜ ਕਾਰਤੂਸ ਅਤੇ ਦੋ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ। ਸਪੈਸ਼ਲ ਸੈੱਲ ਦੀ ਟੀਮ ਮੁਲਜ਼ਮਾਂ ਦੇ ਮੋਬਾਈਲ ਫੋਨ ਦੀ ਵੀ ਜਾਂਚ ਕਰ ਰਹੀ ਹੈ, ਜਿਸ ਵਿਚ ਪਾਕਿਸਤਾਨੀ ਸਮੱਗਲਰਾਂ ਦੇ ਕਈ ਨੰਬਰ ਮਿਲੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਹੈਰੋਇਨ ਦੀ ਇਹ ਖੇਪ ਪਾਕਿਸਤਾਨ ਤੋਂ ਹੀ ਮੰਗਵਾਈ ਸੀ। ਸਪੈਸ਼ਲ ਸੈੱਲ ਉਸ ਤੋਂ ਸਖ਼ਤੀ ਨਾਲ ਪੁੱਛਗਿੱਛ ਕਰ ਰਿਹਾ ਹੈ ਅਤੇ ਉਸ ਤੋਂ ਕਈ ਖ਼ੁਲਾਸੇ ਹੋਣ ਦੀ ਉਮੀਦ ਹੈ।

# ਗਿਆਨਵਾਪੀ ਮਸਜਿਦ ਬਾਰੇ ਹਾਈ ਕੋਰਟ ਵਲੋਂ ਮੁਸਲਿਮ ਧਿਰ ਦੀ ਪਟੀਸ਼ਨ ਰੱਦ

### ✪ ਹੁਕਮ ਦਿੱਤਾ ਕਿ ਕੰਪਲੈਕਸ ਵਿਚਲੇ ਵਿਆਸ ਜੀ ਤਹਿਖ਼ਾਨੇ ਵੀਚ ਪੂਜਾ ਜਾਰੀ ਰਹੇਗੀ

ਪ੍ਰਯਾਗਰਾਜ-ਅਲਾਹਾਬਾਦ ਹਾਈ ਕੋਰਟ ਨੇ ਵਾਰਾਨਸੀ ਦੇ ਜ਼ਿਲ੍ਹਾ ਜੱਜ ਵੱਲੋਂ ਵਾਰਾਨਸੀ ਜ਼ਿਲ੍ਹਾ ਮੈਜਿਸਟਰੇਟ ਨੂੰ ਗਿਆਨਵਾਪੀ ਮਸਜਿਦ ਕੰਪਲੈਕਸ ਦੇ ਅੰਦਰ ਵਿਆਸ ਜੀ ਦੇ ਤਹਿਖਾਨੇ ਦਾ ਰਿਸੀਵਰ (ਨਿਗਰਾਨੀ) ਨਿਯੁਕਤ ਕਰਨ ਅਤੇ ਉਸ ਵਿੱਚ ਪੂਜਾ ਦੀ ਇਜਾਜ਼ਤ ਦੇਣ ਦੇ ਫੈਸਲੇ ਵਿਰੁੱਧ ਦਾਇਰ ਅਪੀਲ ਨੂੰ ਰੱਦ ਕਰ ਦਿੱਤਾ। ਜਸਟਿਸ ਰੋਹਿਤ ਰੰਜਨ ਅਗਰਵਾਲ ਨੇ ਦੋਵਾਂ ਪੱਖਾਂ ਨੂੰ ਸੁਣਨ ਤੋਂ ਬਾਅਦ 15 ਫਰਵਰੀ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਜਸਟਿਸ ਰੋਹਿਤ ਰੰਜਨ ਅਗਰਵਾਲ ਨੇ ਕਿਹਾ ਕਿ ਵਿਆਸ ਜੀ ਦੀ ਤਹਿਖ਼ਾਨੇ ਵਿੱਚ ਪੂਜਾ ਜਾਰੀ ਰਹੇਗੀ। ਗਿਆਨਵਾਪੀ ਮਸਜਿਦ ਦਾ ਪ੍ਰਬੰਧਨ ਕਰਨ ਵਾਲੀ ਅੰਜੁਮਨ ਇੰਤੇਜ਼ਾਮੀਆ ਮਸਜਿਦ ਕਮੇਟੀ ਨੇ ਵਾਰਾਨਸੀ ਦੇ ਜ਼ਿਲ੍ਹਾ ਜੱਜ ਦੇ ਦੋਵਾਂ ਫੈਸਲਿਆਂ ਵਿਰੁੱਧ ਅਲਾਹਾਬਾਦ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ।

## ਕਰਾਈਮ ਨਿਊਜ਼

### ਖਾਲਿਸਤਾਨੀ ਪੰਨੂ ਨੇ ਦਿੱਤੀ ਨਵੀਂ ਧਮਕੀ

**✪ ਅਖੇ ਭਾਰਤ ਦੇ ਸ਼ੇਅਰ ਬਾਜ਼ਾਰਾਂ 'ਤੇ ਹਮਲੇ ਕਰਵਾਕੇ ਭਾਰਤੀ ਅਰਥਵਿਵਥਾ ਨੂੰ ਨੁਕਸਾਨ ਪਹੁੰਚਾਏਗਾ**



ਵਾਸ਼ਿੰਗਟਨ-ਖਾਲਿਸਤਾਨੀ ਸੰਗਠਨ 'ਸਿੱਖਸ ਫਾਰ ਜਸਟਿਸ' ਦੇ ਗੁਰਪਤਵੰਤ ਸਿੰਘ ਪੰਨੂ ਨੇ ਇਕ ਨਵਾਂ ਵੀਡੀਓ ਜਾਰੀ ਕਰ ਕੇ ਧਮਕੀ ਦਿੱਤੀ ਹੈ ਕਿ ਉਹ ਭਾਰਤੀ ਅਰਥਵਿਵਥਾ ਨੂੰ ਨੁਕਸਾਨ ਪਹੁੰਚਾਉਣ ਲਈ ਸ਼ੇਅਰ ਬਾਜ਼ਾਰਾਂ 'ਤੇ ਹਮਲੇ ਕਰਵਾਏਗਾ। ਪੰਨੂ ਨੇ ਕਿਹਾ ਕਿ ਉਹ ਭਾਰਤ ਨੂੰ ਆਰਥਿਕ ਤੌਰ 'ਤੇ ਨੁਕਸਾਨ ਪਹੁੰਚਾਉਣ ਅਤੇ ਵੰਡਣ ਦੀ ਆਪਣੀ ਮੁਹਿੰਮ ਨੂੰ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਉਹ ਵੱਖਰੇ ਸਿੱਖ ਰਾਜ ਲਈ ਵੀ ਪਿੱਛੇ ਹਟਣ ਵਾਲੇ ਨਹੀਂ ਹਨ।

ਦੱਸ ਦੇਈਏ ਕਿ ਨਵੀਂ ਜਾਰੀ ਕੀਤੀ ਵੀਡੀਓ ਵਿਚ ਪੰਨੂ ਨੇ ਇਕ ਸਕ੍ਰੀਨ 'ਤੇ ਨਿਖਿਲ ਗੁਪਤਾ, ਜਿਸ 'ਤੇ ਪੰਨੂ ਦੇ ਕਤਲ ਦੀ ਫਿਰੌਤੀ ਲੈਣ ਦਾ ਦੋਸ਼ ਹੈ ਅਤੇ ਜੋ ਅਮਰੀਕਾ ਦੇ ਇਸ਼ਾਰੇ 'ਤੇ ਸਲੋਵਾਕੀਆ ਵਿਚ ਕੈਦ ਵਿਚ ਰੱਖਿਆ ਗਿਆ ਹੈ, ਦੀ ਫੋਟੋ ਦਿਖਾਉਂਦਿਆਂ ਕਿਹਾ ਉਸ ਨੂੰ ਮੇਰੀ (ਪੰਨੂ) ਹੱਤਿਆ ਕਰਨ ਲਈ ਭਾਰਤ ਦੇ ਨੇਤਾਵਾਂ ਪ੍ਰਧਾਨ ਮੰਤਰੀ ਮੋਦੀ, ਵਿਦੇਸ਼ ਮੰਤਰੀ ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਭੇਜਿਆ ਸੀ।

# ਨਿੱਝਰ ਸਮਰਥਕ ਦੇ ਘਰ 'ਤੇ ਹੋਇਆ ਹਮਲਾ ਪਰਿਵਾਰਕ ਝਗੜੇ ਦਾ ਹੋ ਸਕਦਾ ਹੈ ਮਾਮਲਾ

**✪ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਜਾਂਚ ਵਿੱਚ ਕਿਸੇ ਵੀ ਵਿਦੇਸ਼ੀ ਦਖਲ ਤੋਂ ਕੀਤਾ ਇਨਕਾਰ**

ਔਟਵਾ-ਕੈਨੇਡੀਅਨ ਪੁਲਿਸ ਨੇ ਮਾਰੇ ਗਏ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਨਜ਼ਦੀਕੀ ਸਾਥੀ ਦੇ ਘਰ ਦੇ ਬਾਹਰ ਗੋਲੀਬਾਰੀ ਦੀ ਘਟਨਾ ਦੇ ਸਬੰਧ ਵਿੱਚ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਮਾਮਲਾ ਪਰਿਵਾਰਕ ਝਗੜੇ ਦਾ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਜਾਂਚ ਵਿੱਚ ਕਿਸੇ ਵੀ ਵਿਦੇਸ਼ੀ ਦਖਲ ਤੋਂ ਇਨਕਾਰ ਕੀਤਾ ਹੈ।

1 ਫਰਵਰੀ ਨੂੰ ਦੱਖਣੀ ਸਰੀ 'ਚ ਨਿੱਝਰ ਦੇ ਕਰੀਬੀ ਸਿਮਰਨਜੀਤ ਸਿੰਘ ਦੇ ਘਰ 'ਤੇ



ਗੋਲੀਬਾਰੀ ਹੋਈ ਸੀ। ਪੁਲਿਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਕਿਆਸ ਲਗਾਏ ਜਾ ਰਹੇ ਸਨ ਕਿ ਇਸ 'ਚ ਵਿਦੇਸ਼ੀ ਹੱਥ ਹੋ ਸਕਦਾ ਹੈ। ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ 6 ਫਰਵਰੀ ਨੂੰ ਸਰੀ ਪੁਲਿਸ ਦੀ ਸੀਰੀਅਸ ਕ੍ਰਾਈਮ ਯੂਨਿਟ ਨੇ ਰਿਹਾਇਸ਼ ਦੀ ਤਲਾਸ਼ੀ ਲਈ। ਇਸ ਦੌਰਾਨ ਤਿੰਨ ਹਥਿਆਰ ਅਤੇ ਕਈ ਇਲੈਕਟ੍ਰਾਨਿਕ ਸਾਮਾਨ ਜ਼ਬਤ ਕੀਤਾ ਗਿਆ। 12 ਫਰਵਰੀ ਨੂੰ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੁਲਜ਼ਮਾਂ ਨੂੰ ਫਿਲਹਾਲ ਅਦਾਲਤ ਵਿੱਚ ਪੇਸ਼ੀ ਲਈ ਹਿਰਾਸਤ ਵਿੱਚ ਰੱਖਿਆ ਗਿਆ ਹੈ।

# ਕੰਧ ਪਾੜ ਕੇ ਗੰਨ ਹਾਊਸ ਵਿਚੋਂ ਲੁਟੇਰੇ ਹਥਿਆਰ, ਕਾਰਤੂਸ ਤੇ 6 ਲੱਖ ਦੀ ਨਕਦੀ ਲੈ ਗਏ



ਅੰਮ੍ਰਿਤਸਰ-ਥਾਣਾ ਸਿਵਲ ਲਾਈਨ ਅਧੀਨ ਪੈਂਦੇ ਇਲਾਕੇ ਕੋਰਟ ਰੋਡ 'ਤੇ ਸਥਿਤ ਗੰਨ ਹਾਊਸ 'ਚ ਸੰਨ੍ਹਮਾਰੀ ਕਰਦੇ ਹੋਏ ਅਣਪਛਾਤੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਗਏ। ਮੁਲਜ਼ਮ ਦੁਕਾਨ ਵਿਚੋਂ ਅੱਠ 12 ਬੋਰ ਦੇ 8 ਪਿਸਤੌਲ, ਤਿੰਨ ਪੰਪ ਬੰਦੂਕਾਂ, 6 ਲੱਖ ਰੁਪਏ ਦੀ ਨਕਦੀ ਅਤੇ 18 ਕਾਰਤੂਸ ਚੋਰੀ ਕਰ ਕੇ ਫ਼ਰਾਰ ਹੋ ਗਏ। ਮੁਲਜ਼ਮ ਪਹਿਲਾਂ ਹੀ ਨਾਲ ਲੱਗਦੀ ਮਾਡਰਨ ਇਲੈਕਟ੍ਰਿਕ ਕੰਪਨੀ ਦੀ ਦੁਕਾਨ ਦੇ ਨਾਲ ਲੱਗਦੀ ਛੱਤ ਰਾਹੀਂ ਅੰਦਰ ਦਾਖ਼ਲ ਹੋਏ। ਇਸ ਤੋਂ ਬਾਅਦ ਉਨ੍ਹਾਂ ਨੇ ਦੁਕਾਨ ਵਿਚ ਵੜ ਕੇ ਡਰਿੱਲ ਮਸ਼ੀਨ ਨਾਲ ਗੰਨ ਹਾਊਸ ਦੀ ਕੰਧ ਵਿਚ ਮੋਰ੍ਹੀ ਕਰ ਦਿੱਤੀ। ਪੁਲਿਸ ਨੇ ਮੁਲਜ਼ਮਾਂ ਦੀ ਪਛਾਣ ਕਰਨ ਲਈ ਨੇੜੇ ਦੇ ਸੀਸੀਟੀਵੀ ਦੀ ਜਾਂਚ ਕੀਤੀ ਤਾਂ ਦੋ ਨੌਜਵਾਨ ਦੁਕਾਨ ਵਿਚ ਵੜਦੇ ਦੇਖੇ ਗਏ। ਸਿਰਫ਼ ਇਕ ਨੌਜਵਾਨ ਗੰਨ ਹਾਊਸ ਵਿਚ ਵੜਿਆ ਅਤੇ ਉਸ ਨੇ ਹੀ ਇਹ ਵਾਰਦਾਤ ਕੀਤੀ। ਪੁਲਿਸ ਨੇ ਅਣਪਛਾਤੇ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਗੰਨ ਹਾਊਸ ਦੇ ਮਾਲਕ ਸੁਰੇਸ਼ ਅਰੋੜਾ ਵਾਸੀ ਸਹਿਜ ਇਨਕਲੇਵ, ਮਜੀਠਾ ਰੋਡ ਨੇ ਦੱਸਿਆ ਕਿ ਉਹ ਬੀਤੇ ਦਿਨੀਂ ਗੰਨ ਹਾਊਸ ਬੰਦ ਕਰ ਕੇ ਚਲਾ ਗਿਆ। ਜਦੋਂ ਉਨ੍ਹਾਂ ਨੇ ਅਗਲੇ ਦਿਨ ਸਵੇਰੇ ਗੰਨ ਹਾਊਸ ਖੋਲ੍ਹਿਆ ਤਾਂ ਚੋਰੀ ਬਾਰੇ ਪਤਾ ਲੱਗਾ। ਉਨ੍ਹਾਂ ਕਿਹਾ ਕਿ ਗੰਨ ਹਾਊਸ ਵਿਚ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ ਜਿਨ੍ਹਾਂ ਵਿਚ ਚੋਰੀ ਦੀ ਘਟਨਾ ਕੈਦ ਹੋ ਗਈ ਹੈ। ਦੋ ਮੁਲਜ਼ਮਾਂ ਵਿੱਚੋਂ ਇਕ ਦੁਕਾਨ ਦੇ ਬਾਹਰ ਅਤੇ ਦੂਜਾ ਦੁਕਾਨ ਦੇ ਅੰਦਰ ਰਿਹਾ। ਕਰੀਬ 2 ਵਜੇ ਇਕ ਨੌਜਵਾਨ ਦੁਕਾਨ 'ਚ ਵੜਿਆ ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਿਸ ਆਸ-ਪਾਸ ਦੇ ਸੀਸੀਟੀਵੀ ਵੀ ਜਾਂਚ ਕਰ ਰਹੀ ਹੈ।

# ਪ੍ਰੇਮੀ ਕਾਰਣ ਮਾਂ ਨੇ ਦੋ ਬੱਚਿਆਂ ਦੀ ਕੀਤੀ ਹੱਤਿਆ

**✪ ਆਪਣੇ ਪ੍ਰੇਮੀ ਨਾਲ ਮਿਲ ਕੇ ਇਸ ਵਾਰਦਾਤ ਨੂੰ ਦਿੱਤਾ ਅੰਜਾਮ**





ਸੋਨੀਪਤ-ਸੋਨੀਪਤ ਦੇ ਮਸ਼ਦ ਮੁਹੱਲੇ ਨੇੜੇ 10 ਤੇ 7 ਸਾਲ ਦੇ ਦੋ ਅਸਲੀ ਭਰਾ ਸ਼ੱਕੀ ਹਾਲਾਤ ਵਿਚ ਲਾਪਤਾ ਹੋ ਗਏ। ਆਦਰਸ਼ ਨਗਰ ਦੀ ਗਲੀ-1 'ਚ ਰਹਿਣ ਵਾਲੀ ਰੂਬੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਆਪਣੇ ਪਤੀ ਤੋਂ ਸੱਤ ਸਾਲ ਪਹਿਲਾਂ ਤਲਾਕ ਹੋ ਗਿਆ ਸੀ। ਉਹ ਆਪਣੇ 10 ਸਾਲ ਦੇ ਬੇਟੇ ਵੰਸ਼ ਤੇ 7 ਸਾਲ ਦੇ ਬੇਟੇ ਯਸ਼ ਨਾਲ ਰਹਿੰਦੀ ਹੈ। ਰੂਬੀ ਨੇ ਪੁਲਿਸ ਨੂੰ ਦੱਸਿਆ ਕਿ 21 ਫਰਵਰੀ ਨੂੰ ਉਹ ਆਪਣੇ ਦੋਵਾਂ ਪੁੱਤਰਾਂ ਨੂੰ ਮਸ਼ਦ ਮੁਹੱਲਾ ਸਕੂਲ ਵਿਚ ਛੱਡ ਕੇ ਕੰਮ 'ਤੇ ਗਈ ਸੀ। ਸ਼ਾਮ ਨੂੰ ਜਦੋਂ ਮੈਂ ਘਰ ਆਈ ਤਾਂ ਮੇਰੇ ਦੋਵੇਂ ਲੜਕੇ ਨਹੀਂ ਮਿਲੇ।

ਜਦੋਂ ਮੈਂ ਅਧਿਆਪਕ ਨੂੰ ਬੁਲਾ ਕੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਦੋਵੇਂ ਸਕੂਲ ਛੱਡ ਚੁੱਕੇ ਹਨ। ਜਦੋਂ ਅਸੀਂ ਆਪਣੇ ਪੱਧਰ 'ਤੇ ਭਾਲ ਕੀਤੀ ਤਾਂ ਸਾਨੂੰ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਉਸ ਨੂੰ ਸ਼ੱਕ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਨੇ ਅਗਵਾ ਕਰ ਲਿਆ ਹੈ। ਪੁਲਿਸ ਨੇ ਰਿਸ਼ਤੇਦਾਰਾਂ ਤੇ ਆਸ-ਪਾਸ ਦੇ ਲੋਕਾਂ ਤੋਂ ਪੁੱਛਗਿੱਛ ਤੇ ਮੋਬਾਈਲ ਲੋਕੇਸ਼ਨ ਤੇ ਨੰਬਰਾਂ 'ਤੇ ਗੱਲਬਾਤ ਦਾ ਡਾਟਾ ਇਕੱਠਾ ਕਰ ਕੇ ਇਸ ਘਟਨਾ ਦਾ ਪਰਦਾਫਾਸ਼ ਕੀਤਾ। ਮੁਲਜ਼ਮ ਮਾਂ ਨੇ ਕਬੂਲਿਆ ਕਿ ਉਹ ਆਪਣੇ ਪਤੀ ਤੋਂ ਤਲਾਕ ਤੋਂ ਬਾਅਦ ਇਕੱਲੀ ਰਹਿ ਰਹੀ ਸੀ।

ਉਹ ਕਬੀਰਪੁਰ ਦੇ ਨਿਤਿਨ ਦੇ ਕਰੀਬੀ ਸਨ। ਬੱਚਿਆਂ ਨੂੰ ਦੂਰ ਰੱਖਣ ਲਈ ਉਸ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲੀਸ ਪ੍ਰੇਮੀ ਪ੍ਰੇਮਿਕਾ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਲਾਸ਼ਾਂ ਵੀ ਬਰਾਮਦ ਕਰ ਲਈਆਂ ਹਨ।

# ਲੁਧਿਆਣਾ ਕੇਂਦਰੀ ਜੇਲ 'ਚ ਨਸ਼ੇ ਵਿਚ ਧੁੱਤ ਕੈਦੀਆਂ 'ਚ ਤਕਰਾਰ

**✪ ਇਕ-ਦੂਜੇ 'ਤੇ ਸੁੱਟੀਆਂ ਇੱਟਾਂ**



ਲੁਧਿਆਣਾ-ਇੱਥੋਂ ਦੀ ਕੇਂਦਰੀ ਜੇਲ੍ਹ ਵਿੱਚ ਦੋ ਕੈਦੀਆਂ ਵਿੱਚ ਬੁਰੀ ਤਰ੍ਹਾਂ ਲੜਾਈ ਹੋ ਗਈ। ਦੋਵਾਂ ਨੇ ਇਕ ਦੂਜੇ 'ਤੇ ਇੱਟਾਂ-ਰੋੜਿਆਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਦੇ ਸਿਰ 'ਤੇ ਸੱਟਾਂ ਲੱਗੀਆਂ। ਸੂਤਰਾਂ ਅਨੁਸਾਰ ਦੋਵੇਂ ਕੈਦੀ ਨਸ਼ੇ ਵਿਚ ਸਨ। ਨਸ਼ੇ ਵਿੱਚ ਧੁੱਤ ਇੱਕ ਦੂਜੇ ਨੂੰ ਗਾਲ੍ਹਾਂ ਕੱਢਣ ਕਾਰਨ ਝਗੜਾ ਹੋ ਗਿਆ। ਦੋਵੇਂ ਕੈਦੀ ਇੱਕ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਇਕ ਕੈਦੀ ਹਰਪ੍ਰੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ। ਪੁਲਿਸ ਸੂਤਰਾਂ ਅਨੁਸਾਰ ਦੂਜੇ ਕੈਦੀ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ ਪਰ ਉਸ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ ਹੈ।

ਲੁਧਿਆਣਾ ਜੇਲ੍ਹ ਵਿੱਚ ਕੈਦੀਆਂ ਵਿੱਚ ਲਗਾਤਾਰ ਝੜਪਾਂ, ਮੋਬਾਈਲ ਅਤੇ ਨਸ਼ੇ ਦੀਆਂ ਘਟਨਾਵਾਂ ਵਿੱਚ ਵਾਧਾ ਹੋਣ ਕਾਰਨ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਹੋ ਗਏ ਹਨ। ਨਸ਼ੇ ਅਤੇ ਮੋਬਾਈਲ ਦੇ ਬਦਮਾਸ਼ ਹਰ ਰੋਜ਼ ਆਸਾਨੀ ਨਾਲ ਜੇਲ੍ਹ ਵਿੱਚ ਪਹੁੰਚ ਰਹੇ ਹਨ। ਇਸ ਤੋਂ ਪਹਿਲਾਂ ਵੀ ਕੈਦੀਆਂ ਨੇ ਜੇਲ੍ਹ ਦੇ ਬਾਥਰੂਮ ਦੀ ਕੰਧ ਤੋਂ ਇੱਕ ਇੱਟ ਹਟਾਉਣ ਦੀ ਕੋਸ਼ਿਸ਼ ਕੀਤੀ ਸੀ। ਜੇਲ੍ਹ ਤੋਂ ਆਏ ਪੁਲਿਸ ਮੁਲਾਜ਼ਮਾਂ ਨੇ ਇਸ ਮਾਮਲੇ ਸਬੰਧੀ ਚੁੱਪ ਧਾਰੀ ਰੱਖੀ।

ਪੰਜਾਬ ਟਾਈਮਜ਼ ਅਨੁਸਾਰ ਜੇਕਰ ਪਿਛਲੇ ਹਫਤੇ ਦੇ ਰਿਕਾਰਡ 'ਤੇ ਨਜ਼ਰ ਮਾਰੀਏ ਤਾਂ ਪੁਲਿਸ ਨੇ ਕੈਦੀਆਂ ਅਤੇ ਤਾਲਾਬੰਦੀਆਂ ਤੋਂ ਕੁੱਲ 26 ਮੋਬਾਈਲ ਫ਼ੋਨ ਬਰਾਮਦ ਕੀਤੇ ਹਨ। ਇਹ ਕੈਦੀ ਬੈਰਕਾਂ ਵਿੱਚ ਮੋਬਾਈਲ ਫੋਨ ਅਤੇ ਨਸ਼ੀਲੇ ਪਦਾਰਥ ਕਿਵੇਂ ਪਹੁੰਚਾ ਰਹੇ ਹਨ, ਇਹ ਜਾਂਚ ਦਾ ਵਿਸ਼ਾ ਹੈ। ਇਸ ਤੋਂ ਪਹਿਲਾਂ ਜੇਲ੍ਹ ਵਿੱਚ ਜਨਮਦਿਨ ਪਾਰਟੀ ਮਨਾਉਣ ਦੀ ਵੀਡੀਓ ਵੀ ਵਾਇਰਲ ਹੋ ਚੁੱਕੀ ਹੈ।

# ਟੁੱਟੇ ਵਾਅਦਿਆਂ ਦੀ ਦਾਸਤਾਨ ਵਿਸ਼ਵ ਭਰ ਦਾ ਕਿਸਾਨ ਅੰਦੋਲਨ

ਗੁਰਮੀਤ ਸਿੰਘ ਪਲਾਹੀ
-9815802070



**ਅੱਜ ਦੁਨੀਆ ਭਰ ਵਿੱਚ ਕਿਸਾਨਾਂ ਨੂੰ ਵੱਡੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾ ਦੀ ਰੋਜ਼ੀ-ਰੋਟੀ ਖਤਰੇ ਵਿੱਚ ਹੈ, ਉਹਨਾ ਦੇ ਹੱਕਾਂ ਨੂੰ ਕੁਚਲਿਆਂ ਜਾ ਰਿਹਾ ਹੈ। ਭਾਰਤ ਵਿੱਚ ਅੱਜ ਵੀ ਦੇਸ਼ ਦੇ ਲੱਖਾਂ ਕਿਸਾਨ ਦਿੱਲੀ ਦੀਆਂ ਸਰਹੱਦਾਂ ਨੂੰ ਘੇਰਨ ਲਈ ਘਰੋਂ ਨਿਕਲ ਚੁੱਕੇ ਹਨ। ਸੱਤਾ ਦੇ ਗਲਿਆਰਿਆਂ ਵਿੱਚ ਉਹਨਾ ਦੀ ਅਵਾਜ਼ ਗੂੰਜਦੀ ਹੈ। ਉਹਨਾ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਵੀ ਉਠ ਰਹੀ ਹੈ। ਕਿਸਾਨਾਂ ਦੇ ਹੱਕਾਂ ਦੀ ਲੜਾਈ ਲਈ ਭਾਰਤ ਦੇ ਮੈਦਾਨਾਂ ਤੋਂ ਲੈਕੇ ਯੂਰਪ ਦੀਆਂ ਉਪਜਾਊ ਘਾਟੀਆਂ ਤੱਕ ਕਿਸਾਨ ਇਕੱਜੁੱਟ ਹੋ ਰਹੇ ਹਨ। ਪੈਦਾਵਾਰ ਦੀਆਂ ਡਿਗਦੀਆਂ ਕੀਮਤਾਂ, ਫਸਲਾਂ ਉਗਾਉਣ ਲਈ ਵਧਦੀ ਲਾਗਤ, ਕਰਜ਼ੇ ਦਾ ਬੋਝ, ਪੌਣਪਾਣੀ ਬਦਲੀ, ਤਾਕਤਵਾਰ ਕਾਰੋਬਾਰੀਆਂ ਵਲੋਂ ਉਹਨਾ ਦੀ ਲੁੱਟ ਅਤੇ ਉਹਨਾ ਦੀ ਜ਼ਮੀਨ ਹਥਿਆਉਣ ਜਾਂ ਇਕਵਾਇਰ ਕਰਨ ਦੀਆਂ ਕਰਵਾਈਆਂ ਕਿਸਾਨਾਂ 'ਚ ਵੱਡੀ ਅਸੰਤੁਸ਼ਟੀ ਪੈਦਾ ਕਰਦੀਆਂ ਹਨ।**




ਪਿਛਲੇ ਕੁਝ ਦਿਨਾਂ 'ਚ ਫਰਾਂਸ, ਇਟਲੀ, ਰੋਮਾਨੀਆ, ਪੋਲੈਂਡ, ਗਰੀਸ, ਜਰਮਨੀ, ਪੁਰਤਗਾਲ, ਨੀਦਰਲੈਂਡ ਅਤੇ ਅਮਰੀਕਾ ਦੇ ਕਿਸਾਨ ਸੜਕਾਂ ਉਤੇ ਵਿਰੋਧ ਪ੍ਰਦਰਸ਼ਨ ਕਰਦੇ ਵੇਖੇ ਗਏ। ਫਰਾਂਸ ਵਿੱਚ ਤਾਂ ਸੜਕਾਂ ਠੱਪ ਕਰਨ ਤੋਂ ਬਾਅਦ ਯੂਕਰੇਨ ਦੂਤਾਵਾਸ ਉਤੇ ਮਸ਼ੀਨਾਂ ਨਾਲ ਗੋਹੇ ਦੀ ਬੁਛਾੜ ਕਿਸਾਨਾਂ ਨੇ ਕੀਤੀ। ਭਾਰਤ ਵਿੱਚ ਵੀ ਕਿਸਾਨਾਂ ਦਾ ਅੰਦੋਲਨ ਭਖਿਆ ਪਿਆ ਹੈ। ਕਿਸਾਨਾਂ ਨੂੰ ਰਾਜਧਾਨੀ ਦਿੱਲੀ ਜਾਣੋ ਰੋਕਣ ਲਈ ਹਰਿਆਣਾ ਦੀ ਸਰਹੱਦ ਉਤੇ ਵੱਡੀਆਂ ਰੋਕਾਂ ਅਤੇ ਸੁਰੱਖਿਆ ਬਲ ਲਗਾਏ ਹੋਏ ਹਨ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਹਨ।

ਤਤਕਾਲੀ ਮੰਗਾਂ ਤਾਂ ਭਾਵੇਂ ਵੱਖੋ-ਵੱਖਰੇ ਦੇਸ਼ ਦੇ ਕਿਸਾਨਾਂ ਦੀਆਂ ਕੁਝ ਵੀ ਹੋਣ, ਪਰ ਕਿਸਾਨਾਂ ਦੇ ਹੱਕਾਂ ਦੀ ਲੜਾਈ ਸਿਰਫ਼ ਉਹਨਾ ਦੀ ਰੋਟੀ ਕਮਾਉਣ ਦੀ ਰੱਖਿਆ ਦੀ ਹੀ ਨਹੀਂ ਹੈ, ਉਹ ਸਾਡੇ ਸਮੂਹਿਕ ਖਾਧ ਭਵਿੱਖ ਦੀ ਸਮੱਸਿਆ ਲਈ ਵੀ ਹੈ। ਉਹਨਾ ਦੀਆਂ ਮੰਗਾਂ ਸਿਰਫ਼ ਆਰਥਿਕ ਸੁਰਖਿਆ ਲਈ ਹੀ ਨਹੀਂ ਹਨ, ਉਹ ਇੱਕ ਨਿਆਂਪੂਰਨ ਅਤੇ ਟਿਕਾਊ ਖਾਧ ਪ੍ਰਣਾਲੀ ਦਾ ਪ੍ਰਤੀਨਿਧਤ ਕਰਦੀਆਂ ਹਨ, ਜੋ ਕਿਸਾਨਾਂ ਦੀ ਜ਼ਮੀਨ ਦੇ ਪ੍ਰਬੰਧਕ ਦੇ ਰੂਪ ਵਿੱਚ ਮਹੱਤਵਪੂਰਨ ਹਨ। ਦੁਨੀਆ ਦਾ ਪੇਟ ਪਾਲਣ ਵਿੱਚ ਕਿਸਾਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ।

ਅੱਜ ਦੁਨੀਆ ਭਰ ਵਿੱਚ ਕਿਸਾਨਾਂ ਨੂੰ ਵੱਡੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾ ਦੀ ਰੋਜ਼ੀ-ਰੋਟੀ ਖਤਰੇ ਵਿੱਚ ਹੈ, ਉਹਨਾ ਦੇ ਹੱਕਾਂ ਨੂੰ ਕੁਚਲਿਆਂ ਜਾ ਰਿਹਾ ਹੈ। ਭਾਰਤ ਵਿੱਚ ਅੱਜ ਵੀ ਦੇਸ਼ ਦੇ ਲੱਖਾਂ ਕਿਸਾਨ ਦਿੱਲੀ ਦੀਆਂ ਸਰਹੱਦਾਂ ਨੂੰ ਘੇਰਨ ਲਈ ਘਰੋਂ ਨਿਕਲ ਚੁੱਕੇ ਹਨ। ਸੱਤਾ ਦੇ ਗਲਿਆਰਿਆਂ ਵਿੱਚ ਉਹਨਾ ਦੀ ਅਵਾਜ਼ ਗੂੰਜਦੀ ਹੈ। ਉਹਨਾ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਵੀ ਉਠ ਰਹੀ ਹੈ। ਕਿਸਾਨਾਂ ਦੇ ਹੱਕਾਂ ਦੀ ਲੜਾਈ ਲਈ ਭਾਰਤ ਦੇ ਮੈਦਾਨਾਂ ਤੋਂ ਲੈਕੇ ਯੂਰਪ ਦੀਆਂ ਉਪਜਾਊ ਘਾਟੀਆਂ ਤੱਕ ਕਿਸਾਨ ਇਕੱਜੁੱਟ ਹੋ ਰਹੇ ਹਨ। ਪੈਦਾਵਾਰ ਦੀਆਂ ਡਿਗਦੀਆਂ ਕੀਮਤਾਂ, ਫਸਲਾਂ ਉਗਾਉਣ ਲਈ ਵਧਦੀ ਲਾਗਤ, ਕਰਜ਼ੇ ਦਾ ਬੋਝ, ਪੌਣਪਾਣੀ ਬਦਲੀ, ਤਾਕਤਵਾਰ ਕਾਰੋਬਾਰੀਆਂ ਵਲੋਂ ਉਹਨਾ ਦੀ ਲੁੱਟ ਅਤੇ ਉਹਨਾ ਦੀ ਜ਼ਮੀਨ ਹਥਿਆਉਣ ਜਾਂ ਇਕਵਾਇਰ ਕਰਨ ਦੀਆਂ ਕਰਵਾਈਆਂ ਕਿਸਾਨਾਂ 'ਚ ਵੱਡੀ ਅਸੰਤੁਸ਼ਟੀ ਪੈਦਾ ਕਰਦੀਆਂ ਹਨ।

ਭਾਰਤ ਵਿੱਚ ਕਿਸਾਨ, ਸਾਰੀਆਂ ਫਸਲਾਂ (23) ਦੇ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਰੰਟੀ ਲਈ ਸੜਕਾਂ 'ਤੇ ਮੁੜ ਆਏ ਹਨ। ਤਿੰਨ ਸਾਲ ਪਹਿਲਾਂ ਉਹਨਾ ਨੇ ਕੇਂਦਰ ਸਰਕਾਰ ਵਲੋਂ ਬਣਾਏ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਇੱਕ ਵੱਡੀ ਲੜਾਈ ਜਿੱਤੀ ਸੀ। ਸਮਰਥਨ ਮੁੱਲ ਦੀ ਮੰਗ ਉਸ ਵੇਲੇ ਤੋਂ ਹੀ ਲਟਕਦੀ ਆ ਰਹੀ ਹੈ। ਜਿਸ ਸਬੰਧੀ ਕੇਂਦਰ ਸਰਕਾਰ ਨੇ ਟਾਲ ਮਟੋਲ ਦੀ ਨੀਤੀ ਅਪਨਾਈ ਰੱਖੀ ਵਾਅਦੇ ਕੀਤੇ ਜੋ ਕਦੇ ਵੀ ਵਫ਼ਾ ਨਾ ਹੋਏ। ਯੂਰਪ ਵਿੱਚ ਡੱਚ ਡੇਅਰੀ ਕਿਸਾਨਾਂ ਨੇ ਆਪਣਾ "ਦੁੱਧ ਵਿਰੋਧ ਪ੍ਰਦਰਸ਼ਨ" ਕਰਦੇ ਹੋਏ ਰਾਜਮਾਰਗਾਂ ਅਤੇ ਸੁਪਰ ਬਜ਼ਾਰਾਂ ਵਿਚ ਵਿਰੋਧ ਪ੍ਰਗਟ ਕੀਤਾ ਅਤੇ ਦੁੱਧ ਕੀਮਤਾਂ ਨੂੰ ਨਕਾਰਿਆ ਅਤੇ ਆਪਣੇ ਵਾਜਿਬ ਮਿਹਨਤਾਨੇ ਲਈ ਮੁਆਵਜੇ ਦੀ ਮੰਗ ਕੀਤੀ। ਭਾਰਤ ਵਾਂਗਰ ਫਰਾਂਸ ਵਿੱਚ ਵੀ ਲੱਖਾਂ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਵਿਰੋਧ 'ਚ ਆਏ। ਹਵਾਈ ਅੱਡਿਆਂ ਤੱਕ ਦੀ ਘੇਰਾ ਬੰਦੀ ਕਰਦਿਆਂ ਉਹਨਾ ਉਥੋਂ ਦੀ ਰਾਜਧਾਨੀ ਪੈਰਿਸ ਨੂੰ ਵੀ ਘੇਰ ਲਿਆ।

ਐਂਟਲਾਂਟਿਕ ਦੇ ਪਾਰ, ਬ੍ਰਾਜ਼ੀਲ ਵਿੱਚ ਸਵਦੇਸ਼ੀ ਸੁਮਾਦਾਏ ਅਤੇ ਛੋਟੇ ਕਿਸਾਨ, ਪੂੰਜੀਵਾਦੀ ਕਾਰਪੋਰੇਟ ਧੁਰੰਤਰਾਂ ਦੇ ਖਿਲਾਫ ਇੱਕ ਜੁੱਟ ਹਨ, ਉਹਨਾ ਦਾ ਸੰਘਰਸ਼ ਆਪਣੀਆਂ ਜ਼ਮੀਨਾਂ ਕਾਰਪੋਰੇਟਾਂ ਹੱਥ ਜਾਣ ਤੋਂ ਬਚਾਉਣਾ ਹੈ। ਜੰਗਲਾਂ ਦੀ ਕਟਾਈ ਅਤੇ ਕਾਰਪੋਰੇਟਾਂ ਵਲੋਂ ਜ਼ਮੀਨ ਹਥਿਆਉਣ ਲਈ ਕੀਤੇ ਘਿਨੌਣੇ ਯਤਨਾਂ ਦਾ ਵਿਰੋਧ ਕਿਸਾਨਾਂ ਦੇ ਸੰਘਰਸ਼ਾਂ ਦੀ ਕਹਾਣੀ ਵਿੱਚ ਇੱਕ ਨਵੀਂ ਪਰਤ ਜੋੜ ਰਿਹਾ ਹੈ, ਜੋ ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਨਿਆਂ ਦੀ ਇੱਕ ਕਹਾਣੀ ਬੁਣਦਾ ਹੈ।

ਦੁਨੀਆ ਭਰ ਵਿੱਚ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਮੁੱਦਿਆਂ ਵਿੱਚ ਲਗਭਗ ਸਮਾਨਤਾ ਹੈ। ਉਹਨਾ ਦੇ ਸੰਘਰਸ਼ ਦਾ ਤਾਣਾ-ਬਾਣਾ ਲੁੱਟ-ਖਸੁੱਟ, ਹਾਸ਼ੀਏ 'ਤੇ ਜਾਣ ਅਤੇ ਟੁੱਟੇ ਵਾਇਦਿਆਂ ਦੇ ਧਾਗਿਆਂ ਨਾਲ ਬੁਣਿਆ ਗਿਆ ਹੈ। ਜਦੋਂ ਅਸਿਥਰ ਬਜ਼ਾਰ ਉਹਨਾ ਕੀਮਤਾਂ ਵਿੱਚ ਉਤਾਰ-ਚੜਾਅ ਪ੍ਰਤੀ ਸੰਵੇਦਨਸ਼ੀਲਤਾ ਬਣਾ ਦਿੰਦੇ ਹਨ ਤਾਂ ਇਹੋ ਜਿਹੇ 'ਚ ਉਹਨਾ ਦੀ ਪੈਦਾਵਾਰ ਦੇ ਲਈ ਬਹੁਤ ਘੱਟ ਮੁੱਲ ਮਿਲਦਾ ਹੈ। ਲੁੱਟ-ਖਸੁੱਟ ਵਾਲਾ ਬਜ਼ਾਰ ਕਿਸਾਨਾਂ ਨੂੰ ਇਹੋ ਜਿਹੀ ਸਥਿਤੀ 'ਚ ਨਿਚੋੜਦਾ ਹੈ, ਜਿਸ ਵਿੱਚ ਉਹਨਾ ਦੀ ਫਸਲ ਦੀ ਲਾਗਤ ਕੀਮਤ ਵੀ ਕਈ ਹਾਲਾਤਾਂ 'ਚ ਨਹੀਂ ਮਿਲਦੀ। ਇਸ ਸਬੰਧੀ ਆਕਸਫੈਮ ਨੇ ਇੱਕ ਰਿਪੋਰਟ ਛਾਇਆ ਕੀਤੀ ਹੈ, ਜਿਸ ਮੁਤਾਬਿਕ ਕਿਸਾਨਾਂ ਨੂੰ ਭੋਜਨ ਦੇ ਅੰਤਿਮ ਖੁਦਰਾ ਮੁੱਲ ਦਾ ਕੇਵਲ ਇੱਕ ਤੋਂ ਅੱਠ ਫੀਸਦੀ ਮਿਲਦਾ ਹੈ।

ਕਾਰਨ ਜੇ ਜਾਣੀਏ ਤਾਂ ਬੱਸ ਇਕੋ ਹੈ, ਉਹ ਇਹ ਕਿ ਤਕੜਾ ਕਾਰਪੋਰੇਟ, ਸੱਤਾ ਦੀ ਤਾਕਤ ਕੁਝ ਹੱਥਾਂ ਵਿੱਚ ਸੌਂਪ ਦਿੰਦਾ ਹੈ। ਇਹੀ ਸੱਤਾਧਾਰੀ ਲੋਕ ਕਾਰਪੋਰੇਟ ਸੈਕਟਰ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ, ਉਹਨਾ ਦੀ ਉਪਜ ਉਤੇ ਕੰਟਰੋਲ ਕਰਨਾ, ਛੋਟੇ ਕਿਸਾਨਾਂ ਨੂੰ ਬਜ਼ਾਰ ਵਿੱਚੋਂ ਬਾਹਰ ਕਰਨਾ, ਇਹਨਾ ਧੰਨ ਕੁਬੇਰਾਂ ਦਾ ਮੰਤਵ ਹੈ, ਜੋ ਕਿਸਾਨਾਂ ਦੀਆਂ ਸਮੱਸਿਆਵਾਂ ਦੀ ਮੂਲ ਜੜ੍ਹ ਬਣਦਾ ਹੈ। ਅੱਜ ਕਿਸਾਨਾਂ ਦੀ ਸਥਿਤੀ ਇਹ ਹੈ ਕਿ ਉਹ ਕਰਜ਼ੇ ਨਾਲ ਮੜ੍ਹੇ ਪਏ ਹਨ। ਵਾਤਾਵਰਨ 'ਚ ਬਦਲਾਅ ਨੇ ਉਹਨਾ ਦੀ ਫਸਲ 'ਚ ਅਨਿਸ਼ਚਿਤਤਾ ਵਧਾ ਦਿੱਤੀ ਹੋਈ ਹੈ। ਭਾਰਤ ਵਿੱਚ ਕਿਸਾਨਾਂ ਦੇ ਮੰਦੇ ਹਾਲਾਤ ਇਥੋਂ ਤੱਕ ਹਨ ਕਿ ਉਹ ਖੁਦਕੁਸ਼ੀਆਂ ਕਰ ਰਹੇ ਹਨ। ਉੱਚੀ ਲਾਗਤ ਅਤੇ ਬਜ਼ਾਰੀ ਕੀਮਤਾਂ ਕਾਰਨ ਅਕਸਰ ਕਿਸਾਨ ਕਰਜ਼ੇ ਹੇਠ ਦੱਬੇ ਜਾ ਰਹੇ ਹਨ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਵਿਸ਼ਵ ਪੱਧਰ 'ਚ ਪੰਜ ਕਰੋੜ ਛੋਟੇ ਕਿਸਾਨ ਕਰਜ਼ੇ ਦੇ ਚੱਕਰ 'ਚ ਫਸੇ ਹੋਏ ਹਨ।

ਵਿਸ਼ਵ ਭਰ 'ਚ ਉਦਯੋਗਿਕਰਨ ਵਧ ਰਿਹਾ ਹੈ ਅਤੇ ਹਰ ਦੇਸ਼ 'ਚ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਦੀ ਜ਼ਮੀਨ ਤੋਂ ਬੇਦਖਲੀ ਹੋ ਰਹੀ ਹੈ, ਜੋ ਇਹਨਾ ਅੰਨ ਦਾਤਿਆਂ ਲਈ ਵੱਡੀ ਸਮੱਸਿਆ ਬਣੀ ਹੋਈ ਹੈ। ਦੇਸ਼ ਦੀਆਂ ਸਥਾਨਕ ਸਰਕਾਰਾਂ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਵਲੋਂ ਜ਼ਮੀਨ ਪ੍ਰਾਪਤ ਕਰਨ ਲਈ ਹਰ ਦਿਨ ਬਿਨ੍ਹਾਂ ਕਿਸੇ ਪੁਨਰਵਾਸ ਦੇ, ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ, ਇਹ ਉਸ ਲਈ ਰੋਜ਼ੀ-ਰੋਟੀ ਦਾ ਮਸਲਾ ਪੈਦਾ ਕਰ ਰਿਹਾ ਹੈ। "ਲੈਂਡ ਮੈਟਰਿਕਸ ਐਨੀਸ਼ੀਏਟਿਵ" ਦੇ ਅਨੁਸਾਰ 2016 ਤੋਂ 2020 ਦੇ ਵਿਚਕਾਰ ਵਿਸ਼ਵ ਪੱਧਰ 'ਤੇ ਕਿਸਾਨਾਂ ਦੀ 10 ਲੱਖ ਹੈਕਟੇਅਰ ਜ਼ਮੀਨ ਹੜੱਪ ਲਈ ਗਈ।

ਔੜ, ਹੜ੍ਹ ਅਤੇ ਅਨਿਯਮਤ ਮੌਸਮ ਕਿਸਾਨਾਂ ਦੀ ਫਸਲ ਉਜਾੜ ਦਿੰਦਾ ਹੈ। ਇਹ ਵਿਸ਼ਵ-ਵਿਆਪੀ ਵਰਤਾਰਾ ਹੈ। ਇਹ ਸਥਿਤੀਆਂ ਜਿਥੇ ਖੁਰਾਕ ਸੁਰੱਖਿਆ ਨੂੰ ਖ਼ਤਰੇ 'ਚ ਪਾਉਂਦੀਆਂ ਹਨ, ਉਥੇ ਕਿਸਾਨਾਂ ਨੂੰ ਗਰੀਬੀ ਵੱਲ ਧਕੇਲਦੀਆਂ ਹਨ। ਵਿਸ਼ਵ ਬੈਂਕ ਦਾ ਅੰਦਾਜ਼ਾ ਹੈ ਕਿ ਮੌਸਮੀ ਬਦਲੀ 2030 ਤੱਕ 2.6 ਕਰੋੜ ਹੋਰ ਲੋਕਾਂ ਨੂੰ ਗਰੀਬੀ ਵੱਲ ਧੱਕ ਦੇਵੇਗੀ, ਖ਼ਾਸ ਤੌਰ 'ਤੇ ਪੇਂਡੂ ਖੇਤਰਾਂ ਵਿੱਚ। ਛੋਟੇ ਕਿਸਾਨਾਂ ਕੋਲ ਪਾਣੀ, ਕਰਜ਼ਾ ਅਤੇ ਸੂਚਨਾ ਜਿਹੇ ਜ਼ਰੂਰੀ ਸਾਧਨਾਂ ਤੱਕ ਪਹੁੰਚ ਦੀ ਘਾਟ ਉਹਨਾ ਦੀਆਂ ਫਸਲਾਂ ਦੇ ਪੈਦਾਵਾਰ ਅਤੇ ਲਚੀਲੇਪਨ ਵਿੱਚ ਪੁਠਾ ਅਸਰ ਪਾਉਂਦੇ ਹਨ।

ਸਰਕਾਰਾਂ ਨੂੰ ਕਿਸਾਨਾਂ ਦੇ ਵਿਸ਼ਵ ਵਿਦਰੋਹ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ, ਨਾ ਹੀ ਦਬਾਉਣਾ ਚਾਹੀਦਾ ਹੈ, ਜਿਵੇਂ ਕਿ ਭਾਰਤ ਵਿੱਚ ਦਬਾਇਆ ਜਾ ਰਿਹਾ ਹੈ। ਭਾਰਤ ਵਿੱਚ ਕਿਸਾਨਾਂ ਦੀ ਗਿਣਤੀ ਕਿਉਂਕਿ ਵੱਧ ਹੈ, ਉਹਨਾ ਦੀ ਜਦੋਂ ਸੁਣਵਾਈ ਨਹੀਂ ਹੁੰਦੀ, ਉਹਨਾ ਦੇ ਅੰਦੋਲਨ ਨੂੰ ਕੁਚਲਿਆ ਜਾਂਦਾ ਹੈ, ਤਾਂ ਉਹਨਾ 'ਚ ਗੁੱਸਾ ਹੋਰ ਜ਼ਿਆਦਾ ਭੜਕਦਾ ਹੈ। ਉਹ ਰੋਕਾਂ ਤੋੜਦੇ ਹਨ, ਆਪਣੀ ਗੱਲ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਯਤਨ ਕਰਦੇ ਹਨ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਕਿਸਾਨਾਂ-ਮਜ਼ਦੂਰਾਂ ਨੇ ਲੁੱਟ-ਖਸੁੱਟ ਦੇ ਵਿਰੁੱਧ ਇਕੱਠੇ ਹੋ ਕੇ ਸੱਤਾ ਦੇ ਵਿਰੁੱਧ ਹੁੰਕਾਰ ਭਰੀ ਹੈ, ਉਹਨਾ ਨੇ ਸੱਤਾ ਪਲਟਾਉਣ ਦਾ ਕੰਮ ਕੀਤਾ ਹੈ।

ਸਾਲ 1917 'ਚ ਰੂਸ 'ਚ ਇਨਕਲਾਬ ਆਇਆ, ਮਾਓ ਜੇ ਤੁੰਗ ਦੀ ਅਗਵਾਈ ਵਿੱਚ ਚੀਨ 'ਚ ਕ੍ਰਾਂਤੀ ਆਈ ਜਾਂ ਭਾਰਤ ਵਿੱਚ ਕਿਸਾਨ ਅੰਦੋਲਨ, ਤਿੰਨ ਮੁੱਦਿਆਂ ਗਰੀਬੀ, ਜ਼ਮੀਨ ਹਥਿਆਉਣ ਦੇ ਮੁੱਦਿਆਂ ਅਤੇ ਗੁਲਾਮੀ ਨੂੰ ਲੈ ਕੇ ਕਿਸਾਨਾਂ ਦਾ ਵਿਰੋਧ ਵੱਡਾ ਰਿਹਾ। ਇਹ ਪੇਂਡੂ ਖਿੱਤਿਆਂ 'ਚ ਮੁੱਖ ਤੌਰ 'ਤੇ ਵੇਖਣ ਨੂੰ ਮਿਲਿਆ। ਇਹ ਤਿੰਨੇ ਅੰਦੋਲਨ ਸੱਤਾ ਧਾਰੀਆਂ ਦੇ ਵਿਰੋਧ 'ਚ ਪੈਦਾ ਹੋਏ।

ਹਰੇਕ ਅੰਦੋਲਨ ਨੇ ਤਬਦੀਲੀ ਦੀ ਵਕਾਲਤ ਕਰਨ ਵਾਲੀ ਵਿਚਾਰਧਾਰਾ ਤੋਂ ਪ੍ਰੇਰਨਾ ਲਈ। ਰੂਸ ਵਿੱਚ ਬਾਲਸ਼ਵਿਕਾਂ ਨੇ ਜ਼ਮੀਨ ਦੀ ਵੰਡ ਬਰਾਬਰੀ ਦਾ ਵਾਅਦਾ ਕਰਦਿਆਂ ਸਮਾਜਵਾਦ ਨੂੰ ਅਪਨਾਇਆ। ਮਾਓ ਜੇ ਤੁੰਗ ਦੀ ਕ੍ਰਾਂਤੀ ਮਾਓਵਾਦ ਤੋਂ ਪ੍ਰੇਰਿਤ ਸੀ ਜੋ ਮਾਰਕਸਵਾਦ ਅਤੇ ਖੇਤੀ ਸਮਾਜਵਾਦ ਦਾ ਮਿਸ਼ਰਣ ਸੀ। ਜਦ ਕਿ ਹੁਣ ਵਾਲਾ ਭਾਰਤੀ ਅੰਦੋਲਨ ਵੀ ਸਮਾਜਿਕ ਨਿਆਂ ਅਤੇ ਉਚਿਤ ਵਤੀਰੇ ਦੇ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ। ਕਿਸਾਨ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਗੱਲ ਵੀ ਕਰਦੇ ਹਨ, ਉਹ ਆਪਣੀ ਮਨੁੱਖੀ ਹੱਕਾਂ ਦੀ ਗੱਲ ਕਰਦੇ ਹਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਦ੍ਰਿੜਤਾ ਨਾਲ ਖੜ੍ਹੇ ਹਨ।

ਬਾਕੀ ਹਿਸਾ ਸਫਾ 28 ਤੇ ਪੜ੍ਹੋ

# ਦੇਸ਼ ਪੰਜਾਬ ਲਈ ਪੰਜਾਬੀਆਂ ਦੀਆਂ ਜ਼ਿੰਮੇਵਾਰੀਆਂ

ਗਿਆਨੀ ਕੇਵਲ ਸਿੰਘ



ਪੰਜਾਬ ਸ਼ਬਦ ਆਪਣੇ ਅੰਦਰ ਆਪਣੀ ਬਹੁ-ਪੱਖੀ ਅਹਿਮੀਅਤ ਸਮੋਈ ਬੈਠਾ ਹੈ। ਪੰਜਾਬ ਦੀ ਮਹੱਤਤਾ ਨੂੰ ਰੂਹ ਦੇ ਤਲ ’ਤੇ ਜਾਨਣ ਤੇ ਮਾਨਣ ਵਾਲੇ ਅਸਲੀ ਵਾਰਸ ਸਮੇਂ ਦੇ ਗੇੜ ਨਾਲ ਰੁਖ਼ਸਤ ਹੁੰਦੇ ਗਏ। ਉਨ੍ਹਾਂ ਦੀ ਥਾਂ ’ਤੇ ਉਸ ਤਰ੍ਹਾਂ ਪੰਜਾਬ ਨੂੰ ਸਮਝਣ ਤੇ ਜੀਊਣ ਵਾਲੇ ਨਵੇਂ ਵਾਰਸ ਤਿਆਰ ਹੋਣੋ ਘੱਟਦੇ ਗਏ। ਨਵਿਆਂ ਨੂੰ ਪੰਜਾਬ ਦੀ ਸਮਝ ਨਾ ਹੋਣ ਕਰਕੇ ਉਨ੍ਹਾਂ ਦੀ ਰੂਹ ਅੰਦਰ ਪੰਜਾਬ ਉਤਰਨਾ ਜੇ ਪੂਰੀ ਤਰ੍ਹਾਂ ਬੰਦ ਨਹੀਂ ਹੋਇਆ ਤਾਂ ਲਗਾਤਾਰ ਘੱਟਦਾ ਜ਼ਰੂਰ ਗਿਆ।

ਪੰਜਾਬ ਦਾ ਪਿਛੋਕੜ, ਪੰਜਾਬ ਦਾ ਇਤਿਹਾਸ ਤੇ ਪੰਜਾਬ ਦਾ ਵਿਰਸਾ ਨਵੀਆਂ ਪੀੜੀਆਂ ਲਈ ਖਿੱਚ ਦਾ ਕੇਂਦਰ ਨਹੀਂ ਹੈ ਅਤੇ ਪਿਛਲੇ ਲੰਮੇ ਅਰਸੇ ਤੋਂ ਹਾਸ਼ੀਏ’ ਤੇ ਹੈ।

ਪੰਜਾਬ ਵੱਲ ਅੱਜ ਝਾਤ ਮਾਰ ਕੇ ਦੇਖੀਏ ਕਿ ਕਿੰਨਾ ਕੁ ਨਿੱਘ ਹੈ ਜਾਂ ਲਗਾਓ ਹੈ। ਪੰਜਾਬ ਦਾ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਰੂਪ ਅੱਜ ਕਿੱਥੇ ਪੁੱਜ ਗਿਆ ਹੈ। ਪੰਜਾਬ ਨੇ ਸੰਸਾਰ ਵਿਚ ਸਰਦਾਰੀ ਕੀਤੀ ਹੈ। ਪੰਜਾਬ ਦੇ ਜਾਇਅਆਂ ਨੇ ਸਦੀਆਂ ਪਹਿਲਾਂ ਤੋਂ ਸੰਸਾਰ ਅੰਦਰ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰਕੇ ਸੰਸਾਰ ਪਾਸੋਂ ਆਪਣੀ ਅਣਖ ਸਵੈ-ਮਾਣ ਦੇ ਸੋਹਲੇ ਗਵਾਏ ਹਨ।

ਕੁਦਰਤ ਦੇ ਕਾਦਰ ਨੇ ਪੰਜਾਬ ਧਰਤੀ ਦਾ ਉਹ ਹਿੱਸਾ ਸਿਰਜਿਆ ਹੈ ਜਿਸ ਨੂੰ ਪ੍ਰਕਿਰਤੀ ਰਚਨਾ ਦਾ ਨਗੀਨਾ ਆਖ ਸਕਦੇ ਹਾਂ। ਇਸ ਧਰਤੀ ਵਰਗਾ ਪਾਉਣ ਪਾਣੀ ਆਬੋ ਹਵਾ ਦੁਨੀਆਂ ਦੇ ਕਿਸੇ ਕੋਨੇ ਵਿਚ ਨਹੀਂ ਹੈ। ਪੰਜਾਬ ਦੇ ਜਾਏ ਮਨੁੱਖ ਵਰਗਾ ਕੱਦ ਕਾਠ ਰੂਪ ਰੰਗ ਸਭ ਕੁਝ ਆਪਣਾ ਹੀ ਹੈ। ਪੰਜਾਬ ਦੇ ਇਤਿਹਾਸ ਵਰਗਾ ਇਤਿਹਾਸ ਵੀ ਸ਼ਾਇਦ ਦੁਨੀਆਂ ਦੀ ਧਰਤੀ ’ਤੇ ਕਿਸੇ ਖਾਸ ਹਿੱਸੇ ਦੇ ਵਾਸੀਆਂ ਨੇ ਨਹੀਂ ਸਿਰਜਿਆ। ਪੰਜਾਬ ਦੇ ਵਡ- ਵਡੇਰਿਆਂ ਨੇ ਪੰਜਾਬ ਨੂੰ ਸਿਰਮੌਰ ਬਣਾਉਣ ਲਈ ਕਿਵੇਂ ਕੀ ਕੀ ਸੰਘਰਸ਼ ਕੀਤਾ ਤੇ ਤਸ਼ੱਦਦ ਸਹਿਆ ਸਭ ਕੁਝ ਦੀ ਵੱਖਰੀ ਵੱਖਰੀ ਕਹਾਣੀ ਹੈ।

ਪੰਜਾਬ ਦੀ ਧਰਤੀ ਨੂੰ ਗੁਰੂਆਂ ਦੀ ਧਰਤੀ ਅਖਵਾਉਣ ਦਾ ਮਾਣ ਨਸੀਬ ਹੋਇਆ। ਗੁਰੂ ਸਾਹਿਬਾਨ ਨੇ ਇਸ ਧਰਤੀ ’ਤੇ ਸਚਿਆਰ ਮਨੁੱਖ ਦੀ ਸਿਰਜਣਾ ਦਾ ਸੰਕਲਪ ਅਕਾਲ ਪੁਰਖ ਦੇ ਹੁਕਮ ਰਜ਼ਾ ਵਿਚ ਲਿਆ। ਕੂੜੇ ਦੀ ਕੰਧ ਜੋ ਮਨੁੱਖ ਦੇ ਅੰਦਰ ਸਦੀਆਂ ਤੋਂ ਉਸਰੀ ਹੋਈ ਸੀ ਉਸ ਨੂੰ ਤੋੜਨ ਦੀ ਜੁਗਤਿ ਗੁਰੂ ਸਾਹਿਬਾਨ ਨੇ ਰੱਬੀ ਗਿਆਨ ਨਾਲ ਤਕਰੀਬਨ ਢਾਈ ਸਦੀਆਂ ਲਾ ਕੇ ਸੰਸਾਰ ਦੇ ਮਨੁੱਖ ਨੂੰ ਸਮਝਾਉਣ ਤੇ ਦ੍ਰਿੜ ਕਰਵਾਉਣ ਲਈ ਵੱਡਾ ਦਾਈਆ ਇਥੋਂ ਹੀ ਅਰੰਭਿਆ।

ਗੁਰੂ ਦ੍ਰਿਸ਼ਟੀ ਨੇ ਜਲਤੀ ਸਭ ਪ੍ਰਿਥਵੀ ਵੇਖੀ ਤੇ ਪਰਜਾ ਨੂੰ ਅਗਿਆਨੀ ਵੇਖਿਆ। ਅਧੋਗਤੀ ਦੀ ਸ਼ਿਕਾਰ ਇਸ ਦੁੱਖ ਦਾਈ ਰੂਪ ਨੂੰ ਬਦਲਣ ਦਾ ਬੀੜਾ ਅਕਾਲ ਪੁਰਖੀ ਹੁਕਮ ਵਿਚ ਚੁੱਕ ਕੇ ਜੋ ਕੁਝ ਤੇ ਜਿਵੇਂ ਕੀਤਾ ਸਭ ਕੁਝ ਇਤਿਹਾਸ ਦੇ ਅਮੀਰ ਪੰਨਿਆਂ ’ਤੇ ਪੰਜਾਬ ਦੇ ਜਾਇਆਂ ਦੀ ਵਿਰਾਸਤ ਹੈ। ਇਸੇ ਹੀ ਕਰਕੇ ਪੰਜਾਬ ਨੂੰ ਗੁਰੂਆਂ ਦਾ ਪੰਜਾਬ ਮਾਣ ਸਨਮਾਨ ਨਾਲ ਆਖਿਆ ਗਿਆ ਹੈ। ਅਵਤਾਰੀ ਤਥਾ ਪੈਗੰਬਰੀ ਦੁਨੀਆਂ ਵਿਚ ਗੁਰੂਆਂ ਦੀ ਘਾਲੀ ਘਾਲ ਬਿਲਕੁਲ ਵਿਲੱਖਣ ਹੈ।

ਪੰਜਾਬ ਦੇ ਵਿਰਸੇ ਮਾਣ ਵਿਚ ਗੁਰੂਆਂ ਵਲੋਂ ਅਕਾਲੀ ਹੁਕਮ ਨਾਲ ਜੋ ਖ਼ਾਲਸਾ ਪ੍ਰਗਟ ਕੀਤਾ ਗਿਆ ਉਸ ਨਾਲ ਸੰਸਾਰ ਦਾ ਸਭ ਸਨਮਾਨਿਤ ਪਾਤਰ ਹੋਣ ਦਾ ਰੁਤਬਾ ਵੀ ਮਿਲਿਆ। ਖਾਲਸਾ ਪੰਥ ਦੇ ਵਾਰਸਾਂ ਦਾ ਇਤਿਹਾਸ ਵੀ ਪੰਜਾਬ ਦੀ ਹੋਂਦ ਤੇ ਵਿਲੱਖਣਤਾ ਵਿਚ ਜੋ ਗਵਾਹੀ ਭਰਦਾ ਹੈ, ਉਸ ਨੂੰ ਕਦਾਚਿਤ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਜਾਇਆਂ ਨੇ ਹੱਕ ਸੱਚ ਲਈ ਹਮੇਸ਼ਾਂ ਛਾਤੀ ਤਾਣ ਕੇ ਵੱਖ ਵੱਖ ਸੰਘਰਸ਼ ਲੜੇ ਤੇ ਜਿੱਤੇ। ਦੁਨੀਆਂ ਨੂੰ ਦੱਸਿਆ ਆਪਣੇ ਵਿਰਸੇ ਦੀ ਮਹਾਨਤਾ ਤੇ ਮਾਨਤਾ ਬਾਰੇ।

ਪੰਜਾਬੀ ਜਦੋਂ ਵਿਰਸੇ ਵਿਰਾਸਤ ਦੀਆਂ ਜੜ੍ਹਾਂ ਨਾਲ ਜੁੜੇ ਰਹੇ ਉਦੋਂ ਇਨ੍ਹਾਂ ਪੰਜਾਬ ਲਈ ਜੀਅ ਜਾਨ ਹੂਲ ਕੇ ਕੰਮ ਵੀ ਕੀਤਾ ਤੇ ਪੰਜਾਬ ਦੀ ਸ਼ਾਨ ਨੂੰ ਬਰਕਰਾਰ ਵੀ ਰੱਖਿਆ।

ਸਵਾਲ ਵਰਤਮਾਨ ਪੰਜਾਬ ’ਤੇ ਆਣ ਟਿਕਦਾ ਹੈ। ਅੱਜ ਪੰਜਾਬ ਦਾ ਕੀ ਹਾਲ ਹੈ ? ਜੇ ਮਾੜਾ ਜਾਂ ਨਾਉਮੀਦਾ ਹੈ ਤਾਂ ਕਿਉਂ ?

ਪੰਜਾਬ ਦੇ ਅਸਲੀ ਪੁੱਤਰਾਂ ਦਾ ਸਬੂਤ ਦੇਣ ਦਾ ਮੌਕਾ 1947 ਵਿਚ ਤੇ ਬਾਅਦ ਵਿਚ ਆਇਆ ਤਾਂ ਪੰਜਾਬੀਓ ! ਪੰਜਾਬੀ ਦਾ ਇਕ ਸਤਿਕਾਰਤ ਤੇ ਵੱਡਾ ਹਿੱਸਾ ਪੰਜਾਬੀ ਭਾਸ਼ਾ ਨੂੰ ਮਾਂ ਬੋਲੀ ਮੰਨਣ ਤੋਂ ਹੀ ਮੁਕਰ ਕੇ ਅਕਿਬਘਣ ਹੋ ਬੈਠਾ ! ਕੀ ਸੀ ਇਹ ਤੇ ਕਿਉਂ ਸੀ ? ਅੱਜ ਤੱਕ ਅਣਸੁਲਝਿਆ ਸਵਾਲ ਸਭ ਪੰਜਾਬੀਆਂ ਨੂੰ ਕੰਬਣੀ ਛੇੜਦਾ ਹੈ ! ਭਾਰਤੀ ਆਜ਼ਾਦੀ ਦੇ ਮਹਾਂਰਥੀ ਆਜ਼ਾਦੀ ਤੋਂ ਖਾਲੀ ਹੱਥ ਕਰ ਦਿੱਤੇ ਗਏ। ਲੋਹੜਾ ਰੱਬ ਦਾ ਆਪਣੇ ਹਮਦਰਦ ਅਖਵਾਉਣ ਵਾਲਿਆਂ ਪੰਜਾਬ ਨਾਲ ਧੋਖਾ ਕਰਕੇ ਨਵੀਂ ਬਰਬਾਦੀ ਦਾ ਦਰ ਖੋਲ੍ਹ ਦਿੱਤਾ।

ਨਵੇਂ ਭਾਰਤੀ ਹਾਕਮਾਂ ਨੇ ਪੰਜਾਬ ਨਾਲ ਕੀ ਕੀ ਤੇ ਕਿਵੇਂ ਕਿਵੇਂ ਧੋਖੇ ਤੇ ਧੋਖਾ ਕੀਤਾ। ਹਾਕਮਾਂ ਨੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਾਸਤੇ ਪੰਜਾਬੀਆਂ ਨੂੰ ਕੋਹ-ਕੋਹ ਮਾਰਿਆ। ਜਿਨ੍ਹਾਂ ਬੇਖੌਫ ਖ਼ੂਨੀ ਧਾਰਾ ਵਗਾਈਆਂ ਅਤੇ ਫਾਂਸੀ ਦੇ ਰੱਸੇ ਚੁੰਮੇ, ਉਨ੍ਹਾਂ ਦੇ ਵਾਰਸਾਂ ਨੂੰ ਮੁੜ ਦੋਹਰੀ ਤੇਹਰੀ ਅਜੀਬੋ ਗਰੀਬ ਗੁਲਾਮੀ ਦੀਆਂ ਨਵੀਆਂ ਜ਼ੰਜੀਰਾਂ ਵਿਚ ਜਕੜ ਕੇ ਭਵਿੱਖ ਦੀ ਆਜ਼ਾਦੀ ਦੇ ਸਭ ਦਰਵਾਜ਼ੇ ਹੀ ਬੰਦ ਕਰ ਸੁੱਟੇ।

ਸਮੇਂ ਸਮੇਂ ਬਣੇ ਅਖੌਤੀ ਆਗੂਆਂ ਨੇ ਹੀ ਪੰਜਾਬ ਨੂੰ ਹਾਕਮਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਤੋਂ ਵਰਜਿਆ। ਜ਼ੁਰਅਤ ਨਾਲ ਲਾਮਬੰਦੀ ਦੀ ਪਿਰਤ ਵਿਚ ਰੋੜੇ ਅਟਕਾ ਦਿੱਤੇ।

ਸੱਤਾ ਦੇ ਲਾਲਚ ਨੇ ਐਸਾ ਜਨਮ ਲੈ ਲਿਆ। ਪੰਜਾਬ ਨੂੰ ਪੰਜਾਬ ਰੱਖਣ ਦਾ ਸਮੇਂ ਸਮੇਂ ਅਹਿਦ ਕਰਨ ਵਾਲੇ ਕਾਤਲਾਂ ਦੀ ਬਗਲ ਦਾ ਸ਼ਿੰਗਾਰ ਹੋਣ ਲੱਗੇ। ਜੋ ਕੁਝ ਹੁਣ ਤੱਕ ਪੰਜਾਬੀਆਂ ਨਾਲ ਖਾਸ ਕਰਕੇ ਗੁਰੂ ਨਾਨਕ ਸਾਹਿਬ ਜੀ ਦੀ ਉਮਤ ਨਾਲ ਹੋਇਆ ਹੈ ਇਹ ਕੀ ਸੀ ਕਿਉਂ ਸੀ ? ਕਿਨੇ ਸੋਚਣਾ ਸੀ ਤੇ ਸਮੇਂ ਦੀਆਂ ਭਾਰਤੀ ਅਖੌਤੀ ਲੋਕਤੰਤਰ ਦੀਆਂ



ਦਾਵੇਦਾਰ ਸਰਕਾਰਾਂ ਪਾਸੋਂ ਜੁਆਬ ਲੈਣੇ ਸਨ ? ਉਹ ਕਿਉਂ ਨਹੀਂ ਹੁਣ ਤੱਕ ਐਸਾ ਕਰ ਸਕੇ ? ਅੱਜ ਦੇ ਪੰਜਾਬੀ ਜਰੂਰ ਸੋਚਣ।

ਇਨ੍ਹਾਂ ਸਵਾਲਾਂ ਦੇ ਸਾਹਮਣੇ ਅੱਜ ਪੰਜਾਬ ਦਾ ਕੋਈ ਵਰਗ ਵੀ ਪੱਕੇ ਪੈਰੀ ਟਿਕਣ ਦੀ ਹਿੰਮਤ ਨਹੀਂ ਦਿਖਾ ਰਿਹਾ। ਕਿੱਧਰੇ ਵੀ ਇਨ੍ਹਾਂ ਸਵਾਲਾਂ ਨੂੰ ਕਿਸੇ ਹਿੱਸੇ ਵੱਲੋਂ ਸੱਚੇ ਮਨੋ ਵੀਚਾਰ ਦਾ ਨਿਰੰਤਰ ਹਿੱਸਾ ਬਣਾਉਣ ਦੀ ਆਵਾਜ਼ ਨਹੀਂ ਸੁਣਾਈ ਦੇਂਦੀ। ਇਹ ਗੱਲ ਵੀ ਆਪਣੇ ਆਪ ਵਿਚ ਸਵਾਲ ਹੈ ?

## ਮਸਲਾ ਫਿਰ ਓਹੀਓ ਹੀ ਹੈ ਕਿ ਏਦਾਂ ਕਿਉਂ ?

ਸਵਾਲਾਂ ਦੀਆਂ ਪਰਤਾਂ ਮਜ਼ਬੂਤੀ ਨਾਲ ਵਧੀ ਜਾ ਰਹੀਆਂ ਹਨ। ਪੰਜਾਬ ਦੇ ਜਾਏ ਧੌਣਾਂ ਸੁੱਟੀ ਪਤਾ ਨਹੀਂ ਕਿਹੜੀ ਗੈਬੀ ਸ਼ਕਤੀ ਦੀ ਉਡੀਕ ਕਰ ਰਹੇ ਹਨ। ਸੰਸਾਰ ਵਿਚ ਕੌਣ ਹੈ ਜੋ ਪੰਜਾਬ ਨੂੰ ਪੰਜਾਬ ਰੱਖਣ ਲਈ ਸੱਚੇ ਦਿਲੋਂ ਕੰਮ ਕਰੇਗਾ। ਐਸਾ ਹਮਦਰਦ ਸਾਰੇ ਸੰਸਾਰ ਵਿਚੋਂ ਲੱਭਿਆਂ ਵੀ ਨਹੀਂ ਲੱਭਣਾ ! ਹਾਲਾਤ ਇਹ ਬਣਾ ਲਏ ਅਗਲਿਆਂ ਨੇ। ਆਪਣੇ ਘਰ ਨੂੰ ਅੱਗ ਲੱਗ ਗਈ ਘਰ ਦੇ ਚਿਰਾ.ਗ ਤੋਂ ਇੱਥੇ ਫਿਰ ਹੋ ਕੀ ਸਕਦਾ ਹੈ ?

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਨੇ ਸਾਡਾ ਪੰਜਾਬੀਓ ਹੱਥ ਫੜਨਾ ਤੇ ਮਾਰਗ ਦਰਸ਼ਨ ਕਰਨਾ ਹੈ। “ਆਪਣ ਹਥੀ ਆਪਣਾ ਆਪੇ ਹੀ ਕਾਜ ਸਵਾਰੀਐ ॥”

ਕਦੋਂ ਉਠਣਾ ਆਪਾਂ ? ਕਿਸ ਦਾ ਇੰਤਜ਼ਾਰ ਹੈ ? ਪੰਜਾਬੀਓ ਹੋ ਅੱਜ ਵੀ ਸਭ ਕੁਝ ਸਕਦਾ ਹੈ। ਰਤਾ ਵੀ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਪੰਜਾਬ ਨੂੰ ਆਪਣਾ ਕਹਿਣ ਤੇ ਮੰਨਣ ਦੀ ਸੱਚੇ ਦਿਲੋਂ ਲੋੜ ਹੈ। “ਨਹ ਬਿਲੰਬ ਧਰਮੰ ਬਿਲੰਬ ਪਾਪੰ ॥”

ਆਓ ਜੀ ਪੰਜਾਬੀਓ ਉਠੀਏ ! ਬਿਨਾ ਦੇਰ ਉੱਠੀਏ !!

ਉੱਠ ਪੰਜਾਬੀਆ ਉੱਠ ਬੈਠ ! ਨਹੀਂ ਜੱਗ ਵਿਚ ਕੋਈ ਸਾਨੀ ਤੇਰਾ।

ਤੇਰੇ ਸੁੱਤੇ ਹੋਣ ਕਰਕੇ ਹੀ ਹੈ ਪੰਜਾਬੀਆ ! ਤੇਰੇ ਚਾਰੇ ਤਰਫ ਅੰਧੇਰਾ।

ਆਓ ਮਨਾਂ ਦੀ ਮੈਲ ਧੋ ਲਈਏ ! ਮੰਨ ਲਈਏ ਪੰਜਾਬ ਸਾਡਾ ਹੈ। ਮੈਂ ਪੰਜਾਬੀ ਹਾਂ, ਮੇਰੀ ਮਾਂ ਬੋਲੀ ਪੰਜਾਬੀ ਸੀ, ਹੈ ਤੇ ਰਹੇਗੀ।

ਜੋੜੀਏ ਸਿਰ ਪੰਜਾਬ ਦੇ ਜਾਏ।

ਭਾਵੇਂ ਪਹਿਲਾਂ ਥੋੜੇ ਹੀ ਉੱਠਣ। ਦਰ-ਦਰ ਸਭ ਕੋਲ ਜਾ ਪੰਜਾਬ ਦੀ ਸਹੀ ਸਲਾਮਤੀ ਲਈ ਸੰਗ ਸ਼ਰਮ ਛੱਡ ਝੋਲੀ ਅੱਡ ਖੈਰ ਮੰਗਣ।

ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
95920-93472
panthaknagara@gmail.com

**ਜਦੋਂ ਪੰਜਾਬ ਜਾਂ ਭਾਰਤ ਜਾਵੋ ਤਾਂ ਆਪਣੇ ਬੱਚਿਆਂ ਨੂੰ ਹਮੇਸ਼ਾਂ ਆਪਣੇ ਨਾਲ ਰੱਖੋ। ਕਈ ਬੱਚਿਆਂ ਨੂੰ ਉਥੇ ਡਰੱਗ ਮਾਫ਼ੀਆ ਵਾਲੇ ਨਸ਼ੇ ਤੇ ਵੀ ਲਾਉਣ ਦੀ ਕੋਸ਼ਿਸ਼ ਕਰਦੇ ਹਨ।**

27 ਸਫ਼ੇ ਦੀ ਬਾਕੀ

ਉਹ ਦੇਸ਼ ‘ਚ ਨਿੱਜੀਕਰਨ ਦੇ ਵਾਧੇ ਦਾ ਵਿਰੋਧ ਵੀ ਕਰਦੇ ਹਨ। ਆਪਣੀ ਜ਼ਮੀਨ ਦੀ ਰੱਖਿਆ ਤਾਂ ਉਹਨਾ ਦਾ ਮੁੱਖ ਮੰਤਵ ਹੈ। ਉਹਨਾ ਦੀ ਪ੍ਰੇਸ਼ਾਨੀ ਵੀ ਵਿਸ਼ਵ ਦੇ ਕਿਸਾਨਾਂ ਦੀ ਪ੍ਰੇਸ਼ਾਨੀ ਵਰਗੀ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਉਹਨਾ ਸਿਰ ਕਰਜ਼ਾ ਵਧ ਰਿਹਾ ਹੈ। ਇਹ ਸਤੰਬਰ 2016 ਤੱਕ 12.80 ਲੱਖ ਕਰੋੜ ਸੀ। 1995 ਤੋਂ 2013 ਤੱਕ ਤਿੰਨ ਲੱਖ ਤੋਂ ਵਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਇਹ ਕਿਸੇ ਵੀ ਕੁਦਰਤੀ ਆਫ਼ਤ ‘ਚ ਹੋਈਆਂ ਮੌਤਾਂ ਤੋਂ ਵੱਧ ਗਿਣਤੀ ਹੈ।

ਜਿੰਨੇ ਵੀ ਵਿਸ਼ਵ ਭਰ ਵਿੱਚ ਇਨਕਲਾਬ ਹੋਏ ਹਨ, ਉਹਨਾ ਸਾਰਿਆਂ ‘ਚ ਕਿਸਾਨਾਂ, ਮਜ਼ਦੂਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਨੇ ਹਿੰਮਤ ਨਾਲ ਭੂਮਿਕਾ ਨਿਭਾਈ। ਕਿਸਾਨਾਂ, ਮਜ਼ਦੂਰਾਂ ਦਾ ਅੰਦੋਲਨ ਸਿਰਫ਼ ਵਿਰੋਧ ਪ੍ਰਦਰਸ਼ਨ ਹੜਤਾਲਾਂ ਤੱਕ ਹੀ ਸੀਮਤ ਨਹੀਂ ਹੈ। ਜੇਕਰ ਸਮਾਂ ਰਹਿੰਦਿਆਂ ਕਿਸਾਨਾਂ ਦੀਆਂ ਸਮੱਸਿਆਵਾਂ ਜੋ ਬਹੁਤ ਵੱਡੀਆਂ ਹਨ, ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ‘ਚ ਇਸ ਦੇ ਗੰਭਿਰ ਸਿੱਟੇ ਨਿਕਲਣਗੇ। ਭਾਰਤ ਵਿੱਚ ਹੁਣ ਦੇ ਅੰਦੋਲਨ ਨਾਲ ਸਖ਼ਤੀ, ਜਾਂ ਕੁਝ ਕੁ ਰਿਆਇਤਾਂ ਦੇਣ ਦੇ ਬਿਆਨ ਜਾਂ ਕਿਸਾਨਾਂ ਨੂੰ ਤੁਛ ਜਿਹੀ ਰਾਸ਼ੀ ਸਬਸਿਡੀ ਦੇਣ ਨਾਲ ਇਹ ਅੰਦੋਲਨ ਮੱਠਾ ਪੈਣ ਵਾਲਾ ਨਹੀਂ ਜਾਪਦਾ। ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ ਪੱਧਰ ਤੇ ਕਿਸਾਨਾਂ ਦੇ ਮਸਲਿਆਂ ਸਬੰਧੀ ਗੱਲਬਾਤ ਹੋਵੇ ਅਤੇ ਇੱਕ ਇਹੋ ਜਿਹਾ ਭਵਿੱਖ ਬਨਾਉਣ ਲਈ ਮਿਲਕੇ ਕੰਮ ਕੀਤਾ ਜਾਵੇ। ਜਿਥੇ ਕਿਸਾਨ ਵਧਣ-ਫੁੱਲਣ, ਇਹਨਾ ਨੂੰ ਸਹੀ ਸਹੂਲਤਾਂ ਮਿਲਣ ਅਤੇ ਕਿਸਾਨ ਧਰਤੀ ਦੀ ਦੇਖਭਾਲ ਕਰ ਸਕਣ।

ਸਰਕਾਰਾਂ ਲਈ ਅੱਜ ਇਹ ਸਮਾਂ ਹੈ ਕਿ ਜਿਹੜੇ ਸ਼ਕਤੀਸ਼ਾਲੀ ਸਵਾਰਥੀ ਧੰਨ ਕੁਬੇਰ ਨਿਆਂ ਦੇ ਰਸਤਿਆਂ ਵਿੱਚ ਖੜ੍ਹੇ ਹਨ, ਉਹਨਾ ਨੂੰ ਨਜ਼ਰਅੰਦਾਜ਼ ਕੀਤਾ ਜਾਵੇ। ਮਜ਼ਬੂਤ ਕਿਸਾਨੀ ਨੀਤੀਆਂ ਅਤੇ ਪ੍ਰਣਾਲੀਆਂ ਵਿਕਸਤ ਕੀਤੀਆਂ ਜਾਣ। ਇਹੋ ਜਿਹੇ ਨਿਆਂਸੰਗਤ ਸਮਾਜ ਦੀ ਕਲਪਨਾ, ਕਿਸਾਨ ਦੇ ਆਤਮ ਸਨਮਾਨ ਅਤੇ ਉਹਨਾ ਦੇ ਬਿਹਤਰ ਜੀਵਨ ਲਈ ਚੰਗੇਰੀ ਹੋਏਗੀ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**515. ਸਤਿਗੁਰੂ ਨਾਨਕ ਦੇਵ ਜੀ ਨੇ ਲੋਕਾਂ ਦਾ ਖ਼ੂਨ ਪੀਣ ਵਾਲਿਆਂ (ਹੋਰਨਾਂ ਦਾ ਹੱਕ ਮਾਰਕੇ ਖਾਣ ਵਲਿਆਂ) ਨੂੰ ਕੀ ਉਪਦੇਸ਼ ਕੀਤਾ ਹੈ?**

ਜੇ ਜਾਮੇ (ਪੁਸ਼ਾਕ) ਨੂੰ ਲਹੂ ਲੱਗ ਜਾਵੇ, ਤਾਂ ਜਾਮਾ ਪਲੀਤ ਹੋ ਜਾਂਦਾ ਹੈ (ਤੇ ਨਮਾਜ਼ ਨਹੀਂ ਹੋ ਸਕਦੀ), (ਪਰ) ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ (ਭਾਵ, ਧੱਕਾ ਕਰ ਕੇ ਹਰਾਮ ਦੀ ਕਮਾਈ ਖਾਂਦੇ ਹਨ) ਉਹਨਾਂ ਦਾ ਮਨ ਕਿਵੇਂ ਪਾਕ (ਸਾਫ਼) ਰਹਿ ਸਕਦਾ ਹੈ (ਤੇ ਪਲੀਤ ਮਨ ਨਾਲ ਨਮਾਜ਼ ਪੜ੍ਹੀ ਕਿਵੇਂ ਕਬੂਲ ਹੈ)? ਹੇ ਨਾਨਕ! ਰੱਬ ਦਾ ਨਾਮ ਮੂੰਹੋਂ ਸਾਫ਼ ਦਿਲ ਨਾਲ ਲੈ, (ਇਸ ਤੋਂ ਬਿਨਾਂ) ਹੋਰ ਸਾਰੇ ਕੰਮ ਲੋਕ ਦਿਖਾਵਾ ਹੀ ਹਨ । ਇਹ ਤਾਂ ਤੁਸੀ ਕੂੜੇ ਕੰਮ ਹੀ ਕਰਦੇ ਹੋ । "ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥1॥ਅੰਗ 140"।

**516. ਪੜ੍ਹਿਆ ਮੂਰਖ ਕਦੋਂ ਆਖਿਆ ਜਾਂਦਾ ਹੈ?**

ਉਸ ਪੜ੍ਹੇ ਹੋਏ ਨੂੰ ਮੂਰਖ ਆਖਿਆ ਜਾਂਦਾ ਹੈ ਜਿਸ ਦੇ ਅੰਦਰ ਖਾਣ ਦਾ ਲੋਭ, ਪਦਾਰਥਾਂ ਦਾ ਲਾਲਚ ਤੇ ਅਹੰਕਾਰ ਹੈ । "ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਅੰਗ 140" ।

**517. ਗੁਰਬਾਣੀ ਮੁਤਾਬਿਕ ਸੱਚਾ ਮੁਸਲਮਾਨ ਕੌਣ ਹੈ ਤੇ ਗੁਰਬਾਣੀ 'ਚ ਮੁਸਲਮਾਨਾਂ ਲਈ ਕੀ ਉਪਦੇਸ਼ ਹੈ?**

ਉਹੀ ਮਨੁੱਖ ਅਕਲਮੰਦ ਹੈ ਜੋ ਆਪਣੇ ਦਿਲ ਵਿਚਲੀ ਮੈਲ ਧੋਂਦਾ ਹੈ । ਉਹੀ ਮੁਸਲਮਾਨ ਹੈ ਜੋ ਮਨ ਵਿਚੋਂ ਹਉਮੈ ਰੂਪੀ ਮੈਲ ਦਾ ਨਾਸ ਕਰਦਾ ਹੈ । "ਦਾਨਸਬੰਦੁ ਸੋਈ ਦਿਲਿ ਧੋਵੈ॥ ਮੁਸਲਮਾਣੁ ਸੋਈ ਮਲੁ ਖੋਵੈ ॥ ਅੰਗ 662" । ਮੁਸਲਮਾਨ ਉਹ ਹੈ ਜੋ ਮੋਮ ਵਰਗੇ ਨਰਮ ਦਿਲ ਵਾਲ਼ਾ ਹੁੰਦਾ ਹੈ ਅਤੇ ਜੋ ਆਪਣੇ ਦਿਲ ਅੰਦਰਲੀ (ਹਉਮੈ ਦੀ) ਮੈਲ ਧੋ ਦਿੰਦਾ ਹੈ । (ਉਹ ਮੁਸਲਮਾਨ) ਦੁਨੀਆਂ ਦੇ ਰੰਗ-ਤਮਾਸ਼ਿਆਂ ਦੇ ਨੇੜੇ ਨਹੀਂ ਢੱਕਦਾ (ਜੋ ਇਉਂ ਪਵਿੱਤਰ ਰਹਿੰਦਾ ਹੈ) ਜਿਵੇਂ ਫੁੱਲ, ਰੇਸ਼ਮ, ਘਿਉ, ਅਤੇ ਮ੍ਰਿਗਛਾਲਾ ਪਵਿੱਤਰ ਹੁੰਦੇ ਹਨ । ਜਿਸ ਮਨੁੱਖ ਉੱਤੇ ਮਿਹਰਵਾਨ (ਮੌਲਾ) ਦੀ ਹਰ ਵੇਲੇ ਮਿਹਰ ਰਹਿੰਦੀ ਹੈ, (ਵਿਕਾਰਾਂ ਦੇ ਟਾਕਰੇ ਤੇ) ਉਹੀ ਮਨੁੱਖ ਸੂਰਮਾ ਮਰਦ ਹੁੰਦਾ ਹੈ । ਉਹੀ ਸ਼ੇਖ਼, ਮਸਾਇਕ, ਹਾਜੀ ਤੇ ਉਹੀ ਹੈ ਖ਼ੁਦਾ ਦਾ ਬੰਦਾ (ਸੇਵਕ) ਜਿਸ ਉੱਤੇ ਖ਼ੁਦਾ ਦੀ ਮਿਹਰ ਦੀ ਨਿਗਾਹ ਰਹਿੰਦੀ ਹੈ ।14। ਹੇ ਨਾਨਕ! ਕਾਦਰ ਦੀ ਕੁਦਰਤਿ ਨੂੰ, ਬਖ਼ਸ਼ਿੰਦ ਮਾਲਕ ਦੇ ਰਚੇ ਜਗਤ ਨੂੰ, ਬੇਅੰਤ ਡੂੰਘੇ ਰਹਿਮ-ਦਿਲ ਖ਼ੁਦਾ ਦੀ ਮੁਹੱਬਤ ਤੇ ਸਿਫ਼ਤਿ-ਸਾਲਾਹ ਨੂੰ, ਸਦਾ ਕਾਇਮ ਰਹਿਣ ਵਾਲ਼ੇ ਪ੍ਰਭੂ ਦੇ ਹੁਕਮ ਨੂੰ, ਸਦਾ ਕਾਇਮ ਰਹਿਣ ਵਾਲੇ ਖ਼ੁਦਾ ਨੂੰ ਸਮਝ ਕੇ ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖ਼ਲਾਸੀ ਹੋ ਜਾਂਦੀ ਹੈ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ । "ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥ ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ॥13॥ ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥ ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥14॥ ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥ ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥15॥3॥12॥ ਅੰਗ 1084" ।

ਸਤਿਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਨੂੰ ਸੁੰਦਰ ਉਪਦੇਸ਼ ਕਰਦੇ ਹਨ ਕਿ (ਜੀਵਾਂ ਉੱਤੇ) ਰਹਮ ਦੀ ਮਸੀਤ ਬਣਾਓ, ਸ਼ਰਧਾ ਨੂੰ ਮੁਸੱਲਾ (ਜਿਸ ਗਲੀਚੇ ਤੇ ਬੈਠ ਕੇ ਨਮਾਜ਼ ਪੜਝੀ ਜਾਂਦੀ ਹੈ) ਤੇ ਹੱਕ ਹਲਾਲ ਦੀ ਕਮਾਈ ਨੂੰ ਕੁਰਾਨ ਬਣਾਓ । ਪਾਪ ਕਰਨ ਵਲੋਂ ਗੁਰੇਜ਼ ਕਰਨਾ, ਇਹ ਸੁੰਨਤ ਹੋਵੇ, ਨਿਮਰਤਾ ਵਾਲ਼ਾ ਸੁਭਾਉ ਰੋਜ਼ਾ ਬਣੇ; ਇਸ ਤਰ੍ਹਾਂ ਮੁਸਲਮਾਨ ਬਣ । ਉੱਚਾ ਆਚਰਣ ਕਾਬਾ ਹੋਵੇ, ਸਦਾ ਥਿਰ ਰੱਬ ਦਾ ਸੱਚਾ ਨਾਮ ਪੀਰ ਹੋਵੇ ਤੇ ਨੇਕ ਅਮਲਾਂ ਦੀ ਨਿਮਾਜ਼ ਤੇ ਕਲਮਾ ਬਣੇ । ਰੱਬ ਦੇ ਭਾਣੇ ਨੂੰ ਸਿਰ ਮੱਥੇ ਤੇ ਮੰਨਣਾ ਤਸਬੀ (ਮਾਲ਼ਾ) ਹੋਵੇ । ਹੇ ਨਾਨਕ ! (ਅਜਿਹੇ ਮੁਸਲਮਾਨ ਦੀ ਰੱਬ) ਲਾਜ ਰੱਖਦਾ ਹੈ ।1। "ਮਿਹਰ ਮਸੀਤਿ ਸਿਦਕੁ ਮੁਸਲਾ ਹਕ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥1॥ ਅੰਗ 140" ।

ਸਤਿਗੁਰੂ ਨਾਨਕ ਦੇਵ ਜੀ ਬਖਸ਼ਿਸ਼ ਕਰਦੇ ਹਨ ਕਿ ਮੁਸਲਮਾਨ ਮਨੁੱਖ (ਦੀਨ ਦੀ) ਵਡਿਆਈ ਕਰਦਾ ਹੈ, ਪਰ ਜੇ ਗੁਰੂ ਪੀਰ ਦੇ ਹੁਕਮ ਵਿਚ ਨਹੀਂ ਤੁਰਦਾ ਤਾਂ (ਦਰਗਾਹ ਵਿਚ) ਕਬੂਲ ਨਹੀਂ ਹੋ ਸਕਦਾ; (ਬਹਿਸ਼ਤ ਦਾ) ਰਸਤਾ ਤਾਂ ਹਰ ਕੋਈ ਪੁੱਛਦਾ ਹੈ ਪਰ ਉਸ ਰਸਤੇ ਉਤੇ ਤੁਰਦਾ ਕੋਈ ਵਿਰਲਾ ਹੈ ਤੇ ਨੇਕ ਅਮਲਾਂ ਤੋਂ ਬਿਨਾ ਬਹਿਸ਼ਤ ਮਿਲਦਾ ਨਹੀਂ ਹੈ । "ਮੁਸਲਮਾਨੁ ਕਰੇ ਵਡਿਆਈ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥ ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥ ਅੰਗ 951" । ਸਤਿਗੁਰੂ ਜੀ ਅੱਗੇ ਫੁਰਮਾਉਂਦੇ ਹਨ ਕਿ ਕਾਜ਼ੀ ਬਣ ਕੇ (ਦੂਜਿਆਂ ਦਾ) ਨਿਆਂ ਕਰਨ ਬੈਠਦਾ ਹੈ, ਤਸਬੀ ਫੇਰਦਾ ਹੈ ਖ਼ੁਦਾ ਖ਼ੁਦਾ ਆਖਦਾ ਹੈ, (ਪਰ ਨਿਆਂ ਕਰਨ ਵੇਲੇ) ਵੱਢੀ ਲੈ ਕੇ (ਦੂਜੇ ਦਾ) ਹੱਕ ਮਾਰਦਾ ਹੈ, ਜੇ ਕੋਈ (ਉਸ ਦੇ ਇਸ ਕੰਮ ਤੇ) ਇਤਰਾਜ਼ ਕਰੇ ਤਾਂ (ਕੋਈ ਨ ਕੋਈ ਸ਼ਰ੍ਹਾ ਦੀ ਗੱਲ) ਪੜ੍ਹ ਕੇ ਸੁਣਾ ਦੇਂਦਾ ਹੈ । "ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਅੰਗ 951" । ਕਾਜ਼ੀ, ਸ਼ੇਖ, ਫ਼ਕੀਰਾਂ ਦੇ ਭੇਖਾਂ ਵਾਲ਼ੇ ਆਪਣੇ ਆਪ ਨੂੰ ਵੱਡੇ ਅਖਵਾਉਂਦੇ ਹਨ;

**ਬਾਕੀ ਅਗਲੇ ਹਫ਼ਤੇ ਪੜ੍ਹੋ**


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ ਸੇਵਾਦਾਰਾਂ ਦੀ ਜ਼ਰੂਰਤ

**ਅਸਾਮੀਆਂ- ਨੌਕਰੀ ਦਾ ਸਿਰਲੇਖ: ਧਾਰਮਿਕ ਵਰਕਰ**

ਧਾਰਮਿਕ ਵਰਕਰਾਂ ਦੀਆਂ ਅਸਾਮੀਆਂ ਲਈ ਨਾਨਕਸਰ ਗੁਰਦੁਆਰਾ ਗੁਰਸਿੱਖ ਟੈਂਪਲ ਕਵੈਂਟਰੀ ਵਿਖੇ ਇੱਕ ਮੌਕਾ ਪੈਦਾ ਹੋਇਆ ਹੈ ।ਸਾਨੂੰ ਹੇਠ ਲਿਖੀਆਂ ਡਿਊਟੀਆਂ ਨਿਭਾਉਣ ਲਈ ਧਾਰਮਿਕ ਵਰਕਰਾਂ ਦੇ ਕੀਰਤਨੀ ਜੱਥੇ ਦੀ ਲੋੜ ਹੈ:

**ਨੌਕਰੀ ਦਾ ਮਕਸਦ:** ਸਿੱਖ ਧਰਮ ਦੇ ਨਿਯਮਾਂ ਅਨੁਸਾਰ ਗੁਰਬਾਣੀ ਕੀਰਤਨ ਦੇ ਸ਼ਬਦ, ਕਥਾ ਕਰਨਾ ਅਤੇ ਸਮਝਣਾ ਅਤੇ ਹਾਰਮੋਨੀਅਮ ਅਤੇ ਤਬਲਾ ਵਜਾਉਣਾ । ਮੁੱਖ ਕੰਮਾਂ ਵਿੱਚ ਸ਼ਾਮਲ ਹੈ: ਕੀਰਤਨ, ਨਿਤਨੇਮ, ਸੁਖਮਨੀ ਸਾਹਿਬ ਪਾਠ, ਅਰਦਾਸ ਅਤੇ ਸੁਖਾਸਨ ਕਰਨ ਦੀਆਂ ਡਿਊਟੀਆਂ ਦੇ ਨਾਲ ਨਾਲ ਗੁਰਦੁਆਰੇ ਦੀਆਂ ਹੋਰ ਆਮ ਡਿਊਟੀਆਂ । ਸਿੱਖ ਮਰਿਆਦਾ ਅਨੁਸਾਰ ਵਿਆਹ, ਅੰਤਿਮ ਸੰਸਕਾਰ ਅਤੇ ਹੋਰ ਸਮਾਗਮਾਂ ਵਿੱਚ ਕੰਮ ਕਰਨਾ ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੋਜ਼ਾਨਾ ਸਿੱਖ ਅਰਦਾਸ ਦਾ ਪਾਠ ਕਰਨਾ, ਸ਼ਬਦ ਗਾਉਣਾ, ਹਫਤਾਵਾਰੀ ਦੀਵਾਨ ਦਾ ਆਯੋਜਨ ਕਰਨਾ ਅਤੇ ਸੰਗਤ ਨੂੰ ਸਿੱਖ ਧਰਮ ਦਾ ਪ੍ਰਚਾਰ ਕਰਨਾ। ਘਰ ਵਿਜ਼ਿਟ (ਦੌਰਾ) ਕਰਨਾ । ਸਾਰੀਆਂ ਅੰਦਰੂਨੀ ਟੀਮਾਂ, ਵਿਭਾਗਾਂ ਅਤੇ ਬਾਹਰੀ ਏਜੰਸੀਆਂ ਨਾਲ ਮਿਲ ਕੇ ਕੰਮ ਕਰਨਾ । ਗੁਰਦੁਆਰਾ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਕੋਈ ਹੋਰ ਕੰਮ । ਇਹ ਵਰਕਰ ਗੁਰਦੁਆਰੇ ਦੀ ਇਮਾਰਤ ਨੂੰ ਤਾਲਾ ਲਗਾਉਣ ਅਤੇ ਖੋਲਣ ਲਈ ਜ਼ਿੰਮੇਵਾਰ ਹੋਣਗੇ । ਵਰਕਰ ਸਿਰਫ ਮੁੱਖ ਗ੍ਰੰਥੀ ਦੀ ਮਦਦ ਕਰਨਗੇ ਅਤੇ ਸੰਗਤ ਦੀ ਅਗਵਾਈ ਕਰਨ ਵਿੱਚ ਸ਼ਾਮਲ ਨਹੀਂ ਹੋਣਗੇ ।

**ਕਰਮਚਾਰੀ ਵੇਰਵਾ** : ਕੰਮ ਦੇ ਘੰਟੇ: ਪ੍ਰਤੀ ਹਫਤੇ 20 ਘੰਟੇ ਟੋ 30 ਘੰਟੇ

**ਤਨਖਾਹ:** ਪ੍ਰਤੀ ਕੰਮਕਾਜੀ ਘੰਟੇ ਲਈ ਨੈਸ਼ਨਲ ਮਿਨੀਮਮ ਵੇਜ (ਸਰਕਾਰ ਦੁਆਰਾ ਨਿਯਤ ਕੀਤੀ ਪ੍ਰਤੀ ਘੰਟੇ ਲਈ ਘੱਟੋ ਘੱਟ ਤਨਖਾਹ) **ਲਾਭ:** ਰਿਹਾਇਸ਼ ਅਤੇ ਖਾਣਾ ਮੁਫਤ ਪ੍ਰਦਾਨ ਕੀਤਾ ਜਾਵੇਗਾ

**ਲੋੜਾਂ:** ਗੁਰਮੁਖੀ ਪੜ੍ਹਨ ਅਤੇ ਬੋਲਣ ਦੇ ਯੋਗ ਹੋਣਾ ਚਾਹੀਦਾ ਹੈ । ਕਾਫੀ ਤਜ਼ਰਬਾ ਅਤੇ ਅੰਮ੍ਰਿਤਧਾਰੀ (ਬੈੱਪਟਾਈਜ਼ਡ) ਹੋਣਾ ਲਾਜ਼ਮੀ ਹੈ । ਸਮਾਜਿਕ ਅਤੇ ਵਧੀਆ ਗੱਲਬਾਤ ਕਰਨ ਦੀ ਕਾਬਲੀਅਤ ।

**ਹੋਰ ਵੇਰਵੇ:** ਬਿਨੈਕਾਰ ਯੂ ਕੇ ਦੇ ਵਸਨੀਕ ਹੋਣ ਜਾਂ ਉਨ੍ਹਾਂ ਕੋਲ ਕੰਮ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ।

**Closing Date:** Please send your CV to address or email before **4th March 2024**
**For more information contact: S. Bulraj Singh Johal – 07899 937663**
**or info@nanaksarglobal.com www.nanaksarglobal.com**

**Nanaksar Gurdwara Gursikh Temple**
*UK Registered Charity No. 512089*
*224-226 Foleshill Road, Coventry,*
*west midlands CV1 4HW (UK) Tel : (024) 7622 0434*

TAIL PIECE

# LET OUR PARLIAMENT SOLVE PROBLEMS OF AGITATING FARMERS

**Dalip Singhj Wasan, Advocate**
Email: dalipsinghwassan@yahoo.co.in

There is a news iem that the agitating farmers have postponed their Delhi-March. Why the march has been postponed, we should leave this question aside and must see that the problems with the farming community are debated and

. The only way out is this that a committee of MPs having connections with farming community be formed to hear farmers and may come out with a scheme and that scheme must be submitted in Parliament for open discussion and debate. The Members of Parliament may take part in the discussion with free conscience and will and vote.

Since members in the Parliament are elected by the people, we can believe that they shall decide the matter. We must note that agitations in our country are mot dangerous when such agitations disturb the peace and sometimes valuable lives too are at stake. When Parliament which is manned by representatives of the people, only parliament can decide problems. Government in a democracy is just a concept and actual power is with the Parliament, this fact should be kept in mind and government can function itself only in emergencies. For the time being, the farmers too must sit and try to cololect all informations and materials to be placed before the Committee of Members of Parliament which is suggested herein.

### ONLY REPRESENTATIVES CAN AVOID AGITATIONS BY THEW PEOPLE

The democracy we have established is government of the people themselves and they are reprsented in the Parliament through members they have elected. And it is assured by each member that he shall see the problems, difficulties, demands of the area he represents and shall try to solve the same though his voice in the Parliament. And when farmers of the country are in agitation, it means the representatives are not hearing them and not bringing their problems in the Parliament. This agitation had been there earlier too when three Farm Bills ha been passed and ultimately the PM had to withdraw




the three Acts. And it is on record that the representatives of the people remained silent. Had the members in parliament been representatives of the people, they must have brought the farms bills and after due discussion and debates, something could have come out suitable to farmers. When are duly present in the House through their representativs, the representatives must work and there is no need of agitations. Agitations in India are tragedies and result in tragedies and the nation must come forward with situations through which such agitations could be avoided. Even at present instead of talking with farmers, a special session of Parliament be called and the representatives must come forward with specific points through which all situations could be set right. Had such rehearsals are there in the Parliament, it seems such agitations could be avoided. Let the nation and specially the contesting groups must come forward and tell the nation that if they come in power, they shall use such and such methods through which people sitting in Parliament shall work as repreentatives of people and work with their own conscience and will and not under direct and indirect whips. Agitations would be avoided only when Parliament becomes House of representatives and not only house of Supporters and oppositions.

### AGITATING FARMERS SHALL CONTEST IN PARLIAMENT ELECTIONSAS A GROUP

When the farmers could not see their protection, they formed their own group and it is on record that they could get releif and even the government had to withdraw three Farm Acts. They are once again in agitation for certain demands. It seems, the farming class too shall form a political party or a political group. They are alredy collected through their unions and keeping in view the population of farming class, they need a political group. When the farming class was in agitation, some people talked in their favour, but most of the elected members in the Parliament remained silent and the farmers had to agitate for a ong time. They suffered and so many farmers had died during the agitation. And they have some demands and those are not heard properly. It must be accepted that the because of the efforts of farmers, we are now self-sufficient in food grains and even people are favouring farmers. And since parliament elections are there and some groups, parties have joined and form a group, the farming classes too are likely to come as a group in the comuing Parliament Elections. They have seen their strength because of unity. And here in India the population of poor too is on higher side and one day they too shall form a group and shall start taking part in parliament Elections to root out poverty from India.

ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ । ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ ।

**ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜੀਆਂ ਦੀ ਤੁਰੰਤ ਲੋੜ**

**PUNJABI FOLK SINGERS, DANCERS AND MUSICIANS**

**URGENTLY REQUIRED**

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

**FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv**

**Closing date for applications: 21 Mar 2024**

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ - 5

# ਮੈਂ ਤੰਦਰੁਸਤ ਕਿਵੇਂ ਹੋਇਆ ?



**ਵਿਟਾਮਿਨ ਬੀ ਤਿੰਨ, ਪੰਜ, ਛੇ, ਸੱਤ, ਨੌਂ ਅਤੇ ਬਾਰਾਂ ਆਦਿ ਦੀ ਸਰੀਰ ਵਿਚ ਘਾਟ ਪੈਦਾ ਹੋ ਜਾਣ ਨਾਲ ਵੱਖੋ ਵੱਖਰੇ ਲੱਛਣ ਸਾਹਮਣੇ ਆਉਂਦੇ ਹਨ ਜਿਹਨਾਂ ਵਿੱਚ ਦਿਲ ਘਬਰਾਉਣਾ, ਮਤਲੀ ਲੱਗਣਾ, ਮਰੋੜ ਲੱਗਣੇ, ਦਿਲ ਦੀ ਜਲਣ ਅਤੇ ਚਮੜੀ ਉਤੇ ਧੱਫੜ ਪੈ ਜਾਣੇ ਆਦਿ ਹੋ ਸਕਦੇ ਹਨ । ਆਮ ਤੌਰ 'ਤੇ ਇਹਨਾਂ ਵਿਟਾਮਿਨਾਂ ਦੀ ਘਾਟ ਮਾਸ, ਮੱਛੀ, ਆਂਡੇ, ਸਬਜੀਆਂ, ਖੁੰਬਾਂ, ਦਰਖਤੀ ਗਿਰੀਆਂ, ਬਰੋਕਲੀ, ਅਵਾਕਾਡੋ, ਜਰਦੀ, ਕਲੇਜੀ ਅਤੇ ਮੂੰਗਫਲੀ ਆਦਿ ਤੋਂ ਪੂਰੀ ਹੋ ਜਾਂਦੀ ਹੈ, ਪਰ ਆਪਣੇ ਡਾਕਟਰ ਦੀ ਸਲਾਹ ਨਾਲ ਲੋੜ ਪੈਣ 'ਤੇ ਸਪਲੀਮੈਂਟ ਵੀ ਲਿਆ ਜਾ ਸਕਦਾ ਹੈ।**

ਵਿਟਾਮਿਨਜ ਦੀ ਸਾਡੇ ਸਰੀਰ ਨੂੰ ਬਹੁਤ ਲੋੜ ਹੁੰਦੀ ਹੈ । ਇਹਨਾਂ ਦੀ ਸਰੀਰ ਵਿਚ ਘਾਟ ਕਈ ਤਰਾਂ ਦੇ ਲੱਛਣਾਂ ਵਜੋਂ ਸਾਹ-ਮਣੇ ਆਉਂਦੀ ਹੈ, ਜੋ ਵਿਅਕਤੀ ਉਹਨਾਂ ਵੱਖ ਵੱਖ ਲੱਛਣਾਂ ਦੀ ਪਹਿਚਾਣ ਕਰ ਲੈਂਦਾ ਹੈ, ਉਹ ਵੱਖ ਵੱਖ ਸੋਮਿਆਂ ਤੋਂ ਇਹਨਾਂ ਦੀ ਪੂਰਤੀ ਸਹਿਜ ਹੀ ਕਰਕੇ ਆਪਣੇ ਆਪ ਨੂੰ ਨਿਰੋਗ ਰੱਖ ਸਕਦਾ ਹੈ । ਵਿਟਾਮਿਨਜ ਦੇ ਸਪਲੀਮੈਂਟ ਅੱਜ ਕਲ ਆਮ ਹੀ ਮਾਰਕੀਟ ਵਿਚੋਂ ਮਿਲ ਜਾਂਦੇ ਹਨ, ਪਰ ਧਿਆਨ ਰਹੇ ਕਿ ਉਹਨਾਂ ਦਾ ਸੇਵਨ ਡਾਕਟਰ ਦੀ ਸਲਾਹ ਤੋਂ ਬਿਨਾਂ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਲੈਣੇ ਦੇ ਦੇਣੇ ਭਾਵ ਲਾਭ ਹੋਣ ਦੀ ਬਜਾਏ ਨੁਕਸਾਨ ਵੀ ਹੋ ਸਕਦਾ ਹੈ।

ਸਭ ਤੋਂ ਪਹਿਲੀ ਸਮਝਣ ਵਾਲੀ ਗੱਲ ਇਹ ਹੈ ਕਿ ਵਿਟਾਮਿਨਜ ਕੀ ਹੁੰਦੇ ਹਨ ? ਜੇਕਰ ਸਿੱਧੇ ਸ਼ਬਦਾਂ ਵਿਚ ਇਸ ਸਵਾਲ ਦਾ ਜਵਾਬ ਦੇਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਜੀਵਨ ਤੱਤ ਹੁੰਦੇ ਹਨ ਜੋ ਮਨੁੱਖੀ ਸਰੀਰ ਦੇ ਅੰਦਰ ਚੱਲ ਰਹੀ ਜੀਵਨਧਾਰਾ ਨੂੰ ਸਹੀ ਗਤੀ ਵਿਚ ਚਲਾਉਣ ਵਾਸਤੇ ਉਸੇ ਤਰਾਂ ਕਾਰਜ ਕਰਦੇ ਹਨ ਜਿਵੇਂ ਮੋਟਰਕਾਰਾਂ ਵਿਚ ਇੰਜਣ ਆਇਲ ਕਾਰਜ ਕਰਦਾ ਹੈ ।

ਵਿਟਾਮਿਨਜ ਕਾਰਬਨ ਰਸਾਇਣ ਹੁੰਦੇ ਹਨ ਜੋ ਹਰ ਵਿਅਕਤੀ ਨੂੰ ਉਸ ਦੀ ਸਰੀਰਕ ਲੋੜ ਮੁਜਬ ਵੱਖ ਵੱਖ ਮਾਤਰਾ ਵਿਚ ਲੋੜੀਂਦੇ ਹਨ । ਕਹਿਣ ਦਾ ਭਾਵ ਇਹ ਕਿ ਇਹਨਾਂ ਦੀ ਮਿਕਦਾਰ ਹਰ ਵਿਅਕਤੀ ਦੇ ਸਰੀਰ ਵਿਚ ਇਕਸਾਰ ਨਹੀਂ ਹੁੰਦੀ ਬਲਕਿ ਸਰੀਰਕ ਤਾਸੀਰ ਮੁਤਾਬਿਕ ਵੱਖ ਵੱਖ ਹੁੰਦੀ ਹੈ । ਕਿਸੇ ਕਾਰਬਨੀ ਰਸਾਇਣ ਨੂੰ ਵਿਟਾਮਿਨ ਉਸ ਵੇਲੇ ਕਿਹਾ ਜਾਂਦਾ ਹੈ ਜਦੋ ਕਿਸੇ ਵਿਅਕਤੀ ਦਾ ਸਰੀਰ ਆਪਣੇ ਆਪ ਇਹਨਾਂ ਦੀ ਪੂਰਤੀ ਕਰਨ ਤੋਂ ਅਸਮਰੱਥ ਹੋਵੇ ਤੇ ਇਹ ਪੂਰਤੀ ਸੰਬੰਧਿਤ ਵਿਅਕਤੀ ਨੂੰ ਬਾਹਰੀ ਸੋਰਸਾਂ ਤੋਂ ਕਰਨੀ ਪਵੇ ।

ਵਿਟਾਮਿਨ ਕਈ ਪ੍ਰਕਾਰ ਦੇ ਹੁੰਦੇ ਹਨ । ਇਹਨਾਂ ਨੂੰ ਮੁੱਖ ਤੌਰ 'ਤੇ ਏ, ਬੀ, ਸੀ, ਡੀ ਅਤੇ ਕੇ ਆਦਿ ਸ਼ਰੇਣੀਆਂ ਵਿਚ ਵੰਡਿਆ ਗਿਆ ਹੈ ਤੇ ਅੱਗੋਂ ਫਿਰ ਇਹਨਾਂ ਦੀ ਸਬ ਵਰਗਾਂ ਵਿਚ ਵੰਡ ਕੀਤੀ ਗਈ ਹੈ ।

ਆਓ ਦੇਖੀਏ ਕਿ ਕਿਹੜੇ ਵਿਟਾਮਿਨ ਦੀ ਸਰੀਰ ਵਿਚ ਘਾਟ ਹੋਣ ਦੇ ਕੀ ਲੱਛਣ ਸਾਹਮਣੇ ਆਉਂਦੇ ਹਨ ਤੇ ਉਸ ਵਿਟਾਮਿਨ ਦੀ ਪੂਰਤੀ ਕਿਵੇਂ ਕੀਤੀ ਜਾ ਸਕਦੀ ਹੈ । ਵਿਟਾਮਿਨ ਏ ਦੀ ਘਾਟ ਨਾਲ ਅੰਧਰਾਤਾ ਜਾਂ ਅੰਨ੍ਹਾਪਨ ਆਦਿ ਅੱਖਾਂ ਦੇ ਰੋਗ ਹੁੰਦੇ ਹਨ। ਇਹ ਵਿਟਾਮਿਨ ਭਰਪੂਰ ਮਾਤਰਾ ਵਿਚ ਕਲੇਜੀ, ਸੰਗਤਰਾ, ਪੱਕੇ ਪੀਲੇ ਫਲ, ਪੱਤੇਦਾਰ ਸਬਜ਼ੀਆਂ, ਗਾਜਰਾਂ, ਪੇਠਾ, ਕੱਦੂ, ਪਾਲਕ, ਮੱਛੀ, ਸੋਇਆ ਦੁੱਧ ਅਤੇ ਦੁੱਧ ਤੋਂ ਕਾਫੀ ਮਾਤਰਾ ਵਿਚ ਮਿਲਦਾ ਹੈ। ਵਿਟਾਮਿਨ ਬੀ ਇੱਕ, ਦੀ ਘਾਟ ਨਾਲ ਸਰੀਰ ਹਮੇਸ਼ਾ ਸੁਸਤ ਰਹਿੰਦਾ ਹੈ ਅਤੇ ਮਸਲ ਮਾਸ ਪੇਸ਼ੀਆਂ ਵਿਚ ਢਿਲਾਪਨ ਪੈਦਾ ਹੁੰਦਾ ਹੈ, ਇਸ ਵਿਟਾਮਿਨ ਦੀ ਘਾਟ ਵਾਲਾ ਬੰਦਾ ਹਮੇਸ਼ਾ ਹੀ ਥੱਕਿਆ ਹੋਇਆ ਮਹਿਸੂਸ ਕਰਦਾ ਹੈ । ਇਸ ਦੀ ਘਾਟ ਸੂਰ ਦੇ ਮਾਸ, ਜਵੀ ਦਾ ਦਲੀਆ, ਭੂਰੇ ਚੌਲ, ਸਬਜ਼ੀਆਂ, ਆਲੂ, ਕਲੇਜੀ, ਅਕੇ ਆਂਡੇ ਤੋਂ ਪੂਰੀ ਕੀਤੀ ਜਾ ਸਕਦੀ ਹੈ ।

ਵਿਟਾਮਿਨ ਬੀ ਦੋ, ਅਸਲ ਵਿਚ ਵਿਟਾਮਿਨ ਬੀ ਇਕ ਦਾ ਪੂਰਕ ਹੁੰਦਾ ਹੈ । ਇਸ ਦੀ ਘਾਟ ਪੂਰਤੀ, ਕੇਲੇ, ਪਾਪਕਾਰਨ, ਹਰੀਆਂ ਫਲੀਆਂ, ਛੱਲੀ, ਸਬਜੀਆਂ ਤੇ ਸਲਾਦ ਤੋ ਹੋ ਜਾਂਦੀ ਹੈ ।

ਇਸੇ ਤਰਾਂ ਵਿਟਾਮਿਨ ਬੀ ਤਿੰਨ, ਪੰਜ, ਛੇ, ਸੱਤ, ਨੌਂ ਅਤੇ ਬਾਰਾਂ ਆਦਿ ਦੀ ਸਰੀਰ ਵਿਚ ਘਾਟ ਪੈਦਾ ਹੋ ਜਾਣ ਨਾਲ ਵੱਖੋ ਵੱਖਰੇ ਲੱਛਣ ਸਾਹਮਣੇ ਆਉਂਦੇ ਹਨ ਜਿਹਨਾਂ ਵਿੱਚ ਦਿਲ ਘਬਰਾਉਣਾ, ਮਤਲੀ ਲੱਗਣਾ, ਮਰੋੜ ਲੱਗਣੇ, ਦਿਲ ਦੀ ਜਲਣ ਅਤੇ ਚਮੜੀ ਉਤੇ ਧੱਫੜ ਪੈ ਜਾਣੇ ਆਦਿ ਹੋ ਸਕਦੇ ਹਨ । ਆਮ ਤੌਰ 'ਤੇ ਇਹਨਾਂ ਵਿਟਾਮਿਨਾਂ ਦੀ ਘਾਟ ਮਾਸ, ਮੱਛੀ, ਆਂਡੇ, ਸਬਜੀਆਂ, ਖੁੰਬਾਂ, ਦਰਖਤੀ ਗਿਰੀਆਂ, ਬਰੋਕਲੀ, ਅਵਾਕਾਡੋ, ਜਰਦੀ, ਕਲੇਜੀ ਅਤੇ ਮੂੰਗਫਲੀ ਆਦਿ ਤੋਂ ਪੂਰੀ ਹੋ ਜਾਂਦੀ ਹੈ, ਪਰ ਆਪਣੇ ਡਾਕਟਰ ਦੀ ਸਲਾਹ ਨਾਲ ਲੋੜ ਪੈਣ 'ਤੇ ਸਪਲੀਮੈਂਟ ਵੀ ਲਿਆ ਜਾ ਸਕਦਾ ਹੈ।

ਇਸੇ ਤਰਾਂ ਵਿਟਾਮਿਨ ਸੀ ਦੀ ਸਰੀਰਕ ਭਰਪਾਈ ਫਲਾਂ ਸਬਜੀਆਂ ਤੋ ਹੋ ਜਾਂਦੀ ਹੈ, ਵਿਟਾਮਿਨ ਡੀ ਜਿਸ ਦੀ ਸਰੀਰ ਵਿਚ ਘਾਟ ਸੋਕੇ ਦਾ ਕਾਰਨ ਬਣ ਸਕਦੀ ਹੈ ਦੀ ਪੂਰਤੀ ਮੱਛੀ, ਆਂਡਾ ਤੇ ਕਲੇਜੀ ਖਾ ਕੇ ਪੂਰੀ ਕੀਤੀ ਜਾ ਸਕਦੀ ਹੈ । ਵਿਟਾਮਿਨ ਈ ਦੀ ਮਰਦਾਂ ਦੇ ਸਰੀਰ ਚ ਘਾਟ ਨਕਾਰਾਪਣ ਤੇ ਹਰਟ ਅਟੈਕ ਦਾ ਕਾਰਨ ਬਣ ਸਕਦੀ ਹੈ, ਜਦ ਕਿ ਔਰਤਾਂ ਲਈ ਗਰਭਪਾਤ ਅਤੇ ਬੱਚਿਆਂ ਵਿਚ ਖ਼ੂਨ ਦੀ ਘਾਟ ਦਾ ਕਾਰਨ ਬਣ ਸਕਦੀ ਹੈ । ਇਸ ਵਿਟਾਮਿਨ ਦੀ ਪੂਰਤੀ ਫਲ, ਸਬਜੀਆਂ ਅਤੇ ਗਿਰੀਆਂ ਦੇ ਸੇਵਨ ਨਾਲ ਕੀਤੀ ਜਾ ਸਕਦੀ ਹੈ । ਇਸੇ ਤਰਾਂ ਵਿਟਾਮਿਨ ਕੇ ਜੋ ਕਿ ਕੈਂਸਰ ਦੇ ਮਰੀਜਾਂ ਵਾਸਤੇ ਬਹੁਤ ਫਾਇਦੇਮੰਦ ਹੁੰਦਾ ਹੈ ਤੇ ਇਹ ਪੱਤੇਦਾਰ ਸਬਜੀਆਂ ਭਾਵ ਪਾਲਕ, ਬਾਥੂ, ਗੋਭੀ ਆਦਿ ਤੋ ਭਰਪੂਰ ਮਾਤਰਾ ਵਿਚ ਮਿਲ ਜਾਂਦਾ ਹੈ ।

ਮੁਕਦੀ ਗੱਲ ਇਹ ਕਿ ਸਾਡਾ ਸਰੀਰ ਬਹੁਤ ਸਾਰੇ ਰਸਾਇਣਾਂ ਦਾ ਬਣਿਆ ਹੋਇਆ ਹੈ । ਇਸ ਦੀ ਸਾਂਭ ਸੰਭਾਲ ਸਾਡਾ ਆਪਣਾ ਜਿੰਮਾ ਹੈ । ਇਸ ਕਰਕੇ ਸਾਨੂੰ ਭੋਜਨ ਕਰਨ ਵੇਲੇ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੁੰਦੀ ਹੈ ਤਾਂ ਕਿ ਇਹਨਾਂ ਵਿਟਾਮਿ-ਨਜ ਦਾ ਸਰੀਰ ਵਿਚ ਸੰਤੁਲਿਤ ਬਣਿਆ ਰਹੇ ਤੇ ਸਾਡੀ ਤੰਦਰੁਸਤੀ ਲੰਮਾ ਸਮਾਂ ਬਰਕਰਾਰ ਰਹੇ । ਇਹਨਾਂ ਵਿਟਾਮਿਨਜ ਦਾ ਅਸੰਤੁਲਨ ਸਰੀਰ ਵਿਚ ਬਹੁਤ ਸਾਰੇ ਵਿਕਾਰ ਪੈਦਾ ਕਰਦਾ ਹੈ, ਜਿਹਨਾਂ ਤੋਂ ਬਿਮਾਰੀਆਂ ਲਗਦੀਆਂ ਹਨ ਤੇ ਅੱਗੇ ਦਰ ਅਗੇਰੇ ਸਰੀਰਕ ਤੰਦਰੁਸਤੀ ਨਾਲ ਸੰਬੰਧਿਤ ਪੇਚੀਦਗੀਆਂ ਵਧ ਜਾਂਦੀਆਂ ਹਨ ।

# ਭਾਰਤੀ ਮੂਲ ਦੇ ਰੈਸਟੋਰੈਂਟ ਮਾਲਕ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਿਆ ਸੀ ਨੌਕਰੀ 'ਤੇ, ਲੱਗਾ ਸੱਤ ਸਾਲਾਂ ਦੀ ਪਾਬੰਦੀ

ਲੰਡਨ: ਪੂਰਬੀ ਇੰਗਲੈਂਡ ਦੇ ਭਾਰਤੀ ਮੂਲ ਦੇ ਵਿਅਕਤੀ ਨੇ ਹਰਟਫੋਰਡਸ਼ਾਇਰ ਵਿੱਚ ਆਪਣੇ ਰੈਸਟੋਰੈਂਟ ਵਿੱਚ ਤਿੰਨ ਬੰਗਲਾਦੇਸ਼ੀ ਪ੍ਰਵਾਸੀਆਂ ਨੂੰ ਕੰਮ 'ਤੇ ਰੱਖਿਆ ਸੀ, ਜਿਸ ਕਾਰਨ ਹੁਣ ਉਸ 'ਤੇ ਸੱਤ ਸਾਲ ਦੀ ਪਾਬੰਦੀ ਲਗਾਈ ਗਈ ਹੈ। ਇਕਬਾਲ ਹੁਸੈਨ (51) ਨੇ ਹਰਟਫੋਰਡਸ਼ਾਇਰ ਦੇ ਸਟੈਨਸਟੇਡ ਐਬਟਸ ਖੇਤਰ ਵਿਚ ਸਥਿਤ 'ਟੇਸਟ ਆਫ ਰਾਜ' ਵਿਚ ਕਾਮਿਆਂ ਨੂੰ ਕੰਮ ''ਤੇ ਰੱਖਿਆ ਸੀ। 2020 ਵਿੱਚ, ਜਦੋਂ ਇਮੀਗ੍ਰੇਸ਼ਨ ਇਨਫੋਰਸਮੈਂਟ ਅਧਿਕਾਰੀਆਂ ਨੇ ਰੈਸਟੋਰੈਂਟ ਵਿੱਚ ਛਾਪਾ ਮਾਰਿਆ ਸੀ, ਤਾਂ ਇਹ ਖੁਲਾਸਾ ਹੋਇਆ ਸੀ ਕਿ ਇਹ ਕਰਮਚਾਰੀ ਗੈਰ-ਕਾਨੂੰਨੀ ਬੰਗਲਾਦੇਸ਼ੀ ਸਨ।

ਬ੍ਰਿਟੇਨ ਦੀ ਲਿਕਵਿਡੇਸ਼ਨ ਸਰਵਿਸ ਨੇ ਮੰਗਲਵਾਰ ਨੂੰ ਕਿਹਾ ਕਿ ਜਾਂਚ ਤੋਂ ਬਾਅਦ ਹੁਸੈਨ ਨੂੰ 2031 ਤੱਕ ਕਾਰੋਬਾਰ ਚਲਾਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਦੱਸ ਦੇਈਏ ਕਿ ਐਨਫੀਲਡ ਦਾ ਰਹਿਣ ਵਾਲਾ ਇਕਬਾਲ ਹੁਸੈਨ ਜੂਨ 2014 ਤੋਂ ਟੈਂਡਰ ਲਵ ਲਿਮਟਿਡ ਕੰਪਨੀ ਦੇ ਨਾਂ ਹੇਠ ਕਾਰੋਬਾਰ ਕਰ ਰਹੇ ਰੈਸਟੋਰੈਂਟ ਦਾ ਇਕਲੌਤਾ ਡਾਇਰੈਕਟਰ ਸੀ

## ਨਿਰਮਾਨ ਸੇਵਕ ਜਥਾ ਸਿੱਖ ਟੈਂਪਲ, ਬ੍ਰਿਸਟਲ ਵਿਖੇ ਕੀਰਤਨੀ ਜਥੇ (ਦੋ ਧਾਰਮਿਕ ਸੇਵਾਦਾਰਾਂ) ਦੀ ਲੋੜ

**An opportunity has arisen for two Religious Workers at Nirman Sewak Jatha Sikh Heritage Ltd in Bristol**

**The duties of the Religious Workers will include:**
Reading from Guru Granth Sahib Ji, Hymn singing, reciting prayers. Assisting and conducting daily and weekly Diwans, marriages, engagements, funerals and other religious ceremonies. Should be able to teach Gurbani Kirtan, Path and playing instruments (i.e. Vaaja and Tabla). Working collaboratively with the Managing Committee and volunteers. The workers will be responsible for locking and unlocking the Gurdwara premises.

**LOCATION: BRISTOL UK, NIRMAN SEWAK JATHA**
**11 SUMMERHILL ROAD, ST. GEORGE, BRISTOL UK BS5 8HG**

**REQUIREMENTS:** Must be able to read and speak Punjabi (Gurmukhi). Clean character certificate required from previous employer. Should have good communicational and interpersonal skills. A clean DBS or equivalent check is required if accepted. Preference will be given to qualified and experienced candidates who should be a UK resident or have the right to work in the UK.

**DURATION & REMUNERATION:** Employment will consist of 20 hours per week. The first 3 months will be a probation period. If performance is satisfactory the duration could be extended to 12 Months.

**RATE: Salary will be in accordance to UK employment law, plus reasonable expenses.**

**HOW TO APPLY:** CV supplemented with video evidence and the details of 2 referees.

**CLOSING DATE: 3rd April 2024**

**PLEASE APPLY TO ADDRESS BELOW OR CONTACT**
**MR. BALDEV SINGH ROUDH 07830517552**
**Email:secretary@nirmansewakjatha.org.uk**

**Nirman Sewak Jatha - Sikh Temple, Bristol**
**11 SUMMERHILL ROAD, ST. GEORGE, BRISTOL, BS5 8HG, U.K.**

(ਵਿਅੰਗ)
ਸ਼ਿਵਚਰਨ ਜੱਗੀ ਕੁੱਸਾ

# ...ਜਦੋਂ ਮੈਨੂੰ ਵੀ ਸਾਹਿਤਕ ਚੋਣ ਲੜਨ ਦਾ 'ਹੀਂਗਣਾਂ' ਉਠਿਆ



...ਵੈਸੇ ਤਾਂ ਕੁਰਸੀ ਦਾ ਲਾਲਚ ਹਰ ਇੱਕ ਨੂੰ ਹੁੰਦੈ... ਪਰ 'ਪ੍ਰਧਾਨਗੀ' ਦਾ ਨਾਂ ਸੁਣ ਕੇ ਸਾਡੇ ਵੀ ਲੂਹਰੀਆਂ ਉਠੀਆਂ... ਜਿੱਤ ਦੇ ਨਾਂ ਨੂੰ ਕੁਤਕੁਤੀਆਂ ਨਿਕਲੀਆਂ... ਸੋਚਿਆ, ਜੇ ਮੈਂ ਚੋਣਾਂ ਜਿੱਤ ਗਿਆ, 'ਪੜ੍ਹੇ-ਲਿਖੇ' ਸਲੂਟਾਂ ਮਾਰਿਆ ਕਰਨਗੇ ਤੇ ਮੈਨੂੰ "ਪ੍ਰਧਾਨ ਜੀ - ਪ੍ਰਧਾਨ ਜੀ" ਕਰਦਿਆਂ ਦਾ ਮੂੰਹ ਸੁੱਕਿਆ ਕਰੇਗਾ... ਤੇ ਮੇਰੀ ਮੂਲੀ ਵਰਗੀ ਧੌਣ, ਬੋਹੜ ਦੇ ਮੁੱਢ ਵਰਗੀ ਹੋ ਜਾਊ... ਮੈਂ ਪੈਰਾਂ ਨਾਲ 'ਖੁਰਗੋ' ਪੱਟੀ ਅਤੇ ਫਿਰ ਮਿੱਟੀ ਪਿਛਾਂਹ ਨੂੰ ਸੁੱਟੀ... ਗਰਦੋਗੋਰ ਹੋ ਗਈ ਦਿਸੀ... ਮੇਰਾ ਮਨ 'ਗਦ-ਗਦ' ਹੋ ਗਿਆ... ਕਿ ਮੇਰੇ ਦੋ ਪੈਰਾਂ ਦੀ ਮਿੱਟੀ ਨੇ ਹੀ 'ਗਰਦੋਗੋਰ' ਕਰ ਮਾਰੀ... ਪੰਜ-ਸੱਤ ਪੈਰ ਕੀ ਕਰਨਗੇ...? ਉਹ ਤਾਂ ਲਿਆ ਦੇਣਗੇ 'ਨ੍ਹੇਰੀ...! ਮੈਂ ਸੋਚਿਆ, ਅਜੇ ਤਾਂ ਰੱਬ ਨੇ ਮੇਰੇ ਸਿੰਗ ਨਹੀਂ ਲਾਏ, ਜੇ ਲਾਏ ਹੁੰਦੇ, ਤਾਂ ਸਿੰਗ ਮਿੱਟੀ ਜ਼ਰੂਰ ਚੁੱਕਦਾ...। ...ਮੈਂ ਵੀ ਪ੍ਰਧਾਨੀ ਦੀਆਂ ਚੋਣਾਂ ਲੜਨ ਦਾ ਤਹੱਈਆ ਕਰ ਲਿਆ..।

-"... ਤੈਨੂੰ ਤਾਂ ਤੇਰੇ ਜੁਆਕਾਂ ਨੇ ਵੋਟ ਨੀ ਪਾਉਣੀ... ਆਹ ਕੀ ਪੰਗਾ ਲੈ ਕੇ ਬਹਿ ਗਿਆ...?" ਮੇਰੇ ਘਰਵਾਲ਼ੀ ਬੋਲੀ... ਘਰ ਦਾ ਜੋਗੀ ਜੋਗੜਾ..ਤੇ ਬਾਹਰਲਾ ਜੋਗੀ ਸਿੱਧ .. ਇਹ ਗੱਲ ਲੋਕ ਐਵੇਂ ਨੀ ਆਖ ਗਏ.. ਸੋਚ ਕੇ ਮੈਂ ਚੋਣ ਲੜਨ ਦਾ ਐਲਾਨ ਕਰ ਦਿੱਤਾ...

-"ਕਦੇ ਘਰ ਦਾ ਡੱਕਾ ਤਾਂ ਸੰਵਾਰਿਆ ਨੀ, ਸਾਹਿਤਕ ਖੇਤਰ 'ਚ ਕੀ ਲੱਲ੍ਹਰ ਲਾ ਦੇਵੇਂਗਾ...? ਉਹਨਾਂ ਦੀਆਂ ਬੇੜੀਆਂ 'ਚ ਵੀ ਵੱਟੇ ਪਾਵੇਂਗਾ..।" ਉਹ ਫਿਰ ਬੋਲੀ..। ਮੇਰਾ ਦਿਲ ਕਰੇ ਮੱਥੇ 'ਚ ਇੱਟ ਮਾਰ ਕੇ 'ਟੀਕ' ਚਲਾ ਦਿਆਂ। ... ਮੇਰੀ ਸਿਰ-ਧੜ ਦੀ ਬਾਜ਼ੀ ਲੱਗੀ ਪਈ ਆ, ਤੇ ਇਹ...? ...ਇਹ ਗੱਲਾਂ ਕਰ-ਕਰ ਮੇਰੀ ਰੂਹ 'ਤੇ 'ਲੱਲ੍ਹੇ' ਪਾਈ, ਤੇ ਮੇਰਾ ਲਹੂ ਸੁਕਾਈ ਜਾ ਰਹੀ ਆ...। ... ਲੱਗਦੀ ਜੁੱਤੀ, ਨਾਰ ਕੁਪੱਤੀ ਦੇਵਣ ਦੁੱਖ ਹਮੇਸ਼ਾ...। ਯਮਲ੍ਹੇ ਬਾਬੇ ਦਾ ਗੀਤ ਸੋਚ ਕੇ ਚੁੱਪ ਵੱਟ ਲਈ...।

ਨਾਲ਼ੇ ਮੈਨੂੰ ਮਾਂ-ਬੋਲੀ ਨਾਲ਼ ਕੋਈ ਲਾਕਾ-ਦੇਕਾ ਹੈਨ੍ਹੀ...। ਮੈਂ ਤਾਂ ਮਾਂ-ਬੋਲੀ ਨੂੰ ਹਮੇਸ਼ਾ 'ਟਿੱਚ' ਸਮਝਿਐ...। ਬੱਸ ਮਾਂ-ਬੋਲੀ ਦੇ 'ਗੀਝੇ 'ਚ ਹੱਥ ਜ਼ਰੂਰ ਪਾਈ ਰੱਖਿਐ... ਮਤਲਬ ਪੂਰਾ 'ਲਾਹਾ' ਲਿਐ...। ਲਾਹਾ ਲਵਾਂ ਵੀ ਕਿਉਂ ਨ੍ਹਾ...? ਸਾਡੀ ਮਾਂ-ਬੋਲੀ ਜਿਉਂ ਹੋਈ...! ਜਦੋਂ 'ਸਾਹਿਤਕ ਚੋਣਾਂ' ਆਉਂਦੀਆਂ ਨੇ, ਤਾਂ ਮੈਨੂੰ ਮਾਂ-ਬੋਲੀ ਦੇ 'ਮਾੜੇ ਭਾਗਾਂ' ਦੀ 'ਯਾਦ' ਜਿਹੀ ਆਉਂਦੀ ਐ... ਇਸ ਦਾ ਹੇਜ ਜਿਹਾ 'ਜਾਗਦੈ'...। ..ਵੈਸੇ ਤਾਂ ਮੈਂ ਅਹੁਦੇ ਨੂੰ ਜੱਫਾ ਮਾਰ ਕੇ ਕਿਸੇ ਵੀ 'ਵਰਗ' ਨੂੰ ਨਖਰੇ ਹੇਠ ਨਹੀਂ ਲਿਆਉਂਦਾ...। ਪਰ ਚੋਣਾਂ ਵੇਲੇ ਪਤਾ ਨਹੀਂ ਇਹ ਵਰਗ ਕਿਉਂ ਮੈਨੂੰ 'ਆਪਣੇ-ਆਪਣੇ' ਜਿਹੇ 'ਲੱਗਣ' ਲੱਗ ਜਾਂਦੇ ਨੇ...? ਸਾਡੇ 'ਪੜ੍ਹਿਆਂ-ਲਿਖਿਆਂ' ਦੇ ਕੀ ਕਹਿਣੇ...? ਉਹ ਤਾਂ ਛੋਟੇ-ਮੋਟੇ ਅਹੁਦੇ ਦੇ ਲਾਲਚ 'ਚ ਆ ਕੇ ਮੇਰੇ ਵਰਗੇ ਦੇ 'ਔਗੁਣ' ਭੁੱਲ ਜਾਂਦੇ ਨੇ, ਤੇ ਉਸਤਤ ਦੇ ਅੰਬਾਰ ਲਾਉਂਦੇ ਰਹਿੰਦੇ ਨੇ...। ਕਿੱਧਰੇ ਲੇਖ, ਕਿੱਧਰੇ ਪੋਸਟਾਂ... ਕਿੱਧਰੇ ਮਸ਼ਹੂਰੀਆਂ... ਲਟਰਮ ਪਟਰਮ...। 'ਸਹਿਯੋਗੀ' ਜਿਉਂ ਹੋਏ...? ਮੈਂ ਲੋਹੇ ਦੇ ਥਣ ਵਾਂਗੂੰ ਆਕੜਿਆ ਰਹਿੰਨੈ...। ਬਿੱਲੀ ਦੇ ਭਾਗਾਂ ਨੂੰ ਮਸਾਂ ਤਾਂ ਛਿੱਕੂ ਟੁੱਟਿਐ...।

...ਕਈ ਗੱਲਾਂ ਸੋਚ-ਸੋਚ ਕੇ ਮੇਰਾ ਢਿੱਡ ਹੱਸਦੈ... ਕਿ ਕਿੰਨਾਂ ਸਮਾਂ ਹੋ ਗਿਆ ਮੈਨੂੰ ਅਹੁਦੇ ਮਾਣਦਿਆਂ... ਪਰ ਪ੍ਰਵਾਸੀ ਭਰਾਵਾਂ ਦਾ ਮੈਨੂੰ ਹੁਣ ਤੱਕ ਚੇਤਾ ਨੀ ਆਇਆ... ਤੇ ਨਾ ਮੈਂ ਕਿਸੇ ਪ੍ਰਵਾਸੀ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤੈ... ਨਾ ਮੈਂ ਅੱਜ ਤੱਕ ਪੰਜਾਬ ਦੇ ਮਸਲਿਆਂ ਬਾਰੇ ਬੋਲਿਆ... ਤੇ ਨਾ ਪੰਜਾਬ ਦੇ ਹੱਕਾਂ ਬਾਰੇ ਮੂੰਹ ਖੋਲ੍ਹਿਆ... ਨਾ ਕਦੇ ਪੰਜਾਬ 'ਚ ਵਿਕਦੇ ਨਸ਼ਿਆਂ ਬਾਰੇ ਇਕ ਲਫ਼ਜ਼ ਲਿਖਿਆ... ਤੇ ਨਾ ਭ੍ਰਿਸ਼ਟਾਚਾਰ ਬਾਰੇ ਚੁੱਪ ਤੋੜੀ... ਨਾ ਰੇਤ ਮਾਫ਼ੀਆ ਬਾਬਤ ਮੌਨ ਵਰਤ ਭੰਗ ਕੀਤਾ... ਤੇ ਨਾ 'ਭੂ-ਮਾਫ਼ੀਆ' ਖ਼ਿਲਾਫ਼ ਲਿਖਣ ਦੀ ਜੁਅਰਤ ਕੀਤੀ... ਨਾ ਮੈਂ ਦਾਜ ਦੀ ਲਾਹਣਤ ਦਾ ਵਿਰੋਧ ਕੀਤਾ, ਤੇ ਨਾ ਕੁੱਖ 'ਚ ਮਰਨ ਵਾਲੀਆਂ ਧੀਆਂ ਪ੍ਰਤੀ ਕਾਗਜ਼ ਦੀ ਹਿੱਕ 'ਤੇ ਇੱਕ ਹੰਝੂ ਕੇਰਿਆ...। ... ਸਾਡੇ ਹਸਪਤਾਲਾਂ ਵਿੱਚ ਕੀ-ਕੀ ਨਹੀਂ ਹੁੰਦਾ..? ਦੁਨੀਆਂ ਨੂੰ ਪਤੈ...! ਪਰ ਮਜ਼ਾਲ ਐ ਅਸੀਂ ਇੱਕ ਲਾਈਨ ਵੀ ਲਿਖੀ ਹੋਵੇ...? ਜਾਂ ਕੁਛ ਬੋਲਿਆ ਹੋਵੇ...! ਕੀ ਕਰਾਂ...? ਕਿਵੇਂ ਬੋਲਾਂ..?? ਮੇਰਾ ਮੂੰਹ 'ਚੋਗ' ਨਾਲ ਭਰਿਆ ਹੁੰਦੈ... ਮਨ ਕੁਰਸੀ ਰਾਣੀ 'ਤੇ ਮਰਿਆ ਹੁੰਦੈ...। ... ਕਿਸਾਨ ਮਰਨ, ਚਾਹੇ ਪੰਜਾਬੀ, ਮੈਂ ਕਾਹਤੋਂ ਬੋਲਾਂ...?? ਮੈਂ ਕਿਸਾਨਾਂ ਦਾ ਥੋੜ੍ਹੋ ਖਾਨੈ...? ਅਸੀਂ ਤਾਂ 'ਆਕਿਆਂ' ਦਾ ਖਾਈਦੈ... ਤੇ ਉਹਨਾਂ ਦਾ ਗੁਣ ਗਾਈਦੈ...। ਜੀਹਦੀ ਖਾਈਏ ਬਾਜਰੀ - ਉਸੇ ਦੀ ਭਰੀਏ ਹਾਜ਼ਰੀ...।

ਪਰ ਜਦੋਂ ਚੋਣਾਂ ਦਾ ਮੌਸਮ ਆਉਂਦੈ... ਤਾਂ ਸਹੁੰ ਮਾਤਾ ਦੀ, ਮੈਨੂੰ ਤਾਂ 'ਹੀਂਗਣਾਂ' ਛੁੱਟ ਪੈਂਦੈ...। ਮਸਤ ਊਠ ਵਾਂਗ ਤੜਾਫਾ ਜਿਹਾ ਮਾਰਨ ਨੂੰ ਦਿਲ ਕਰਦੈ...। ਉਤਨੇ ਜੋੜ-ਤੋੜ ਤਾਂ ਮੇਰੀ ਬੇਬੇ ਤਾਣਾ ਬੁਣਨ ਵੇਲ਼ੇ ਨੀ ਸੀ ਕਰਦੀ, ਜਿੰਨੇ ਜੋੜ-ਤੋੜ ਮੈਂ ਸਾਹਿਤਕ ਚੋਣਾਂ ਵੇਲ਼ੇ ਕਰਦੈਂ...। ਚੋਣਾਂ ਵੇਲ਼ੇ ਤਾਂ ਮੈਨੂੰ ਵਾਹਿਗੁਰੂ, ਅੱਲਾਹ, ਰਾਮ, ਹਾਲੇ ਲੂਈਆ ਭੁੱਲ ਜਾਂਦੇ ਨੇ... ਮੈਨੂੰ ਤਾਂ ਬੱਸ 'ਵੋਟ ਮੈਨੂੰ - ਵੋਟ ਮੈਨੂੰ' ਹੀ ਚੇਤੇ ਰਹਿ ਜਾਂਦੇ ਨੇ...ਤੇ ਮੈਂ "ਮਾਨਸ-ਬੂ - ਮਾਨਸ-ਬੂ" ਕਰਦਾ ਘਰੋਂ ਨਿਕਲ ਤੁਰਦਾ ਹਾਂ...। ਬੱਸ, ਇੱਕ ਵਾਰੀ ਅਹੁਦਾ ਤੇ ਕੁਰਸੀ ਹੱਥ ਆ ਜਾਵੇ... ਫੇਰ ਛੱਡਣੀ ਕਿਹੜੇ ਭੜੂਏ ਨੇ ਹੈ...? ਸਿਆਸੀ ਲੀਡਰ ਤਾਂ ਅਣਪੜ੍ਹ ਅਤੇ ਭੋਲ਼ੇ-ਭਾਲ਼ੇ ਲੋਕਾਂ ਨੂੰ ਬੇਵਕੂਫ਼ ਬਣਾਉਂਦੇ ਨੇ.. ਤੇ ਸਾਡੇ ਵੱਲ ਦੇਖ ਲਵੋ ... ਅਸੀਂ 'ਪੜ੍ਹਿਆਂ-ਲਿਖਿਆਂ' ਨੂੰ 'ਵਖ਼ਤ' ਪਾਇਆ ਪਿਐ...। ਬੱਸ ਜੀ, ਅਸੀਂ ਐਲਾਨ ਕਰ ਦਿੱਤੈ... ਤੇ ਹੁਣ ਤਾਂ ਬੱਸ ਘੜਮੱਸ ਪਾਉਣਾ ਹੀ ਬਾਕੀ ਰਹਿ ਗਿਆ...। ਇੱਕ ਨਾਅਰਾ ਹੀ ਮਾਰਨੈਂ, ਕਿ ਭਾਈ, ਸਾਡੇ ਵਰਗਾ ਕੋਈ ਭਲਾ ਆਦਮੀਂ ਨਹੀਂ... ਜੇ ਆਪਦੀ ਪੰਜਾਬੀ ਮਾਂ-ਬੋਲੀ ਬਚਾਉਣੀ ਆਂ, ਤਾਂ ਵੋਟ ਸਾਨੂੰ ਪਾਇਓ...! ... ਜੇ ਲੋਕ ਦੁਚਿੱਤੀ 'ਚ ਹੋਏ, ਤਾਂ ਅਸੀਂ ਜ਼ਾਤ-ਪਾਤ ਵਾਲ਼ਾ 'ਪੱਤਾ' ਖੇਲਣੋਂ ਵੀ ਬਾਜ਼ ਨਹੀਂ ਆਵਾਂਗੇ... ਹੁਣ ਵਿਰੋਧੀ ਤਾਂ ਵਜਾਉਣਗੇ ਤੂਤੀ, ਤੇ ਅਸੀਂ ਖੜਕਾਵਾਂਗੇ ਨਗਾਰਾ...। ... ਅੱਧੀ ਆਂ ਗ਼ਰੀਬ ਜੱਟ ਦੀ, ਅੱਧੀ ਤੇਰੀ ਆਂ ਮੁਲ੍ਹਾਜੇਦਾਰਾ... ਇਹ ਗੱਲ ਅਸੀਂ ਸਿਆਸੀ ਲੋਕਾਂ ਦੇ ਕੰਨ ਵਿੱਚ ਕਹਿੰਦੇ ਤੁਰੇ ਜਾਂਦੇ ਹਾਂ...

ਮਾਂ-ਬੋਲੀ, ਤੇ ਪੰਜਾਬ ਦੇ ਸਿਧਾਂਤਾਂ ਤੋਂ ਅਸੀਂ ਬੱਕਲ ਲੈਣੇ ਆਂ...? ਖਾਣ ਖਸਮਾਂ ਨੂੰ... ਸਾਡੀ




ਜਾਣਦੀ ਆ ਜੁੱਤੀ....। ਇਹ ਗੱਲਾਂ ਸੋਚ ਅਸੀਂ ਮੋਟਾ ਪੈੱਗ ਚਾੜ੍ਹ ਲਿਆ... ਮੀਕਣ ਵਿਸਕੀ ਟੁੱਟ-ਦੇ ਤਾਰੇ ਵਾਂਗ ਲੀਕ ਜਿਹੀ ਪਾਉਂਦੀ ਥੱਲੇ ਨੂੰ ਉੱਤਰੀ... ਤੇ ਸਾਡੇ ਅੰਦਰ ਨਿੱਘ ਜਿਹਾ ਭਰ ਗਿਆ... ਸਰੂਰ ਨਾਲ ਸਾਨੂੰ ਸੁਰਗਾਂ ਦੇ ਝੂਟੇ ਆਉਣ ਲੱਗ ਪਏ ਅਤੇ ਰੁਮਕਦੀ ਪੌਣ ਸਾਨੂੰ ਲੋਰੀਆਂ ਦਿੰਦੀ ਲੱਗੀ....ਸ਼ੈਕਸਪੀਅਰ ਬਾਬੇ ਦਾ ਕਥਨ ਯਾਦ ਆਇਆ... "ਜੇ ਤੁਸੀਂ ਮੈਨੂੰ ਮੁਹੱ-ਬਤ ਕਰਦੇ ਹੋ, ਤਾਂ ਤੁਸੀਂ ਹਮੇਸ਼ਾ ਮੇਰੇ ਦਿਲ ਵਿੱਚ ਵਸੋਂਗੇ...। ਜੇ ਤੁਸੀਂ ਮੈਨੂੰ ਘ੍ਰਿਣਾ ਕਰਦੇ ਹੋ, ਤਾਂ ਮੈਂ ਹਮੇਸ਼ਾ ਤੁਹਾਡੇ ਦਿਮਾਗ ਉੱਪਰ ਛਾਇਆ ਰਹਾਂਗਾ...!" ਬੱਸ ਫ਼ਿਰ ਕੀ ਸੀ...? ਇੱਕ ਪੈੱਗ ਹੋਰ ਲਾ ਕੇ... ਬਾਬਾ ਵੇ ਕਲਾ ਮਰੋੜ... ਨੀ ਨਿੱਕੀਏ ਲਾ ਦੇ ਜੋਰ... ਵਾਲਾ ਗੀਤ ਸਾਡੇ ਮਨ 'ਚ ਖੌਰੂ ਪਾਉਣ ਲੱਗ ਪਿਆ...ਤੇ ਅਸੀਂ ਚੀਚਕ ਜਿਹਾ ਮਾਰਦੇ ਘਰੋਂ ਨਿਕਲ ਤੁਰੇ ਅਤੇ ਅਗਲੀ 'ਯੁੱਧਨੀਤੀ' ਬਾਰੇ ਵਿਚਾਰ ਕਰਨ ਲਈ ਆਪਣੇ ਮਿੱਤਰ ਦਾ ਦਰਵਾਜਾ ਜਾ ਖੜਕਾਇਆ...। ਅੱਗਿਉਂ ਉਹ ਦੋ ਪੈੱਗ ਲਾ ਕੇ 'ਬਾਬੂ' ਬਣਿਆਂ ਬੈਠਾ ਸੀ... ਬੱਸ ਤੂੰ ਜਿੱਤ ਤੋਂ ਪਹਿਲਾਂ ਹੀ ਇਨਾਮਾਂ ਦਾ ਐਲਾਨ ਕਰ ਦੇ, ਤੈਨੂੰ ਇਕਵੰਜਾ ਹਜ਼ਾਰ ਦਾ...ਤੈਨੂੰ ਇੱਕ ਲੱਖ ਦਾ... ਦੇਖ ਤੈਨੂੰ ਕਿਵੇਂ ਧੜੱਲੇ ਨਾਲ ਜਿਤਾਉਂਦੇ ਆ... ਉਸ ਦੀ 'ਉਸਾਰੂ ਸਕੀਮ' ਸੁਣ ਕੇ ਅਸੀਂ ਮੁਫ਼ਤ ਦਾ ਇੱਕ ਹੋਰ ਪੈੱਗ ਅੰਦਰ ਸੁੱਟਿਆ ਅਤੇ ਇਨਾਮ ਅਭਿਲਾਸ਼ੀਆਂ ਦੀ ਲਿਸਟ ਤਿਆਰ ਕਰਨੀ ਸ਼ੁਰੂ ਕਰ ਦਿੱਤੀ... ਹੁਣ ਮੇਰਾ ਮਨ ਬੱਕਰਾ ਬੁਲਾਉਣ ਨੂੰ ਕਰਦਾ ਸੀ... ਪਤਾ ਨਹੀਂ ਮੈਨੂੰ ਕਿਸ ਗੱਲ ਦਾ ਚਾਅ ਜਿਹਾ ਚੜ੍ਹਦਾ ਜਾ ਰਿਹਾ ਸੀ..? ਮੇਰਾ ਯਾਰ ਮੇਰੇ ਸਾਹਮਣੇ ਗੰਧਾਲ਼ੇ ਵਾਂਗ ਗੱਡਿਆ ਬੈਠਾ ਸੀ...। ਮੈਂ ਇਨਾਮ ਅਭਿਲਾਸ਼ੀ ਦਾ ਨਾਂ ਲਿਸਟ ਉੱਪਰ ਲਿਖਦਾ ਅਤੇ ਉਹ 'ਬਹੁਤ ਖੂਬ' ਆਖ ਕੇ ਮੈਨੂੰ 'ਥਾਪੜਾ' ਦਿੰਦਾ...। ਜਦੋਂ ਨੂੰ ਲਿਸਟ ਤਿਆਰ ਹੋਈ, ਉਦੋਂ ਨੂੰ ਸਾਨੂੰ ਦੋਵਾਂ ਨੂੰ ਇੱਕ ਦੇ ਦੋ-ਦੋ ਨਜ਼ਰ ਆਉਣ ਲੱਗ ਪਏ ਸਨ.. "ਚੋਣ ਜ਼ਿੰਦਾਬਾਦ ਬਾਈ... ਤੇ ਆਈ ਲਵ ਯੂ...!" ਆਖ ਕੇ ਮੈਂ ਮਾੜੇ ਕੱਟਰੂ ਵਾਂਗ ਕੁਰਸੀ 'ਤੇ ਟੇਢਾ ਹੋ ਗਿਆ...। ਮੇਰਾ ਦੋਸਤ ਮੈਨੂੰ ਕੁਝ ਆਖ ਰਿਹਾ ਸੀ...। ਪਰ ਮੈਨੂੰ ਸਿਰਫ਼ ਉਸ ਦੀ ਵੱਡੀ ਸਾਰੀ ਹਿੱਲਦੀ ਉਂਗਲ਼ ਹੀ ਦਿਖਾਈ ਦੇ ਰਹੀ ਸੀ, ਸੁਣ ਕੱਖ ਵੀ ਨਹੀਂ ਰਿਹਾ ਸੀ...।


## ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

**ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ। ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ। ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਅਤੇ ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ। ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ। ਤਨਖਾਹ £11·44 ਪੌਂਡ ਘੰਟੇ ਦੀ ਹੋਵੇਗੀ।**

**ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 3 ਅਪਰੈਲ 2024 ਤੱਕ ਭੇਜੋ ਜੀ।**

## VACANCY for RELIGIOUS WORKER at GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan (Hyms) and play Tabla (Drums). He would be performing all the Gurdwara duties as per our requirements. Must have right to work in uk. Accommodation and meals free and Salary £11.44 per hour.

**Minimum hours will be 23hrs. per week.**

**Please send your applications to Gurdwara management committee on address given below or Email: info@gghs.org.uk**

**CLOSING DATE: 3rd APRIL 2024**

**GURDWARA GURU HARGOBIND SAHIB**

**8-10 Highfield Road, Dartford, Kent, DA1 2JJ (Charity No.1127047)**

# ਸਰਕਾਰੇ ਖ਼ਾਲਸਾ ਦਾ ਸ਼ਾਹੀ ਬਾਗ ਰਾਮਬਾਗ, ਅੰਮ੍ਰਿਤਸਰ



ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਨਗਰੀ ਸ੍ਰੀ ਅੰਮ੍ਰਿਤਸਰ ਜਿਸ ਨੂੰ ਕੁਲ ਆਲਮ ਵਿਚ 'ਸਿਫ਼ਤੀ ਦੇ ਘਰ' ਵਜੋਂ ਜਾਣਿਆ ਜਾਂਦਾ ਹੈ। ਇਸ ਦੀ ਖ਼ੂਬਸੂਰਤੀ ਵਿਚ ਇੱਥੋਂ ਦਾ ਪ੍ਰਸਿੱਧ ਇਤਿਹਾਸਕ 'ਰਾਮਬਾਗ' ਹੋਰ ਵੀ ਵਾਧਾ ਕਰਦਾ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਲੋਂ ਇਸ ਪਵਿੱਤਰ ਸ਼ਹਿਰ ਵਿਚ ਬਣਾਏ ਰਾਮਬਾਗ ਦੀ ਸੁੰਦਰਤਾ ਅੱਜ ਵੀ ਬਾ-ਕਮਾਲ ਹੈ ਅਤੇ ਇਸ ਨੂੰ ਦੇਖ ਕੇ ਲਾਹੌਰ ਦਰਬਾਰ ਦੀ ਸ਼ਾਨ-ਸ਼ੌਕਤ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਹਾਲਾਂਕਿ ਅੰਮ੍ਰਿਤਸਰ ਵਿਚ ਰੋਜ਼ਾਨਾ ਇਕ ਲੱਖ ਤੋਂ ਵੱਧ ਸ਼ਰਧਾਲੂ (ਯਾਤਰੂ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦੇ ਹਨ ਪਰ ਜਾਣਕਾਰੀ ਨਾ ਹੋਣ ਕਾਰਨ ਬਹੁਤ ਘੱਟ ਯਾਤਰੀ ਹੀ 'ਰਾਮਬਾਗ' ਵਿਖੇ ਪਹੁੰਚਦੇ ਹਨ। ਆਓ, ਇਸ ਲੇਖ ਜ਼ਰੀਏ ਰਾਮਬਾਗ ਦੇ ਇਤਿਹਾਸ ਪ੍ਰਤੀ ਰੂ-ਬਰੂ ਹੁੰਦੇ ਹਾਂ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅੰਮ੍ਰਿਤਸਰ ਸ਼ਹਿਰ ਨੂੰ ਬਹੁਤ ਪਿਆਰ ਕਰਦੇ ਸਨ। ਭਾਵੇਂ ਕਿ ਸਰਕਾਰ-ਏ-ਖ਼ਾਲਸਾ ਦੀ ਰਾਜਧਾਨੀ ਲਾਹੌਰ ਸੀ ਪਰ ਸਿੱਖ ਮਾਨਸਿਕਤਾ ਵਿਚ ਹਮੇਸ਼ਾ ਹੀ ਅੰਮ੍ਰਿਤਸਰ ਦਾ ਸਿਰਮੌਰ ਸਥਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਜੋ ਕਿ ਅਕਸਰ ਹੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਸੀਸ ਨਿਵਾਉਣ ਆਉਂਦੇ ਰਹਿੰਦੇ ਸਨ, ਉਨ੍ਹਾਂ ਨੇ ਇਸ ਪਾਵਨ ਸ਼ਹਿਰ ਵਿਚ ਲਾਹੌਰ ਦੇ ਸ਼ਾਲਾਮਾਰ ਬਾਗ ਵਾਂਗ ਇਕ ਖ਼ੂਬਸੂਰਤ ਬਾਗ ਬਣਾਉਣ ਦੀ ਸੋਚੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ 'ਤੇ ਸੰਨ 1819 ਵਿਚ ਸਰਕਾਰ ਖ਼ਾਲਸਾ ਨੇ ਅੰਮ੍ਰਿਤਸਰ ਸ਼ਹਿਰ ਦੀ ਉੱਤਰ ਬਾਹੀ 'ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਕਰੀਬ ਇਕ ਕਿੱਲੋਮੀਟਰ ਦੂਰ ਇਕ ਖ਼ੂਬਸੂਰਤ ਬਾਗ ਨੂੰ ਬਣਾਉਣਾ ਸ਼ੁਰੂ ਕੀਤਾ। ਸ਼ੇਰ-ਏ-ਪੰਜਾਬ ਨੇ ਇਸ ਬਾਗ ਨੂੰ ਬਣਾਉਣ ਦੀ ਜ਼ਿੰਮੇਵਾਰੀ ਮਸ਼ਹੂਰ ਮੁਸਲਿਮ ਆਰਕੀਟੈਕਟ ਮੁਹੰਮਦ ਯਾਰ ਨੂੰ ਦਿੱਤੀ। ਫ਼ਕੀਰ ਇਮਾਮ-ਉੱਦ-ਦੀਨ ਨੂੰ ਇਸ ਬਾਗ ਦੀ ਉਸਾਰੀ ਵਿਚ ਜੋ ਵੀ ਖਰਚਾ ਆਉਣਾ ਸੀ, ਉਸ ਦਾ ਹਿਸਾਬ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ। ਸੰਨ 1831 ਵਿਚ ਇਹ ਬਾਗ ਬਣ ਕੇ ਮੁਕੰਮਲ ਹੋਇਆ ਅਤੇ ਇਸ ਉੱਪਰ ਉਸ ਸਮੇਂ 1,45,000 ਰੁਪਏ ਖਰਚਾ ਆਇਆ, ਜੋ ਕਿ ਅੱਜ ਦੇ ਕਰੋੜਾਂ ਰੁਪਏ ਦੇ ਬਰਾਬਰ ਹੈ।

ਬਾਗ ਵਿਚ ਬਹੁਤ ਸੁੰਦਰ ਬਗੀਚੇ, ਫਲ-ਫੁੱਲ ਅਤੇ ਛਾਂ-ਦਾਰ ਪੌਦੇ ਲਗਾਏ ਗਏ। ਫੁੱਲ-ਬੂਟਿਆਂ ਨੂੰ ਪਾਣੀ ਦੇਣ ਅਤੇ ਬਾਗ ਦੀ ਸੁੰਦਰਤਾ ਨੂੰ ਵਧਾਉਣ ਲਈ ਫੁਹਾਰੇ ਲਗਾਏ ਗਏ। ਮਹਾਰਾਜੇ ਦੀ ਰਿਹਾਇਸ਼ ਦੇ ਲਈ ਬਾਗ ਦੇ ਵਿਚਕਾਰ ਬਾਰਾਂਦਰੀ ਵਰਗੀ ਇਕ ਬਹੁਤ ਖ਼ੂਬਸੂਰਤ ਇਮਾਰਤ ਬਣਾਈ ਗਈ, ਜਿਸ ਨੂੰ ਸ਼ੀਸ਼ ਮਹਿਲ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਡਿਓੜੀ ਅਤੇ ਹੋਰ ਇਮਾਰਤਾ ਵੀ ਬਾਗ ਵਿਚ ਉਸਾਰੀਆਂ ਗਈਆਂ। ਇਹ ਇਮਾਰਤਾਂ ਸਿੱਖ ਭਵਨ ਕਲਾ ਦਾ ਸ਼ਾਹਕਾਰ ਨਮੂਨਾ ਹਨ, ਜੋ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ।

ਸੰਨ 1831 ਵਿਚ ਅੰਮ੍ਰਿਤਸਰ ਸ਼ਹਿਰ ਵਿਖੇ ਜਦੋਂ ਇਹ ਬਾਗ ਪੂਰੀ ਤਰ੍ਹਾਂ ਮੁਕੰਮਲ ਹੋ ਗਿਆ ਤਾਂ ਦਰਬਾਰੀਆਂ ਨੇ ਮਹਾਰਾਜੇ ਨੂੰ ਇਸ ਦਾ ਨਾਂਅ ਰਣਜੀਤ ਸਿੰਘ ਬਾਗ ਰੱਖਣ ਦੀ ਬੇਨਤੀ ਕੀਤੀ। ਦਰਬਾਰੀਆਂ ਦੀ ਇਸ ਮੰਗ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਿਰੇ ਤੋਂ ਨਕਾਰਦੇ ਹੋਏ ਕਿਹਾ ਕਿ ਇਹ ਬਾਗ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਸ਼ਹਿਰ ਵਿਚ ਹੈ ਅਤੇ ਇਸ ਦਾ ਨਾਂਅ ਵੀ 'ਰਾਮਬਾਗ' ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਉੱਪਰ ਇਸ ਬਾਗ ਦਾ ਨਾਂਅ 'ਰਾਮਬਾਗ' ਰੱਖ ਦਿੱਤਾ। ਸ਼ੇਰ-ਏ-ਪੰਜਾਬ ਜਦੋਂ ਵੀ ਅੰਮ੍ਰਿਤਸਰ ਆਉਂਦੇ ਤਾਂ ਉਨ੍ਹਾਂ ਦੀ ਰਿਹਾਇਸ਼ ਰਾਮਬਾਗ ਵਿਚਲੇ ਆਪਣੇ ਮਹਿਲ ਵਿਚ ਹੁੰਦੀ। ਇਸ ਤਰ੍ਹਾਂ 'ਰਾਮਬਾਗ' ਸਰਕਾਰ ਖ਼ਾਲਸਾ ਦਾ ਧੁਰਾ ਬਣ ਗਿਆ ਅਤੇ ਮਹਾਰਾਜਾ ਨੇ ਇੱਥੋਂ ਹੀ ਆਪਣੇ ਰਾਜ ਦੇ ਕਈ ਅਹਿਮ ਫ਼ੈਸਲੇ ਕੀਤੇ। ਸਿੱਖ ਰਾਜ ਸਮੇਂ ਅੰਮ੍ਰਿਤਸਰ ਦੇ 'ਰਾਮਬਾਗ' ਦੀ ਸੁੰਦਰਤਾ ਦੀ ਧੁੰਮ ਸਾਰੇ ਪਾਸੇ ਸੀ ਅਤੇ ਜੋ ਕੋਈ ਵੀ ਬਾਗ ਨੂੰ ਦੇਖਦਾ ਤਾਂ ਇਸ ਦੀ ਖ਼ੂਬਸੂਰਤੀ ਦਾ ਕਾਇਲ ਹੋ ਜਾਂਦਾ।



ਜਦੋਂ ਸੰਨ 1849 ਵਿਚ ਈਸਟ ਇੰਡੀਆ ਕੰਪਨੀ ਨੇ ਦੇਸ਼-ਪੰਜਾਬ ਉੱਪਰ ਕਬਜ਼ਾ ਕਰ ਲਿਆ ਤਾਂ 'ਰਾਮਬਾਗ' ਵਿਚ ਵੀ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਰਹਿਣ ਲੱਗ ਪਏ। ਈਸਟ ਇੰਡੀਆ ਕੰਪਨੀ ਵਲੋਂ ਕਬਜ਼ਾ ਕਰਨ ਨਾਲ ਰਾਮਬਾਗ ਦੀ ਥਾਂ ਇਸ ਦਾ ਨਵਾਂ ਨਾਂਅ 'ਕੰਪਨੀ ਬਾਗ' ਪ੍ਰਚਲਿਤ ਕੀਤਾ ਗਿਆ। ਹੁਣ ਸੋਚਣ ਵਾਲੀ ਗੱਲ ਹੈ ਕਿ ਈਸਟ ਇੰਡੀਆ ਕੰਪਨੀ ਦਾ ਕਬਜ਼ਾ ਖ਼ਤਮ ਹੋਏ ਕਿੰਨਾ ਸਮਾਂ ਬੀਤ ਗਿਆ ਪਰ ਅਜੇ ਵੀ ਬਹੁਤੇ ਲੋਕ ਇਸ ਬਾਗ ਨੇ 'ਕੰਪਨੀ ਬਾਗ' ਹੀ ਕਹਿੰਦੇ ਹਨ। ਜਦੋਂ ਇਸ ਬਾ.ਗ ਨੂੰ ਬਣਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਾ ਨਾਂਅ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਉੱਪਰ 'ਰਾਮਬਾਗ' ਰੱਖਿਆ ਸੀ ਤਾਂ ਹਰ ਕਿਸੇ ਨੂੰ ਇਸ ਦਾ ਨਾਂਅ 'ਰਾਮਬਾਗ' ਹੀ ਲੈਣਾ ਚਾਹੀਦਾ ਹੈ। ਜੇਕਰ ਕਿਤੇ ਸਰਕਾਰੀ ਰਿਕਾਰਡ ਵਿਚ ਵੀ ਕੰਪਨੀ ਬਾਗ ਹੈ ਤਾਂ ਉਸ ਨੂੰ ਵੀ 'ਰਾਮਬਾਗ' ਕੀਤਾ ਜਾਵੇ ਅਤੇ ਬੋਰਡ ਆਦਿ ਵੀ ਸਿਰਫ਼ 'ਰਾਮਬਾਗ' ਦੇ ਹੀ ਲਗਾਏ ਜਾਣ।

ਹੁਣ ਗੱਲ ਕਰਦੇ ਹਾਂ ਅਜੋਕੇ 'ਰਾਮਬਾਗ' ਦੀ। ਰਾਮਬਾਗ ਵਿਚ ਇਕ ਬਹੁਤ ਹੀ ਖ਼ੂਬਸੂਰਤ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਹੈ। ਸੰਨ 2001 ਦੀ 18 ਨਵੰਬਰ ਨੂੰ ਤਤਕਾਲੀਨ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਵਲੋਂ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ 20 ਜੁਲਾਈ 2006 ਵਿਚ ਤਤਕਾਲੀਨ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਉਦਘਾਟਨ ਕੀਤਾ ਸੀ। ਇਸ ਪੈਨੋਰਮਾ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੀ ਝਲਕ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤੀ ਗਈ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵੱਡ ਅਕਾਰੀ ਚਿੱਤਰ, ਮੋਮ ਦੇ ਬੁੱਤਾਂ ਰਾਹੀਂ ਉਨ੍ਹਾਂ ਦੇ ਦਰਬਾਰ ਦੀ ਸ਼ਾਨ, ਵੱਖ-ਵੱਖ ਜੰਗਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਸਿਰਫ਼ 10 ਰੁਪਏ ਦੀ ਟਿਕਟ ਲੈ ਕੇ ਇਸ ਨੂੰ ਦੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਵਿਚ ਮਿਊਜ਼ੀਅਮ ਵੀ ਚੱਲ ਰਿਹਾ ਹੈ।

ਭਾਵੇਂ ਕਿ ਸਰਕਾਰ ਵਲੋਂ ਪੈਨੋਰਮਾ ਤੇ ਮਿਊਜ਼ੀਅਮ ਦੇ ਰਾਹੀਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਜਾਣਕਾਰੀ ਦੇਣ ਦਾ ਵਧੀਆ ਉਪਰਾਲਾ ਕੀਤਾ ਗਿਆ ਹੈ ਪਰ ਯਾਤਰੂਆਂ ਕੋਲ ਇਸ ਪੈਨੋਰਮੇ ਤੇ ਮਿਊਜ਼ੀਅਮ ਦੀ ਜਾਣਕਾਰੀ ਨਾ ਹੋਣ ਕਾਰਨ ਬਹੁਤ ਘੱਟ ਲੋਕ ਹੀ ਇੱਥੇ ਪਹੁੰਚਦੇ ਹਨ। ਲੋੜ ਹੈ ਇਸ ਦੇ ਪ੍ਰਚਾਰ ਤੇ ਪਸਾਰ ਦੀ। ਰਾਮਬਾਗ ਵਿਚ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੀਆਂ ਇਮਾਰਤਾਂ ਮੌਜੂਦ ਹਨ। ਉਸ ਸਮੇਂ ਦੇ ਬਹੁਤ ਸਾਰੇ ਦਰੱਖਤ ਵੀ ਬਾਗ ਵਿਚ ਦੇਖੇ ਜਾ ਸਕਦੇ ਹਨ। ਰਾਮਬਾਗ ਬਹੁਤ ਹੀ ਖ਼ੂਬਸੂਰਤ ਹੈ ਅਤੇ ਇਸ ਦੀ ਹਰਿਆਲੀ, ਸੁੰਦਰਤਾ ਅਤੇ ਸ਼ਾਨਾਮੱਤੀ ਵਿਰਾਸਤ ਹਰ ਕਿਸੇ ਨੂੰ ਕੀਲ ਕੇ ਰੱਖ ਦਿੰਦੀ ਹੈ।

## ਹਾਸ ਵਿਅੰਗ

**ਧਰਮਪਾਲ ਮਹੇਂਦਰ ਜੈਨ**

# ਸਾਹਬ ਦੇ ਦਸਤਖ਼ਤ




ਮੈਂ ਸਾਹਬ ਦਾ ਬੜਾ ਕਦਰਦਾਨ ਹਾਂ। ਜਦੋਂ ਵੀ ਉਨ੍ਹਾਂ ਦੇ ਚੈਂਬਰ ਵਿੱਚ ਉਨ੍ਹਾਂ ਦੀ ਝਲਕ ਮਿਲਦੀ ਹੈ, ਮੇਰੀਆਂ ਭੋਜਪਾਈ ਫਾਈਲਾਂ ਵਿੱਚ ਕਾਗਜ਼ ਉਫ਼ਣਨ ਲੱਗਦੇ ਹਨ। ਕਾਗਜ਼ ਸਾਹਬ ਦੇ ਪੈੱਨ ਦੀ ਛੋਹ ਪਾ ਕੇ ਬੈਤਰਣੀ ਪਾਰ ਕਰਨੀ ਚਾਹੁੰਦੇ ਹਨ, ਇਸ ਲਈ ਤਾਰਕ ਮੁੱਦਰਾ ਵਿੱਚ ਸਾਹਬ ਪੁੱਛਦੇ ਹਨ -"ਕੀ ਕਰਨਾ ਹੈ?" ਮੈਂ ਕਹਿੰਦਾ ਹਾਂ - "ਦਸਤਖ਼ਤ ਸਰ!" ਉਹ ਸਾਹਬੀ ਅੰਦਾਜ਼ ਵਿੱਚ ਪੁੱਛਦੇ ਹਨ - "ਕਿੱਥੇ ਕਰਨੇ ਹਨ?" ਮੈਂ ਉਂਗਲ ਨਾਲ ਖਾਲੀ ਥਾਂ ਦੱਸ ਦਿੰਦਾ ਹਾਂ। ਸਾਹਬ ਆਪਣੀ ਪ੍ਰਤਿਭਾ ਨੂੰ ਸੁਰੱਖਿਅਤ ਰੱਖਣ ਲਈ ਪੁੱਛਦੇ ਹਨ - "ਸਭ ਠੀਕ ਹੈ ਨਾ, ਵੇਖ ਲਿਆ ਹੈ ਨਾ!" ਮੈਂ ਸਾਰੇ ਸਰੀਰ ਨੂੰ "ਯੈੱਸ ਸਰ ਨੁਮਾ" ਝਟਕਾ ਦਿੰਦਾ ਹਾਂ। ਉਨ੍ਹਾਂ ਦੇ ਦਸਤਖ਼ਤਾਂ ਪਿੱਛੋਂ ਕਾਗਜ਼ ਹੁਕਮ ਹੋ ਜਾਂਦਾ ਹੈ ਅਤੇ ਚੂਹਾ ਪਹਿਲਵਾਨ। ਦਸਤਖ਼ਤ ਦੇ ਇਸ ਵਿਟਾਮਿਨਤਵ ਕਾਰਨ ਅਸੀਂ ਸਾਰੇ ਸਾਹਬ ਦੇ ਕਦਰਦਾਨ ਹਾਂ, ਚਮਚੇ ਹਾਂ ਅਤੇ ਉਹ ਸਭ ਕੁਝ ਹਾਂ, ਜੋ ਭਾਸ਼ਾ ਤੋਂ ਪਰੇ ਹੈ।

ਮੈਂ ਕਈ ਸਾਹਬ ਵੇਖੇ ਹਨ। ਛੋਟੇ ਵੱਡੇ ਕਈ ਸਾਹਬ ਮੇਰੇ ਹੱਥਾਂ ਦੇ ਹੇਠੋਂ ਨਿਕਲੇ ਹਨ ਅਤੇ ਨਿਕਲਦੇ ਹੀ ਉਨ੍ਹਾਂ ਦੇ ਦਸਤਖ਼ਤ ਦਾ ਦਰਜਾ ਉੱਚਾ ਹੋ ਗਿਆ ਹੈ। ਇਹਦੇ ਲਈ ਉਹ ਮੈਨੂੰ ਅੱਜ ਤੱਕ ਯਾਦ ਕਰਦੇ ਹਨ ਅਤੇ ਆਪਣੇ ਸੱਜੇ ਖੱਬੇ ਕਿਤੇ ਰੱਖ ਲੈਂਦੇ ਹਨ। ਘੋੜੇ ਦੇ ਪਿੱਛੇ ਅਤੇ ਅਫ਼ਸਰ ਦੇ ਮੂਹਰੇ ਚੱਲਣਾ ਮੇਰੀ ਪਰੰਪਰਾ ਦੇ ਉਲਟ ਹੈ, ਕਿਉਂਕਿ ਘੋੜਾ ਪਿੱਛੇ ਤੋਂ ਦੁਲੱਤੀ ਅਤੇ ਅਫ਼ਸਰ ਸਾਹਮਣੇ ਤੋਂ ਦਸਤਖ਼ਤ ਮਾਰਦਾ ਹੈ।

ਸਾਹਬ ਨਵੇਂ ਨਵੇਂ ਆਏ ਸਨ, ਇਸ ਲਈ ਏਧਰ ਕਮਾਊ ਮਹਿਕਮਾ ਮਿਲਿਆ। ਪਹਿਲੇ ਦਿਨ ਉਨ੍ਹਾਂ ਨੇ 2-4 ਦਸਤਖ਼ਤ ਹੀ ਕੀਤੇ। ਉਨ੍ਹਾਂ ਦੀ ਸੁਸਤ ਰਫ਼ਤਾਰ ਨਾਲ ਸਾਰੇ ਵਿਭਾਗ ਵਿੱਚ ਖਲਬਲੀ ਮੱਚ ਗਈ। ਮੈਥੋਂ ਰਿਹਾ ਨਾ ਗਿਆ। ਸਾਹਬ ਕੋਲ ਪਹੁੰਚਿਆ ਅਤੇ ਅਦਬ ਨਾਲ ਕਿਹਾ- "ਸਰ, ਬਹੁਤ ਸਾਰੇ ਜ਼ਰੂਰੀ ਕਾਗਜ਼ਾਂ 'ਤੇ ਤੁਹਾਡੇ ਦਸਤਖ਼ਤ ਹੋਣੇ ਨੇ, ਦਸਤਖ਼ਤ ਜ਼ਰਾ ਤੇਜ਼ੀ ਨਾਲ ਹੋ ਜਾਣ ਤਾਂ ਚੰਗਾ ਹੋਵੇਗਾ। ਤੁਸੀਂ ਕਹੋ ਤਾਂ ਮੈਂ ਕੋਈ ਮਦਦ ਕਰ ਦਿਆਂ ਸਰ!" ਉਨ੍ਹਾਂ ਦਾ ਜਵਾਨ ਖੂਨ ਮੈਨੂੰ ਭੜਕਾਹਟ ਲਈ ਰੋਕਣਾ ਚਾਹ ਰਿਹਾ ਸੀ ਕਿ ਮੈਂ ਲੋਕ-ਗੁੱਸੇ ਦੀ ਉਨ੍ਹਾਂ ਨੂੰ ਖ਼ਬਰ ਦੇ ਦਿੱਤੀ। ਉਹ ਫਟਾਫਟ ਦਸਤਖ਼ਤ ਕਰਨ ਲੱਗੇ। ਉਦੋਂ ਤੋਂ ਉਹ ਤੇਜ਼ੀ ਨਾਲ ਦਸਤਖ਼ਤ ਕਰਨ ਲੱਗ ਪਏ ਹਨ। ਉਨ੍ਹਾਂ ਦੇ ਕਾਗਜ਼ ਚੱਲ ਰਹੇ ਹਨ, ਪ੍ਰਸ਼ਾਸਨ ਚੱਲ ਰਿਹਾ ਹੈ ਅਤੇ ਸਰਕਾਰ ਚੱਲ ਰਹੀ ਹੈ।

ਮੈਂ ਦਸਤਖ਼ਤ ਦੀ ਗਤੀ ਨਾਲ ਦੇਸ਼ ਦੀ ਨਬਜ਼ ਭਾਂਪਦਾ ਹਾਂ। ਪਹਿਲਾਂ ਜਦੋਂ ਸਾਹਬ ਅੰਗਰੇਜ਼ੀ ਵਿੱਚ 'ਰਾਮਲਾਲ' ਲਿਖਦੇ ਸਨ, ਫਾਈਲਾਂ ਦੇਰੀ ਨਾਲ ਨਿਪਟਦੀਆਂ ਸਨ। ਦੂਜੇ ਅਧਿਕਾਰੀ ਉਨ੍ਹਾਂ ਦੇ ਦਸਤਖ਼ਤ ਵੇਖ ਕੇ ਅੰਦਾਜ਼ਾ ਲਾ ਲੈਂਦੇ ਸਨ, "ਨਵੀਂ ਭਰਤੀ ਹੋਈ ਹੈ, ਇਸ 'ਤੇ ਰੋਅਬ ਜਮਾਓ!" ਇਸ ਕਾਰਨ ਮੇਰੀਆਂ ਫਾਈਲਾਂ ਵਾਪਸ ਆਉਣ ਲੱਗੀਆਂ। ਮੇਰਾ ਧੰਦਾ ਬਹਿ ਗਿਆ। ਸਾਹਬ ਉਦਾਸ ਹੋ ਗਏ। ਉਨ੍ਹਾਂ ਦਾ ਤਖ਼ਤੇ-ਤਾਊਸ ਡਗਮਗਾਉਂਦਾ ਨਜ਼ਰ ਆਇਆ। ਮੇਰੇ ਸਾਹਬ ਦਾ ਅਪਮਾਨ ਮੇਰਾ ਅਪਮਾਨ ਸੀ। ਮੈਥੋਂ ਰਿਹਾ ਨਾ ਗਿਆ। ਮੈਂ ਸਾਹਬ ਨੂੰ ਗੁਰੂ-ਮੰਤਰ ਦਿੱਤਾ, "ਸਰ, ਤੁਹਾਡੇ ਦਸਤਖ਼ਤ ਸਾਹਬਾਂ ਵਰਗੇ ਨਹੀਂ ਹਨ। ਸਰ, ਸਾਹਬ ਦੇ ਦਸਤਖ਼ਤ ਦੀ ਭਾਸ਼ਾ ਨਹੀਂ ਹੁੰਦੀ, ਸਰ! ਦਸਤਖ਼ਤ ਦਾ ਪਹਿਲਾ ਅੱਖਰ ਅੰਗਰੇਜ਼ੀ ਵਿੱਚ ਤੇ ਦੂਜਾ ਹਿੰਦੀ, ਤੇਲਗੂ ਜਾਂ ਹਿਬਰੂ ਦਾ ਹੁੰਦਾ ਹੈ, ਸਰ। ਬਾਕੀ ਤਾਂ ਲਾਈਨ ਸਕੈੱਚ ਰਹਿੰਦਾ ਹੈ ਸਰ! ਇਸ ਲਈ ਸਾਹਬ ਦੇ ਦਸਤਖ਼ਤ ਦੀ ਕੋਈ ਲਿੱਪੀ ਨਹੀਂ ਹੁੰਦੀ ਸਰ। ਸਾਹਬ ਦੇ ਦਸਤਖ਼ਤ ਵੱਡੇ ਹੁੰਦੇ ਹਨ, ਵਿਸ਼ਾਲਤਾ ਦੱਸਣ ਵਾਲੇ, ਸੀਮਿਤ ਸੁਭਾਅ ਦੱਸਣ ਵਾਲੇ, ਛੋਟੇ ਛੋਟੇ ਨਹੀਂ ਹੁੰਦੇ ਸਰ। ਅਨੁਭਵ ਅਤੇ ਪ੍ਰਤਿਭਾ ਤੋਂ ਵੱਧ ਦਮ ਦਸਤਖ਼ਤ ਵਿੱਚ ਹੁੰਦਾ ਹੈ ਸਰ।"

ਸਾਹਬ ਨੇ ਮੇਰੀ ਗੱਲ ਪੱਲੇ ਬੰਨ੍ਹ ਲਈ। ਹਫ਼ਤਾ ਭਰ ਦਸਤਖ਼ਤ ਕਰਨੇ ਹੀ ਸਿੱਖਦੇ ਰਹੇ ਅਤੇ ਉਨ੍ਹਾਂ ਨੇ ਦਸਤਖ਼ਤ ਵਿਧਾ ਨੂੰ ਨਵੀਂ ਦਿਸ਼ਾ ਦਿੱਤੀ। ਹੁਣ ਸਾਹਬ ਦੇ ਦਸਤਖ਼ਤ ਵਿੱਚ ਪਰਵਾਹ ਹੈ, ਓਜ ਹੈ, ਸੀਕਰੇਸੀ ਹੈ, ਗੰਭੀਰਤਾ ਹੈ, ਇਸ ਲਈ ਉਸ ਵਿੱਚ ਸ਼ਕਤੀ ਹੈ। ਗੰਭੀਰਤਾ ਨਾਲ ਅਧਿਐਨ ਕਰਨ ਵਾਲਿਆਂ ਨੂੰ ਸਾਹਬ ਦੇ ਦਸਤਖ਼ਤ ਰੋਨਾਲਡ ਰੇਗਨ, ਰੋਮੇ ਰੋਲਾਂ ਜਾਂ ਰਾਜੀਵ ਗਾਂਧੀ ਦੀ ਸ਼ਖ਼ਸੀਅਤ ਵਿਖਾਈ ਦਿੰਦੇ ਹਨ, ਰਾਮਲਾਲ ਦੀ ਨਹੀਂ। ਹੁਣ ਉਨ੍ਹਾਂ ਦੇ ਦਸਤਖ਼ਤਾਂ ਨਾਲ ਚੱਲੀਆਂ ਫਾਈਲਾਂ ਬੇਝਿਜਕ ਦੌੜਦੀਆਂ ਹਨ ਅਤੇ ਮੈਰਾਥਨ ਜਿੱਤ ਕੇ ਮੁੜਦੀਆਂ ਹਨ।

ਸਾਹਬ ਦੇ ਦਸਤਖ਼ਤ ਇੰਨੇ ਲੋਕਪ੍ਰਿਯ ਹਨ ਕਿ ਆਮ ਲੋਕ ਸਾਹਬ ਨਾਲੋਂ ਜ਼ਿਆਦਾ ਸਾਹਬ ਦੇ ਦਸਤਖ਼ਤਾਂ ਨੂੰ ਪਛਾਣਦੇ ਹਨ ਅਤੇ ਲੁਕ-ਛਿਪ ਕੇ ਸਾਹਬ ਦੇ ਦਸਤਖ਼ਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੇ ਦਸਤਖ਼ਤਾਂ ਨਾਲ ਹੁਣ ਤੱਕ ਇੰਨੇ ਕੰਮ ਹੋ ਗਏ ਹਨ, ਜੋ ਸਾਹਬ ਵਰਗੇ ਦਸ-ਵੀਹ ਸਾਹਬ ਜਨਮਾਂ ਤੱਕ ਨਹੀਂ ਕਰ ਸਕਦੇ। ਧੰਨ ਹਨ ਸਾਹਬ ਦੇ ਦਸਤਖ਼ਤ! ਮੈਂ ਸਾਹਬ ਦਾ ਇਸ ਲਈ ਵੀ ਕਦਰਦਾਨ ਹਾਂ ਕਿ ਸਾਹਬ ਅੱਖਾਂ ਮੀਚ ਕੇ ਦਸਤਖ਼ਤ ਕਰਨਾ ਸਿੱਖ ਗਏ ਅਤੇ ਇੰਨੀ ਉਚਾਈ 'ਤੇ ਪਹੁੰਚ ਗਏ। ਜਦੋਂ ਸਾਹਬ ਦੀ ਬਦਲੀ ਹੋਵੇਗੀ, ਸਾਹਬ ਹੋਰ ਉਤਾਂਹ ਉੱਠਣਗੇ ਅਤੇ ਜ਼ਿਆਦਾ ਜ਼ਰੂਰੀ ਕਾਗਜ਼ਾਂ 'ਤੇ ਫਿਰ ਦਸਤਖ਼ਤ ਕਰਨਗੇ। ਮੈਂ ਤਾਂ ਸੇਵਕ ਹਾਂ, ਛੋਟਾ ਮੂੰਹ ਵੱਡੀ ਗੱਲ ਕੀ ਕਰਨੀ, ਪਰ ਸਾਹਬ ਦੇ ਦਸਤਖ਼ਤ ਵੇਖ ਕੇ ਮੈਨੂੰ ਖੁਸ਼ੀ ਹੁੰਦੀ ਹੈ ਅਤੇ ਹੋਵੇਗੀ ਕਿ ਮੈਂ ਉਨ੍ਹਾਂ ਨੂੰ ਦਸਤਖ਼ਤ ਕਰਨੇ ਸਿਖਾਏ ਅਤੇ ਕਾਬਲ ਬਣਾਇਆ।

ਅਨੁ : ਪ੍ਰੋ. ਨਵ ਸੰਗੀਤ ਸਿੰਘ

# ✶ ਮਿੰਨੀ ਕਹਾਣੀਆਂ ✶

## ਸਮਝੌਤਾ

ਪਿੰਡ ਵਿਚ ਚੋਣਾਂ ਆ ਗਈਆਂ। ਸਰਪੰਚੀ ਲਈ ਪਿੰਡ ਦੇ ਦੋ ਚੌਧਰੀ ਆਤਾ ਸਿਹੁੰ ਤੇ ਮਾਘਾ ਸਿਹੁੰ ਮੈਦਾਨ ਵਿਚ ਨਿੱਤਰੇ। ਦੋਵੇਂ ਚੰਗੇ ਸਰਦੇ-ਪੁੱਜਦੇ ਘਰਾਂ ਦੇ ਮਾਲਕ ਸਨ ਦੋਹਾਂ ਦਾ ਪਿੰਡ ਵਿਚ ਪਹਿਲਾਂ ਹੀ ਚੰਗਾ ਰੋਹਬ ਦਾਅਬ ਸੀ। ਫੱਤਾ, ਤੇਲੂ, ਬਿਸ਼ਨਾ, ਫੀਲਾ, ਮੱਘਰ ਸਿਹੁੰ ਇਕ ਧੜੇ ਨਾਲ ਅਤੇ ਰਾਹੂ, ਮੇਲੂ, ਹੁਕਮਾ, ਚੰਨਣ ਦੂਜੇ ਧੜੇ ਨਾਲ ਹੋ ਤੁਰੇ। ਪੰਦਰਾਂ ਵੀਹ ਦਿਨ ਪਿੰਡ ਵਿਚ ਗਹਿਮਾ-ਗਹਿਮੀ ਰਹੀ। ਕਦੇ ਇਕ ਪਾਰਟੀ ਵਾਲੇ ਅਤੇ ਕਦੇ ਦੂਜੀ ਪਾਰਟੀ ਵਾਲੇ ਵੋਟਾਂ ਲਈ ਘਰੋ-ਘਰੀ ਕਹਿਣ ਤੁਰੇ ਫਿਰਦੇ। ਲੋਕਾਂ ਨੂੰ ਨਵੇਂ-ਨਵੇਂ ਲਾਲਚ ਦੇਕੇ ਵੋਟਾਂ ਪੱਕੀਆਂ ਕਰਦੇ ਰਹੇ। ਚੋਣਾਂ ਦੇ ਇਨਾਂ ਦਿਨਾਂ 'ਚ ਸ਼ਰਾਬਾਂ ਉੱਡ ਰਹੀਆਂ ਸਨ। ਜਿਨਾਂ ਕਦੇ ਵਰ੍ਹੇ ਛਿਮਾਹੀ ਹੀ ਸੁਆਦ ਚੱਖਿਆ ਸੀ, ਉਹਨੂੰ ਵੀ ਰੋਜ਼ ਅਧੀਆ ਪਊਆ ਥਿਆ ਜਾਂਦਾ ਤੇ ਮੁਫ਼ਤ ਦੀ ਤਾਂ ਕਾਜ਼ੀ ਨੇ ਵੀ ਨਹੀਂ ਸੀ ਛੱਡੀ, ਆਖ ਉਹ ਸੁਆਦ ਲੈ ਪੀ ਜਾਂਦਾ। ਇਨ੍ਹਾਂ ਦਿਨਾਂ 'ਚ ਪਿੰਡ ਦੀਆਂ ਡੇਕ੍ਹੀਆਂ, ਚੋਕਾਂ, ਬੋਹੜਾਂ, ਪਿਪਲਾਂ ਥੱਲੇ ਲੋਕਾਂ ਦਾ ਚੰਗਾ ਝੁਰਮੁਟ ਬੱਝ ਜਾਂਦਾ। ਨਿੱਤ ਨਵੀਆਂ ਅਫਵਾਹਾਂ ਇਕ-ਦੂਜੇ ਵਿਰੁੱਧ ਫੈਲਦੀਆਂ ਰਹਿੰਦੀਆਂ। ਇਕ ਦੂਜੇ ਧੜੇ ਵਿਰੁਧ ਨਿੱਤ ਨਵੇਂ ਦੂਸ਼ਨ ਸੁਨਣ ਨੂੰ ਮਿਲਦੇ।

ਘੁੱਗ ਵਸਦਾ ਚੁੱਪਚਾਪ ਪਿੰਡ, ਦੋ ਹਿੱਸਿਆਂ 'ਚ ਵੰਡਿਆਂ ਗਿਆ। ਕੋਈ ਚੌਧਰੀ ਆਤਾ ਸਿਹੁੰ ਦੀਆਂ ਸਿਫ਼ਤਾਂ ਕਰਦਾ ਤੇ ਦੂਜਾ ਮਾਘਾ ਸਿਹੁੰ ਚੌਧਰੀ ਦੇ ਸੋਹਲੇ ਗਾਉਂਦਾ। ਇਕ-ਦੂਜੇ ਧੜੇ ਦੇ ਲੋਕ,ਇਕ ਦੂਜੇ ਵੱਲ ਕਹਿਰ ਭਰੀਆਂ ਨਜ਼ਰਾਂ ਨਾਲ ਵੇਖਦੇ। ਪਿਛਲੀਆਂ ਦੁਸ਼ਮਣੀਆਂ, ਲੜਾਈਆਂ ਤੇ ਖੈਹਾਂ ਦੀ ਯਾਦ ਚੋਣਾਂ ਨੇ ਮੁੜ ਤਾਜ਼ੀ ਕਰ ਦਿੱਤੀ। ਰਤਾ ਭਰ ਗੱਲ ਕਿਸੇ ਨੂੰ ਦੂਜੇ ਧੜੇ ਦੀ ਪਤਾ ਲਗਦੀ ਉਹ ਝੱਟ ਦੇਣੀ ਆਪਣੀ ਵਫਾਦਾਰੀ ਦਿਖਾਉਣ ਲਈ ਆਪਣੇ ਚੌਧਰੀ ਨੂੰ ਜਾ ਦਸਦੇ। ਦੋਹਾਂ ਚੌਧਰੀਆਂ ਦੀ ਚੌਧਰ ਦੀ ਭੁੱਖ ਨੇ ਲੋਕਾਂ ਦੇ ਮਨਾਂ ਚ ਇਕ-ਦੂਜੇ ਪ੍ਰਤੀ ਨਫ਼ਰਤ ਦੀ ਅੱਗ ਭਰ ਦਿੱਤੀ।

ਮਸਾਂ-ਮਸਾਂ ਕਰਕੇ ਚੋਣਾਂ ਦਾ ਦਿਨ ਆਇਆ। ਚੋਣਾਂ ਵਾਲੇ ਦਿਨ ਤੋਂ ਪਹਿਲੀ ਰਾਤੇ ਅੰਦਰ ਖਾਤੇ ਦੋਹਾਂ ਚੌਧਰੀਆਂ ਦਾ ਆਪਸ 'ਚ ਕੋਈ ਸਮਝੌਤਾ ਹੋ ਗਿਆ। ਲੋਕਾਂ ਨੂੰ ਇਸ ਦਾ ਕੋਈ ਇਲਮ ਨਹੀਂ ਸੀ। ਦੋਹਾਂ ਗਰੁਪਾਂ ਨੇ ਜਾਨ ਦੀ ਬਾਜ਼ੀ ਲਾ ਕੇ ਚੋਣਾਂ ਲੜੀਆਂ। ਪਿੰਡ ਦੇ ਬੁੱਢੇ, ਠੇਰੇ, ਬੀਮਾਰ, ਫੱਟੜ ਤੱਕ ਦੀ ਵੋਟ ਵੀ ਭੁਗਤਾ ਦਿੱਤੀ ਗਈ। ਨਤੀਜਾ ਨਿਕਲਿਆ। ਆਤਾ ਸਿਹੁੰ ਦੀ ਪਾਰਟੀ ਦੇ ਜ਼ਿਆਦਾ ਪੰਚ ਚੁਣੇ ਗਏ ਸਨ। ਉਨ੍ਹਾਂ ਆਤਾ ਸਿਹੁੰ ਨੂੰ ਸਰਪੰਚ ਚੁਣ ਲਿਆ। ਉਹਦੇ ਧੜੇ ਦੇ ਲੋਕਾਂ ਉਸ ਰਾਤ ਬੱਕਰੇ ਬੁਲਾਏ, ਸ਼ਰਾਬਾਂ ਪੀਤੀਆਂ ਤੇ ਹੁੱਲੜ ਮਚਾਇਆ। ਮਾਘਾ ਸਿਹੁੰ ਦੇ ਬੰਦੇ ਅਣਖ ਵਿਚ ਆ ਗਏ। ਦੋਹਾਂ ਧੜਿਆਂ ਦੀ ਬੱਝਵੀਂ ਲੜਾਈ ਹੋਈ, ਟਕੂਏ, ਬਰਛੇ ਚਲੇ। ਚੰਗੀ ਵੱਢ ਟੁੱਕ ਹੋਈ। ਲੜਨ ਵਾਲਿਆਂ 'ਚ ਨਾ ਚੌਧਰੀ ਆਤਾ ਸਿਹੁੰ ਸੀ, ਨਾ ਮਾਘਾ ਸਿਹੁੰ ਅਤੇ ਨਾ ਹੀ ਉਹਨਾਂ ਦਾ ਟੱਬਰ-ਟੀਹਰ। ਉਹ ਦੋਵੇਂ ਚੌਧਰੀ ਆਤਾ ਸਿਹੁੰ ਦੀ ਹਵੇਲੀ ਬੈਠੇ ਪੀ ਰਹੇ ਸਨ। ਦੋਹਾਂ ਧੜਿਆਂ ਦੇ ਲੋਕਾਂ ਨੇ ਉਮਰ ਭਰ ਦੇ ਵੈਰ ਸਹੇੜ ਲਏ ਸਨ। ਗਰੀਬ ਲੋਕਾਂ ਦਾ ਪਿੰਡ 'ਚ ਜੀਊਣਾ ਦੁਭਰ ਹੋ ਗਿਆ ਸੀ। ਉਨਾਂ ਨੂੰ ਬੋਲ-ਕਬੋਲ ਬੋਲੇ ਜਾਂਦੇ। ਉਹ ਚੁੱਪ-ਚਾਪ ਆਪਣੀਆਂ ਘੜੀਆਂ ਲੰਘਾਈ ਜਾਂਦੇ। ਇਕ ਦਿਨ ਤੁਰੇ ਜਾਂਦੇ ਬਖਸ਼ਾ ਸਿਹੁ ਨੇ ਸੀਬੂ ਨੂੰ ਬੋਲੀ ਮਾਰੀ, ਇਹਨੇ ਸਾਨੂੰ ਨੀ ਪਾਈ ਵੋਟ,ਇਹਨੇ ਦੂਜੇ ਧੜੇ ਨੂੰ ਪਾਈ ਆ, ਸਾਰੀ ਉਮਰ ਘਾਹ ਪੱਠਾ ਸਾਡੇ ਖੇਤਾਂ ਚੋਂ ਖੋਤਦਾ ਰਿਹਾ ਆ। ਤੇ ਜਦੋਂ ਸੀਬੂ ਨੇ ਅਗਿਓਂ ਕੁਝ ਬੋਲਣਾ ਚਾਹਿਆ ਤਾਂ ਓਹਦੇ ਕੜਕਵੇਂ ਬੋਲ 'ਕੋਈ ਨੀ ਪੁੱਤ ਬਣਾਊਂ ਬੰਦਾਂ ਤੈਨੂੰ ਕਿਸੇ ਵੇਲੇ, ਨਿਕਲੀ ਹੁਣ ਸਾਡੇ ਖੇਤਾਂ ਵੱਲ ਨੂੰ ਜੰਗਲ ਪਾਣੀ ਵੀ। ਹੱਡ ਸੇਕੂੰ ਤੇਰੇ ਚੰਗੀ ਤਰ੍ਹਾਂ। ਇਹ ਬੋਲ ਉਹਦੇ ਕੰਨਾਂ 'ਚ ਕਈ ਦਿਨ ਗੂੰਜਦੇ ਰਹੇ। ਉਹ ਬੇਬਸੀ ਕਾਰਨ ਕੁਝ ਵੀ ਨਹੀਂ ਸੀ ਬੋਲ ਸਕਿਆ।

ਪਿੰਡ ਦੇ ਚੜ੍ਹਦੇ ਪਾਸਿਓਂ ਹੱਡਾ-ਰੋੜੀ ਚੋਂ ਡੱਬੂ ਕੁੱਤੇ ਦੇ ਭੋਕਣ ਦੀ ਆਵਾਜ਼ ਸੁਣ ਕੇ ਪਲਾਂ ਚ ਹੀ ਕਾਲੂ, ਰੰਮੀ ਅਤੇ ਡੱਬੂ ਤੇ ਹੋਰ ਕੁਤੀੜ ਹੱਡਾ-ਰੋੜੀ 'ਚ ਇਕੱਠੀ ਹੋ ਗਈ ਅਤੇ ਫਿਰ ਘੂੰ-ਘੂੰ, ਬਊਂ ਬਊਂ ਕਰਦਿਆਂ ਮਾਸ ਚੂੰਡਣ ਲਈ ਚਾਰ ਕੁੱਤੇ ਇੱਕ ਪਾਸੇ ਹੋ ਲੜਨ ਲੱਗ ਪਏ। ਇੰਜ ਲੱਗਦਾ ਸੀ ਉਹ ਇਕ-ਦੂਜੇ ਨੂੰ ਮਾਰ ਸੁੱਟਣਗੇ। ਅਚਾਨਕ ਉਨਾਂ ਦੀ ਨਜ਼ਰ ਹੱਡਾ ਰੋੜੀ ਚ ਆਏ ਨਵੇਂ ਸ਼ਿਕਾਰ ਤੇ ਪਈ, ਜਿਨਾਂ ਨੂੰ ਗਿਰਝਾਂ ਚੂੰਡ ਰਹੀਆਂ ਸਨ। ਉਨਾਂ ਇਕ ਦੂਜੇ ਵੱਲ ਵੇਖਿਆ। ਫਿਰ ਅੱਖੋ- ਅੱਖੀਂ ਜਿਵੇਂ ਕੋਈ ਸਮਝੌਤਾ ਕਰ ਲਿਆ ਹੋਵੇ, ਉਹ ਗਿਰਝਾਂ ਨੂੰ ਦੂਰ ਭਜਾ ਸ਼ਿਕਾਰ ਤੇ ਟੁੱਟ ਪਏ। ਉਹ ਪੂਰਾ ਰੱਜ ਕਰਕੇ ਵਾਪਿਸ ਪਿੰਡ ਪਰਤ ਆਏ। ਉਨਾਂ ਨੂੰ ਹੁਣ ਆਪਸ ਵਿਚ ਕੋਈ ਗਿਲਾ ਸ਼ਿਕਵਾ ਨਹੀ ਸੀ। ਸੀਬੂ ਜਿਹੜਾ ਇਹ ਸਭ ਕੁੱਝ ਵੇਖ ਰਿਹਾ ਸੀ ਦੇ ਮਨ ਚ ਬਖਸ਼ਾ ਸਿਹੁੰ ਦੇ ਬੋਲ ਤੇ ਪਿਛਲੇ ਦਿਨੀਂ ਆਪਣੇ ਪਿੰਡ ਚ ਵਾਪਰੀਆਂ ਘਟਨਾਵਾਂ ਚੱਕਰ ਕੱਟ ਗਈਆਂ। ਉਸ ਸੋਚਿਆ ਇਕ ਦੂਜੇ ਨੂੰ ਜਾਨੋਂ ਮਾਰਨ ਵਾਲੇ ਕੁੱਤੇ ਆਪਸ ਚ ਮਾਲ ਦੀ ਬੋਟੀ ਤੇ ਸਮਝੌਤਾ ਕਰੀ ਬੈਠੇ ਸਨ ਅਤੇ ਪਿੰਡ ਦੇ ਦੋਵੇਂ ਚੌਧਰੀ ਵੀ। ਪਰ ਲੋਕ ਕਦੋਂ ਮਿਲ ਬੈਠਣਗੇ ਦਾ ਉਸ ਦੀ ਸੋਚ ਕੋਈ ਉੱਤਰ ਨਹੀਂ ਸੀ ਦੇ ਸਕੀ।

ਗੁਰਮੀਤ ਸਿੰਘ ਪਲਾਹੀ

## ਨਵਾਂ ਤਰੀਕਾ

ਉਜਾਗਰ ਸਿੰਘ ਅੱਜ ਬੰਤਾ ਸਿੰਘ ਨੂੰ ਦੱਸਣ ਲੱਗਿਆ, "ਦੁਨੀਆਂ ਵੀ ਕਮਾਲ ਹੀ ਕਰਦੀ ਹੈ ਅੱਜਕੱਲ੍ਹ। ਪਿਛਲੇ ਐਤਵਾਰ ਕਿਸੇ ਜਾਣੂੰ ਨਾਲ ਉਹਦੀ ਰਿਸ਼ਤੇਦਾਰੀ ਵਿੱਚ ਲੜਕੀ ਪਰਿਵਾਰ ਵੱਲੋਂ ਰਿਸ਼ਤੇ ਦੀ ਤਰੀਕ ਪੱਕੀ ਕਰਨ ਗਿਆ ਸੀ। ਮੁੰਡੇ ਦੀ ਮਾਂ ਦੇ ਵਿਚਾਰ ਬੜੇ ਵਧੀਆ ਸਨ।

ਕਹਿੰਦੀ: 'ਸਭ ਕੁਝ ਦਿੱਤਾ ਹੈ ਰੱਬ ਨੇ ਸਾਨੂੰ। ਦਾਜ ਦਹੇਜ ਦਾ ਕੋਈ ਲੋਕ ਦਿਖਾਵਾ ਨਹੀਂ ਕਰਨਾ।' ਪਹਿਲਾਂ ਤਾਂ ਮੈਂ ਬੜਾ ਖ਼ੁਸ਼ ਹੋਇਆ, ਪਰ ਬਾਅਦ ਵਿੱਚ ਖਚਰਾ ਜਿਹਾ ਹਾਸਾ ਹੱਸਦੀ ਕਹਿਣ ਲੱਗੀ : 'ਵਿਆਹ ਤੋਂ ਬਾਅਦ ਦੀਵਾਲੀ ਆਵੇਗੀ ਤੇ ਫਿਰ ਲੋਹੜੀ। ਉਦੋਂ ਹੀ ਦੇ ਦਿਉ ਜੋ ਦੇਣਾ ਹੋਇਆ ਆਪਣੀ ਧੀ ਨੂੰ। ਇੱਕ ਤਾਂ ਲੋਕ ਗੱਲਾਂ ਨਹੀਂ ਕਰਨਗੇ ਤੇ ਦੂਜਾ ਦਿਨ ਤਿਉਹਾਰ 'ਤੇ ਦਿੱਤਾ ਸੋਹਣਾ ਲੱਗਦਾ ਹੈ।' ਵੈਸੇ ਬੰਤਾ ਸਿਹਾਂ, ਇਹ ਨਵਾਂ ਤਰੀਕਾ ਹੈ ਦਾਜ ਲੈਣ ਦਾ।"

- ਇਕਵਾਕ ਸਿੰਘ ਪੱਟੀ

# ਹਕੀਮਪੁਰ ਦੀਆਂ 'ਪੁਰੇਵਾਲ ਖੇਡਾਂ' 1-2 ਮਾਰਚ ਨੂੰ

ਪ੍ਰਿੰ. ਸਰਵਣ ਸਿੰਘ



ਲੱਖਾਂ ਦੇ ਇਨਾਮਾਂ ਵਾਲੀਆਂ ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡਾਂ ਐਤਕੀਂ 1-2 ਮਾਰਚ ਨੂੰ ਜਗਤਪੁਰ ਦੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿਚ ਹੋ ਰਹੀਆਂ ਹਨ। ਪੁਰੇਵਾਲ ਸਪੋਰਟਸ ਕਲੱਬ ਦੇ ਸਮੂਹ ਮੈਂਬਰਾਂ ਅਤੇ ਇਲਾਕੇ ਦੇ ਖੇਡ ਪ੍ਰਮੋਟਰਾਂ ਵੱਲੋਂ 27ਵੀਂਆਂ ਪੁਰੇਵਾਲ ਖੇਡਾਂ ਲਈ ਵਿਸ਼ੇਸ਼ ਇਨਾਮ ਰੱਖੇਗਏ ਹਨ। ਦੋਵੇਂ ਦਿਨ ਦੇਸ ਵਿਦੇਸ਼ ਦੇ ਖਿਡਾਰੀ ਖੇਡਾਂ ਦੇ ਭਰਵੇਂ ਜੌਹਰ ਵਿਖਾਉਣਗੇ। ਕਬੱਡੀ ਦੀਆਂ ਕਹਿੰਦੀਆਂ ਕਹਾਉਂਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਇਨ੍ਹਾਂ ਖੇਡਾਂ ਵਿਚ ਕਬੱਡੀ ਦੇ ਲਗਭਗ ਸਾਰੇ ਸਟਾਰ ਖਿਡਾਰੀਆਂ ਦੀ ਖੇਡ ਵੇਖਣ ਨੂੰ ਮਿਲੇਗੀ। ਖੇਡ ਮੇਲੇ ਤਾਂ ਦੇਸ਼ ਵਿਦੇਸ਼ ਵਿਚ ਬਹੁਤ ਲੱਗਦੇ ਹਨ ਪਰ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ ਦੀ ਨਿਆਰੀ ਸ਼ਾਨ ਹੈ। ਉਥੇ ਧਨੰਤਰ ਖਿਡਾਰੀਆਂ ਦੀ ਕਬੱਡੀ ਤੇ ਰੁਸਤਮ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੇ ਨਾਲ ਵਿਰਾਸਤੀ ਤੇ ਆਧੁਨਿਕ ਓਲੰਪਿਕ ਖੇਡਾਂ ਦੇ ਮੁਕਾਬਲੇ ਵੀ ਹੁੰਦੇ ਹਨ। ਮੀਡੀਏ ਨੇ ਪੁਰੇਵਾਲ ਖੇਡ ਮੇਲੇ ਨੂੰ ਲੱਖਾਂ ਦੇ ਇਨਾਮਾਂ ਵਾਲਾ ਏਸ਼ੀਆ ਦਾ ਸਭ ਤੋਂ ਵੱਡਾ ਇਨਾਮੀ ਪੇਂਡੂ ਖੇਡ ਮੇਲਾ ਕਹਿ ਕੇ ਵਡਿਆਇਆ ਹੈ।

ਹਕੀਮਪੁਰ ਦੇ ਪੁਰੇਵਾਲ ਭਰਾ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਨੇ ਆਪਣੇ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿਚ ਇਹ ਖੇਡਾਂ 1988 ਵਿਚ ਸ਼ੁਰੂ ਕੀਤੀਆਂ ਸਨ। ਕਬੱਡੀ ਦਾ ਇਨਾਮ ਪਹਿਲੀ ਵਾਰ ਲੱਖ ਰੁਪਏ ਦਾ ਰੱਖਣ ਨਾਲ ਇਹ ਲੱਖਾਂ ਦੇ ਇਨਾਮਾਂ ਵਾਲੀਆਂ 'ਪੇਂਡੂ ਉਲੰਪਿਕ ਖੇਡਾਂ ਮਸ਼ਹੂਰ ਹੋ ਗਈਆਂ। ਵਿਦੇਸ਼ੀ ਖਿਡਾਰੀਆਂ ਦੀ ਸ਼ਮੂਲੀਅਤ ਕਰਕੇ ਇਹ ਅੰਤਰਰਾਸ਼ਟਰੀ ਖੇਡਾਂਵੀ ਕਹੀਆਂ ਜਾਂਦੀਆਂ ਹਨ। ਤਦੇ ਇਸ ਨੂੰ ਦੁਆਬੇ ਦੀ ਪੇਂਡੂ ਉਲੰਪਿਕ ਵੀ ਕਿਹਾ ਜਾਂਦੈ। 25ਵੀਆਂ ਪੁਰੇਵਾਲ ਖੇਡਾਂ ਮਾਰਚ 2020 ਵਿਚ ਹੋਈਆਂ ਸਨ। ਕੋਵਿਡ ਕਾਲ ਦੌਰਾਨ ਦੋ ਸਾਲ ਖੇਡਾਂ ਹੋ ਨਹੀਂ ਸੀ ਸਕੀਆਂ। 26ਵੀਆਂ ਖੇਡਾਂ ਗੱਜ ਵੱਜ ਕੇ ਹੋਈਆਂ। ਹੁਣ 27ਵੀਆਂ ਪੁਰੇਵਾਲ ਖੇਡਾਂ ਵੇਖਣ ਦਾ ਸੁਨਹਿਰੀ ਮੌਕਾ ਹੈ ਜਿਸ ਲਈ ਸਭਨਾਂ ਨੂੰ ਨਿੱਘਾ ਸੱਦਾ ਹੈ। ਐਤਕੀਂ ਇਹ ਖੇਡਾਂ ਸਵਰਗੀ ਮਲਕੀਤ ਸਿੰਘ ਪੁਰੇਵਾਲ, ਮੋਹਨ ਸਿੰਘ ਬਿਲਨ, ਮੱਖਣ ਸਿੰਘ ਟਿਵਾਣਾ, ਮਨਜੀਤ ਸਿੰਘ ਡੋਗਰ ਤੇ ਰਵੀ ਸੋਢੀ ਨੂੰ ਸਮਰਪਿਤ ਹਨ।




ਪੁਰੇਵਾਲ ਖੇਡਾਂ ਵਿਚ ਉਹ ਨਜ਼ਾਰਾ ਕਮਾਲ ਦਾ ਹੁੰਦਾ ਹੈ ਜਦੋਂ ਬਾਜ਼ੀਗਰ ਬਾਜ਼ੀਆਂ ਪਾਉਂਦੇ, ਨਿਹੰਗ ਨੇਜ਼ਾਬਾਜ਼ੀ ਦੇ ਜੌਹਰ ਵਿਖਾਉਂਦੇ, ਘੋੜੇ ਨਾਚ ਕਰਦੇ, ਹਾਥੀ ਮੇਲ੍ਹਦੇ ਹੋਏ ਆਪਣੇ ਸੁੰਡਾਂ ਨਾਲ ਸਲਾਮੀਆਂ ਦਿੰਦੇ, ਜੁਆਨ ਅਹਿਰਨਾਂ ਦੇ ਬਾਲੇ ਕੱਢਦੇ, ਬੋਰੀਆਂ ਚੁੱਕਦੇ ਤੇ ਕਸਬੀ ਕਲਾਕਾਰ ਦੰਗ ਕਰਨ ਦੇਣ ਵਾਲੇ ਕਰਤਬ ਵਿਖਾਉਂਦੇ ਹਨ। ਅਥਲੀਟ ਟਰੈਕ ਵਿਚ ਦੌੜਦੇ, ਬਜ਼ੁਰਗ ਮੁੰਗਲੀਆਂ ਫੇਰਦੇ, ਪਹਿਲਵਾਨ ਘੋਲ ਘੁਲਦੇ ਅਤੇ ਕਬੱਡੀ ਦੇ ਖਿਡਾਰੀ ਰੇਡਾਂ ਪਾਉਂਦੇ ਤੇ ਜੱਫੇ ਲਾਉਂਦੇ ਹਨ। ਕੁਸ਼ਤੀ ਦੇ ਰਿੰਗ ਵਿਚ ਰੁਸਤਮ ਪਹਿਲਵਾਨ ਜ਼ੋਰ ਅਜ਼ਮਾਈ ਕਰਦੇ ਦਿਸਦੇ ਹਨ।

ਪੁਰੇਵਾਲ ਖੇਡ ਮੇਲੇ 'ਚ ਜਿਥੇ ਓਲੰਪਿਕ ਚੈਂਪੀਅਨ ਡੇਨੀਅਲ ਇਗਾਲੀ ਉਰਫ਼ ਤੂਫ਼ਾਨ ਸਿੰਘ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਵਾਲੇ ਸੁਸ਼ੀਲ ਕੁਮਾਰ ਵਰਗੇ ਪਹਿਲਵਾਨ ਪੁੱਜਦੇ ਰਹੇ ਉਥੇ ਅਨੇਕਾਂ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਭਾਗ ਲੈਂਦੇ ਰਹੇ। ਨਾਇਜੀਰੀਆ ਤੇ ਜਾਰਜੀਆ ਤੱਕ ਦੇ ਪਹਿਲਵਾਨ ਪੰਜਾਬੀ ਦਰਸ਼ਕਾਂ ਨੂੰ ਕੁਸ਼ਤੀਆਂ ਵਿਖਾਉਂਦੇ ਰਹੇ ਹਨ। ਪੁਰੇਵਾਲ ਭਰਾ ਅਮਰਦੀਪ ਕਾਲਜ ਮੁਕੰਦਪੁਰ ਵਿਚ ਵੀ ਹਰਬੰਸ ਸਿੰਘ ਪੁਰੇਵਾਲ ਕੁਸ਼ਤੀ ਅਕੈਡਮੀ ਚਲਾਉਂਦੇ ਰਹੇ ਹਨ। ਪਹਿਲਾਂ ਵਾਂਗ ਹੀ ਅੰਤਰਰਾਸ਼ਟਰੀ ਪੱਧਰ ਦੇ ਇਕ ਪੁਰਸ਼ ਤੇ ਇਕ ਮਹਿਲਾ ਦੋ ਪੰਜਾਬੀ ਖਿਡਾਰੀਆਂ ਨੂੰ ਮਾਤਾ ਸੁਰਜੀਤ ਕੌਰ ਯਾਦਗਾਰੀ ਇਨਾਮਾਂ ਨਾਲ ਸਨਮਾਨਿਆ ਜਾਵੇਗਾ। ਹੋਣਹਾਰ ਜੂਨੀਅਰ ਖਿਡਾਰੀਆਂ ਨੂੰ ਵੀ ਉਤਸ਼ਾਹ ਵਧਾਊ ਇਨਾਮ ਦਿੱਤੇ ਜਾਣਗੇ। ਦੇਸ਼ ਵਿਦੇਸ਼ ਦੇ ਅਨੇਕਾਂ ਖੇਡ ਪ੍ਰਮੋਟਰ ਮੇਲੇ ਵਿਚ ਪੁੱਜ ਰਹੇ ਹਨ ਜਿਥੇ ਉਨ੍ਹਾਂ ਦਾ ਯੋਗ ਮਾਣ ਸਨਮਾਨ ਕੀਤਾ ਜਾਵੇਗਾ। ਉਮੀਦ ਹੈ 1-2 ਮਾਰਚ ਨੂੰ ਸਾਰੇ ਰਾਹ ਜਗਤਪੁਰ ਦੇ ਸਟੇਡੀਅਮ ਵੱਲ ਜਾਂਦੇ ਦਿਸਣਗੇ।

## ਪ੍ਰੇਰਕ ਪ੍ਰਸੰਗ

# ★ ਤਿੰਨ ਪ੍ਰਸ਼ਨ ★

• ਪ੍ਰੋ. ਨਵ ਸੰਗੀਤ ਸਿੰਘ •



ਪ੍ਰਸਿੱਧ ਰੂਸੀ ਸਾਹਿਤਕਾਰ ਟਾਲਸਟਾਏ ਆਪਣੀ ਕਹਾਣੀ 'ਤਿੰਨ ਪ੍ਰਸ਼ਨ' ਵਿੱਚ ਲਿਖਦਾ ਹੈ ਕਿ ਕਿਸੇ ਰਾਜੇ ਦੇ ਮਨ ਵਿੱਚ ਤਿੰਨ ਪ੍ਰਸ਼ਨ ਅਕਸਰ ਆਉਂਦੇ ਸਨ, ਜਿਨ੍ਹਾਂ ਦੇ ਉੱਤਰ ਲਈ ਉਹ ਬੇਚੈਨ ਸੀ। ਇਸਲਈ ਉਹਨੇ ਆਪਣੇ ਰਾਜਮੰਤਰੀ ਨਾਲ ਸਲਾਹ ਕੀਤੀ ਅਤੇ ਆਪਣੇ ਦਰਬਾਰੀਆਂ ਦੀ ਇੱਕ ਮੀਟਿੰਗ ਬੁਲਾਈ। ਰਾਜੇ ਨੇ ਉਸ ਮੀਟਿੰਗ ਵਿੱਚ ਜੋ ਆਪਣੇ ਤਿੰਨੇ ਸੁਆਲ ਸਭ ਦੇ ਸਾਹਮਣੇ ਰੱਖੇ, ਉਹ ਸਨ :

1. ਸਭ ਤੋਂ ਮਹੱਤਵਪੂਰਨ ਕੀ ਹੁੰਦਾ ਹੈ ?

2. ਸਲਾਹ ਲਈ ਸਭ ਤੋਂ ਮਹੱਤਵਪੂਰਨ ਆਦਮੀ ਕੌਣ ਹੁੰਦਾ ਹੈ ?

3. ਕਿਸੇ ਵੀ ਨਿਸ਼ਚਿਤ ਕੰਮ ਨੂੰ ਕਰਨ ਦਾ ਮਹੱਤਵਪੂਰਨ ਸਮਾਂ ਕਿਹੜਾ ਹੁੰਦਾ ਹੈ ?

ਕੋਈ ਵੀ ਰਾਜੇ ਦੇ ਪ੍ਰਸ਼ਨਾਂ ਦਾ ਤਸੱਲੀਬਖ਼ਸ਼ ਜਵਾਬ ਨਾ ਦੇ ਸਕਿਆ। ਪਰ ਉਸ ਮੀਟਿੰਗ ਵਿੱਚ ਰਾਜੇ ਨੂੰ ਇੱਕ ਅਜਿਹੇ ਸੰਨਿਆਸੀ ਬਾਰੇ ਪਤਾ ਲੱਗਿਆ ਜੋ ਦੂਰ-ਦੁਰਾਡੇ ਜੰਗਲ ਵਿੱਚ ਇੱਕ ਝੌਂਪੜੀ ਵਿੱਚ ਰਹਿੰਦਾ ਸੀ ਅਤੇ ਸਾਰਿਆਂ ਦੀਆਂ ਪੁੱਛਾਂ ਦਾ ਹੱਲ ਕਰਨ ਦੇ ਸਮਰੱਥ ਸੀ। ਰਾਜਾ ਸਧਾਰਨ ਪਹਿਰਾਵੇ ਵਿੱਚ ਆਪਣੇ ਕੁਝ ਸਿਪਾਹੀਆਂ ਅਤੇ ਜਾਸੂਸਾਂ ਨੂੰ ਨਾਲ ਲੈ ਕੇ ਚੱਲ ਪਿਆ, ਸੰਨਿਆਸੀ ਦੇ ਦਰਸ਼ਨਾਂ ਲਈ। ਦਿਲ ਵਿੱਚ ਇੱਕ ਆਸ ਸੀ ਕਿ ਹੁਣ ਉਹਨੂੰ ਆਪਣੇ ਸੁਆਲਾਂ ਦੇ ਜਵਾਬ ਜ਼ਰੂਰ ਮਿਲ ਜਾਣਗੇ। ਜਦੋਂ ਉਹ ਸਾਰੇ ਸੰਨਿਆਸੀ ਦੀ ਝੌਂਪੜੀ ਦੇ ਨੇੜੇ ਪੁੱਜੇ ਤਾਂ ਰਾਜੇ ਨੇ ਆਪਣੇ ਸਾਰੇ ਸਿਪਾਹੀਆਂ ਅਤੇ ਜਾਸੂਸਾਂ ਨੂੰ ਦੂਰ ਰਹਿਣ ਦਾ ਹੁਕਮ ਦਿੱਤਾ ਅਤੇ ਆਪ ਇਕੱਲਾ ਹੀ ਅੱਗੇ ਚੱਲ ਪਿਆ।

ਰਾਜੇ ਨੇ ਵੇਖਿਆ ਕਿ ਆਪਣੀ ਝੌਂਪੜੀ ਦੇ ਨੇੜੇ ਹੀ ਸੰਨਿਆਸੀ ਖੇਤ ਵਿੱਚ ਕਹੀ ਨਾਲ ਕੰਮ ਕਰ ਰਿਹਾ ਸੀ। ਕੁਝ ਹੀ ਪਲਾਂ ਵਿੱਚ ਉਹਦੀ ਨਜ਼ਰ ਰਾਜੇ ਤੇ ਗਈ। ਉਹਨੇ ਕਹੀ ਚਲਾਉਂਦਿਆਂ ਹੀ ਰਾਜੇ ਨੂੰ ਉਹਦੇ ਆਉਣ ਦਾ ਕਾਰਨ ਪੁੱਛਿਆ ਅਤੇ ਰਾਜੇ ਨੇ ਵੀ ਬੜੇ ਸਤਿਕਾਰ ਨਾਲ ਆਪਣੇ ਤਿੰਨੇ ਪ੍ਰਸ਼ਨ ਉਹਨੂੰ ਆਖ ਸੁਣਾਏ। ਰਾਜਾ ਆਪਣੇ ਪ੍ਰਸ਼ਨਾਂ ਦੇ ਉੱਤਰ ਦੀ ਉਡੀਕ ਕਰਨ ਲੱਗਿਆ ਪਰ ਸੰਨਿਆਸੀ ਨੇ ਉੱਤਰ ਦੇਣ ਦੀ ਥਾਂ ਰਾਜੇ ਨੂੰ ਆਪਣੀ ਕਹੀ ਦੇ ਕੇ ਖੇਤ ਵਿੱਚ ਕੰਮ ਕਰਨ ਨੂੰ ਕਿਹਾ। ਰਾਜੇ ਨੇ ਉਹਦੀ ਗੱਲ ਮੰਨ ਲਈ, ਕਿਉਂਕਿ ਉਹਨੂੰ ਆਪਣੇ ਪ੍ਰਸ਼ਨਾਂ ਦੇ ਜਵਾਬ ਵੀ ਤਾਂ ਚਾਹੀਦੇ ਸਨ।

ਕਹੀ ਨਾਲ ਕੰਮ ਕਰਦਿਆਂ ਰਾਜੇ ਨੂੰ ਸ਼ਾਮ ਹੋ ਗਈ। ਇੰਨੇ ਵਿੱਚ ਇੱਕ ਜ਼ਖ਼ਮੀ ਆਦਮੀ, ਜੋ ਖ਼ੂਨ ਨਾਲ ਲੱਥਪੱਥ ਸੀ, ਉਸ ਸੰਨਿਆਸੀ ਦੀ ਸ਼ਰਨ ਵਿੱਚ ਆਇਆ। ਸੰਨਿਆਸੀ ਅਤੇ ਰਾਜੇ, ਦੋਹਾਂ ਨੇ ਮਿਲ ਕੇ ਉਹਦੀ ਮੱਲਮ-ਪੱਟੀ ਕੀਤੀ। ਦਰਦ ਤੋਂ ਕੁਝ ਆਰਾਮ ਮਿਲਿਆ ਤਾਂ ਉਹ ਸੌਂ ਗਿਆ। ਅਗਲੀ ਸਵੇਰ ਜਦੋਂ ਉਹ ਜ਼ਖ਼ਮੀ ਰਾਜੇ ਤੋਂ ਮਾਫ਼ੀ ਮੰਗਣ ਲੱਗਿਆ ਤਾਂ ਰਾਜਾ ਬੜਾ ਹੈਰਾਨ ਹੋਇਆ। ਜ਼ਖ਼ਮੀ ਨੇ ਆਪਣੀ ਜਾਣਕਾਰੀ ਦਿੰਦਿਆਂ ਦੱਸਿਆ, "ਕੱਲ੍ਹ ਤੱਕ ਮੈਂ ਤੁਹਾਨੂੰ ਆਪਣਾ ਦੁਸ਼ਮਣ ਮੰਨਦਾ ਸਾਂ, ਕਿਉਂਕਿ ਤੁਸੀਂ ਮੇਰੇ ਭਰਾ ਨੂੰ ਫਾਂਸੀ ਦਿੱਤੀ ਸੀ। ਮੈਂ ਬਦਲਾ ਲੈਣ ਦਾ ਮੌਕਾ ਲੱਭ ਰਿਹਾ ਸਾਂ। ਕੱਲ੍ਹ ਮੈਨੂੰ ਪਤਾ ਲੱਗਿਆ ਸੀ ਕਿ ਤੁਸੀਂ ਸਧਾਰਨ ਕੱਪੜਿਆਂ ਵਿੱਚ ਇਸ ਸੰਨਿਆਸੀ ਕੋਲ ਆਏ ਹੋ।

ਤੁਹਾਨੂੰ ਜਾਨੋਂ ਮਾਰਨ ਲਈ ਮੈਂ ਏਥੇ ਆਇਆ ਸਾਂ ਅਤੇ ਇੱਕ ਝਾੜੀ ਦੇ ਪਿੱਛੇ ਲੁਕ ਕੇ ਬੈਠਾ ਸਾਂ ਪਰ ਤੁਹਾਡੇ ਜਾਸੂਸਾਂ ਨੇ ਮੈਨੂੰ ਪਛਾਣ ਲਿਆ ਅਤੇ ਮੇਰੇ ਤੇ ਹਮਲਾ ਕਰ ਦਿੱਤਾ। ਪਰ ਤੁਸੀਂ ਆਪਣਾ ਦੁਸ਼ਮਣ ਹੋਣ ਦੇ ਬਾਵਜੂਦ ਮੇਰੀ ਜਾਨ ਬਚਾਈ। ਸਿੱਟੇ ਵਜੋਂ ਮੇਰੇ ਮਨ 'ਚੋਂ ਬਦਲੇ ਦੀ ਭਾਵਨਾ ਖਤਮ ਹੋ ਗਈ। ਹੁਣ ਮੈਂ ਤੁਹਾਡਾ ਸੇਵਕ ਬਣ ਗਿਆ ਹਾਂ। ਤੁਸੀਂ ਚਾਹੋ ਤਾਂ ਸਜ਼ਾ ਦਿਓ ਜਾਂ ਮੈਨੂੰ ਮਾਫ਼ ਕਰ ਦਿਓ, ਇਹ ਤੁਹਾਡੀ ਮਰਜ਼ੀ।"

ਜ਼ਖ਼ਮੀ ਦੀ ਗੱਲ ਸੁਣ ਕੇ ਰਾਜਾ ਹੈਰਾਨ ਰਹਿ ਗਿਆ ਅਤੇ ਮਨ ਹੀ ਮਨ ਇਸ ਅਚਨਚੇਤੀ ਘਟਨਾ ਲਈ ਰੱਬ ਦਾ ਧੰਨਵਾਦ ਕੀਤਾ। ਸੰਨਿਆਸੀ ਮੁਸਕਰਾਇਆ ਅਤੇ ਰਾਜੇ ਨੂੰ ਕਹਿਣ ਲੱਗਿਆ, "ਰਾਜਾ ਜੀ, ਕੀ ਅਜੇ ਵੀ ਤੁਹਾਨੂੰ ਤੁਹਾਡੇ ਪ੍ਰਸ਼ਨਾਂ ਦੇ ਜਵਾਬ ਨਹੀਂ ਮਿਲੇ ?" ਰਾਜਾ ਕੁਝ ਦੁਬਿਧਾ ਵਿੱਚ ਨਜ਼ਰ ਆਇਆ ਤਾਂ ਸੰਨਿਆਸੀ ਨੇ ਕਿਹਾ, "ਤੁਹਾਡੇ ਪਹਿਲੇ ਪ੍ਰਸ਼ਨ ਦਾ ਉੱਤਰ ਹੈ- ਸਭ ਤੋਂ ਮਹੱਤਵਪੂਰਣ ਕੰਮ ਉਹੀ ਹੁੰਦਾ ਹੈ ਜੋ ਸਾਡੇ ਸਾਹਮਣੇ ਹੁੰਦਾ ਹੈ, ਜਿਵੇਂ ਤੁਸੀਂ ਮੈਨੂੰ ਖੇਤੀ ਦੇ ਕੰਮ ਵਿੱਚ ਮਦਦ ਕੀਤੀ। ਜੇ ਤੁਸੀਂ ਮੇਰੇ ਕੰਮ ਵਿੱਚ ਮਦਦ ਨਾ ਕਰਦੇ ਤਾਂ ਤੁਹਾਡੀ ਜ਼ਿੰਦਗੀ ਦੀ ਰੱਖਿਆ ਨਾ ਹੋ ਸਕਦੀ। ਤੁਹਾਡਾ ਦੂਜਾ ਪ੍ਰਸ਼ਨ ਸੀ ਕਿ ਸਲਾਹ ਲਈ ਕੌਣ ਮਹੱਤਵਪੂਰਣ ਆਦਮੀ ਹੁੰਦਾ ਹੈ, ਜੀਹਦਾ ਜਵਾਬ ਵੀ ਤੁਹਾਨੂੰ ਮਿਲ ਚੁੱਕਾ ਹੈ ਕਿ ਜੋ ਆਦਮੀ ਸਾਡੇ ਕੋਲ ਮੌਜੂਦ ਹੁੰਦਾ ਹੈ, ਉਸੇ ਨਾਲ ਸਲਾਹ ਕਰਨੀ ਅਰਥ ਰੱਖਦੀ ਹੈ। ਜਿਵੇਂ ਇਸ ਆਦਮੀ ਨੂੰ ਮਦਦ ਦੀ ਲੋੜ ਸੀ, ਜੀਹਦੀ ਜਾਨ ਤੁਸੀਂ ਬਚਾਈ। ਇਉਂ ਤੁਹਾਡਾ ਦੁਸ਼ਮਣ ਵੀ ਤੁਹਾਡਾ ਮਿੱਤਰ ਬਣ ਗਿਆ। ਤੀਜੇ ਪ੍ਰਸ਼ਨ ਦਾ ਜਵਾਬ ਹੈ ਕਿ ਕਿਸੇ ਵੀ ਨਿਸ਼ਚਿਤ ਕੰਮ ਨੂੰ ਕਰਨ ਦਾ ਮਹੱਤਵਪੂਰਣ ਸਮਾਂ ਹੁੰਦਾ ਹੈ- ਹੁਣੇ।"

ਟਾਲਸਟਾਏ ਦੀ ਇਹ ਕਹਾਣੀ ਸਾਨੂੰ ਦੱਸਦੀ ਹੈ ਕਿ ਵਰਤਮਾਨ ਦੇ ਮਹੱਤਵ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ। ਭਵਿੱਖ ਦੀ ਚਿੰਤਾ ਵਿੱਚ ਵਰਤਮਾਨ ਜੇ ਵਿਗੜ ਗਿਆ ਤਾਂ ਅਸੀਂ ਹੱਥ ਮਲਦੇ ਰਹਿ ਜਾਵਾਂਗੇ। ਹੱਥਲੇ ਕੰਮ ਨੂੰ ਇਕਾਗਰਤਾ ਨਾਲ ਜਾਂ ਸਮੇਂ ਦਾ ਸਦ-ਉਪਯੋਗ ਕਰਦਿਆਂ ਨਾ ਸਿਰਫ਼ ਚੰਗੇਰੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ, ਸਗੋਂ ਇਹ ਹਰ ਤਰ੍ਹਾਂ ਦੀ ਪ੍ਰਗਤੀ ਦਾ ਮੂਲਮੰਤਰ ਵੀ ਹੈ।

9417692015

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**

**ਲੜੀਵਾਰ ਨਾਵਲ**



ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891

Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-40**

# ਕੋਸੀ ਧੁੱਪ ਦਾ ਨਿੱਘ

**ਜਦ ਕੌਰੇ ਨੂੰ ਪਤਾ ਲੱਗਿਆ ਤਾਂ ਉਸ ਨੂੰ ਜਿਵੇਂ ਹੌਲ ਪੈ ਗਿਆ ਸੀ। ਉਸ ਨੇ ਵੱਡੇ ਭਰਾ ਬਖਤੌਰ ਦੇ ਗਲ ਲੱਗ ਕੇ ਬੱਚਿਆਂ ਵਾਂਗ ਰੋਣਾ ਸ਼ੁਰੂ ਕਰ ਦਿੱਤਾ, "ਬਾਪੂ ਮਰਨ ਤੋਂ ਬਾਅਦ ਤੂੰ ਮੈਨੂੰ ਬਾਪੂ ਤੇ ਬੇਬੇ ਦਾ ਚੇਤਾ ਨੀ ਆਉਣ ਦਿੱਤਾ ਬਾਈ, ਤੇ ਹੁਣ ਕਾਹਨੂੰ ਦਗਾ ਦੇ ਚੱਲਿਐਂ...?" ਉਹ ਧੀਰਜ ਨਹੀਂ ਫੜਦਾ ਸੀ। ਬੱਸ ਰੋਈ ਜਾ ਰਿਹਾ ਸੀ। ਬਖਤੌਰ ਦੀਆਂ ਅੱਖਾਂ ਵਿੱਚੋਂ ਵੀ ਬੇਮੁਹਾਰੇ ਹੰਝੂ "ਪਰਲ-ਪਰਲ" ਚੱਲੀ ਜਾ ਰਹੇ ਸਨ। ਅਖੀਰ ਗੱਲ ਭੂਆ ਨੇ ਆਪਣੇ ਹੱਥ ਲੈ ਲਈ, "ਉਹ ਖੱਟਣ ਕਮਾਉਣ ਚੱਲਿਐ ਕੌਰਿਆ, ਕੋਈ ਡਾਕਾ ਮਾਰਨ ਥੋੜ੍ਹੋ ਚੱਲਿਐ...? ਅਸੀਂ ਦੇਖਗਾਂ ਖੜ੍ਹੇ ਤੇਰੇ ਨਾਲ..! ਰੱਬ ਭਲੀ ਕਰੇ, ਕੱਲ੍ਹ ਨੂੰ ਅਮਰੋ ਜੇਲ੍ਹ 'ਚੋਂ ਛੁੱਟ ਕੇ ਆਈ ਲੈ...!"**





## ਕਾਂਡ 16

ਫੇਰ ਕਿਤੇ ਜਾ ਕੇ ਜੱਜ ਫ਼ੈਸਲਾ ਦਿਊਗਾ...! ਹਾਂ, ਜੇ ਕਰ ਮਾਂ ਜੇਲ੍ਹ ਵਿੱਚ ਮਾਨਸਿਕ ਤੌਰ 'ਤੇ ਬਿਮਾਰ ਹੋਵੇ, ਜਾਂ ਦਿਮਾਗੀ ਤੌਰ 'ਤੇ ਫਿੱਟ ਨਾ ਹੋਵੇ, ਤਾਂ ਬੱਚਾ ਛੇਤੀ ਬਾਪ ਨੂੰ ਜਾਂ ਰਿਸ਼ਤੇਦਾਰਾਂ ਨੂੰ ਮਿਲ ਸਕਦੈ...!"

-"ਜਨਾਬ, ਤੁਸੀਂ ਕੇਸ ਨੂੰ ਹੱਥ 'ਚ ਤਾਂ ਲਵੋ, ਅੱਗੇ ਰੱਬ ਵੀਹ ਹੀਲੇ ਵਸੀਲੇ ਬਣਾ ਦਿੰਦੈ..!" ਸੁੱਚਾ ਸਿੰਘ ਨੇ ਬੇਨਤੀ ਕੀਤੀ।

-"ਕੈਦਣ ਕਿਹੜੀ ਜੇਲ੍ਹ 'ਚ ਐ...?"

-"ਜੀ ਪਰੋਜਪੁਰ ਜੇਲ੍ਹ 'ਚ...!" ਫੁੱਫੜ ਨੇ ਦੱਸਿਆ।

ਵਕੀਲ ਨੇ ਕੇਸ ਹੱਥ ਵਿੱਚ ਲੈ ਲਿਆ ਅਤੇ ਜਲਦੀ ਕਾਰਵਾਈ ਆਰੰਭਣ ਦਾ ਵਾਅਦਾ ਦਿੱਤਾ। ਵਕੀਲ ਦੀ ਪੇਸ਼ਗੀ ਫ਼ੀਸ ਤਾਰ ਕੇ ਉਹ ਦਫ਼ਤਰ ਵਿੱਚੋਂ ਬਾਹਰ ਆ ਗਏ।

-"ਵਕੀਲ ਸਿੱਧਾ ਸਪੱਸ਼ਟ ਬੰਦੈ, ਲੱਗਦੈ ਖੁੰਬੀ ਕੱਢ ਦਿਊ ਆਪਣੀ...!" ਸੁੱਚਾ ਸਿਉਂ ਨੇ ਚੰਨਣ ਸਿੰਘ ਨੂੰ ਕਿਹਾ।

-"ਇਹਦੀ ਬਹੁਤ ਸਿਫ਼ਤ ਸੁਣੀ ਸੀ, ਬੰਦਾ ਲੱਗਦਾ ਵੀ ਸਹੀ ਐ, ਨਹੀਂ ਤਾਂ ਲੋਕੀ ਬਿਨਾ ਗੱਲੋਂ ਝੱਗੇ ਲਾਹੁੰਣ ਤੱਕ ਜਾਂਦੇ ਐ...!"

ਉਹਨਾ ਨੇ ਬਜ਼ਾਰ ਵਿੱਚ ਆ ਕੇ ਬਖਤੌਰ ਦੀਆਂ ਪਾਸਪੋਰਟ ਸਾਈਜ਼ ਫ਼ੋਟੋਆਂ ਲੁਹਾਈਆਂ ਅਤੇ ਬਾਗ ਗਲੀ ਵਿੱਚ ਪਾਸਪੋਰਟ ਬਣਨਾ ਦੇ ਦਿੱਤਾ।

## ਕਾਂਡ 17

ਸੁੱਚਾ ਸਿੰਘ ਨੇ ਭੱਜ ਨੱਠ ਕਰ ਕੇ ਬਖਤੌਰ ਦਾ ਪਾਸਪੋਰਟ ਡੇਢ ਕੁ ਮਹੀਨੇ ਵਿੱਚ ਹੀ ਲੈ ਲਿਆ। ਬਖਤੌਰ ਦੀ ਵਲਾਇਤ ਜਾਣ ਦੀ ਤਿਆਰੀ ਹੋ ਗਈ।

ਜਦ ਕੌਰੇ ਨੂੰ ਪਤਾ ਲੱਗਿਆ ਤਾਂ ਉਸ ਨੂੰ ਜਿਵੇਂ ਹੌਲ ਪੈ ਗਿਆ ਸੀ। ਉਸ ਨੇ ਵੱਡੇ ਭਰਾ ਬਖਤੌਰ ਦੇ ਗਲ ਲੱਗ ਕੇ ਬੱਚਿਆਂ ਵਾਂਗ ਰੋਣਾ ਸ਼ੁਰੂ ਕਰ ਦਿੱਤਾ, "ਬਾਪੂ ਮਰਨ ਤੋਂ ਬਾਅਦ ਤੂੰ ਮੈਨੂੰ ਬਾਪੂ ਤੇ ਬੇਬੇ ਦਾ ਚੇਤਾ ਨੀ ਆਉਣ ਦਿੱਤਾ ਬਾਈ, ਤੇ ਹੁਣ ਕਾਹਨੂੰ ਦਗਾ ਦੇ ਚੱਲਿਐਂ...?" ਉਹ ਧੀਰਜ ਨਹੀਂ ਫੜਦਾ ਸੀ। ਬੱਸ ਰੋਈ ਜਾ ਰਿਹਾ ਸੀ। ਬਖਤੌਰ ਦੀਆਂ ਅੱਖਾਂ ਵਿੱਚੋਂ ਵੀ ਬੇਮੁਹਾਰੇ ਹੰਝੂ "ਪਰਲ-ਪਰਲ" ਚੱਲੀ ਜਾ ਰਹੇ ਸਨ। ਅਖੀਰ ਗੱਲ ਭੂਆ ਨੇ ਆਪਣੇ ਹੱਥ ਲੈ ਲਈ, "ਉਹ ਖੱਟਣ ਕਮਾਉਣ ਚੱਲਿਐ ਕੌਰਿਆ, ਕੋਈ ਡਾਕਾ ਮਾਰਨ ਥੋੜ੍ਹੋ ਚੱਲਿਐ...? ਅਸੀਂ ਦੇਖਗਾਂ ਖੜ੍ਹੇ ਤੇਰੇ ਨਾਲ..! ਰੱਬ ਭਲੀ ਕਰੇ, ਕੱਲ੍ਹ ਨੂੰ ਅਮਰੋ ਜੇਲ੍ਹ 'ਚੋਂ ਛੁੱਟ ਕੇ ਆਈ ਲੈ...!"

-"ਸੁੱਚਾ ਸਿਉਂ ਥੋੜੇ ਭਲੇ ਲਈ ਈ ਹੂਲਾ ਫੱਕਦੈ ਸ਼ੇਰਾ...! ਨਾਲ਼ੇ ਸਾਰਾ ਖਰਚਾ ਚੱਕਦੈ, ਪਾਸਪੋਰਟ 'ਤੇ ਹੁਣ ਤੱਕ ਪੰਜੀ ਨੀ ਲੱਗਣ ਦਿੱਤੀ ਜਿਉਣ ਜੋਕਰੇ ਨੇ...!" ਫੁੱਫੜ ਬੋਲਿਆ।

-"ਨਾਲ਼ੇ ਅਜੇ ਕਿਸੇ ਕੋਲ਼ ਭਾਫ਼ ਨਾ ਕੱਢਿਓ ਬਈ ਬਖਤੌਰ ਬਲੈਤ ਗਿਐ..! ਜੇ ਕੋਈ ਪੁੱਛੇ ਤਾਂ ਕਹਿ ਦਿਓ ਬਈ ਉਹਦਾ ਮਾਮਾ ਆਇਆ ਵਿਐ ਬਲੈਤੋਂ, ਉਹਦੇ ਨਾਲ਼ ਰਿਸ਼ਤੇਦਾਰੀਆਂ 'ਚ ਤੁਰਿਆ ਫ਼ਿਰਦੈ...!"

-"ਜਦੋਂ ਕਦੇ ਲੋੜ ਪਈ, ਤਾਂ ਮੈਂ ਆਪਣੇ ਸੀਰੀ ਜੈਬੇ ਨੂੰ ਤੇਰੇ ਨਾਲ ਤੋਰ ਦਿਆ ਕਰੂੰਗਾ ਭਤੀਜ, ਤੂੰ ਚਿੰਤਾ ਨਾ ਮੰਨ...!" ਸੱਬਲ਼ ਵਰਗਾ ਕੇਹਰਾ ਚਾਚਾ ਸਾਹਮਣੇ ਪੈਰ ਗੱਡੀ ਖੜ੍ਹਾ ਸੀ।

ਬਖਤੌਰ ਵਾਸਤੇ ਕੱਪੜਾ ਲੱਤਾ ਅਤੇ ਲੋੜੀਂਦੀਆਂ ਚੀਜ਼ਾਂ ਸ਼ਹਿਰ ਤੋਂ ਲਿਆਂਦੀਆਂ ਜਾ ਚੁੱਕੀਆਂ ਸਨ, ਜੋ ਉਸ ਨੇ ਵਲਾਇਤ ਨਾਲ਼ ਲੈ ਕੇ ਜਾਣੀਆਂ ਸਨ। ਪੂਰੀ ਤਿਆਰੀ ਖਿੱਚ ਲਈ ਗਈ ਸੀ। ਬੱਸ ਹੁਣ ਹਵਾਈ ਜਹਾਜ਼ ਦੀ ਟਿਕਟ ਲਿਆਉਣੀ ਹੀ ਬਾਕੀ ਸੀ। ਰਾਹਦਾਰੀ ਸੁੱਚੇ ਮਾਮੇ ਨੇ ਆਪਣੇ ਮੁੰਡੇ ਤੋਂ ਮੰਗਵਾ ਲਈ ਸੀ।

ਸੁਰਖ਼ਰੂ ਜਿਹੇ ਹੋ ਕੇ ਉਹਨਾਂ ਨੇ ਆਥਣੇ ਦਾਰੂ ਝੋਅ ਲਈ।

ਪਰ ਦਾਰੂ ਅੱਜ ਨਾ ਤਾਂ ਕੌਰੇ ਨੂੰ ਹੀ ਸਰੂਰ ਦੇ ਰਹੀ ਸੀ ਅਤੇ ਨਾ ਹੀ ਬਖਤੌਰ ਨੂੰ! ਪੀ ਕੇ ਹਾਅਤ-ਹੂਤ ਤਾਂ ਉਹ ਅੱਗੇ ਵੀ ਨਹੀਂ ਕਰਦੇ ਸਨ। ਪਰ ਅੱਜ ਤਾਂ ਬਹੁਤੇ ਹੀ ਚੁੱਪ-ਚੁੱਪ ਜਿਹੇ ਸਨ। ਬਚਿੱਤਰ ਛੋਟੋ ਭੂਆ ਦੀ ਬੁੱਕਲ਼ ਵਿੱਚ ਹੀ ਸੌਂ ਗਿਆ ਸੀ। ਭੂਆ ਉਸ ਨੂੰ ਮੰਜੇ ਉਤੇ ਪਾ ਕੇ ਉਹਨਾਂ ਕੋਲ਼ ਆ ਬੈਠੀ। ਉਦਾਸ ਅੰਦਰੋਂ ਭੂਆ ਵੀ ਬਹੁਤ ਸੀ।

-"ਨਹੁੰਆਂ ਨਾਲੋਂ ਮਾਸ ਤੋੜਨਾ ਬਹੁਤ ਔਖਾ ਹੁੰਦੈ ਬਖਤੌਰ, ਪਰ ਕੀ ਕਰੀਏ...? ਰਿਜ਼ਕ ਦੀ ਖਾਤਰ ਚੱਕ ਥੱਲ ਕਰਨਾ ਪੈਂਦੈ ਪੁੱਤ...!" ਭੂਆ ਦਾ ਮਨ ਭਰ ਆਇਆ। ਬਖਤੌਰ ਅਤੇ ਕੌਰੇ ਨੂੰ ਉਸ ਨੇ ਚੁੱਕ ਕੇ ਖਿਡਾਇਆ ਸੀ। ਹੁਣ ਇੱਕ ਦਮ ਤੋੜ ਕੇ ਸੁੱਟਣਾ ਭੂਆ ਨੂੰ ਵੀ ਦੁਖੀ ਕਰੀ ਜਾ ਰਿਹਾ ਸੀ।

ਬਖਤੌਰ ਰੋਣ ਲੱਗ ਪਿਆ।

ਉਸ ਨੂੰ ਦੇਖ ਕੇ ਕੌਰੇ ਦਾ ਵੀ ਰੋਣ ਨਿਕਲ਼ ਗਿਆ।

-"ਓਏ ਤੁਸੀਂ ਜੁਆਕਾਂ ਮਾਂਗੂੰ ਕਾਹਤੋਂ ਬੁਹਕਣ ਲੱਗ ਪਏ...? ਬੰਦਿਆਂ ਆਲ਼ਾ ਦਿਲ ਰੱਖੋ ਯਾਰ..!" ਸੁੱਚਾ ਸਿਉਂ ਬੋਲਿਆ, "ਜਦੋਂ ਮੈਂ ਐਥੋਂ ਗਿਆ ਸੀ, ਕੋਲ਼ੇ ਪੰਜੀ ਨੀ ਸੀ, ਬੱਸ ਕਿਰਾਇਆ ਸੀ ਸ਼ਿੱਪ ਦਾ...! ਐਥੋਂ ਧੱਕੇ ਧੋੜ੍ਹੇ ਖਾਂਦਾ ਮੈਂ ਮਲਾਇਆ ਪਹੁੰਚਿਆ, ਓਥੇ ਸ਼ਿੱਪਾਂ 'ਤੇ ਕੁਲੀਪੁਣਾ ਕੀਤਾ ਪੰਜ ਸਾਲ...! ਓਦੂੰ ਬਾਅਦ ਕੋਈ ਭਲਾ ਬੰਦਾ ਮਿਲਿਆ, ਓਹਦੇ ਨਾਲ਼ ਮੈਂ ਹੌਂਗ ਕੌਂਗ ਚਲਿਆ ਗਿਆ..! ਹੌਂਗ ਕੌਂਗ ਬਥੇਰੇ ਪਾਪੜ ਵੇਲੇ ਤੇ ਬਥੇਰੀਆਂ ਮੁਸ਼ੱਕਤਾਂ ਕੀਤੀਆਂ, ਹੱਡ ਤੁੜਵਾਏ...! ਫ਼ੇਰ ਓਹੀ ਬੰਦਾ ਮੈਨੂੰ ਛੇ ਸਾਲਾਂ ਬਾਅਦ ਇੰਗਲੈਂਡ ਲੈ ਗਿਆ, ਓਥੇ ਜਾ ਕੇ ਵੀ ਫ਼ਾਊਂਡਰੀਆਂ 'ਚ ਭਾਰੇ ਕੰਮ ਕੀਤੇ ਤੇ ਨਸਲਵਾਦੀ ਗੋਰਿਆਂ ਤੋਂ "ਬਲੱਡੀ ਪਾਕੀ" ਅਖਵਾਇਆ ਤੇ ਜੁੱਤੀਆਂ ਖਾਧੀਆਂ..! ਸਾਨੂੰ ਤਾਂ ਕੋਈ ਸਾਂਭਣ ਵਾਲ਼ਾ ਜਾਂ ਸਲਾਹ ਦੇਣ ਵਾਲ਼ਾ ਵੀ ਨੀ ਸੀ, ਤੇਰੇ ਕੋਲ਼ ਤਾਂ ਸੁੱਖ 'ਨਾ ਸਾਰਾ ਟੱਬਰ ਹੋਊਗਾ..! ਤੂੰ ਤਾਂ ਐਸ ਟੱਬਰ 'ਚੋਂ ਉਠੇਂਗਾ ਤੇ ਸੁੱਖ 'ਨਾ ਅਗਲੇ ਟੱਬਰ 'ਚ ਜਾ ਬੈਠੇਂਗਾ, ਤੈਨੂੰ ਕਾਹਦੀ ਤੰਗੀ ਹੋਊ..? ਚਲੋ ਪਾਓ ਖ਼ੁਸ਼ੀ ਦਾ ਲਵਲੀ ਪੈੱਗ ਤੇ ਪੀ ਕੇ ਰੋਟੀ ਖਾਈਏ..!" ਮਾਮੇ ਸੁੱਚਾ ਸਿੰਘ ਨੇ ਹਿੱਕ 'ਤੇ ਵਰ੍ਹਿਆਂ ਤੋਂ ਜੰਮੀਂ ਮਾਨਸਿਕ ਜਿਲਬ ਲਾਹ ਧਰੀ।

ਸਾਰਿਆਂ ਨੇ ਪੈੱਗ ਪਾ ਕੇ ਰੋਟੀ ਖਾ ਲਈ।

ਅਗਲੇ ਦਿਨ ਉਹ ਬਖਤੌਰ ਦੀ ਟਿਕਟ ਲੈਣ ਨਿਕਲ਼ ਗਏ। ਮਾਮਾ ਭਾਣਜੇ ਦੀ ਖਾਤਰ ਬੋਰੇ ਵਰਗੀ ਜੇਬ ਵਿੱਚੋਂ ਖਰਚਾ ਕਰਦਾ ਭੋਰਾ ਸੰਕੋਚ ਨਹੀਂ ਕਰਦਾ ਸੀ। ਸ਼ਾਮ ਤੱਕ ਹਵਾਈ ਟਿਕਟ ਲੈ ਕੇ ਉਹ ਘਰ ਆ ਗਏ।

-"ਬੂਹ ਮੈਂ ਮਰਗੀ, ਜਹਾਜ਼ ਦੀ ਟਿਗਟ ਐਹੋ ਜੀ ਹੁੰਦੀ ਐ...? ਮੈਂ ਤਾਂ ਸੋਚਦੀ ਸੀ ਕਿਤੇ ਰੇਲ ਦੀ ਟਿਗਟ ਵਰਗੀ ਹੁੰਦੀ ਹੋਣੀ ਆਂ..!" ਭੂਆ ਜਹਾਜ਼ ਦੀ ਕੂਲ਼ੀ-ਕੂਲ਼ੀ ਅਤੇ ਰੰਗ ਬਿਰੰਗੀ ਟਿਕਟ ਦੇਖ ਕੇ ਖ਼ੁਸ਼ ਹੋ ਗਈ।

-"ਹੁਣ ਤੂੰ ਡੌਂਡੀ ਪਿੱਟ ਕੇ ਗੁਆਂਢੀਆਂ ਨੂੰ ਸੁਣਾਉਣੈ...?" ਫੁੱਫੜ ਨੇ ਜਾੜ੍ਹ ਘੁੱਟ ਕੇ ਘੁਰਕੀ ਦਿੱਤੀ।

ਭੂਆ ਚੁੱਪ ਵੱਟ ਗਈ। ਉਹ ਬੱਲ੍ਹਬ ਦੇ ਚਾਨਣ ਵਿੱਚ ਟਿਕਟ ਵੱਲ ਕੋਚਰ ਵਾਂਗ ਝਾਕ ਰਹੀ ਸੀ।

-"ਥੋਡੀ 'ਫ਼ਲੈਟ' ਹੈ ਕਦੋਂ ਦੀ...?" ਭੂਆ ਨੇ ਮੁੜ ਦਿਲ ਕੱਢ ਕੇ ਪੁੱਛ ਹੀ ਲਿਆ।

-"ਚੌਥੇ ਰਾਤ ਦੀ ਐ, ਪਰਸੋਂ ਸਾਝਰੇ ਮੂੰਹ 'ਨ੍ਹੇਰੇ ਤੁਰਨਗੇ ਦਿੱਲੀ ਨੂੰ...!"

-"ਸੁੱਚਾ ਸਿਆਂ, ਜੇ ਲੈ-ਜੋਂਗੇ ਤਾਂ ਮੈਂ ਖੋਆ ਮਾਰ ਦਿਆਂ...?" ਭੂਆ ਬੋਲੀ।

-"ਦੁਰ ਫਿੱਟੇ ਮੂੰਹ..! ਐਸ ਕੁੱਢਰ ਜਨਾਨੀ ਨੂੰ ਤਾਂ ਇਹ ਨੀ ਪਤਾ ਬਈ ਇਹ ਸ਼ਹਿਰ ਪੜ੍ਹਨ ਨੀ ਚੱਲੇ, ਇਹ ਬਲੈਤ ਚੱਲੇ ਐ...!" ਫੁੱਫੜ ਅੱਜ ਪਤਾ ਨੀ ਕਿਉਂ ਅੱਕਿਆ ਬੈਠਾ ਸੀ।

-"ਲੈ, ਬਲੈਤ ਆਲਿਆਂ ਨੂੰ ਖੋਆ ਵੱਢਦੈ...?"

-"ਨਹੀਂ ਲਿਜਾਣਾ ਖੋਆ, ਬੱਸ...!"

-"ਬਿਸਕੁਟ ਕਢਵਾ ਲਿਆਉਨੀ ਆਂ ਬੱਧਣੀਓਂ...?"

-"ਕੁਛ ਨੀ ਚਾਹੀਦਾ ਅੰਮਾਂ...! ਤੂੰ ਚੁੱਪ ਦਾ ਦਾਨ ਬਗਸ਼..!" ਫੁੱਫੜ ਨੇ ਖਿਝ ਕੇ ਹੱਥ ਜੋੜ ਦਿੱਤੇ।

-"ਚੰਗਾ ਮੈਂ ਚਾਹ ਬਣਾ ਕੇ ਲਿਆਉਨੀ ਆਂ...!" ਕਿਸੇ ਗ਼ੈਬੀ ਖ਼ੁਸ਼ੀ ਵਿੱਚ ਭੂਆ ਦੇ ਪੈਰ ਨਹੀਂ ਲੱਗ ਰਹੇ ਸਨ। ਉਸ ਦੇ ਭਰਾ ਦੀ ਅਣਸ, ਉਸ ਦਾ ਭਤੀਜਾ ਬਖਤੌਰ ਬਾਹਰਲੇ ਮੁਲਕ ਵਲਾਇਤ ਚੱਲਿਆ ਸੀ, ਜਿਸ ਕਰ ਕੇ ਭੂਆ ਦੀ ਖ਼ੁਸ਼ੀ ਨਾਲ਼ ਅੱਡੀ ਨਹੀਂ ਲੱਗ ਰਹੀ ਸੀ।

ਭੂਆ ਨੇ ਚਾਹ ਬਣਾ ਕੇ ਸਾਰਿਆਂ ਅੱਗੇ ਲਿਆ ਧਰੀ।

-"ਮੈਨੂੰ ਮੇਰੇ ਝੋਲ਼ੇ 'ਚੋਂ ਬਲੱਡ ਪ੍ਰੈਸ਼ਰ ਦੀ ਗੋਲ਼ੀ ਦੇਹ..! ਜਾਣੀਦੀ ਸਿਰ ਘੂੰ-ਘੂੰ ਕਰੀ ਜਾਂਦੈ...!"

-"ਤਾਂਹੀਂ ਖਿਝੀ ਜਾਨੈਂ ਅੱਜ..! ਮੈਂ ਵੀ ਸੋਚਿਆ ਅੱਜ ਖਿਝੀ ਕਿਉਂ ਜਾਂਦੈ...?" ਉਹ ਬਲੱਡ ਪ੍ਰੈਸ਼ਰ ਦੀ ਗੋਲ਼ੀ ਲੈਣ ਚਲੀ ਗਈ।

-"ਝੋਲ਼ੇ 'ਚ ਦੋ ਪੱਤੇ ਐ, ਇੱਕ ਛੋਟੀਆਂ ਗੋਲ਼ੀਆਂ ਆਲ਼ਾ ਤੇ ਇੱਕ ਵੱਡੀਆਂ ਆਲ਼ਾ..!" ਭੂਆ ਅੰਦਰੋਂ ਬੋਲੀ।

-"ਛੋਟੀਆਂ ਗੋਲ਼ੀਆਂ ਆਲ਼ੇ ਪੱਤੇ 'ਚੋਂ ਦੋ ਗੋਲ਼ੀਆਂ ਦੇ-ਦੇ...!" ਫੁੱਫੜ ਪੁੜਪੜੀਆਂ ਫੜੀ ਬੈਠਾ ਸੀ।

-"ਸਫ਼ਰ ਵੀ ਕਈ ਵਾਰੀ ਤੰਗ ਕਰਦੈ ਬਾਈ ਚੰਨਣ ਸਿਆਂ...!" ਸੁੱਚਾ ਸਿਉਂ ਬੋਲਿਆ।

-"ਤੂੰ ਗੋਲ਼ੀਆਂ ਲੈ, ਕਰਦੇ ਆਂ ਤੇਰੀ ਵੀ ਧਰਨ ਟਿਕਾਣੇ, ਮੈਂ ਜੈਬੇ ਨੂੰ ਡਰੰਮ ਕੱਢਣ ਵਾਸਤੇ ਆਖਤਾ ਸੀ, ਖੇਤ ਕਦੋਂ ਦਾ ਬਣਿਆਂ ਪਿਆ ਸੀ...!"

ਛੋਟੋ ਨੇ ਚੰਨਣ ਸਿੰਘ ਨੂੰ ਗੋਲ਼ੀਆਂ ਦੇ ਦਿੱਤੀਆਂ। ਪਾਣੀ ਦੀ ਗੜਵੀ ਫੜਾ ਦਿੱਤੀ ਅਤੇ ਚੰਨਣ ਸਿੰਘ ਨੇ ਗੋਲ਼ੀਆਂ ਲੈ ਲਈਆਂ।

-"ਲੈ ਜੈਬਾ ਵੀ ਆ ਗਿਆ...!" ਕੇਹਰਾ ਪਤਾ ਨਹੀਂ ਕਿਹੜੀ ਖ਼ੁਸ਼ੀ ਵਿੱਚ ਬੋਲਿਆ।

-"ਜਦੋਂ ਤੂੰ ਹੁਕਮ ਕੀਤਾ ਸੀ, ਮੈਂ ਤਾਂ ਆਉਣਾ ਈ ਸੀ, ਚਾਚਾ..!" ਜੈਬੇ ਨੇ ਤੂੜੀ ਵਾਲ਼ੀ ਬੋਰੀ ਬੋਚ ਕੇ ਥੱਲੇ ਰੱਖ ਦਿੱਤੀ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਦੇਸ ਰਾਜ, ਸ਼ਾਬਾਸ਼ ਬਈ ਤੇਰੇ

(ਰੋਚਕ ਕਹਾਣੀ)

ਧਰਮਪਾਲ ਸਹਿਗਲ
07475386265





ਦੇਸ ਰਾਜ 22 ਸਾਲਾ ਗੱਭਰੂ, ਚੁਸਤ ਸਰੀਰ, ਹੱਸਮੁਖ ਚਿਹਰਾ ਤੇ ਮਿਹਨਤੀ ਗੱਭਰੂ ਸੀ। ਦੇਸਰਾਜ, ਭਰਾ ਦੇਵ ਰਾਜ, ਭਰਜਾਈ ਚਨੋਂ ਤੇ ਇਨ੍ਹਾਂ ਦੇ ਮਾਤਾ ਪਿਤਾ। ਇਨ੍ਹਾਂ ਦੀ ਕਿੰਗ ਸਟਰੀਟ 'ਤੇ ਗਰੋਸਰੀ ਦੀ ਦੁਕਾਨ ਸੀ। ਦੇਸ ਰਾਜ ਦੇ ਮਾਤਾ ਪਿਤਾ ਤੇ ਭਰਜਾਈ ਦੁਕਾਨ ਚਲਾਉਂਦੇ ਸਨ। ਵੱਡਾ ਭਰਾ ਦੇਵ ਰਾਜ ਬੱਸ ਡਰਾਈਵਰ ਦੀ ਨੌਕਰੀ ਕਰਦਾ ਸੀ। ਦੁਕਾਨ ਦੀ ਉਪਰਲੀ ਮੰਜ਼ਿਲ 'ਤੇ ਇਨ੍ਹਾਂ ਦੀ ਰਿਹਾਇਸ਼ ਸੀ। ਮੁੱਢਲੀ ਪੜ੍ਹਾਈ ਪੂਰੀ ਕਰਕੇ ਦੇਸ ਰਾਜ ਅੱਗੇ ਪੜ੍ਹ ਨਹੀਂ ਸਕਿਆ, ਕਿਉਂਕਿ ਕੈਸ਼ ਐਂਡ ਕੈਰੀ ਤੋਂ ਸਮਾਨ ਲਿਆਉਣ ਦੀ ਜ਼ਿੰਮੇਵਾਰੀ ਦੇਸ ਰਾਜ ਉੱਤੇ ਸੀ। ਵਕਤ ਗੁਜ਼ਰਦਾ ਗਿਆ। ਇਕ ਦਿਨ ਸਾਰੇ ਟੱਬਰ ਨੂੰ ਮਹਿਸੂਸ ਹੋਣ ਲੱਗਾ ਕਿ ਅੱਜ ਕੱਲ੍ਹ ਉਨ੍ਹਾਂ ਦੀ ਦੁਕਾਨ ਕਮਾਈ ਘੱਟ ਕਰ ਰਹੀ ਏ। ਏਨੀ ਆਮਦਨੀ ਨਹੀਂ ਹੋ ਰਹੀ। ਇਕ ਦਿਨ ਘਰ ਵਿੱਚ ਦੇਸ ਦੇ ਭਰਾ ਦੇਵ ਰਾਜ ਨੇ ਘਰ ਵਿੱਚ ਗੱਲ ਕੀਤੀ ਕਿ ਸਾਊਥਾਲ ਵਿੱਚ ਕਈ ਵੱਡੇ ਸਟੋਰ ਖੁੱਲ ਗਏ ਨੇ, ਏਸੇ ਕਰਕੇ ਛੋਟੇ ਦੁਕਾਨਦਾਰ ਫ਼ਿਕਰਾਂ ਵਿੱਚ ਹਨ। ਹੁਣ ਮੇਰੀ ਸਲਾਹ ਇਹ ਆ ਬਈ ਅਗਰ ਦੇਸਾ (ਦੇਸ ਰਾਜ) ਹਰ ਸ਼ਨੀਵਾਰ ਤੇ ਐਤਵਾਰ ਨੂੰ ਸਾਊਥਾਲ ਮਾਰਕੀਟ ਵਿੱਚ ਦਾਲ੍ਹਾਂ ਸਬਜ਼ੀਆਂ ਦਾ ਫੱਟਾ ਲਾ ਲਿਆ ਕਰੇ। ਦੁਕਾਨ ਦਾ ਘਾਟਾ ਵੀ ਪੂਰੀ ਹੋ ਸਕਦਾ। ਦੇਵ ਰਾਜ ਦੀ ਸਲਾਹ ਸਾਰਿਆਂ ਨੂੰ ਪਸੰਦ ਆ ਗਈ।

ਦੇਸ ਰਾਜ ਨੇ ਸਾਊਥਾਲ ਮਾਰਕੀਟ ਦੇ ਮੈਨੇਜਰ ਤੋਂ ਮਨਜ਼ੂਰੀ ਲੈ ਲਈ ਤੇ ਹਰ ਵੀਕ ਐਂਡ 'ਤੇ ਸਟਾਲ ਲਾਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਦੇਸ ਰਾਜ ਦਾ ਕੰਮ ਚੱਲ ਪਿਆ। ਦੇਸ ਰਾਜ ਦੇ ਸਾਹਮਣੇ ਹੀ ਇਕ ਅਫਰੀਕਨ ਮੁਟਿਆਰ ਨੇ ਵੀ ਆਪਣਾ ਜਿਊਲਰੀ, ਨਕਲੀ ਗਹਿਣਿਆਂ ਦਾ ਸਟਾਲ ਲਾਇਆ ਹੋਇਆ ਸੀ। ਦੋਨਾਂ ਦੀ ਆਹਮੋਂ ਸਾਹਮਣੇਂ ਕਦੇ ਕਦੇ ਹੈਲੋ ਹਾਏ ਹੋ ਜਾਂਦੀ। ਦੇਸ ਰਾਜ ਆਪਣੇ ਲੱਗੇ ਫੱਟੇ ਕੋਲ ਖਲੋਕੇ ਹੋਕਾ ਦਿੰਦਾ, ਓ ਚੱਲ ਬਈ ਕੌਲੀ ਫਲਾਵਰ, ਵੰਨ ਪੌਂਡ। ਪਟੈਟੋ ਟੂ ਪੌਂਡ ਬੈਗ। ਓਨੀਅਨ ਟੂ ਪੌਂਡ ਬੈਗ, ਕੰਮ ਔਨ ਬਿੱਗ ਸੇਲ। ਐਲਮੰਡ ਫੌਰ ਸੇਲ। ਵੈਰੀ ਚੀਪ। ਆਂਟੀ! ਇੰਡੀਆ ਲੈ ਕੇ ਜਾਣ ਲਈ ਬਦਾਮ ਲੈਜਾ। ਸਸਤੇ ਵਾ! ਦੇਸ ਰਾਜ ਦੇ ਹੋਕੇ ਸੁਣ ਸੁਣ ਅਫਰੀਕਨ ਮੁਟਿਆਰ ਬਹੁਤ ਹੱਸਦੀ। ਦੁਪਹਿਰਾ ਹੋ ਗਿਆ। ਦੇਸ ਰਾਜ ਨੇ ਆਪਣਾ ਲੰਚ ਬੌਕਸ ਖੋਲਿਆ, ਡੱਬੇ ਵਿੱਚੋਂ ਆਲੂਆਂ ਵਾਲੇ ਪਰੌਂਠੇ ਸਨ। ਦੇਸ ਰਾਜ ਪਰੌਂਠੇ ਖਾਈ ਵੀ ਗਿਆ ਤੇ ਹੋਕਾ ਵੀ ਲਾਈ ਗਿਆ। ਅਫਰੀਕਨ ਮੁਟਿਆਰ ਦੀ ਨਜ਼ਰ ਦੇਸ ਰਾਜ 'ਤੇ ਪੈ ਗਈ, ਅੰਗ੍ਰੇਜ਼ੀ ਵਿੱਚ ਬੋਲੀ ਹਾਏ ਮੈਨ! ਕੀ ਖਾ ਰਿਹਾ ਏਂ? ਵਧੀਆ ਸਮੈਲ ਆ ਰਹੀ ਏ। ਇੰਡੀਅਨ ਪਿਜ਼ਾ! ਤੂੰ ਖਾਣਾਂ? ਦੇਖ ਲਾ ਖਾ ਕੇ! ਤੂੰ ਹੋਰ ਮੰਗੇਂਗੀ! ਦੇਸ ਰਾਜ ਨੇ ਜਵਾਬ ਦਿੱਤਾ ਤੇ ਅੱਧਾ ਪਰੌਂਠਾ ਮੁਟਿਆਰ ਨੂੰ ਦੇ ਦਿੱਤਾ। ਮੁਟਿਆਰ ਖਾ ਕੇ ਬੋਲੀ, ਵਾਓ ਸੋ ਟੇਸਟੀ। ਤੂੰ ਬਣਾਇਆ? ਨਹੀਂ ਮੇਰੀ ਭਾਬੀ ਨੇ। ਮੁਟਿਆਰ ਫਿਰ ਬੋਲੀ ਕੀ ਨਾਂ ਏ ਤੇਰਾ? ਦੇਸ ਰਾਜ ਸ਼ੌਂਕੀ। ਦੇਸ ਰਾਜ ਜਵਾਬ ਦੇ ਕੇ ਫਿਰ ਬੋਲਿਆ ਹੁਣ ਆਪਣਾਂ ਨਾਂ ਵੀ ਦੱਸ? ਮੇਰਾ ਅਸਲੀ ਨਾਂ ਏ (ਮੋਂਨੀ ਗੋਲੋ) ਤੇ ਮੈਨੂੰ ਮਿੱਸ ਗੋਲੋ ਕਹਿ ਕੇ ਬੁਲਾਉਂਦੇ ਆ। ਮੁਟਿਆਰ ਨੇ ਵੀ ਆਪਣਾਂ ਨਾਂ ਦੱਸਿਆ। ਕੰਮ ਔਨ ਬਈ, ਐਗ ਟਰੇ ਥ੍ਰੀ ਪੌਂਡ ਔਨਲੀ! ਗਰੀਨ ਚਿੱਲੀ ਥ੍ਰੀ ਪੌਂਡ ਕਿੱਲੋ। ਸੇਲ ਬਿੱਗ ਸੇਲ। ਹੋਕਾ ਦੇ ਕੇ ਦੇਸ ਰਾਜ ਗਾਹਕ ਨੂੰ ਕਾਲੇ ਛੋਲਿਆਂ ਦਾ ਪੈਕੇਟ ਦੇ ਕੇ ਮੁਟਿਆਰ ਨੂੰ ਫਿਰ ਬੋਲਿਆ, ਬਾਕੀ ਦਿਨਾਂ ਨੂੰ ਤੂੰ ਕੀ ਕਰਦੀ ਹੁੰਨੀ ਏ? ਸਟੱਡੀ! ਯੂਨੀਵਰਸਿਟੀ ਜਾਂਦੀ ਹਾਂ ਮੰਡੇ ਟੂ ਫਰਾਈਡੇ ਤੱਕ। ਤੇ ਵੀਕ ਐਂਡ 'ਤੇ ਜੇਬ ਖਰਚ ਲਈ ਏਥੇ ਸਟਾਲ ਲਾਉਂਦੀ ਹਾਂ। ਨਰਸ ਦਾ ਕੋਰਸ ਕਰਦੀ ਹਾਂ। ਮਿੱਸ ਗੋਲੋ ਨੇ ਜਵਾਬ ਦਿੱਤਾ, ਫਿਰ ਸਵਾਲ ਵੀ ਕੀਤਾ ਤੂੰ ਵੀ ਦੱਸ ਕੀ ਕਰਦਾ ਹੁੰਦਾ ਬਾਕੀ ਦਿਨਾਂ ਵਿੱਚ? ਕੌਲਜ ਜਾਂਦਾ ਹੋਣਾਂ? ਨਾਂ ਨਾਂ ਕੌਲਜ ਨਹੀਂ। ਮੈਂ ਆਪਣੀ ਦੁਕਾਨ 'ਤੇ ਹੁੰਨਾਂ। ਦੋ ਦਿਨ ਤੇਰੇ ਵਾਂਗੂੰ ਏਥੇ। ਇਕੱਲਾ ਰਹਿਣਾਂ ਜਾਂ ਗਰਲ ਫਰੈਂਡ ਨਾਲ? ਮਿੱਸ ਗੋਲੋ ਨੇ ਖੱਚਰੇ ਹਾਸੇ ਨਾਲ ਪੁੱਛਿਆ। ਨਾਂ ਨਾਂ ਮੈਂ ਆਪਣੇ ਮੰਮ ਡੈਡ ਨਾਲ ਰਹਿਨਾਂ, ਤੇ ਕੀ ਤੂੰ ਇਕੱਲੀ ਰਹਿਨੀ ਏਂ? ਜਾਂ ਰੱਖਿਆ ਵਾ ਕੋਈ? ਦੇਸ ਰਾਜ ਮਿੱਸ ਗੋਲੋ ਦੀਆਂ ਗੱਲਾਂ ਵਿੱਚ ਦਿਲਚਸਪੀ ਲੈਣ ਲੱਗਾ। ਮਿੱਸ ਗੋਲੋ ਬੋਲੀ ਨਾਂ ਬਈ ਮੈਂ ਇਕੱਲੀ ਰਹਿਨੀ ਆਂ ਯੂਨੀਵਰਸਿਟੀ ਹੋਸਟਲ ਵਿੱਚ। ਦੇਸ ਰਾਜ ਨੂੰ ਮਿੱਸ ਗੋਲੋ ਦੇ ਨੈਣ ਨਕਸ਼ ਸੋਹਣੇ ਲੱਗੇ। ਨੱਕ ਚੌੜਾ, ਬੂਲ ਮੋਟੇ, ਰੰਗ ਪੱਕਾ, ਦੰਦ ਚਿੱਟੇ, ਅੱਖਾਂ ਵਿੱਚ ਚਮਕ। ਦੇਸ ਰਾਜ ਇਕ ਦੇਸੀ ਬੀਬੀ ਨੂੰ ਗੋਭੀ ਦਾ ਫੁੱਲ ਦੇ ਕੇ ਮਿੱਸ ਗੋਲੋ ਨੂੰ ਬੋਲਿਆ, ਵਿਆਹ ਤੂੰ ਕਦੋਂ ਕਰਾਉਣਾ? ਕੋਰਸ ਪੂਰਾ ਕਰਕੇ ਜਾਂ ਪਹਿਲੋਂ ਈ? ਹਾਲੇ ਬਈ ਮੈਂ ਕੁਝ ਨਹੀਂ ਕਹਿ ਸਕਦੀ। ਮਿੱਸ ਗੋਲੋ ਨੇ ਜਵਾਬ ਦਿੱਤਾ, ਫਿਰ ਸਵਾਲ ਵੀ ਕੀਤਾ, ਅੱਜ ਸ਼ਾਮ ਨੂੰ ਤੂੰ ਕੀ ਕਰ ਰਿਹਾ ਏਂ? ਕੁਝ ਨਹੀਂ! ਫਿਰ ਆ ਜਾਈਂ ਮੇਰੇ ਹੋਸਟਲ ਵਿੱਚ, ਗੱਲਾਂ ਬਾਤਾਂ ਕਰਾਂਗੇ। ਦੇਸ ਰਾਜ ਨੂੰ ਉਮੀਦ ਨਹੀਂ ਸੀ ਬਈ ਗੋਲੋ ਉਸ ਨੂੰ ਆਪਣੇ ਫਲੈਟ ਵਿੱਚ ਬਲਾਊਗੀ। ਕੀ ਸੋਚਦਾਂ? ਡਰ ਗਿਆਂ? ਹੈਂਦਾਂ ਤਾਂ ਜਨਾਨੀਆਂ ਡਰਦੀਆਂ ਨੇ। ਦੇਖਲਾ ਜੇ ਆਉਣਾ ਤਾਂ ਸ਼ਾਮ ਨੂੰ 7 ਕੁ ਵਜੇ ਆ ਜਾਈਂ। ਆ ਲੈ ਮੇਰਾ ਕਾਰਡ। ਈਲੀਂਗ ਕੋਈ ਦੂਰ ਨਹੀਂ। ਦੇਸ ਰਾਜ ਨੇ ਕਾਰਡ ਲੈ ਕੇ ਜੇਬ ਵਿੱਚ ਪਾ ਲਿਆ।

ਦੇਸ ਰਾਜ ਦਾ ਜਦੋਂ ਦਾਅ ਲੱਗਦਾ, ਤਾਂ ਘਰ ਦਿਆਂ ਤੋਂ ਚੋਰੀ ਮਿੱਸ ਗੋਲੋ ਨੂੰ ਉਸ ਦੇ ਹੋਸਟਲ ਵਿੱਚ ਮਿਲ ਆਉਂਦਾ। ਅਗਰ ਦੇਰ ਹੋ ਜਾਂਦੀ ਤਾਂ ਘਰ ਆ ਕੇ ਦੱਸ ਦਿੰਦਾ ਕਿ ਉਹ ਫਿਲਮ ਦੇਖਣ ਚਲਾ ਗਿਆ ਸੀ। ਇਕ ਦਿਨ ਐਤਵਾਰ ਨੂੰ ਦੇਸ ਰਾਜ ਦੇ ਵੱਡੇ ਭਰਾ ਦੇਵ ਰਾਜ ਨੂੰ ਕੰਮ ਤੋਂ ਛੁੱਟੀ ਸੀ। ਉਹ ਦੇਸ ਰਾਜ ਦੇ ਨਾਂ ਚਾਹੁੰਦਿਆਂ ਵੀ ਦੇਸ ਰਾਜ ਦੇ ਨਾਲ ਮਾਰਕੀਟ ਵਿੱਚ ਆ ਗਿਆ। ਮਿੱਸ ਗੋਲੋ ਦੇਵ ਰਾਜ ਨੂੰ ਦੇਖਕੇ ਦੇਸ ਰਾਜ ਨੂੰ ਬੋਲੀ, ਹਾਅ ਅੱਜ ਤੇਰੇ ਨਾਲ ਕੌਣ ਏ? ਮੇਰਾ ਵੱਡਾ ਭਰਾ ਏ। ਹੁਣ ਜ਼ਿਆਦਾ ਗੱਲਾਂ ਨਾਂ ਕਰੀਂ। ਕਿਉਂ? ਉਹਨੂੰ ਸਾਡੀਆਂ ਗੱਲਾਂ ਨਾਲ ਕੀ ਮਤਲਬ? ਤੈਨੂੰ ਕਹਿ ਦਿੱਤਾ ਬੱਸ! ਦੇਸ ਰਾਜ ਨੇ ਘੂਰੀ ਵੱਟੀ। ਦੇਵ ਰਾਜ ਨੇ ਸਾਰਾ ਦਿਨ ਦੇਸ ਰਾਜ ਦੇ ਨਾਲ ਰਹਿ ਕੇ ਗੱਲ ਤਾੜ ਲਈ ਕਿ ਦੇਸ ਰਾਜ ਦਾ ਇਸ਼ਕ ਪੇਚਾ ਉਸ ਹੱਬਸ਼ਣ ਅਫਰੀਕਨ ਲੜਕੀ ਨਾਲ ਚੱਲ ਰਿਹਾ ਏ। ਘਰ ਵਾਪਸ ਆਉਣ ਲੱਗਿਆਂ ਦੇਵ ਰਾਜ ਨੇ ਦੇਸ ਰਾਜ ਨੂੰ ਛੇੜਿਆ, ਓਏ ਦੇਸਿਆ! ਦੱਸ ਕੱਦ ਤੋਂ ਇਹ ਇਸ਼ਕ ਪੇਚਾ ਚੱਲ ਰਿਹਾ ਏ ਉਸ ਕਾਲੀ ਨਾਲ? ਨਾਂ ਭਾ ਇਸ਼ਕ ਪੇਚਾ ਕਾਹਦਾ? ਉਹ ਤਾਂ ਹਰ ਇਕ ਨਾਲ ਮਜ਼ਾਕ ਕਰਦੀ ਰਹਿੰਦੀ ਏ। ਦੇਸ ਰਾਜ ਵਿੱਚੋਂ ਡਰ ਗਿਆ। ਦੇਵ ਰਾਜ ਫਿਰ ਬੋਲਿਆ ਉਹ ਤਾਂ ਠੀਕ ਏ, ਹੱਸ ਲਿਆ ਕਰ, ਮਜ਼ਾਕ ਵੀ ਕਰ ਲਿਆ ਕਰ, ਪਰ ਇਸ ਤੋਂ ਅੱਗੇ ਨਾ ਵੱਧੀਂ। ਕੇਅਰ ਫੁੱਲ ਰਹੀਂ। ਇਹ ਹੱਬਸ਼ਣ ਜਾਤ ਖਰੀ ਨਹੀਂ ਹੁੰਦੀ। ਇਹ ਕਿਸੇ ਦੀ ਮਿੱਤ ਨਹੀਂ। ਭਾਵੇਂ ਮਰਦ ਹੋਵੇ ਭਾਵੇਂ ਔਰਤ। ਦੇਸ ਰਾਜ ਚੁੱਪ ਰਿਹਾ। ਦੋਵੇਂ ਘਰ ਪਹੁੰਚ ਗਏ।

ਤਿੰਨ ਦਿਨ ਦੇਸ ਰਾਜ ਮਿੱਸ ਗੋਲੋ ਨੂੰ ਨਹੀਂ ਮਿਲਿਆ। ਭਰਾ ਦੇ ਬੋਲ ਕੰਨਾਂ ਵਿੱਚ ਗੂੰਜਣ ਲੱਗੇ, ਇਹ ਹੱਬਸ਼ਣ ਜਾਤ ਖਰੀ ਨਹੀਂ ਹੁੰਦੀ। ਕੇਅਰ ਫੁੱਲ ਰਹੀਂ। ਪਰ ਫਿਰ ਵੀ ਦੇਸ ਰਾਜ ਕੋਲੋਂ ਰਹਿ ਨਹੀਂ ਹੋਇਆ। ਇਕ ਦਿਨ ਮੌਕਾ ਦੇਖ ਕੇ ਦੇਸ ਰਾਜ ਸ਼ਾਮ ਨੂੰ ਮਿੱਸ ਗੋਲੋ ਦੇ ਹੋਸਟਲ ਪਹੁੰਚ ਗਿਆ। ਦੋਵੇਂ ਘੁੱਟ ਘੁੱਟ ਕੇ ਮਿਲੇ। ਮਿੱਸ ਗੋਲੋ ਅਲੱਗ ਹੁੰਦੀ ਹੋਈ ਬੋਲੀ ਕਿਥੇ ਰਿਹਾ ਏਨੇ ਦਿਨ? ਥੋੜ੍ਹਾ ਬੀਜ਼ੀ ਸੀ ਡਾਰਲਿੰਗ। ਕਹਿ ਕੇ ਦੇਸ ਰਾਜ ਨੇ ਮੇਜ਼ 'ਤੇ ਪਈ ਵਾਈਨ ਦੀ ਬੋਤਲ ਵਿੱਚੋਂ ਵਾਈਨ ਪਾਈ ਤੇ ਗਲਾਸੀ ਲੈ ਕੇ ਵਿੱਚੋਂ ਦੋ ਘੁੱਟ ਭਰੇ ਤੇ ਸੋਫੇ 'ਤੇ ਬੈਠ ਗਿਆ। ਮਿੱਸ ਗੋਲੋ ਵੀ ਗਲਾਸੀ ਲੈ ਕੇ ਨਾਲ ਲੱਗਦੀ ਹੋਈ ਬੋਲੀ ਕਈ ਦਿਨਾਂ ਤੋਂ ਉਡੀਕਦੀ ਸਾਂ ਤੈਨੂੰ। ਕਿਉਂ ਓਦਰ ਗਈ ਸੀ ਮੇਰੇ ਬਿਨਾਂ? ਦੇਸ ਰਾਜ ਨੇ ਮਜ਼ਾਕ ਕੀਤਾ। ਦੇਖ ਮੈਂ ਤੈਨੂੰ ਗੁੱਡ ਨਿਊਜ਼ ਦੱਸਣ ਲਈ ਉਡੀਕਦੀ ਸਾਂ। ਅੱਛਾ? ਕੇੜੀ ਗੁੱਡ ਨਿਊਜ਼? ਲੈ ਸੁਣ! ਆਪਾਂ ਦੋ ਤੋਂ ਤਿੰਨ ਹੋਣ ਲੱਗੇ ਹਾਂ। ਹੈਂ? ਕੀ ਮਤਲਵ? ਤੈਨੂੰ ਦੱਸ ਤਾਂ ਦਿੱਤਾ? ਦੇਸ ਰਾਜ ਨੂੰ ਵਾਈਨ ਪੀਣੀਂ ਭੁੱਲ ਗਈ। ਬੋਲਿਆ, ਨਹੀਂ ਨਹੀਂ ਇਹ ਠੀਕ ਨਹੀਂ। ਕਿਉਂ ਠੀਕ ਕਿਉਂ ਨਹੀਂ? ਜਦ ਤੂੰ ਹਰ ਵਾਰੀ ਸ਼ਾਮ ਨੂੰ ਮੇਰੇ ਕੋਲ ਆਉਂਦਾ ਸੀ ਤਾਂ ਗੁੱਡ ਨਿਊਜ਼ ਆਉਣੀ ਹੀ ਸੀ। ਹੁਣ ਸੁਣ। ਬੇਬੀ ਦੀ ਲੁੱਕ ਆਫਟਰ ਕਰਨ ਲਈ ਹੁਣ ਆਪਾਂ ਨੂੰ ਇਕੱਠਿਆਂ ਨੂੰ ਰਹਿਣਾਂ ਪੈਣਾਂ। ਨਹੀਂ ਨਹੀਂ ਗੋਲੋ ਏਦਾਂ ਨਹੀਂ ਹੋਣਾਂ। ਕਿਸੇ ਡਾਕਟਰ ਕੋਲ ਚੱਲੀਏ। ਦੇਸ ਰਾਜ ਘਬਰਾ ਗਿਆ ਸੀ। ਸੁਣ ਕੇ ਮਿੱਸ ਗੋਲੋ ਦੇ ਮੱਥੇ 'ਤੇ ਤੀੜੀਆਂ ਪੈ ਗਈਆਂ। ਬੋਲੀ ਓ ਸ਼ੱਟ ਅੱਪ! ਪਰ ਗੋਲੋ, ਮੈਂ ਮੰਮ ਡੈਡੀ ਨੂੰ ਕੇਹੜਾ ਮੂੰਹ ਦਖਾਊਂਗਾ? ਇਹ ਸੁਣ ਕੇ ਤਾਂ ਉਹ ਮੈਨੂੰ ਘਰੋਂ ਕੱਢ ਦੇਣਗੇ। ਦੇਸ ਰਾਜ ਡਰ ਗਿਆ। ਆਈ ਸੇ ਸ਼ੱਟ ਯੂਅਰ ਮਾਊਥ! ਮਿੱਸ ਗੋਲੋ ਚੀਕੀ। ਤੂੰ ਮਰਦ ਏਂ, ਬਾਲਗ ਏਂ, ਤੂੰ ਛੋਟਾ ਬੇਬੀ ਨਹੀਂ। ਤੂੰ ਆਪਣੇ ਮੰਮ ਡੈਡ ਨੂੰ ਸਾਫ ਸਾਫ ਸੱਚ ਸੱਚ ਦੱਸਦੇ ਬਈ ਤੂੰ ਅਡਲਟ ਏਂ। ਜਦੋਂ ਤੂੰ ਲੁੱਕ ਲੁੱਕ ਕੇ ਮੇਰੇ ਕੋਲ ਆਉਂਦਾ ਸੀ, ਉਦੋਂ ਸੋਚਦਾ? ਜੇ ਤੇਰੇ ਮੰਮ ਡੈਡ ਨੇ ਘਰੋਂ ਕੱਢਤਾ ਤਾਂ, ਕੋਈ ਭੂਚਾਲ ਨਹੀਂ ਆ ਗਿਆ। ਤੂੰ ਮੇਰੇ ਕੋਲ ਆ ਜਾਵੀਂ, ਇਕੱਠੇ ਰਹਾਂਗੇ। ਬੇਬੀ ਮੇਰੀ ਇਕੱਲੀ ਦਾ ਨਹੀਂ, ਤੇਰਾ ਵੀ ਏ।

ਦੇਸ ਰਾਜ ਗੁੰਮ ਸੁੰਮ ਹੋਇਆ ਘਬਰਾਇਆ ਹੋਇਆ ਘਰ ਆਇਆ। ਕਿਸੇ ਨਾਲ ਅੱਖ ਮਿਲਾਉਣ ਦੀ ਹਿੰਮਤ ਨਹੀਂ ਸੀ। ਦੇਸ ਰਾਜ ਰਸੋਈ ਵਿੱਚ ਦੀ ਹੋ ਕੇ ਉੱਪਰ ਆਪਣੇ ਕਮਰੇ ਵਿੱਚ ਗਿਆ। ਖਾਣੇਂ ਦੀ ਮੇਜ ਉੱਤੇ ਦੇਸ ਰਾਜ ਨੂੰ ਨਾਂ ਦੇਖ ਕੇ ਭਰਜਾਈ (ਸੰਤੋਸ਼ੀ) ਦੇਸ ਰਾਜ ਦੇ ਕਮਰੇ ਵਿੱਚ ਆਈ ਦੇਖਿਆ ਦੇਸ ਰਾਜ ਨੀਵੀਂ ਪਾਈ ਬੈਠਾ ਸੀ! ਭਰਜਾਈ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਬੋਲੀ, ਵੇ ਦੇਸਿਆ! ਕੀ ਹੋਇਆ? ਨੀਵੀਂ ਪਾਈ ਬੈਠਾਂ? ਹੈ ਹਾ, ਵੇ ਤੂੰ ਤਾਂ ਰੋਂਦਾ? ਹੋਇਆ ਕੀ? ਦੇਸ ਰਾਜ ਨੇ ਰੋ ਰੋਕੇ ਸਭ ਕੁਝ ਦੱਸ ਦਿੱਤਾ। ਸੁਣਕੇ ਭਰਜਾਈ ਹੱਕੀ ਬੱਕੀ ਰਹਿ ਗਈ ਬੋਲੀ, ਹਾਏ ਬੇਸ਼ਰਮਾਂ ਇਹ ਤੂੰ ਕੀ ਕਰ ਬੈਠਾਂ? ਭਾਬੀ ਹੁਣ ਕੀ ਹੋਊਗਾ? ਮੈਂ ਕੀ ਦੱਸਾਂ? ਚੱਲ ਆ ਥੱਲੇ, ਰੋਟੀ ਖਾ। ਕਹਿ ਕੇ ਭਰਜਾਈ ਹੇਠਾਂ ਚਲੇ ਗਈ, ਪਰ ਦੇਸ ਰਾਜ ਦੀ ਹੇਠਾਂ ਜਾਣ ਦੀ ਹਿੰਮਤ ਨਾ ਪਈ। ਸਵੇਰਾ ਹੋਇਆ। ਘਰ ਦੇ ਸਾਰੇ ਮੈਂਬਰ ਫਰੰਟ ਰੂਮ ਵਿੱਚ ਬੈਠੇ ਸਨ। ਦੁਕਾਨ ਥੋੜ੍ਹੇ ਸਮੇ ਲਈ ਬੰਦ ਕਰ ਦਿੱਤੀ। ਭਰਾ ਦੇਵ ਰਾਜ, ਤੇ ਪਿਤਾ ਖਿੱਝੇ ਬੈਠੇ ਸਨ। ਭਰਜਾਈ ਦੇਸ ਰਾਜ ਨੂੰ ਕਮਰੇ ਵਿੱਚ ਲੈ ਆਈ ਤੇ ਆਪਣੇ ਕੋਲ ਹੀ ਬਠਾਲ ਲਿਆ। ਦੇਵ ਰਾਜ ਅੱਖਾਂ ਕੱਢਕੇ ਦੇਸ ਰਾਜ ਨੂੰ ਟੁੱਟ ਕੇ ਪਿਆ, ਰਾਤੀਂ ਸੰਤੋਸ਼ੀ ਨੇ ਤੇਰੀ ਕਰਤੂਤ ਬਾਰੇ ਸਾਨੂੰ ਦੱਸ ਦਿੱਤਾ ਸੀ। ਬੇਸ਼ਰਮਾਂ ਮੇਰੀ ਵੱਲ ਦੇਖ! ਮੈਂ ਤੈਨੂੰ ਕਿਹਾ ਵੀ ਸੀ। ਓਏ ਤੈਨੂੰ ਖਬਰਦਾਰ ਵੀ ਕੀਤਾ ਸੀ, ਬਈ ਹੱਬਸ਼ਣ ਤੋਂ ਦੂਰ ਰਹੀਂ, ਓਏ ਤੂੰ ਮੇਰੀ ਵੀ ਕੋਈ ਪ੍ਰਵਾਹ ਨਹੀਂ ਕੀਤੀ? ਕੋਲ ਬੈਠਾ ਡੈਡੀ ਵੀ ਖਿੱਝ ਕੇ ਬੋਲਿਆ, ਓਏ ਦੇਵ! ਏਦੇ ਨਾਲ ਜਿਆਦੀ ਗੱਲ ਨਾਂ ਕਰ, ਤੇ ਏਨੂੰ ਕੱਢ ਬਾਹਰ ਸ਼ਰੀਫ ਲੁੱਚੇ ਨੂੰ? ਮਾਤਾ ਪਤੀ ਨੂੰ ਝਈ ਲੈ ਕੇ ਬੋਲੀ, ਬੁੜਿਆ! ਕਿਉਂ ਅੱਵਾ ਤੱਵਾ ਬੋਲੀ ਜਾਨਾਂ। ਸ਼ਰਮ ਕਰ, ਜਵਾਨ ਪੁੱਤ ਆ। ਦੇਸ ਰਾਜ ਬਿਨਾਂ ਕਿਸੇ ਨੂੰ ਬੁਲਾਏ ਆਪਣੇਂ ਕਮਰੇ ਵੱਲ ਚਲਾ ਗਿਆ।

ਬਾਕੀ ਹਿਸਾ ਸਫਾ 38 ਤੇ ਪੜ੍ਹੋ →

37 ਸਫ਼ੇ ਦੀ ਬਾਕੀ

ਰਾਤ ਦੇ 11 ਵਜੇ ਸਨ, ਸਾਰੇ ਸੁੱਤੇ ਹੋਏ ਸਨ। ਦੇਸ ਰਾਜ ਉਠਿਆ, ਸੂਟਕੇਸ ਵਿੱਚ ਆਪਣੇ ਕੁਝ ਕੱਪੜੇ ਰੱਖੇ ਤੇ ਚੁੱਪ ਚਾਪ ਘਰੋਂ ਬਾਹਰ ਹੋ ਗਿਆ। ਅੱਧੀ ਰਾਤ ਨੂੰ ਦਰਵਾਜ਼ੇ ਦੀ ਘੰਟੀ ਸੁਣ ਕੇ ਮਿੱਸ ਗੋਲੋ ਦੀ ਅੱਖ ਖੁੱਲ ਗਈ। ਕੰਧ 'ਤੇ ਲੱਗੇ ਟੀ.ਵੀ .ਕੈਮਰੇ ਵਿੱਚ ਬਾਹਰ ਖੜ੍ਹੇ ਦੇਸ ਰਾਜ ਨੂੰ ਦੇਖ ਕੇ ਬੁੱਲਾਂ ਵਿੱਚ ਮੁਸਕਰਾਈ ਤੇ ਦਰਵਾਜ਼ਾ ਖੁੱਲਣ ਦਾ ਬਟਣ ਦੱਬ ਦਿੱਤਾ। ਦੇਸ ਰਾਜ ਅੰਦਰ ਆ ਗਿਆ। ਦੋਵੇਂ ਘੁੱਟ ਕੇ ਮਿਲੇ। ਦੇਸ ਰਾਜ ਬੋਲਿਆ, ਲੈ ਗੋਲੋ ਮੈਂ ਆ ਗਿਆ ਤੇਰੇ ਕੋਲ, ਪੱਕਾ ਈ! ਚੰਗਾ ਕੀਤਾ। ਤੈਨੂੰ ਆਉਣਾ ਪੈਣਾਂ ਸੀ। ਜਵਾਨ ਕੁੜੀ ਮੁੰਡਾ ਮਾਂ ਬਾਪ ਦੇ ਘਰ ਸਦਾ ਨਹੀਂ ਰਹਿੰਦੇ। ਕੁੱਕੜੀ ਵੀ ਆਪਣੇ ਵੱਡੇ ਹੋ ਗਏ ਬੱਚਿਆਂ ਨੂੰ ਚੁੰਝਾਂ ਮਾਰਦੀ ਏ, ਬਈ ਤੁਸੀਂ ਵੱਡੇ ਹੋ ਗਏ ਹੋ ਤੇ ਆਪਣਾਂ ਕਮਾਉ ਤੇ ਖਾਉ। ਦੇਸ ਰਾਜ ਤੇ ਮਿੱਸ ਗੋਲੋ ਇਕੱਠੇ ਰਹਿਣ ਲੱਗ ਪਏ। ਘਰ ਦੇ ਸਾਰੇ ਯਾਦ ਆਉਂਦੇ, ਪਰ ਮਜਬੂਰ ਸੀ। ਉਹ ਵਕਤ ਵੀ ਆ ਗਿਆ ਤੇ ਮਿੱਸ ਗੋਲੋ ਨੇ ਇਕ ਸੁੰਦਰ ਬੇਬੀ ਬੋਏ ਨੂੰ ਜਨਮ ਦਿੱਤਾ। ਦੇਸ ਰਾਜ ਨੇ ਬੱਚੇ ਨੂੰ ਦੇਖਿਆ। ਮਮਤਾ ਜਾਗ ਪਈ। ਬੱਚੇ ਨੂੰ ਚੁੱਕ ਲਿਆ, ਛਾਤੀ ਨਾਲ ਲਾ ਲਿਆ। ਬੱਚੇ ਦੇ ਹੱਥਾਂ ਨੂੰ ਚੁੰਮਦਾ ਬੋਲਿਆ, ਮੇਰਾ ਬੱਚਾ, ਮੇਰਾ ਲਾਲ, ਮੇਰਾ ਸ਼ੇਰ। ਦੇਸ ਰਾਜ ਨੇ ਬੱਚੇ ਦਾ ਨਾਂ ਵੀ ਸ਼ੇਰ ਲਾਲ ਰੱਖ ਦਿੱਤਾ। ਇਕ ਮਹੀਨੇ ਬਾਅਦ ਮਿੱਸ ਗੋਲੋ ਯੂਨੀਵਰਸਿਟੀ ਜਾਣ ਲੱਗ ਪਈ। ਦੇਸ ਰਾਜ ਦਿਨ ਨੂੰ ਬੱਚੇ ਸ਼ੇਰ ਨੂੰ ਸੰਭਾਲਦਾ। ਇਕ ਦਿਨ ਦੇਸ ਰਾਜ ਨੇ ਮਿੱਸ ਗੋਲੋ ਨਾਲ ਸਲਾਹ ਕੀਤੀ ਕਿ ਉਹ ਚਾਹੁੰਦਾ ਏ ਕਿ ਉਹ ਕੋਈ ਸ਼ਾਮ ਦਾ ਪਾਰਟ ਟਾਈਮ ਕੰਮ ਲੱਭ ਲਵੇ। ਤਾਂ ਕਿ ਖਰਚ ਚੱਲਦਾ ਰਹੇ । ਸਵੇਰ ਨੂੰ ਬੱਚੇ ਨੂੰ ਉਹ ਸੰਭਾਲੇਗਾ ਤੇ ਸ਼ਾਮ ਨੂੰ ਗੋਲੋ ਸੰਭਾਲੂਗੀ। ਮਿੱਸ ਗੋਲੋ ਮੰਨ ਗਈ। ਆਖਰ ਦੇਸ ਰਾਜ ਨੂੰ ਈਲੀਂਗ ਹੌਸਪੀਟਲ ਵਿੱਚ ਸ਼ਾਮ ਦਾ ਕੰਮ ਮਿਲ ਗਿਆ। ਵਕਤ ਗੁਜ਼ਰਦਾ ਗਿਆ। ਦੇਸ ਰਾਜ ਨੂੰ ਘਰ ਦੀ ਯਾਦ ਆਉਂਦੀ, ਪਰ ਸਬਰ ਦਾ ਘੁੱਟ ਭਰ ਕੇ ਰਹਿ ਜਾਂਦਾ। ਬੱਚਾ ਸ਼ੇਰ ਲਾਲ ਇਕ ਸਾਲ ਦਾ ਹੋ ਗਿਆ। ਮਾਂ ਵਰਗਾ ਪੱਕਾ ਰੰਗ, ਸਿਰ ਦੇ ਵਾਲ ਛੋਟੇ ਛੋਟੇ ਘੁੰਗਰਾਲੇ ਤੇ ਸੰਘਣੇ। ਨੈਣ ਨਕਸ਼ ਦੇਸ ਰਾਜ ਵਰਗੇ। ਹੱਥ ਪੈਰ ਬਾਹਾਂ ਭਰਵੇਂ। ਮਿੱਸ ਗੋਲੋ ਯੂਨੀਵਰਸਿਟੀ ਵਿੱਚੋਂ ਪਾਸ ਹੋ ਗਈ। ਨਰਸ ਦੀ ਡਿਗਰੀ ਮਿਲ ਗਈ। ਵਕਤ ਗੁਜ਼ਰਦਾ ਗਿਆ।

ਇਕ ਦਿਨ ਮਿੱਸ ਗੋਲੋ ਨੂੰ (ਯੂ. ਕੇ. ਬੋਰਡਰ ਏਜੰਸੀ) ਵੱਲੋਂ ਚਿੱਠੀ ਆ ਗਈ। ਹੈਰਾਨ ਹੋਈ ਮਿੱਸ ਗੋਲੋ ਨੇ ਚਿੱਠੀ ਪੜ੍ਹੀ, ਮਿੱਸ ਸੋਨੋਂ ਗੋਲੋ। ਤੁਹਾਨੂੰ ਸੂਚਿਤ ਕੀਤਾ ਜਾਂਦਾ ਏ, ਤੁਹਾਡੀ ਦੋ ਸਾਲਾਂ ਦੀ ਪੜ੍ਹਾਈ ਪੂਰੀ ਹੋ ਚੁੱਕੀ ਏ। ਜੋ ਮਾਰਚ ਦੀ (31) ਤਰੀਕ ਤੱਕ ਸੀ, ਜੋ ਪੂਰੀ ਹੋ ਚੁੱਕੀ ਏ, ਸੋ ਤੁਹਾਨੂੰ ਅਪ੍ਰੈਲ ਦੇ ਦੋ ਹਫ਼ਤਿਆਂ ਤੱਕ ਹੀ ਰਹਿਣ ਦਿੱਤਾ ਜਾਵੇ-ਗਾ, ਉਸ ਤੋਂ ਬਾਅਦ ਤੁਹਾਨੂੰ ਹਰ ਹਾਲਤ ਵਿੱਚ ਵਾਪਸ (ਮੋਂਬਾਸਾ) ਜਾਣਾ ਏ। ਅਗਰ ਤੁਸੀਂ ਦੁਬਾਰਾ ਵਾਪਸ ਆਉਣਾ ਚਾਹੁੰਦੇ ਤਾਂ ਯੂ.ਕੇ. ਅੰਬੈਸੀ ਤੋਂ ਵਰਕ ਪਰਮਿਟ ਲੈ ਕੇ ਆ ਸਕਦੇ ਹੋ। ਦੁਪਹਿਰ ਨੂੰ ਇਕ ਹੋਰ ਚਿੱਠੀ ਆ ਗਈ। ਦੇਸ ਰਾਜ ਕੰਮ 'ਤੇ ਚਲਾ ਗਿਆ। ਮਿੱਸ ਗੋਲੋ ਨੇ ਦੂਸਰੀ ਚਿੱਠੀ ਪੜ੍ਹੀ, ਮਿਸ ਸੋਨੋਂ ਗੋਲੋ, ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤੁਹਾਡੀ ਸਟੱਡੀ ਪੂਰੀ ਹੋ ਚੁੱਕੀ ਏ। ਤੁਹਾਨੂੰ ਹੁਣ ਦੋ ਹਫਤਿਆਂ ਤੱਕ ਹੋਸਟਲ ਦਾ ਕਮਰਾ ਛੱਡਣਾਂ ਪੈਣਾਂ ਏ। ਸ਼ਾਮ ਨੂੰ ਦੇਸ ਰਾਜ ਕੰਮ ਤੋਂ ਆਇਆ। ਸੋਫ਼ੇ 'ਤੇ ਬੈਠਾ ਹੀ ਸੀ ਕਿ ਮਿੱਸ ਗੋਲੋ ਨੇ ਦੋਨੋਂ ਚਿੱਠੀਆਂ ਫੜਾਉਂਦੀ ਹੋਈ ਬੋਲੀ ਖ਼ਬਰ ਠੀਕ ਨਹੀਂ ਡੇਸ। ਲੈ ਪੜ੍ਹ ਲੈ। ਦੇਸ ਰਾਜ ਨੇ ਦੋਨੋਂ ਚਿੱਠੀਆਂ ਪੜ੍ਹੀਆਂ ਤਾਂ ਸਿਰ ਫੜ ਲਿਆ, ਮਿੱਸ ਗੋਲੋ ਨੂੰ ਬੋਲਿਆ, ਓ ਰੱਬਾ ਹੁਣ ਕੀ ਹੋਊਗਾ? ਤੂੰ ਚਲੇ ਗਈ ਤਾਂ ਮੈਂ ਸ਼ੇਰੂ ਨੂੰ ਲੈ ਕੇ ਕਿਥੇ ਜਾਊਂਗਾ? ਆਪਾਂ ਸ਼ੇਰੂ ਦਾ ਪਾਸਪੋਰਟ ਕਿਉਂ ਨਹੀਂ ਬਣਾਇਆ? ਤੇਰੇ ਨਾਲ ਤਾਂ ਚਲਾ ਜਾਂਦਾ? ਹੁਣ ਤੂੰ ਹੀ ਦੱਸ ਮੈਂ ਨੌਕਰੀ ਛੱਡਾਂ ਜਾਂ ਸ਼ੇਰੂ ਨੂੰ ਸੰਭਾਲਾਂ? ਨਾਲੇ ਖਰਚ ਕਿਥੋਂ ਆਊਗਾ। ਸ਼ੇਰੂ ਨੂੰ ਲੈ ਕੇ ਕਿਥੇ ਰਹੂੰਗਾ? ਤੂੰ ਤਾਂ ਮੈਨੂੰ ਮੁਸੀਬਤ ਵਿੱਚ ਪਾ ਦਿੱਤਾ। ਉਹ ਡੇਸ ਸੁਣ ਮੇਰੀ ਗੱਲ! ਆਪਣੀਆਂ ਈ ਮਾਰੀ ਜਾਨਾਂ ਏ। ਸੁਣ ਮੈਨੂੰ ਨਰਸ ਦੀ ਡਿਗਰੀ ਮਿਲ ਗਈ ਏ। ਮੈਂ (ਮੋਂਬਾਸਾਂ) ਜਾਊਂਗੀ, ਫੇਰ ਮੈਂ ਵਰਕ ਪਰਮਿਟ ਦਾ ਵੀਜ਼ਾ ਲੈ ਕੇ ਵਾਪਸ ਆ ਜਾਊਂਗੀ। ਨਰਸਾਂ ਦੀ ਏਥੇ ਯੂ. ਕੇ. ਵਿੱਚ ਬੜੀ ਡਮਾਂਡ ਏ। ਵੀਜ਼ਾ ਝੱਟ ਮਿਲ ਜਾਣਾ ਏ। ਹੁਣ ਸੁਣ ਦੂਸਰੀ ਗੱਲ। ਆ ਕਮਰਾ ਵੀ ਹੋਸਟਲ ਨੇ ਲੈ ਲੈਣਾ। ਤੂੰ ਮਿੰਨਤਾ ਤਰਲੇ ਕਰਕੇ ਮਾਂ ਬਾਪ ਕੋਲ ਚਲਾ ਜਾ, ਸ਼ੈਦ ਪੋਤੇ ਨੂੰ ਦੇਖ ਕੇ ਉਨ੍ਹਾਂ ਦਾ ਮਨ ਪਿਘਲ ਜਾਏ। ਜੇ ਤੇਰੇ ਵਿੱਚ ਹਿੰਮਤ ਨਹੀਂ, ਜਾਂ ਡਰਦਾ ਏਂ, ਤਾਂ ਫਿਰ ਜਾਹ ਕੌਂਸਲ ਦਾ ਦਰਵਾਜ਼ਾ ਖੜਕਾ ਜਾ ਕੇ। ਜੇ ਮੰਮ ਡੈਡ ਨੇ ਨਾਂ ਵੜਨ ਦਿੱਤਾ ਫੇਰ? ਓਏ ਮਰਦ ਬਣ ਤੂੰ ਆਪਣੀ ਮਰਜੀ ਦਾ ਮਾਲਕ ਏ। ਜਿੱਦਾਂ ਮੈਂ ਬਕਦੀ ਹਾਂ ਓਦਾਂ ਕਰ।

ਮਿੱਸ ਗੋਲੋ ਅਫਰੀਕਾ ਚਲੇ ਗਈ। ਹੋਸਟਲ ਵਾਲਿਆਂ ਦੇਸ ਰਾਜ ਕੋਲੋਂ ਚਾਬੀਆਂ ਲੈ ਲਈਆਂ। ਸ਼ਾਮ ਦਾ ਵਕਤ ਸੀ। ਦੇਸ ਰਾਜ ਨੇ ਸ਼ੇਰੂ ਨੂੰ ਮੋਢੇ ਚੁੱਕਿਆ, ਸੂਟਕੇਸ ਚੁੱਕਿ-ਆ, ਧੜਕਦੇ ਦਿਲ ਨਾਲ ਤੁਰ ਪਿਆ ਆਪਣੇ ਮੰਮ ਡੈਡੀ ਦੇ ਘਰ। ਸ਼ਾਮ ਦੇ 8 ਵੱਜ ਰਹੇ ਸਨ। ਦੇਸ ਰਾਜ ਆਪਣੀ ਦੁਕਾਨ ਦੇ ਦਰਵਾਜੇ ਅੱਗੇ ਆ ਖਲੋਤਾ। ਦਰਵਾਜੇ ਨੂੰ ਦੇਖਿਆ। ਕੰਬਦੇ ਹੱਥ ਨਾਲ ਦਰਵਾਜੇ ਦੀ ਘੰਟੀ ਦਾ ਬਟਣ ਦਬਾ ਦਿੱਤਾ। ਦੇਵ ਰਾਜ ਤੇ ਪਤਨੀ ਸੰਤੋਸ਼ੀ ਸੌਣ ਦੀ ਤਿਆਰੀ ਕਰ ਰਹੇ ਸਨ, ਕਿ ਅਚਾਨਕ ਘੰਟੀ ਦੀ ਅਵਾਜ਼ ਸੁਣਕੇ ਸੰਤੋਸ਼ੀ ਨੇ ਤਾਕੀ ਵਿੱਚ ਦੀ ਬਾਹਰ ਸੜਕ ਵੱਲ ਦੇਖਿਆ। ਦੇਸ ਰਾਜ ਸ਼ੇਰੂ ਨੂੰ ਥਾਪੀਆਂ ਦੇ ਦੇ ਕੇ ਚੁੱਪ ਕਰਾ ਰਿਹਾ ਸੀ। ਹੈਂ ਇਹ ਤਾਂ ਆਪਣਾਂ ਦੇਸਾ ਏ ਨਾਲ ਬੱਚਾ ਵੀ। ਜਾਉ ਹੇਠਾਂ ਜਲਦੀ। ਬੱਚੇ ਨੂੰ ਠੰਡ ਨਾ ਲੱਗ ਜਾਏ। ਦੇਵ ਰਾਜ ਜਲਦੀ ਨਾਲ ਹੇਠਾਂ ਆਇਆ, ਮਗਰੇ ਸੰਤੋਸ਼ੀ ਵੀ ਆ ਗਈ। ਦੇਵ ਰਾਜ ਨੇ ਦਰਵਾਜ਼ਾ ਖੋਲਿਆ, ਵੱਡੇ ਭਰਾ ਨੂੰ ਦੇਖ ਕੇ ਰੋਣੀ ਅਵਾਜ਼ ਵਿੱਚ ਦੇਸ ਰਾਜ ਬੋਲਿਆ, ਭਾ! ਮੈਨੂੰ ਥੋੜ੍ਹਾ ਚਿਰ ਅੰਦਰ ਆ ਲੈਣ ਦਿਉ, ਸ਼ੇਰੂ ਨੂੰ ਦੁੱਧ ਪਲਾਉਣਾ ਏ, ਭੁੱਖਾ ਕਰਕੇ ਰੋਂਦਾ ਏ। ਸੁਣਕੇ ਭਰਜਾਈ ਸੰਤੋਸ਼ੀ ਝੱਟ ਅੱਗੇ ਆਈ। ਸ਼ੇਰੂ ਨੂੰ ਦੇਖਿਆ ਤੇ ਝੱਟ ਦੇਸ ਰਾਜ ਤੋਂ ਜਿਵੇਂ ਖੋਹ ਲਿਆ, ਬੋਲੀ, ਹਾਏ ਮੈਂ ਮਰ ਜਾਵਾਂ, ਬੱਚੇ ਦੇ ਬੁੱਲ ਨੀਲੇ ਹੋਏ ਪਏ ਆ, ਬਾਹਰ ਠੰਡ ਵੀ ਬਹੁਤ ਆ। ਬੱਚੇ ਨੂੰ ਛੱਕਦੀ ਹੋਈ ਬੋਲੀ, ਆ ਅੰਦਰ ਦੇਸੇ, ਲੈ ਮੈਂ ਪਹਿਲਾਂ ਬੱਚੇ ਨੂੰ ਦੁੱਧ ਪਲਾਵਾਂ। ਦੋਨੋਂ ਭਰਾ ਚੁੱਪਚਾਪ ਪੌੜੀਆਂ ਚੜ੍ਹਨ ਲੱਗ ਪਏ। ਦੁੱਧ ਪੀ ਕੇ ਤੇ ਨਿੱਘ ਵਿੱਚ ਆ ਕੇ ਸ਼ੇਰੂ ਘੂਕ ਸੌਂ ਗਿਆ। ਸਾਰੀ ਰਾਤ ਦੇਸ ਰਾਜ ਨੇ ਰੋ ਰੋ ਕੇ ਆਪਣੀ ਹੱਡ ਬੀਤੀ ਭਰਾ ਭਰਜਾਈ ਨੂੰ ਸੁਣਾਈ। ਅੰਤ ਫਿਰ ਬੋਲਿਆ, ਭਾ ਮੈਂ ਬਹੁਤ ਭਾਰੀ ਗਲਤੀ ਕਰ ਬੈਠਾਂ। ਮੇਰੇ 'ਤੇ ਰਹਿਮ ਕਰੋ। ਐਸ ਵੇਲੇ ਮੇਰੇ ਤੇ ਸ਼ੇਰੂ ਕੋਲ ਰਹਿਣ ਲਈ ਕੋਈ ਜਗਾਹ ਹੈ ਨਹੀਂ। ਜਦੋਂ ਮਿਲ ਜਾਊ ਤਾਂ ਮੈਂ ਸ਼ੇਰੂ ਨੂੰ ਲੈ ਕੇ ਚਲਾ ਜਾਊਂਗਾ। ਦੇਸੇ ਰੋ ਨਾਂ ਲੈ ਮੈਂ ਰੋਟੀ ਲੈ ਕੇ ਆਵਾਂ। ਨਹੀਂ ਭਾਬੀ ਮੈਂ ਨਹੀਂ ਖਾਣੀ। ਜਾਉ ਤੁਸੀਂ ਸੌਂਵੋ, ਮੈਂ ਤੇ ਸ਼ੇਰੂ ਏਥੇ ਫਰਸ਼ 'ਤੇ ਪੈ ਜਾਵਾਂਗੇ। ਹਾਏ ਕਿੱਦਾਂ ਦੀਆਂ ਗੱਲਾਂ ਕਰਦਾ ਹੈਂ? ਚੱਲ ਆਪਣੇ ਕਮਰੇ ਵਿੱਚ ਮੈਂ ਰੋਟੀ ਲਿਆਵਾਂ, ਹਾਂ ਸ਼ੇਰੂ ਨੂੰ ਮੈਂ ਆਪਣੇ ਨਾਲ ਸਲ੍ਹਾ ਲੈਣਾਂ।

ਸਵੇਰ ਹੋਈ। ਦੇਸ ਰਾਜ ਹਾਲੇ ਵੀ ਸੁੱਤਾ ਹੋਇਆ ਸੀ। ਭਰਜਾਈ ਰਸੋਈ ਵਿੱਚ ਸ਼ੇਰੂ ਨੂੰ ਖੀਰ ਖਲਾ ਰਹੀ ਸੀ। ਸ਼ੇਰੂ ਨੂੰ ਘੜੀ ਘੜੀ ਚੁੰਮਦੀ। ਅਚਾਨਕ ਦੇਸ ਰਾਜ ਦੀ ਅੱਖ ਖੁੱਲ ਗਈ। ਨਾਲ ਦੇ ਕਮਰੇ ਵਿੱਚੋਂ ਕੁਝ ਅਵਾਜ਼ਾਂ ਆ ਰਹੀਆਂ ਸਨ। ਧਿਆਨ ਨਾਲ ਸੁਣਿਆ ਤਾਂ ਡੈਡੀ ਦੇਵ ਰਾਜ ਨੂੰ ਕਹਿ ਰਹੇ ਸਨ, ਉਸ ਬਦਮਾਸ਼ ਲੁੱਚੇ ਨੂੰ ਕਹਿ ਦੇ ਬਈ ਇਹ ਗੰਦਾ ਆਂਡਾ ਜਿਥੋਂ ਲਿਆਂਦਾ, ਉਥੇ ਛੱਡਕੇ ਆਵੇ, ਵਰਨਾ ਇਥੋਂ ਆਊਟ ਹੋਵੇ। ਏਨੇ ਆਪ ਹੀ ਗਲਤੀ ਕੀਤੀ ਆ ਹੁਣ ਆਪ ਹੀ ਭੁਗਤੇ ਸਮਝੀ ਮੇਰੀ ਗੱਲ? ਓ ਫਿੱਟੇ ਮੂੰਹ ਤੇਰੇ! ਮਾਂ ਪਤੀ ਨੂੰ ਬੋਲੀ, ਫੁੱਲ ਭਰ ਜੁਆਕ ਨੂੰ ਉਹ ਕਿਥੇ ਲਜਾਵੇ? ਬੋਲੀ ਜਾਂਦਾ, ਜਾਹ ਦੁਕਾਨ 'ਤੇ ਬੈ ਜਾ। ਦੇਖ ਦੇਵ, ਅੱਜ ਤੋਂ ਮੈਂ ਏਦੇ ਨਾਲ ਕਲਾਮ ਨਹੀਂ ਕਰਨਾਂ। ਕਹਿ ਕੇ ਪੇ ਦੁਕਾਨ 'ਤੇ ਚਲਾ ਗਿਆ। ਦੇਸ ਦੀ ਮਾਂ ਦੇਸ ਰਾਜ ਕੋਲ ਅ ਗਈ ਦੇਖਿਆ ਦੇਸ ਰਾਜ ਬਾਹਾਂ ਵਿੱਚ ਸਿਰ ਲੈ ਕੇ ਰੋ ਰਿਹਾ ਸੀ। ਮਾਂ ਨੇ ਝੱਟ ਦੇਸ ਰਾਜ ਨੂੰ ਕਲਾਵੇ ਵਿੱਚ ਲੈ ਲਿਆਕੇ ਦਿਲਾਸਾ ਦਿੱਤਾ। ਦੇਸ ਰਾਜ ਘਰ ਵਿੱਚ ਰਹਿਣ ਤਾਂ ਲੱਗ ਪਿਆ ਪਰ ਡਰ ਡਰ ਕੇ। ਮਾਂ ਤੇ ਭਰਜਾਈ ਸ਼ੇਰੂ ਨੂੰ ਲਾਡ ਪਿਆਰ ਕਰਦੀਆਂ, ਸ਼ੇਰੂ ਵੀ ਭਰਜਾਈ ਨੂੰ ਆਪਣੀ ਮਾਂ ਹੀ ਸਮਝਦਾ। ਵਕਤ ਬੀਤਦਾ ਗਿਆ। ਸ਼ੇਰੂ ਦੋ ਸਾਲਾਂ ਦਾ ਹੋ ਗਿਆ, ਪਰ ਮਿੱਸ ਗੋਲੋ ਐਸੀ ਗਈ, ਉਸ ਨੇ ਨਾਂ ਹੀ ਦੇਸ ਰਾਜ ਦੀ ਸਾਰ ਲਈ ਤੇ ਨਾ ਹੀ ਸ਼ੇਰੂ ਦੀ। ਦੇਸ ਰਾਜ ਮਿੱਸ ਗੋਲੋ ਦੀ ਹਰ ਰੋਜ਼ ਚਿੱਠੀ ਜਾਂ ਕੋਈ ਸੁਨੇਹਾ ਉਡੀਕਦਾ, ਪਰ ਨਿਰਾਸ਼ਾ ਪੱਲੇ ਪੈਂਦੀ।

ਸ਼ੇਰੂ 5 ਸਾਲ ਦਾ ਹੋ ਗਿਆ। ਦੇਸ ਰਾਜ ਦਾ ਪਿਤਾ ਹਾਲੇ ਵੀ ਦੇਸ ਰਾਜ ਨੂੰ ਨਹੀਂ ਬੁਲਾਉਂਦਾ। ਦੇਵ ਰਾਜ ਹੁਣ ਆਪਣੇ ਭਰਾ ਦੀ ਮਜਬੂਰੀ ਸਮਝਣ ਲੱਗ ਪਿਆ। ਸ਼ੇਰੂ ਨੂੰ ਪਿਆਰ ਕਰਦਾ, ਚੁੱਕਦਾ ਖੇਡਦਾ। ਸ਼ੇਰੂ ਤੋਤਲੀ ਜਬਾਨ ਵਿੱਚ ਪੰਜਾਬੀ ਬੋਲਦਾ ਤਾਂ ਸਾਰਿਆਂ ਦਾ ਦਿਲ ਮੋਹ ਲੈਂਦਾ। ਸ਼ੇਰੂ ਸਕੂਲੇ ਜਾਣ ਲੱਗ ਪਿਆ। ਦੇਸ ਰਾਜ ਸ਼ੇਰੂ ਨੂੰ ਛੱਡਣ ਤੇ ਲੈਣ ਆਉਂਦਾ। ਦੇਸੀ ਮਾਪੇ ਦੇਸ ਰਾਜ ਨੂੰ ਸ਼ੇਰੂ ਬਾਰੇ ਪੁੱਛਦੇ ਕਿ ਅਫਰੀਕਨ ਬੱਚਾ ਗੋਦ ਲਿਆ ਏ? ਨਾਂ ਨਾਂ ਇਹ ਮੇਰਾ ਆਪਣਾਂ ਬੱਚਾ ਏ, ਹਾਂ ਮੇਰੇ ਬੱਚੇ ਦੀ ਮਾਂ ਆਪਣੇ ਦੇਸ਼ ਗਈ ਹੋਈ ਏ। ਇਕ ਦਿਨ ਸ਼ੇਰੂ ਖੇਲਦਾ ਖੇਲਦਾ ਬਾਬੇ ਦੇ ਕਮਰੇ ਵਿੱਚ ਆ ਗਿਆ, ਬੋਲਿਆ, ਆ ਬਾਬਾ ਬੋਲੇ ਨਾਲ ਖੇਡੀਏ। ਕਿਉਂ ਸਕੂਲੇ ਕਾਲਿਆਂ ਦੇ ਜੁਆਕ ਨਹੀਂ ਖੇਡਦੇ ਤੇਰੇ ਨਾਲ? ਤੂੰ ਵੀ ਤਾਂ ਉਨ੍ਹਾਂ ਵਿੱਚੋਂ ਆਂ। ਅੰਦਰ ਆਉਂਦੀ ਦਾਦੀ ਨੇ ਗੱਲ ਸੁਣ ਲਈ। ਬੋਲੀ, ਫਿੱਟੇ ਮੂੰਹ ਤੇਰੇ ਜੰਣਦੇ ਦੇ। ਬੁੱਢਿਆ ਸ਼ਰਮ ਕਰ, ਰੱਬ ਦਾ ਨਾਂ ਲੈ, ਬੱਚੇ ਨਾਲ ਏਦਾਂ ਦੀਆਂ ਗੱਲਾਂ ਕਰਦਾਂ? ਦੇਸੇ ਨਾਲ ਤਾਂ ਤੂੰ ਮੂੰਹ ਬੱਟਿਆ ਈ ਆ, ਉਹਨੂੰ ਪੁੱਛ ਕੇ ਦੇਖ ਉਹ ਅੰਦਰੋਂ ਕਿੰਨਾ ਦੁਖੀ ਆ ਹੁਣ ਤੂੰ ਬੁਢਾਪਾ ਚੰਗੀ ਤਰ੍ਹਾਂ ਕੱਟ। ਹਰ ਏਕ ਨਾਲ ਹੇਲ ਮੇਲ ਰੱਖ। ਇਹ ਚਲੀ ਜਾ। ਮੈਨੂੰ ਭਾਸ਼ਣ ਨਾ ਦੇਹ। ਸ਼ੇਰੂ ਨੂੰ ਲੈ ਕੇ ਦਾਦੀ ਚਲੇ ਗਈ। ਵਕਤ ਬੀਤਦਾ ਗਿਆ, ਵਕਤ ਦੇ ਨਾਲ ਬਹੁਤ ਕੁਝ ਬਦਲ ਵੀ ਗਿਆ।

ਮਿੱਸ ਗੋਲੋ ਦਾ ਕੁਝ ਪਤਾ ਨਹੀਂ ਲੱਗਾ। ਦੇਸ ਰਾਜ ਮਿੱਸ ਗੋਲੋ ਨੂੰ ਇਕ ਤਰ੍ਹਾਂ ਭੁੱਲ ਹੀ ਗਿਆ, ਪਰ ਕਦੇ ਕਦੇ ਦਿਲ ਵਿੱਚ ਹੂਕ ਉੱਠਦੀ। ਦੇਸ ਰਾਜ ਦਾ ਡੈਡੀ ਦੇਸ ਰਾਜ ਤੇ ਸ਼ੇਰੂ ਦੇ ਪਛਤਾਵੇ ਵਿੱਚ ਖੁਰਦਾ ਗਿਆ। ਇਕ ਦਿਨ ਸਵੇਰੇ ਉਠਿਆ ਹੀ ਨਹੀਂ। ਇਕ ਮਹੀਨੇ ਬਾਅਦ ਮਾਤਾ ਵੀ ਪੂਰੀ ਹੋ ਗਈ। ਵੱਡਾ ਭਰਾ ਦੇਵ ਰਾਜ ਵੀ ਮੈਨਸ਼ਨ 'ਤੇ ਆ ਗਿਆ। ਦੇਸ ਰਾਜ ਦੇ ਸਿਰ ਦੇ ਵਾਲਾਂ ਵਿੱਚ ਵੀ ਸਫੈਦੀ ਆ ਗਈ। ਭਰਜਾਈ ਸੰਤੋਸ਼ੀ ਵੀ ਅੱਧਖੜ ਜਨਾਨੀ ਹੋ ਗਈ ਤੇ ਸ਼ੇਰੂ 24 ਸਾਲਾਂ ਦਾ ਭਰ ਜੁਆਨ 6 ਫੁੱਟ ਉੱਚਾ ਗੱਭਰੂ ਹੋ ਗਿਆ ਤੇ ਡਾਕਟਰੀ ਦੀ ਪੜ੍ਹਾਈ ਕਰਨ ਲੱਗ ਪਿਆ। ਹਰ ਸਵੇਰ ਨੂੰ ਡੈਡੀ ਦੇਸ ਰਾਜ, ਤਾਏ ਦੇਵ ਰਾਜ ਤੇ ਮਾਂ ਸਮਾਨ ਤਾਈ ਸੰਤੋਸ਼ੀ, ਇਨ੍ਹਾਂ ਸਾਰਿਆਂ ਦੇ ਪੈਰੀਂ ਹੱਥ ਲਾ ਕੇ ਕੌਲਜ ਜਾਂਦਾ। ਵਕਤ ਗੁਜ਼ਰਦਾ ਗਿਆ। ਸ਼ੇਰੂ ਨੇ ਆਪਣੀ ਲਗਨ ਨਾਲ ਮਿਹਨਤ ਨਾਲ M.B.B.S. ਦੀ ਡਿਗਰੀ ਹਾਸਲ ਕਰ ਲਈ। ਪਾਰਟੀ ਕੀਤੀ। ਦੇਸ ਰਾਜ, ਦੇਵ ਰਾਜ, ਭਰਜਾਈ ਸੰਤੋਸ਼ੀ, ਤਿੰਨਾਂ ਨੇ ਸ਼ੇਰੂ ਦੇ ਗੱਲ ਵਿੱਚ ਹਾਰ ਪਾਏ। ਘੁੱਟਕੇ ਜੱਫੀਆਂ ਪਾਈਆਂ। ਦੇਸ ਰਾਜ ਦੀਆਂ ਖੁਸ਼ੀ ਵਿੱਚ ਅੱਖਾਂ ਭਰ ਆਈਆਂ। ਸ਼ੇਰੂ ਨੂੰ ਬੋਲਿਆ, ਲੈ ਮੇਰਿਆ ਸ਼ੇਰ ਬੱਚਿਆ, ਜਿਹੜਾ ਸੁਫ਼ਨਾ ਮੇਰੇ ਮੰਨ ਵਿੱਚ ਸੀ, ਉਹ ਸੁਫਨਾਂ ਅੱਜ ਪੂਰਾ ਹੋ ਗਿਆ ਏ। ਹੁਣ ਬੇਟਾ ਤੂੰ ਅਜ਼ਾਦ ਏਂ। ਸ਼ੇਰੂ ਵੀ ਆਪਣੇ ਡੈਡੀ ਨੂੰ ਜੱਫੀ ਵਿੱਚ ਲੈ ਕੇ ਬੋਲਿਆ, ਡੈਡੀ ਮੈਂ ਵੀ ਤੁਹਾਡੀ ਕੀਤੀ ਕੁਰ-ਬਾਨੀ ਨੂੰ ਮਰਦੇ ਦਮ ਤੱਕ ਨਹੀਂ ਭੁੱਲੂੰਗਾ। ਮੇਰੀ ਖਾਤਰ ਤੁਸੀਂ ਆਪਣੀ ਜ਼ਿੰਦਗੀ ਇਕੱਲਿਆਂ ਨੇ ਗੁਜ਼ਾਰ ਦਿੱਤੀ ਤੇ ਏਸ ਮੰਮ ਨੇ ਮੈਨੂੰ ਪਾਲ੍ਹਿਆ। ਤਾਏ ਹੁਣਾਂ ਨੇ ਮੈਨੂੰ ਹਸਾਇਆ, ਖਡਾਇਆ। ਤੁਸੀਂ ਸਾਰੇ ਮੇਰੇ ਪੂਜਣ ਹਾਰ ਹੋ।

ਇਕ ਸਾਲ ਬਾਅਦ ਦੇਸ ਰਾਜ ਤੇ ਦੇਵ ਰਾਜ ਭਰਾਵਾਂ ਦੀ ਦੁਕਾਨ ਇਕ ਖੂਬਸੂਰਤ (ਮੈਡੀਕਲ ਸਰਜਰੀ) ਵਿੱਚ ਬਦਲ ਗਈ। ਦੇਸ ਰਾਜ, ਦੇਵ ਰਾਜ ਤੇ ਸੰਤੋਸ਼ੀ ਤਿੰਨੋਂ ਸਰਜਰੀ ਦੇ ਬਾਹਰ ਲੱਗੇ ਬੈਂਚ 'ਤੇ ਬੈਠੇ ਹੋਏ ਸਨ। ਨਿੱਘੀ ਧੁੱਪ ਫੈਲੀ ਹੋਈ ਸੀ। ਅਚਾਨਕ ਦੇਸ ਰਾਜ ਠੰਡਾ ਹੋਕਾ ਲੈ ਕੇ ਬੋਲਿਆ, ਗੋਲੋ ਕਾਸ਼ ਜੇ ਤੂੰ ਵੀ ਏਥੇ ਹੁੰਦੀ ਤਾਂ ਆਪਣੇ ਬੇਟੇ ਨੂੰ ਡਾਕਟਰ ਬਣਿਆਂ ਦੇਖਦੀ। ਆਪਣਾਂ ਸ਼ੇਰੂ ਡਾਕਟਰ ਬਣ ਗਿਆ ਏ। ਕਹਿਕੇ ਦੇਸ ਰਾਜ ਨੇ ਆਪਣੀਆਂ ਅੱਖਾਂ ਸਾਫ ਕੀਤੀਆਂ। ਦੇਵ ਰਾਜ ਭਰਾ ਨੂੰ ਥਾਪੀ ਦਿੰਦੇ ਹੋਏ ਬੋਲਿਆ, ਦੇਸ ਰਾਜ ਤੂੰ ਧੰਨ ਏ, ਆਪਣੇ ਬੱਚੇ ਦੀ ਖਾਤਰ ਤਕਲੀਫ਼ਾਂ ਸਹੀਆਂ। ਦੇਸ ਰਾਜ ਸ਼ਾਬਾਸ਼ੇ ਤੇਰੇ! ਫਿਰ ਸਰਜਰੀ ਦੀ ਕੰਧ 'ਤੇ ਲੱਗੇ ਬੋਰਡ 'ਤੇ ਲਿਖੇ ਵੱਡੇ ਅੱਖਰਾਂ ਵੱਲ ਦੇਖਕੇ ਦੇਵ ਰਾਜ ਭਰਾ ਨੂੰ ਬੋਲਿਆ, ਦੇਸਿਆ! ਦੇਖ ਉਪਰ, ਬੋਰਡ 'ਤੇ ਕੀ ਲਿਖਿਆ। ਦੇਸ ਰਾਜ ਨੇ ਸਿਰ ਉੱਚਾ ਕਰਕੇ ਬੋਰਡ ਵੱਲ ਦੇਖਿਆ। ਬੋਰਡ 'ਤੇ ਲਿਖਿਆ ਹੋਇਆ ਸੀ।

ਮੈਂ ਡਾਕਟਰ ਸ਼ੇਰੂ ਰਾਜ, M.B.B.S.
ਮੇਰੇ ਪਿਤਾ ਜੀ, ਮਿਸਟਰ ਦੇਸ ਰਾਜ,
ਮੇਰੇ ਤਾਇਆ ਜੀ, ਮਿਸਟਰ ਦੇਵ ਰਾਜ,
ਮੇਰੇ ਮਾਤਾ ਜੀ ਸਮਾਨ ਮੇਰੀ ਤਾਈ ਜੀ ਮਿੱਸਜ਼ ਸੰਤੋਸ਼ੀ ਰਾਜ, ਮੇਰੇ ਇਨ੍ਹਾਂ ਮਹਾਂ ਪੁਰਸ਼ਾਂ ਨੇ ਮੈਨੂੰ ਜ਼ਿੰਦਗੀ ਦਿੱਤੀ॥

– ਲੇਖਕ–
ਸਰਵਜੀਤ ਸਿੰਘ ਸੈਕਰਾਮੈਂਟੋ

# ਨਾਨਕਸ਼ਾਹੀ ਕੈਲੰਡਰ ਬਨਾਮ ਸਰਕਾਰੀ ਕੈਲੰਡਰ ਇਹ ਕੈਲੰਡਰ, ਨਾਨਕਸ਼ਾਹੀ ਕੈਲੰਡਰ ਕਿਵੇਂ ਹੈ?





ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਸਾਲ ਦਾ ਕੈਲੰਡਰ, ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਕਰ ਦਿੱਤਾ ਗਿਆ ਹੈ। ਕੈਲੰਡਰ ਜਾਰੀ ਕਰਨ ਵੇਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੌਮ ਨੂੰ ਰਵਾਇਤੀ ਸੰਦੇਸ਼ ਵੀ ਦਿੱਤਾ ਗਿਆ ਹੈ। ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਦੋਵੇਂ ਜਿੰਮੇਵਾਰ ਸੱਜਣਾਂ ਵੱਲੋਂ ਕੈਮਰੇ ਦੇ ਸਾਹਮਣੇ ਬੈਠ ਕੇ ਝੂਠ ਬੋਲਿਆ ਗਿਆ ਹੈ। ਇਹ ਕਿਵੇਂ ਮੰਨ ਲਿਆ ਜਾਵੇਂ ਕਿ ਇਨ੍ਹਾਂ ਨੇ ਗੁਰਬਾਣੀ ਦੀ ਇਹ ਪਾਵਨ ਪੰਗਤੀ, "ਝੂਠੁ ਨ ਬੋਲਿ ਪਾਡੇ ਸਚੁ ਕਹੀਐ" ਨਹੀਂ ਪੜ੍ਹੀ-ਸੁਣੀ ਹੋਵੇਗੀ। ਹਾਂ, ਇਹ ਹੋ ਸਕਦਾ ਹੈ ਕਿ ਇਹ ਸਮਝਦੇ ਹੋਣ ਕਿ ਇਹ ਪਾਵਨ ਪੰਗਤੀ ਸਿਰਫ ਪਾਂਡੇ ਲਈ ਹੈ, ਸਾਡੇ ਲਈ ਨਹੀਂ।

ਪ੍ਰਧਾਨ ਜੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਹੈ ਕਿ ਹਰ ਸਾਲ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਜਾਂਦਾ ਹੈ ਅਤੇ ਸਾਰੇ ਅਵਤਾਰ ਦਿਹਾੜੇ, ਗੁਰਪੁਰਬ ਤੇ ਪ੍ਰਕਾਸ਼ ਦਿਹਾੜੇ, ਉਹ ਸਾਰੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਏ ਜਾਂਦੇ ਹਨ। ਇਹ ਕੋਰਾ ਝੂਠ ਹੈ। ਸੰਮਤ 542 ਨਾਨਕਸ਼ਾਹੀ (ਮਾਰਚ 2010 ਈ:) ਤੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਨਾਨਕਸ਼ਾਹੀ ਕੈਲੰਡਰ ਨੂੰ ਤਿਆਗ ਚੁੱਕੀ ਹੈ। ਹੁਣ ਇਹ, ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਜੀ ਵੱਲੋਂ, ਅਕਤੂਬਰ 2009 ਈ: ਵਿੱਚ ਬਣਾਈ ਗਈ ਦੋ ਮੈਂਬਰੀ ਕਮੇਟੀ (ਭਾਈ ਹਰਨਾਮ ਸਿੰਘ ਧੁੰਮਾ ਅਤੇ ਭਾਈ ਅਵਤਾਰ ਸਿੰਘ ਮੱਕੜ) ਵੱਲੋਂ ਸੁਝਾਏ ਗਏ ਕੈਲੰਡਰ ਨੂੰ ਹੀ ਛਾਪਦੀ ਅਤੇ ਉਸੇ ਮੁਤਾਬਕ ਹੀ ਸਾਰੇ ਦਿਹਾੜੇ ਮਨਾਉਂਦੀ ਹੈ। ਇਸ ਸਾਲ ਵੀ ਆਪ ਜੀ ਨੇ, ਦੋ ਮੈਂਬਰੀ ਕਮੇਟੀ ਵੱਲੋਂ ਸੁਝਾਏ ਗਏ ਕੈਲੰਡਰ ਨੂੰ ਹੀ ਜਾਰੀ ਕੀਤਾ ਹੈ। ਦੋ ਮੈਂਬਰੀ ਕਮੇਟੀ ਦੇ ਨਾਮ ਤੇ ਹੀ ਇਸ ਕੈਲੰਡਰ ਦਾ ਨਾਮ 'ਸਰਕਾਰੀ ਕੈਲੰਡਰ' ਪ੍ਰਚੱਲਤ ਹੋਇਆ ਹੈ। ਕੀ ਕਾਰਨ ਹੈ ਕਿ ਪਿਛਲੇ ਡੇਢ ਦਹਾਕੇ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਦੋ ਵੱਖ-ਵੱਖ ਕੈਲੰਡਰਾਂ ਨੂੰ ਰਲਗਡ ਕਰਕੇ, ਕੌਮ ਨੂੰ ਗੁਮ-ਰਾਹ ਕੀਤਾ ਜਾ ਰਿਹਾ ਹੈ? ਮੰਨਿਆ ਕਿ, ਕਿਹੜਾ ਕੈਲੰਡਰ ਵਰਤਣਾ ਹੈ, ਇਹ ਫੈਸਲਾ ਸ਼੍ਰੋਮਣੀ ਕਮੇਟੀ ਕਰ ਸਕਦੀ ਹੈ। ਪਰ, ਸੱਚ ਤਾਂ ਬੋਲੋ, ਕਿ ਅਸੀਂ ਆਹ ਕੈਲੰਡਰ ਛਾਪਦੇ ਹਾਂ। ਕੌਮ ਨੂੰ ਗੁਮਰਾਹ ਕਿਉਂ ਕਰ ਰਹੇ ਹੋ? ਕੀ ਸ਼੍ਰੋਮਣੀ ਕਮੇਟੀ ਨੂੰ ਵੱਖ-ਵੱਖ ਕੈਲੰਡਰਾਂ ਬਾਰੇ ਜਾਣਕਾਰੀ ਨਹੀਂ ਹੈ ਜਾਂ ਜਾਣ ਬੁਝ ਕੇ ਝੂਠ ਬੋਲਿਆ ਜਾ ਰਿਹਾ ਹੈ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਿਆ ਜਾਂਦਾ ਹੈ। ਇਸ ਕੈਲੰਡਰ ਉੱਪਰ ਸੰਮਤ ਨਾਨਕਸ਼ਾਹੀ ਲਿਖਿਆ ਜਾਂਦਾ ਹੈ। ਬਿਕ੍ਰਮੀ ਕੈਲੰਡਰ ਉੱਪਰ ਨਾਨਕਸ਼ਾਹੀ ਸੰਮਤ ਲਿਖਣ ਨਾਲ ਇਹ ਕੈਲੰਡਰ, ਨਾਨਕਸ਼ਾਹੀ ਕੈਲੰਡਰ ਨਹੀਂ ਬਣ ਜਾਂਦਾ। ਨੱਥੀ ਕੀਤੇ ਚਾਰਟ ਨੂੰ ਧਿਆਨ ਨਾਲ ਵੇਖੋ। ਸਾਲ ਦੀ ਲੰਬਾਈ, ਮਹੀਨੇ ਦਾ ਆਰੰਭ ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ ਵਿੱਚ ਕਿੰਨਾ ਅੰਤਰ ਹੈ। ਇਨ੍ਹਾਂ ਦੋਵਾਂ ਕੈਲੰਡਰਾਂ ਨੂੰ ਕੋਈ ਵੀ ਸੂਝਵਾਨ ਵਿਅਕਤੀ, ਇਕ ਨਹੀਂ ਆਖ ਸਕੇਗਾ। ਧੰਨ ਹੈ ਸ਼੍ਰੋਮਣੀ ਕਮੇਟੀ ਜਿਸ ਨੂੰ ਇਹ ਅੰਤਰ ਨਜ਼ਰ ਹੀ ਨਹੀਂ ਆਉਂਦਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਸਾਲ ਦਾ ਕੈਲੰਡਰ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਆਪਣੇ ਖਿੱਤੇ ਵਿੱਚ ਪ੍ਰਚੱਲਤ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ ਗੁਰੂ ਅਮਰਦਾਸ ਜੀ 2 ਅੱਸੂ , ਭਾਦੋਂ ਸੁਦੀ 15 ਸੰਮਤ 1631 ਬਿਕ੍ਰਮੀ ਨੂੰ ਜੋਤੀ ਜੋਤ ਸਮਾਏ ਸਨ। ਨਾਨਕਸ਼ਾਹੀ ਕੈਲੰਡਰ ਵਿੱਚ 2 ਅੱਸੂ ਹੀ ਦਰਜ ਹੈ। (ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਉੱਪਰ ਇਹ ਤਾਰੀਖ 1 ਅੱਸੂ, ਭਾਦੋਂ ਸੁਦੀ 14 ਸੰਮਤ 1631 ਬਿਕ੍ਰਮੀ ਦਰਜ ਹੈ, ਜੋ ਸਹੀ ਨਹੀਂ ਹੈ) ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਪਿਛਲੇ ਇਕ ਦਹਾਕੇ ਦੇ ਕੈਲੰਡਰਾਂ ਨੂੰ ਵੇਖਿਆ ਤਾਂ ਬੜੀ ਹੀ ਹਾਸੋਂ ਹੀਣੀ ਤਸਵੀਰ ਸਾਹਮਣੇ ਆਈ ਹੈ। ਨੱਥੀ ਕੀਤੇ ਚਾਰਟ ਨੂੰ ਧਿਆਨ ਨਾਲ ਵੇਖੋ। ਸ. ਹਰਜਿੰਦਰ ਸਿੰਘ ਧਾਮੀ ਜੀ, ਮੰਨਿਆ ਕਿ ਕੈਲੰਡਰ ਤੁਹਾਡਾ ਵਿਸ਼ਾ ਨਹੀਂ ਹੈ। ਕੀ ਸ਼੍ਰੋਮਣੀ ਕਮੇਟੀ ਦੇ ਸਲਾਹਕਾਰ ਵਿਦਵਾਨ, ਉੱਚ ਅਹੁਦਿਆਂ ਤੇ ਬਿਰਾਜਮਾਨ ਅਧਿਕਾਰੀ, ਧਰਮ ਪਰਚਾਰ ਕਮੇਟੀ, ਸਿੱਖ ਇਤਿਹਾਸ ਰਿਸਰਚ ਬੋਰਡ ਜਾਂ ਉਹ, ਜਿਹੜੇ ਪਿਛਲੇ ਢਾਈ ਦਹਾਕਿਆਂ ਤੋਂ ਆਪਣੇ ਆਪ ਨੂੰ ਕੈਲੰਡਰ ਵਿਗਿਆਨੀ ਹੋਣ ਦਾ ਭਰਮ ਪਾਲੀ ਬੈਠੇ ਹਨ, ਕਿਸੇ ਨੇ ਵੀ ਆਪ ਜੀ ਨੂੰ ਇਹ ਨਹੀਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਛਾਪਿਆਂ ਜਾਂਦਾ ਕੈਲੰਡਰ, ਨਾਨਕਸ਼ਾਹੀ ਕੈਲੰਡਰ ਨਹੀਂ ਹੈ?

ਪ੍ਰਧਾਨ ਜੀ, ਆਪ ਜੀ ਨੇ ਕੈਮਰੇ ਦੇ ਸਾਹ-ਮਣੇ ਬੈਠ ਕੇ ਸਮੁੱਚੀ ਕੌਮ ਨੂੰ ਬੇਨਤੀ ਕਰਦਿਆਂ ਕਿਹਾ ਹੈ ਕਿ, "ਕਈ ਵਾਰੀ ਆਪੋ ਆਪਣੀ ਈਗੋ ਮੁਤਾਬਕ ਦਿਹਾੜੇ ਅੱਗੇ-ਪਿਛੇ ਕਰ ਲੈਂਦੇ ਹਾਂ"। ਬੇਨਤੀ ਹੈ ਕਿ ਉੱਪਰ ਦਿੱਤੇ ਚਾਰਟ ਨੂੰ ਧਿਆਨ ਵੇਖੋ ਅਤੇ ਦੱਸੋ ਕਿ ਗੁਰੂ ਸਾਹਿਬ ਜੀ ਦਾ ਜੋਤੀ ਜੋਤ ਸਮਾਉਣ ਦਾ ਦਿਹਾੜਾ, ਅੱਗੇ-ਪਿਛੇ ਕੌਣ ਕਰ ਰਿਹਾ ਹੈ?

ਆਪ ਜੀ ਦਾ ਇਹ ਕਹਿਣਾ ਕਿ "ਨਾਨਕਸ਼ਾਹੀ ਕੈਲੰਡਰ ਸ਼ੁਭ ਸੰਕੇਤ ਸੀ", ਠੀਕ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਤੋਂ ਮੁਨਕਰ ਕਿਉ ਹੋਈ?

ਆਪ ਜੀ ਨੇ ਕੌਮ ਨੂੰ ਬੇਨਤੀ ਕਰਦਿਆਂ ਕਿਹਾ ਹੈ "ਜਿਸ ਵੇਲੇ ਕੋਈ ਨਵੀਂ ਚੀਜ਼ ਜਾਰੀ ਹੁੰਦੀ ਹੈ ਉਸ ਨੂੰ ਥੋੜਾ ਸਮਾਂ ਲੱਗ ਜਾਂਦਾ ਹੈ, ਪਰ ਹੁਣ ਆਪਾ ਸਮਾਂ ਵਿਹਾਈਏ ਨਾਂ"।

ਸ. ਹਰਜਿੰਦਰ ਸਿੰਘ ਧਾਮੀ ਜੀ, ਕਰੋ ਆਪਣੇ ਕਹੇ ਸ਼ਬਦਾਂ ਤੇ ਅਮਲ। ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਦਿਹਾੜਾ ਅਸਲ ਪ੍ਰਵਿਸ਼ਟੇ ਭਾਵ 2 ਅੱਸੂ ਨੂੰ ਮਨਾਉਣ ਦਾ ਐਲਾਨ ਕਰੋ। ਹੋਰ ਸਮਾਂ ਖ਼ਰਾਬ ਕੀਤੇ ਬਿਨਾਂ ਅੱਗੋਂ ਤੋਂ ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਭਾਵ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਦਾ ਐਲਾਨ ਕਰੋ। ਤਾਂ ਜੋ ਕੌਮ ਵਿੱਚ ਏਕਤਾ ਅਤੇ ਅਨੁਸ਼ਾਸਨ ਨੂੰ ਕਾਇਮ ਰੱਖਿਆ ਜਾ ਸਕੇ।

| ਸੰਮਤ 556 ਨਾਨਕਸ਼ਾਹੀ | | | | |
|---|---|---|---|---|
| | ਨਾਨਕਸ਼ਾਹੀ ਕੈਲੰਡਰ | | ਧੁਮੱਕੜਸ਼ਾਹੀ ਕੈਲੰਡਰ | |
| ਸਾਲ ਦੀ ਲੰਬਾਈ | 365.2425 ਦਿਨ | | 365.2567 ਦਿਨ | |
| ਮਹੀਨਾ | ਆਰੰਭ | ਦਿਨ | ਆਰੰਭ | ਦਿਨ |
| ਚੇਤ | 14 ਮਾਰਚ | 31 | 14 ਮਾਰਚ | 30 |
| ਵੈਸਾਖ | 14 ਅਪ੍ਰੈਲ | 31 | 13 ਅਪ੍ਰੈਲ | 31 |
| ਜੇਠ | 15 ਮਈ | 31 | 14 ਮਈ | 31 |
| ਹਾੜ | 15 ਜੂਨ | 31 | 14 ਜੂਨ | 32 |
| ਸਾਵਣ | 16 ਜੁਲਾਈ | 31 | 16 ਜੁਲਾਈ | 31 |
| ਭਾਦੋਂ | 16 ਅਗਸਤ | 30 | 16 ਅਗਸਤ | 31 |
| ਅੱਸੂ | 15 ਸਤੰਬਰ | 30 | 16 ਸਤੰਬਰ | 31 |
| ਕੱਤਕ | 15 ਅਕਤੂਬਰ | 30 | 17 ਅਕਤੂਬਰ | 30 |
| ਮੱਘਰ | 14 ਨਵੰਬਰ | 30 | 16 ਦਸੰਬਰ | 29 |
| ਪੋਹ | 14 ਦਸੰਬਰ | 30 | 15 ਜਨਵਰੀ | 30 |
| ਮਾਘ | 13 ਜਨਵਰੀ | 30 | 14 ਫ਼ਰਵਰੀ | 29 |
| ਫੱਗਣ | 12 ਫ਼ਰਵਰੀ | 30 | 12 ਮਾਰਚ | 30 |

| ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਦਿਵਸ | | |
|---|---|---|
| ਸੰਮਤ | ਨਾਨਕਸ਼ਾਹੀ ਕੈਲੰਡਰ | ਧੁਮੱਕੜਸ਼ਾਹੀ ਕੈਲੰਡਰ |
| 547 | 2 ਅੱਸੂ | 12 ਅੱਸੂ |
| 548 | 2 ਅੱਸੂ | 1 ਅੱਸੂ |
| 549 | 2 ਅੱਸੂ | 22 ਭਾਦੋਂ |
| 550 | 2 ਅੱਸੂ | 9 ਅੱਸੂ |
| 551 | 2 ਅੱਸੂ | 29 ਭਾਦੋਂ |
| 552 | 2 ਅੱਸੂ | 18 ਭਾਦੋਂ |
| 553 | 2 ਅੱਸੂ | 5 ਅੱਸੂ |
| 554 | 2 ਅੱਸੂ | 25 ਭਾਦੋਂ |
| 555 | 2 ਅੱਸੂ | 13 ਅੱਸੂ |
| 556 | 2 ਅੱਸੂ | 3 ਅੱਸੂ |


| ਸੰਮਤ 556 ਨਾਨਕਸ਼ਾਹੀ | | | | |
|---|---|---|---|---|
| | ਨਾਨਕਸ਼ਾਹੀ ਕੈਲੰਡਰ | | ਧੁਮੱਕੜਸ਼ਾਹੀ ਕੈਲੰਡਰ | |
| ਸਾਲ ਦੀ ਲੰਬਾਈ | 365.2425 ਦਿਨ | | 365.2567 ਦਿਨ | |
| ਮਹੀਨਾ | ਆਰੰਭ | ਦਿਨ | ਆਰੰਭ | ਦਿਨ |
| ਚੇਤ | 14 ਮਾਰਚ | 31 | 14 ਮਾਰਚ | 30 |
| ਵੈਸਾਖ | 14 ਅਪ੍ਰੈਲ | 31 | 13 ਅਪ੍ਰੈਲ | 31 |
| ਜੇਠ | 15 ਮਈ | 31 | 14 ਮਈ | 31 |
| ਹਾੜ | 15 ਜੂਨ | 31 | 14 ਜੂਨ | 32 |
| ਸਾਵਣ | 16 ਜੁਲਾਈ | 31 | 16 ਜੁਲਾਈ | 31 |
| ਭਾਦੋਂ | 16 ਅਗਸਤ | 30 | 16 ਅਗਸਤ | 31 |
| ਅੱਸੂ | 15 ਸਤੰਬਰ | 30 | 16 ਸਤੰਬਰ | 31 |
| ਕੱਤਕ | 15 ਅਕਤੂਬਰ | 30 | 17 ਅਕਤੂਬਰ | 30 |
| ਮੱਘਰ | 14 ਨਵੰਬਰ | 30 | 16 ਦਸੰਬਰ | 29 |
| ਪੋਹ | 14 ਦਸੰਬਰ | 30 | 15 ਜਨਵਰੀ | 30 |
| ਮਾਘ | 13 ਜਨਵਰੀ | 30 | 14 ਫ਼ਰਵਰੀ | 29 |
| ਫੱਗਣ | 12 ਫ਼ਰਵਰੀ | 30 | 12 ਮਾਰਚ | 30 |

| ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਦਿਵਸ | | |
|---|---|---|
| ਸੰਮਤ | ਨਾਨਕਸ਼ਾਹੀ ਕੈਲੰਡਰ | ਧੁਮੱਕੜਸ਼ਾਹੀ ਕੈਲੰਡਰ |
| 547 | 2 ਅੱਸੂ | 12 ਅੱਸੂ |
| 548 | 2 ਅੱਸੂ | 1 ਅੱਸੂ |
| 549 | 2 ਅੱਸੂ | 22 ਭਾਦੋਂ |
| 550 | 2 ਅੱਸੂ | 9 ਅੱਸੂ |
| 551 | 2 ਅੱਸੂ | 29 ਭਾਦੋਂ |
| 552 | 2 ਅੱਸੂ | 18 ਭਾਦੋਂ |
| 553 | 2 ਅੱਸੂ | 5 ਅੱਸੂ |
| 554 | 2 ਅੱਸੂ | 25 ਭਾਦੋਂ |
| 555 | 2 ਅੱਸੂ | 13 ਅੱਸੂ |
| 556 | 2 ਅੱਸੂ | 3 ਅੱਸੂ |




**'ਪੰਜਾਬ ਟਾਈਮਜ਼' ਦੇ ਕਾਲਮਨਵੀਸ ਪ੍ਰਵਾਸੀ ਪੰਜਾਬੀ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਅਤੇ ਉਨ੍ਹਾਂ ਦੀ ਸੁਪਤਨੀ ਸਤਵੰਤ ਕੌਰ ਨੇ 25 ਫਰਵਰੀ ਨੂੰ ਆਪਣੀ ਪੰਜਤਾਲ਼ੀ ਵੀਂ ਵਿਆਹ ਵਰ੍ਹੇ-ਗੰਢ ਦੁਪਾਲ ਪੁਰ ਵਿਖੇ ਮਨਾਈ!**

3 ਮਾਰਚ ਨੂੰ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ

Email:bhagwansinghjohal@gmail.com

# ਡਾ: ਮਹਿੰਦਰ ਸਿੰਘ ਰੰਧਾਵਾ ਨੂੰ ਯਾਦ ਕਰਦਿਆਂ

ਪੰਜਾਬ ਦੇ ਸੱਭਿਆਚਾਰ ਨੂੰ ਦਿਲ ਦੀ ਗਹਿਰਾਈਆਂ ਤੋਂ ਸਨੇਹ ਕਰਨ ਵਾਲੇ, ਪੰਜਾਬ ਲਈ ਆਧੁਨਿਕ ਦਿੱਖ ਵਾਲਾ ਸ਼ਹਿਰ ਚੰਡੀਗੜ੍ਹ ਵਸਾਉਣ ਵਾਲੇ ਅਤੇ ਪੰਜਾਬ ਦੀ ਵੰਡ ਕਾਰਨ ਬੇਘਰ ਹੋਏ ਪੰਜਾਬੀਆਂ ਦਾ ਪੁਨਰ ਵਸੇਵਾ ਕਰਵਾਉਣ ਵਾਲੇ ਡਾ: ਮਹਿੰਦਰ ਸਿੰਘ ਰੰਧਾਵਾ ਦਾ ਜਨਮ 2 ਜਨਵਰੀ, 1909 ਈ: ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੋਦਲ ਵਿਖੇ ਸ: ਸ਼ੇਰ ਸਿੰਘ ਰੰਧਾਵਾ ਅਤੇ ਮਾਤਾ ਬਚਿੰਤ ਕੌਰ ਦੇ ਗ੍ਰਹਿ ਵਿਖੇ ਹੋਇਆ। ਜਨਮ ਸਮੇਂ ਮਾਤਾ ਜੀ ਅਤੇ ਪਿਤਾ ਜੀ ਫਿਰੋਜ਼ਪੁਰ ਜਿਲ੍ਹੇ ਦੇ ਕਸਬਾ ਜ਼ੀਰਾ ਵਿੱਚ ਰਹਿ ਰਹੇ ਸਨ। ਸਕੂਲ ਦੀ ਪੜ੍ਹਾਈ ਪਿੱਛੋਂ ਉਹ ਲਾਹੌਰ ਚਲੇ ਗਏ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐੱਮ. ਐੱਸ. ਸੀ. ਬੋਟਨੀ ਦਾ ਇਮਤਿਹਾਨ 1930 ਈ: ਵਿੱਚ ਪਾਸ ਕੀਤਾ। ਡਾ: ਮਹਿੰਦਰ ਸਿੰਘ ਰੰਧਾਵਾ 1934 ਈ: ਵਿੱਚ ਆਈ. ਸੀ. ਐੱਸ. (ਭਾਰਤੀ ਸਿਵਿਲ ਸੇਵਾਵਾਂ) ਲਈ ਚੁਣੇ ਗਏ। ਆਈ. ਸੀ. ਐੱਸ. ਦੀ ਚੋਣ ਤੋਂ ਪਿੱਛੋਂ ਉਨ੍ਹਾਂ ਦੀ ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜ ਵਿੱਚ ਵੱਖ-ਵੱਖ ਪ੍ਰਬੰਧਕੀ ਅਹੁਦਿਆਂ 'ਤੇ ਨਿਯੁਕਤੀ ਹੁੰਦੀ ਰਹੀ। ਦੇਸ਼ ਦੀ ਅਜਾਦੀ ਤੋਂ ਪਹਿਲਾਂ 1946 ਈ: ਵਿੱਚ ਦੋ ਸਾਲ ਦਿੱਲੀ ਸ਼ਹਿਰ ਦੇ ਡਿਪਟੀ ਕਮਿਸ਼ਨਰ ਵੀ ਰਹੇ।

ਦੇਸ਼ ਦੀ ਅਜਾਦੀ ਤੋਂ ਪਿੱਛੋਂ ਦੇਸ਼ ਦੇ ਬਟਵਾਰੇ ਸਮੇਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਪੁਨਰਵਾਸ ਸਬੰਧੀ ਮਹਿਕਮੇ ਦੇ 1949 ਤੋਂ 1951 ਈ: ਤੱਕ ਡਾਇਰੈਕਟਰ ਜਨਰਲ ਵਜੋਂ ਤਾਇਨਾਤ ਰਹੇ। 1955 ਈ: ਤੋਂ 1966 ਈ: ਤੱਕ ਡਾ: ਰੰਧਾਵਾ ਨਵੀਂ ਦਿੱਲੀ ਵਿਖੇ ਇੰਡੀਅਨ ਐਗਰੀਕਲਚਰ ਕੌਂਸਲ ਦੇ ਉਪ-ਪ੍ਰਧਾਨ, ਯੋਜਨਾ ਕਮਿਸ਼ਨਰ ਦੇ ਕੁਦਰਤੀ ਸਾਧਨਾਂ ਸਬੰਧੀ ਸਲਾਹਕਾਰ ਤੋਂ ਇਲਾਵਾ ਖੁਰਾਕ ਅਤੇ ਖੇਤੀਬਾੜੀ ਮੰਤਰਾਲੇ ਵਿੱਚ ਸਕੱਤਰ ਦੇ ਜ਼ਿੰਮੇਵਾਰ ਅਹੁਦਿਆਂ 'ਤੇ ਸੁਸ਼ੋਭਿਤ ਰਹੇ।

1966 ਈ: ਵਿੱਚ ਡਾ: ਰੰਧਾਵਾ ਕੇਂਦਰੀ ਸ਼ਾਸਤ ਖੇਤਰ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਬਣੇ। ਇਸ ਤੋਂ ਛੇਤੀ ਪਿੱਛੋਂ 1968 ਈ: ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਨਿਯੁਕਤ ਹੋਏ। ਪੰਜਾਬ ਦੀ ਖੇਤੀ ਨੂੰ ਆਧੁਨਿਕ ਯੁੱਗ ਦੇ ਹਾਣ ਦਾ ਬਨਾਉਣ ਲਈ ਪੰਜਾਬ ਦਾ ਹਰ ਜ਼ਿਮੀਂਦਾਰ ਅੱਜ ਵੀ ਉਨ੍ਹਾਂ ਨੂੰ ਯਾਦ ਕਰਦਾ ਹੈ। 1979 ਈ: ਵਿੱਚ ਇਨ੍ਹਾਂ ਜ਼ਿੰਮੇਵਾਰ ਸਰਕਾਰੀ ਅਹੁਦਿਆਂ ਤੋਂ ਸੇਵਾ-ਮੁਕਤ ਹੋਏ। ਡਾ: ਮਹਿੰਦਰ ਸਿੰਘ ਰੰਧਾਵਾ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸੱਭਿਆਚਾਰ ਦਾ ਅਜਿਹਾ ਲਾਡਲਾ ਸਪੁੱਤਰ ਸੀ, ਜਿਸ ਨੇ ਖੇਤੀਬਾੜੀ, ਬਨਸਪਤੀ, ਵਿਗਿਆਨ, ਇਤਿਹਾਸ, ਸਮਾਜਿਕ ਵਿਗਿਆਨ, ਪੇਂਡੂ ਵਿਕਾਸ, ਸਾਹਿਤ, ਸੱਭਿਆਚਾਰ, ਲੋਕਧਾਰਾ, ਪਹਾੜੀ ਚਿੱਤਰਕਲਾ ਖਾਸ ਕਰਕੇ ਕਾਂਗੜਾ ਚਿੱਤਰਕਲਾ ਸਬੰਧੀ ਅੰਗ੍ਰੇਜ਼ੀ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਮਹੱਤਵਪੂਰਨ ਪੁਸਤਕਾਂ ਦੀ ਸਿਰਜਣਾ ਕਰਕੇ ਵੱਡਮੁੱਲਾ ਯੋਗਦਾਨ ਪਾਇਆ।

ਡਾ: ਰੰਧਾਵਾ ਨੇ ਪੰਜਾਬ ਦੇ ਲੋਕ ਗੀਤ, ਕਾਂਗੜਾ ਦੇ ਲੋਕ ਗੀਤ, ਹਰਿਆਣਾ ਦੇ ਲੋਕ ਗੀਤ, ਪ੍ਰੀਤ ਕਹਾਣੀਆਂ, ਪੰਜਾਬੀ ਲੋਕ ਗੀਤ ਪੁਸਤਕਾਂ ਲਿਖ ਕੇ ਪੰਜਾਬੀ ਮਾਂ-ਬੋਲੀ ਪ੍ਰਤੀ ਅਥਾਹ ਸਨੇਹ ਅਤੇ ਪਿਆਰ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬੀ ਵਿੱਚ ਹੀ ਪੰਜਾਬ, ਪ੍ਰੋ: ਪੂਰਨ ਸਿੰਘ ਜੀਵਨੀ ਅਤੇ ਕਵਿਤਾ, ਪੂਰਨ ਸਿੰਘ ਵਾਰਤਕ, ਕਾਂਗੜਾ ਕਲਾ ਅਤੇ ਲੋਕ ਗੀਤ ਪੁਸਤਕਾਂ ਵੀ ਪਾਠਕਾਂ ਦੀ ਝੋਲੀ ਪਾਈਆਂ। 1983 ਈ: ਵਿੱਚ ਡਾ: ਰੰਧਾਵਾ ਨੇ ਆਪ-ਬੀਤੀ ਸਿਰਲੇਖ ਹੇਠ ਆਪਣੀ ਸਵੈ-ਜੀਵਨੀ ਵੀ ਪ੍ਰਕਾਸ਼ਿਤ ਕਰਵਾਈ। 1972 ਈ: ਵਿੱਚ ਡਾ: ਰੰਧਾਵਾ ਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਇਹ ਲਾਡਲਾ ਸਪੁੱਤਰ 3



ਡਾ: ਮਹਿੰਦਰ ਸਿੰਘ ਰੰਧਾਵਾ

ਮਾਰਚ 1986 ਈ: ਨੂੰ ਸਦੀਵੀ ਵਿਛੋੜਾ ਦੇ ਕੇ ਹਮੇਸ਼ਾਂ ਲਈ ਸਾਡੇ ਤੋਂ ਓਹਲੇ ਹੋ ਗਿਆ। ਉਨ੍ਹਾਂ ਨੂੰ ਅੱਜ ਵੀ ਹਰ ਸੱਚਾ-ਸੁੱਚਾ ਪੰਜਾਬੀ ਸ਼ਿਦਤ ਨਾਲ ਯਾਦ ਕਰਦਾ ਹੈ।

**ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵੱਡਾ ਝੂਠ ਬੋਲ ਕੇ ਲੋਕਾਂ ਪਾਸੋਂ ਵੋਟਾਂ ਹਾਸਲ ਕੀਤੀਆਂ ਸਨ, ਕਿ ਉਹਨਾਂ ਦੀ ਸਰਕਾਰ ਵੇਲੇ ਹਰ ਭਾਰਤੀ ਬਸ਼ਿੰਦੇ ਨੂੰ 15 ਲੱਖ ਰੁਪਿਆ ਮਿਲੇਗਾ। ਉਨ੍ਹਾਂ ਕਿਹਾ ਸੀ ਕਿ ਜਿਹੜੇ ਲੋਕ ਦੇਸ਼ ਵਿੱਚੋਂ ਘਪਲਾ ਕਰਕੇ ਅਰਬਾਂ ਰੁਪਿਆ ਵਿਦੇਸ਼ਾਂ ਵਿੱਚ ਲੈ ਗਏ ਹਨ ਉਹ ਸਾਰਾ ਵਾਪਸ ਲਿਆਉਣਗੇ ਤੇ ਆਮ ਲੋਕਾਂ ਨੂੰ ਦੇਣਗੇ। ਉਹ ਕਦੇ ਵੀ ਸੱਚ ਨਾ ਹੋਇਆ ਤੇ ਨਾ ਹੋਣਾ ਹੈ।**

# ਸੈਂਟਰਲ ਗੁਰਦੁਆਰਾ ਗਲਾਸਗੋ ਵਿਖੇ ਨੌਜਵਾਨਾਂ ਦੇ ਭਵਿੱਖ ਲਈ ਰੋਜ਼ਗਾਰ ਮੇਲਾ ਲਗਾਇਆ ਗਿਆ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਸੈਂਟਰਲ ਗੁਰਦੁਆਰਾ ਸਿੰਘ ਸਭਾ ਗਲਾਸਗੋ ਵਿਖੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਉਪਲੱਬਦ ਕਰਵਾਉਣ ਲਈ ਰੋਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ। ਇਸ ਵਿੱਚ ਗਲਾਸਗੋ ਸਿਟੀ ਕੌਂਸਲ, ਪੁਲਿਸ ਸਕਾਟਲੈਂਡ, ਨੈੱਟਵਰਕ ਰੇਲ, ਸਕਾਟਰੇਲ, ਮਿਟੀ, ਈ.ਵਾਈ, ਜੇ. ਪੀ. ਮੌਰਗਨ, ਗਰਾਂਟ ਥੋਰਟਨ, ਬਲਫੌਰ ਬੀਟੀ, ਅਰੁਪ, ਬੀ. ਏ. ਈ. ਸਿਸਟਮ, ਐੱਮ. ਐੱਮ, ਐੱਸ. ਪੀ. ਐਨਰਜੀ ਨੈੱਟਵਰਕ, ਨੇਟਸ, ਟਰਕਨ ਕੋਨੈੱਲ, ਸਕਾਟਿਸ਼ ਇੰਟਰਪ੍ਰਾਈਜਜ, ਬੀ. ਬੀ. ਸੀ, ਇੰਨਏਬਲ, ਸੈਂਟ ਐਡਰਿਊਜ ਫਸਟ ਏਡ, ਐਕਸ਼ਨ ਫਾਰ ਚਿਲਡਰਨਜ਼, ਜੌਰਜ ਲੇਜਲੀ ਗਰੁੱਪ, ਸਿੱਖ ਇਨ ਲਾਅ, ਸਕਾਟਲੈਂਡ ਦੀਆਂ ਕਾਨੂੰਨੀ ਸੇਵਾਵਾਂ , ਇਕੁਆਲਿਟੀ ਅਤੇ ਡਾਈਵਰਸਿਟੀ, ਸਕਾਟਿਸ਼ ਇੰਟਰਪ੍ਰਾਈਜ, ਐਕਸ਼ਨ ਫਾਰ ਚਿਲਡਰਨ, ਸਕਾਟਿਸ਼ ਡਵੈਲਪਮੈਂਟ ਇੰਟਰਨੈਸ਼ਨਲ, ਐਪਲ ਫਾਰਮੈਸੀ ਆਦਿ ਲੱਗਭੱਗ 30 ਤੋਂ ਵੱਧ ਸਕਾਟਲੈਂਡ ਦੀਆਂ ਵੱਡੀਆਂ ਕਾਰੋਬਾਰੀ ਕੰਪਨੀਆਂ, ਅਦਾਰਿਆਂ ਨੇ ਗੁਰਦੁਆਰਾ ਸਾਹਿਬ ਦੇ ਹੇਠਲੇ ਖੁੱਲ੍ਹੇ ਵਿਹੜੇ ਵਿੱਚ ਅਤੇ ਪਹਿਲੀ ਮੰਜਿਲ 'ਤੇ ਆਪਣੇ ਸਟਾਲ ਲਗਾਏ। ਹਰ ਸਟਾਲ ਤੇ ਉਸ ਕੰਪਨੀ ਦੀਆਂ ਨੌਕਰੀਆਂ, ਅਪਰੈਂਟਿਸ਼ਪ, ਗਰੈਜੂਏਸ਼ਨ ਸਕੀਮਾਂ ਅਤੇ ਹੋਰ ਪਰੋਜੈਕਟਾਂ ਬਾਰੇ ਜਾਣੂ ਕਰਵਾਇਆ । ਇਹ ਇਵੈਂਟ ਨੌਜਵਾਨਾਂ ਲਈ ਬਹੁਤ ਸਾਰੇ ਖੇਤਰਾਂ ਜਿਵੇਂ ਕਿ ਤਕਨਾਲੋਜੀ, ਵਿੱਤ, ਲੇਖਾਕਾਰੀ, ਕਾਨੂੰਨ, ਇੰਜੀਨੀਅਰਿੰਗ, ਉਸਾਰੀ, ਅਧਿਆਪਨ, ਦਵਾਈ, ਦੰਦਸਾਜ਼ੀ, ਵਪਾਰ, ਪੁਲਿਸ, ਟਰਾਂਸਪੋਰਟ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਆਪਣਾ ਭਵਿੱਖ ਸਥਾਪਿਤ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਕਾਰਗਰ ਸਾਬਿਤ ਹੋਵੇਗਾ। ਇਹ ਗਲਾਸਗੋ ਵਿੱਚ ਪਹਿਲੀ ਵਾਰ ਹੈ ਕਿ ਸਿੱਖ ਭਾਈਚਾਰੇ ਨੇ ਬੱਚਿਆਂ ਦੇ ਉਜਵਲ ਭਵਿੱਖ ਲਈ ਇੰਨੇ ਵੱਡੇ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਹ ਰੋਜ਼ਗਾਰ ਮੇਲਾ ਗਲਾਸਗੋ ਦੇ ਸਾਰੇ ਗੁਰਦੁਆਰਿਆ ਤੇ ਸਿੱਖ ਸੰਗਤ ਦੇ ਸਹਿਯੋਗ ਨਾਲ ਸਫਲ ਰਿਹਾ।




ਵੱਖ ਵੱਖ ਸਟਾਲਾਂ 'ਤੇ ਕੰਪਨੀਆ ਦੇ ਕਰਮਚਾਰੀ

# ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਵਿਖੇ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਗਲਾਸਗੋ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ । ਸਵੇਰ ਤੋਂ ਲੈ ਕੇ ਸ਼ਾਮ ਤੱਕ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮ-ਸਤਕ ਹੋਈਆਂ । ਤਿੰਨ ਰੋਜ ਤੋਂ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਸੇਵਕ ਭਾਈ ਅਮਰੀਕ ਸਿੰਘ ਅਤੇ ਮਨਪ੍ਰੀਤ ਸਿੰਘ ਦੇ ਰਾਗੀ ਜੱਥੇ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਕੀਰਤਨ ਕੀਤਾ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਲਭਾਇਆ ਸਿੰਘ ਮੈਹਮੀ ਨੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਇਆ।



# ਸਿਹਤ ਤੇ ਸੁੰਦਰਤਾ



## ਹਰੀਆਂ ਸਬਜ਼ੀਆਂ ਖਾਉ, ਨੀਂਦ ਸਬੰਧੀ ਬਿਮਾਰੀਆਂ ਘਟਾਓ

**ਈਆਰਜੇ ਓਪਨ ਰਿਸਰਚ 'ਚ ਪ੍ਰਕਾਸ਼ਿਤ ਸੋਧ ਰਾਹੀਂ ਹੋਇਆ ਖੁਲਾਸਾ**



ਮੈਲਬੌਰਨ-ਸਿਹਤਮੰਦ ਰਹਿਣ ਲਈ ਹਰੀਆਂ ਭਰੀਆਂ ਸਬਜ਼ੀਆਂ, ਫਲ, ਡਰਾਈ ਫਰੂਟ ਤੇ ਸਾਬਤ ਅਨਾਜ ਆਦਿ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਇਕ ਸੋਧ 'ਚ ਸਾਹਮਣੇ ਆਇਆ ਹੈ ਕਿ ਇਹ ਨੀਂਦ ਸਬੰਧੀ ਬਿਮਾਰੀ ਆਬਸਟ੍ਰਕਟਿਵ ਸਲੀਪ ਐਪਨੀਆ (ਓਐੱਸਏ) ਦੇ ਖਤਰੇ ਨੂੰ ਵੀ ਘੱਟ ਕਰਦਾ ਹੈ। ਇਹ ਸੋਧ ਈਆਰਜੇ ਓਪਨ ਰਿਸਰਚ 'ਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੋ ਮਿੱਠੇ ਤਰਲ ਪਦਾਰਥ, ਤਲੇ ਭੁੰਜੇ ਤੇ ਵੱਧ ਨਮਕ ਵਾਲੇ ਖਾਧ ਪਦਾਰਥਾਂ ਦਾ ਸੇਵਨ ਕਰਦੇ ਹਨ, ਉਨ੍ਹਾਂ 'ਚ ਓਐੱਸਏ ਵਿਕਸਿਤ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇਹ ਸੋਧ ਆਸਟ੍ਰੇਲੀਆ ਦੇ ਵਿਗਿਆਨੀਆਂ ਵੱਲੋਂ ਕੀਤੀ ਗਈ ਹੈ।

ਆਬਸਟ੍ਰਕਟਿਵ ਸਲੀਪ ਐਪਨੀਆ ਨੀਂਦ ਨਾਲ ਸਬੰਧਤ ਸਭ ਤੋਂ ਆਮ ਬਿਮਾਰੀ ਹੈ। ਇਹ ਕਈ ਤਰ੍ਹਾਂ ਦੀ ਹੁੰਦੀ ਹੈ। ਆਬਸਟ੍ਰਕਟਿਵ ਸਲੀਪ ਐਪਨੀਆ ਉਦੋਂ ਹੁੰਦਾ ਹੈ, ਜਦੋਂ ਗਲੇ ਦੀਆਂ ਮਾਸਪੇਸ਼ੀਆਂ ਸੁੰਨ ਹੋ ਜਾਂਦੀਆਂ ਹਨ ਤੇ ਹਵਾ ਦਾ ਰਾਹ ਬੰਦ ਕਰ ਦਿੰਦੀਆਂ ਹਨ। ਅਜਿਹਾ ਨੀਂਦ ਦੌਰਾਨ ਕਈ ਵਾਰ ਰੁਕ ਰੁਕ ਕੇ ਹੁੰਦਾ ਹੈ। ਖਰਾਟੇ ਲੈਣਾ ਆਬਸਟ੍ਰਕਟਿਵ ਸਲੀਪ ਐਪਨੀਆ ਦਾ ਸੰਕੇਤ ਹੈ। ਇਸ ਨਾਲ ਪੀੜਤ ਸ਼ਖ਼ਸ ਰਾਤ ਦੇ ਸਮੇਂ ਕਈ ਵਾਰ ਹਾਈ ਬਲੱਡ ਪ੍ਰੈਸ਼ਰ ਦੇ ਨਾਲ ਹੀ ਦਿਲ ਸਬੰਧੀ ਹੋਰਨਾਂ ਬਿਮਾਰੀਆਂ ਤੇ ਟਾਈਪ-2 ਡਾਇਬਟੀਜ਼ ਦਾ ਵੀ ਖਤਰਾ ਹੁੰਦਾ ਹੈ। ਇਹ ਬੂਟਾ ਆਧਾਰਿਤ ਖਾਣੇ ਤੇ ਆਬਸਟ੍ਰਕਟਿਵ ਸਲੀਪ ਐਪਨੀਆ ਵਿਚਾਲੇ ਸਬੰਧਾਂ ਨੂੰ ਲੈਕੇ ਵੱਡੀ ਸੋਧ ਹੈ। ਖੋਜੀਆਂ ਦਾ ਕਹਿਣਾ ਹੈ ਕਿ ਅਧਿਐਨ ਦੌਰਾਨ ਸਾਹਮਣੇ ਆਈਆਂ ਗੱਲਾਂ ਇਸ ਵੱਲ ਇਸ਼ਾਰਾ ਕਰਦੀਆਂ ਹਨ ਕਿ ਜੇ ਬੂਟੇ ਆਧਾਰਿਤ ਸਿਹਤ ਲਈ ਖਾਣੇ ਦਾ ਸੇਵਨ ਕੀਤਾ ਜਾਵੇ ਤਾਂ ਇਹ ਆਬਸਟ੍ਰਕਟਿਵ ਸਲੀਪ ਐਪਨੀਆ ਦੇ ਖਤਰੇ ਨੂੰ ਦੂਰ ਰੱਖਦਾ ਹੈ। ਇਸ ਨਾਲ ਓਐੱਸਓ ਨੂੰ ਠੀਕ ਕਰਨ ਵਿਚ ਵੀ ਮਦਦ ਮਿਲਦੀ ਹੈ।

## ਖੰਡ ਸਰੀਰਕ ਹੀ ਨਹੀਂ ਮਾਨਸਿਕ ਸਿਹਤ ਨੂੰ ਵੀ ਖਤਰਨਾਕ



ਨਵੀਂ ਦਿੱਲੀ-ਖੰਡ ਸਾਡੇ ਖਾਣ-ਪੀਣ ਦਾ ਅਹਿਮ ਹਿੱਸਾ ਹੈ। ਮਿੱਠੇ ਪਕਵਾਨ ਹੋਣ, ਚਾਹ ਹੋਵੇ ਜਾਂ ਕੌਫੀ, ਲਗਭਗ ਹਰ ਚੀਜ਼ ਵਿਚ ਮਿਠਾਸ ਪਾਉਣ ਲਈ ਲੋਕ ਚੀਨੀ ਦੀ ਵਰਤੋਂ ਕਰਦੇ ਹਨ। ਇਸ ਦਾ ਸਵਾਦ ਕਈ ਲੋਕਾਂ ਦੀ ਜੀਭ ਨੂੰ ਬਹੁਤ ਪਸੰਦ ਆਉਂਦਾ ਹੈ। ਇਹੀ ਕਾਰਨ ਹੈ ਕਿ ਜੋ ਲੋਕ ਮਿੱਠਾ ਖਾਣ ਦੇ ਸ਼ੌਕੀਨ ਹਨ, ਉਹ ਅਕਸਰ ਇਸ ਦਾ ਜ਼ਿਆਦਾ ਸੇਵਨ ਕਰਨ ਲੱਗ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ ਨੂੰ ਨੁਕਸਾਨ ਹੋ ਸਕਦਾ ਹੈ। ਖੰਡ ਦੀ ਜ਼ਿਆਦਾ ਮਾਤਰਾ ਨਾ ਸਿਰਫ਼ ਸਰੀਰਕ ਸਗੋਂ ਮਾਨਸਿਕ ਸਿਹਤ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਇਸ ਦੀ ਜਾਣਕਾਰੀ ਖੁਦ ਨਿਊਟ੍ਰੀਸ਼ਨਿਸਟ ਨੇ ਸੋਸ਼ਲ ਮੀਡੀਆ ਰਾਹੀਂ ਦਿੱਤੀ। ਨਿਊਟ੍ਰੀਸ਼ਨਿਸਟ ਕਰਿਸ਼ਮਾ ਸ਼ਾਹ ਨੇ ਆਪਣੇ ਹਾਲੀਆ ਇੰਸਟਾਗ੍ਰਾਮ ਪੋਸਟ ਵਿੱਚ ਇਸ ਬਾਰੇ ਜਾਣਕਾਰੀ ਦਿੱਤੀ ਹੈ ਕਿ ਸ਼ੂਗਰ ਤੁਹਾਡੇ ਮੂਡ ਅਤੇ ਮਾਨਸਿਕ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ।

ਜੇ ਤੁਸੀਂ ਰੋਜ਼ਾਨਾ ਨਿਯਮਤ ਮਾਤਰਾ 'ਚ ਖੰਡ ਦਾ ਸੇਵਨ ਕਰਦੇ ਹੋ, ਤਾਂ ਇਹ ਤੁਹਾਡੇ ਮੂਡ 'ਚ ਤਬਦੀਲੀ ਲਿਆ ਸਕਦੀ ਹੈ। ਜ਼ਿਆਦਾ ਮਾਤਰਾ ਵਿੱਚ ਖੰਡ ਦਾ ਸੇਵਨ ਕਰਨ ਨਾਲ ਮੂਡ ਸਵਿੰਗਸ, ਚਿੰਤਾ ਅਤੇ ਡਿਪਰੈਸ਼ਨ ਹੋ ਸਕਦਾ ਹੈ। ਇਸ ਵਜ੍ਹਾ ਨਾਲ ਅਕਸਰ ਅਸਥਾਈ ਰਾਹਤ ਲਈ ਜ਼ਿਆਦਾ ਖੰਡ ਦੀ ਭਾਲ ਕਰਦੇ ਰਹਿੰਦੇ ਹਨ।

ਥਕਾਨ ਤੇ ਚਿੜਚਿੜਾ-ਡੋਪਾਮਾਈਨ ਦੇ ਤੇਜ਼ੀ ਨਾਲ ਰਿਲੀਜ਼ ਹੋਣ ਕਾਰਨ ਚੀਨੀ ਮੂਡ ਅਤੇ ਊਰਜਾ ਵਿਚ ਥੋੜ੍ਹਾ ਵਾਧਾ ਕਰ ਸਕਦੀ ਹੈ। ਹਾਲਾਂਕਿ ਕੁਝ ਸਮੇਂ ਬਾਅਦ ਜ਼ਿਆਦਾ ਸੇਵਨ ਕਾਰਨ ਤੁਸੀਂ ਥਕਾਵਟ, ਚਿੜਚਿੜਾ ਅਤੇ ਜ਼ਿਆਦਾ ਤਣਾਅ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹੋ।

ਖੰਡ ਦੀ ਆਦਤ ਹੋਣਾ-ਨਸ਼ੀਲੇ ਪਦਾਰਥਾਂ ਦੀ ਤਰ੍ਹਾਂ ਖੰਡ ਵੀ ਦਿਮਾਗ ਦੇ ਮੁੱਖ ਕੇਂਦਰਾਂ ਨੂੰ ਟ੍ਰਿਗਰ ਕਰਦੀ ਹੈ, ਜਿਸ ਨਾਲ ਲਾਲਸਾ ਤੇ ਲਤ ਲੱਗਣ ਵਰਗੇ ਲੱਛਣ ਪੈਦਾ ਹੁੰਦੇ ਹਨ, ਜੋ ਤੁਹਾਡੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ।

ਦਿਮਾਗ ਦੀ ਸੋਜ਼ਿਸ਼ ਵਧਾਏ-ਬਹੁਤ ਜ਼ਿਆਦਾ ਖੰਡ ਦਾ ਸੇਵਨ ਦਿਮਾਗ ਵਿੱਚ ਸੋਜ਼ਿਸ਼ ਨੂੰ ਵਧਾ ਸਕਦੀ ਹੈ, ਜੋ ਡਿਪਰੈਸ਼ਨ ਅਤੇ ਹੋਰ ਮਾਨਸਿਕ ਸਿਹਤ ਸਮੱਸਿਆਵਾਂ ਦੇ ਵਧੇ ਹੋਏ ਜੋਖ਼ਮ ਨਾਲ ਜੁੜੀ ਹੋਈ ਹੈ।

ਬ੍ਰੇਨ ਫੌਗ-ਬਹੁਤ ਜ਼ਿਆਦਾ ਖੰਡ ਖਾਣ ਨਾਲ ਤੁਹਾਡੇ ਬੋਧਾਤਿਮਕ ਕਾਰਜ ਨੂੰ ਵਿਗੜ ਸਕਦਾ ਹੈ। ਇਹ ਨਾਲ ਯਾਦਦਾਸ਼ਤ, ਇਕਾਗਰਤਾ ਅਤੇ ਫੈਸਲੇ ਲੈਣ ਵਿਚ ਮੁਸ਼ਕਲ ਪੈਦਾ ਹੋ ਸਕਦੀ ਹੈ।

## * ਚੂੰਢੀਆਂ-ਪੌਂਚੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**





*ਘਰੇਲੂ ਔਰਤ ਦਾ ਕੰਮ ਕਮਾਈ ਕਰਨ ਵਾਲੇ ਪਤੀ ਦੇ ਕੰਮ ਤੋਂ ਘੱਟ ਨਹੀਂ- ਸੁਪਰੀਮ ਕੋਰਟ

-ਵਾਢੀ ਨਾਲ ਕਰੂੰਗੀ ਤੇਰੇ, ਦਾਤੀ ਨੂੰ ਲੁਆ ਦੇ ਘੁੰਗਰੂ।

*ਬਸਪਾ ਲਈ ਵਿਰੋਧੀ ਗੱਠਜੋੜ ਦੇ ਦਰਵਾਜ਼ੇ ਖੁੱਲ੍ਹੇ ਹਨ- ਕਾਂਗਰਸ

-ਨੱਚਣ ਦੇਵੇ ਨਾ ਚੰਨਣ ਦੀ ਮਾਤਾ, ਨੱਚਣਾ ਬਥੇਰਾ ਜਾਣਦੀ।



*ਕਮਲ ਨਾਥ 'ਤੇ ਭਾਜਪਾ 'ਚ ਹੰਗਾਮਾ, ਸਿੱਖ ਆਗੂਆਂ ਨੇ ਜਤਾਇਆ ਇਤਰਾਜ਼-ਇਕ ਖ਼ਬਰ

-ਸਾਡੇ ਵਿਹੜੇ ਫੁੱਲ ਕਮਲ ਦਾ, ਅਸੀਂ ਹੋਰ ਕਮਲ ਕੀ ਕਰਨਾ।



*ਕਿਸਾਨੀ ਮੰਗਾਂ ਲਈ ਕਿਸਾਨ ਇਕੱਠੇ ਹੋ ਕੇ ਏਜੰਡਾ ਦੇਣ- ਨਵਜੋਤ ਸਿੱਧੂ

-ਡੁੱਬੀ ਤਾਂ ਜਾਂ ਸਾਹ ਨਾ ਆਇਆ।



*ਈ. ਡੀ. ਦੇ ਛੇਵੇਂ ਸੰਮਨ 'ਤੇ ਵੀ ਕੇਜਰੀਵਾਲ ਪੁੱਛ ਪੜਤਾਲ ਲਈ ਹਾਜ਼ਰ ਨਹੀਂ ਹੋਏ- ਇਕ ਖ਼ਬਰ

-ਤੈਨੂੰ ਟਿੱਚ ਕਰ ਕੇ ਮੈਂ ਜਾਣਦੀ, ਕਿਹੜਾ ਏਂ ਤੂੰ 'ਵਾਜ਼ਾਂ ਮਾਰਦਾ।



*ਭਾਕਿਯੂ ਉਗਰਾਹਾਂ ਵਲੋਂ ਕੈਪਟਨ ਦੇ ਮਹਿਲ ਅਗੇ ਲਗਾਇਆ ਧਰਨਾ ਤੀਜੇ ਦਿਨ 'ਚ ਦਾਖ਼ਲ- ਇਕ ਖ਼ਬਰ

-ਦਾਰੂ ਪੀ ਕੇ ਮਿੱਤਰਾਂ ਨੇ, ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ।



*ਸੱਤਾ 'ਚ ਆਈ ਤਾਂ ਭਾਰਤ, ਆਸਟਰੇਲੀਆ ਅਤੇ ਜਾਪਾਨ ਨਾਲ ਰਿਸ਼ਤੇ ਕਰਾਂਗੀ ਮਜ਼ਬੂਤ- ਨਿੱਕੀ ਹੇਲੀ

-ਜੇ ਮੈਂ ਨਾਨਕੇ ਮੇਲ ਨਾਲ਼ ਆਈ, ਘੁੱਟ ਘੁੱਟ ਪਾਊਂ ਜੱਫੀਆਂ।



*ਬਿਲਾਵਲ ਨੇ ਨਵਾਜ਼ ਸ਼ਰੀਫ਼ ਨਾਲ ਸਰਕਾਰ ਬਣਾਉਣ ਤੋਂ ਕੀਤਾ ਇਨਕਾਰ- ਇਕ ਖ਼ਬਰ

-ਲਿਬੜੀ ਮੱਝ ਤੋਂ ਅਸੀਂ ਹਾਂ ਦੂਰ ਚੰਗੇ, ਪੂਛਲ ਮਾਰ ਕੇ ਸਭ ਨੂੰ ਲਿਬੇੜ ਦਿੰਦੀ।



*ਸੁਪਰੀਮ ਕੋਰਟ ਨੇ 'ਆਪ'- ਕਾਂਗਰਸ ਗੱਠਜੋੜ ਦੇ ਹਾਰੇ ਹੋਏ ਉਮੀਦਵਾਰ ਨੂੰ ਜੇਤੂ ਐਲਾਨਿਆਂ- ਇਕ ਖ਼ਬਰ

-ਕੂੜ ਨਿਖੁਟੈ ਨਾਨਕਾ ਓੜਕਿ ਸਚਿ ਰਹੀ।



*ਕੇਜਰੀਵਾਲ ਨੇ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ ਤੇ ਕਿਹਾ , 'ਲੋਕਤੰਤਰ ਨੂੰ ਬਚਾ ਲਿਆ ਗਿਆ'-ਇਕ ਖ਼ਬਰ

-ਤੇਰਾ ਹੋਵੇ ਸੁਰਗਾਂ ਵਿਚ ਵਾਸਾ, ਤੀਆਂ ਨੂੰ ਲਗਾਉਣ ਵਾਲਿਆ।



*ਦਿੱਲੀ ਜਾਣਾ ਹੈ ਤਾਂ ਬੱਸਾਂ 'ਚ ਜਾਉ, ਹਾਈਵੇ 'ਤੇ ਟਰੈਕਟਰ ਕਿਉਂ ਲਿਆਂਦੇ?- ਹਾਈ ਕੋਰਟ

-ਪਰਸੋਂ ਤਾਂ ਕੁਝ ਹੋਰ ਸੀ ਕਹਿੰਦਾ, ਅੱਜ ਕੀਹਨੇ ਤੈਨੂੰ ਪੜ੍ਹਾਇਆ?



*ਕੇਂਦਰ ਸਰਕਾਰ ਅਤੇ ਕਿਸਾਨ ਆਗੂਆਂ ਦੀ ਗੱਲਬਾਤ ਫੇਲ੍ਹ ਹੋਣ ਲਈ ਭਗਵੰਤ ਮਾਨ ਜ਼ਿੰਮੇਵਾਰ- ਜਾਖੜ

-ਡਿਗੀ ਖੋਤੇ ਤੋਂ, ਗੁੱਸਾ ਘੁਮਿਆਰ 'ਤੇ।



*ਬਿਨਾਂ ਡਰਾਈਵਰ, ਬਿਨਾਂ ਗਾਰਡ 70 ਮੀਲ ਦੀ ਸਪੀਡ 'ਤੇ ਕਠੂਆ ਤੋਂ ਦੌੜੀ ਮਾਲਗੱਡੀ- ਇਕ ਖ਼ਬਰ

-ਬਿਨਾਂ ਡਰਾਈਵਰੋਂ ਚੱਲਣ ਰੇਲਾਂ, ਸਰਕਾਰ ਕੀ ਹੈ ਗਾਰੰਟੀ।



*ਖੱਟਰ ਸਰਕਾਰ ਪੰਜਾਬ ਦੇ ਨਿਹੱਥੇ ਨੌਜਵਾਨ 'ਤੇ ਤਸ਼ੱਦਦ ਦੇ ਮਾਮਲੇ 'ਚ ਸਖ਼ਤ ਕਾਰਵਾਈ ਕਰੇ- ਕੈਪਟਨ

-ਸੱਚਾ ਹੋ ਕੇ ਕੀਹਨੂੰ ਦਿਖਾਂਵਨਾ ਏਂ, ਐਵੇਂ ਗੋਂਗਲੂਆਂ ਤੋਂ ਮਿੱਟੀ ਝਾੜ ਨਾਹੀਂ।



*ਬਸਪਾ ਦਾ ਸੰਸਦ ਮੈਂਬਰ ਰਿਤੇਸ਼ ਪਾਂਡੇ ਭਾਜਪਾ 'ਚ ਸ਼ਾਮਲ- ਇਕ ਖ਼ਬਰ

-ਮਿੱਠੇ ਯਾਰ ਦੇ ਬਰੋਬਰ ਬਹਿ ਕੇ, ਮਿੱਠੇ ਮਿੱਠੇ ਬੇਰ ਚੁਗੀਏ।

* * * * * * *

# ਕਿਸਾਨੀ ਸੰਘਰਸ਼ ਲਈ ਗੀਤ ਗਾਉਣ ਵਾਲਾ ਹੈ ਲੋਕ ਪ੍ਰਿਅ ਬਾਲੀਵੁੱਡ, ਹਾਲੀਵੁੱਡ, ਪਾਲੀਵੁੱਡ ਐਕਟਰ ਤੇ ਲਾਈਨ ਨਿਰਮਾਤਾ ਦਰਸ਼ਨ ਔਲਖ

ਪੰਜਾਬੀ ਫ਼ਿਲਮਾਂ ਦਾ ਓਹ ਸਟਾਰ ਐਕਟਰ ਰਿਹਾ ਹੈ ਤੇ ਅੱਜ ਵੀ ਅਭਿਨੈ ਕਰਦਾ ਸਰਗਰਮ ਹੈ। ਓਹ ਹੈ ਦਰਸ਼ਨ ਔਲਖ ਜਿਸ ਨੂੰ ਪਿਛਲੇ ਦਿੱਲੀ ਕਿਸਾਨ ਅੰਦੋਲਨ ਦੌਰਾਨ ਆਪਣੇ ਗੀਤਾਂ ਤੇ ਸ਼ਮੂਲੀਅਤ ਨਾਲ ਕਾਫ਼ੀ ਚਰਚਾ ਮਿਲੀ ਸੀ। ਦਰਸ਼ਨ ਔਲਖ ਦੀ ਆਪਣੀ ਲਾਈਨ ਨਿਰਮਾਤਾ ਦੀ ਪ੍ਰੋਡਕਸ਼ਨ ਹੈ ਤੇ ਪੰਜਾਬੀ ਹੀ ਨਹੀਂ ਸਾਊਥ ਤੇ ਬਾਲੀਵੁੱਡ ਦੀਆਂ ਕਈ ਫ਼ਿਲਮਜ਼ ਦਾ ਓਹ ਉੱਤਰੀ ਭਾਰਤ ਲਈ ਲਾਈਨ ਨਿਰਮਾਤਾ ਰਿਹਾ ਹੈ ਤੇ ਕੰਮ ਜ਼ਾਰੀ ਹੈ ਤੇ ਇਸ ਤਰਾਂ ਓਸ ਨੇ ਹਾਲੀਵੁੱਡ ਫ਼ਿਲਮਾਂ ਵਿੱਚ ਕੰਮ ਤੇ ਲਾਈਨ ਨਿਰਮਾਤਾ ਦਾ ਕਾਰਜ ਵੀ ਕੀਤਾ ਹੈ।

ਆਪਾਂ ਅੱਜ ਇਸ ਲੇਖਕ, ਨਿਰਮਾਤਾ, ਅਭਿਨੇਤਾ, ਨਿਰਦੇਸ਼ਕ ਤੇ ਲਾਈਨ ਨਿਰਮਾਤਾ ਦੀ ਜ਼ਿੰਦਗੀ ਤੇ ਛੋਟੀ ਜਿਹੀ ਝਾਤੀ ਮਰਦੇ ਹਾਂ ਤੇ ਮਾਲਵਾ ਅਬੋਹਰ ਨਾਲ ਸੰਬੰਧਿਤ ਔਲਖ ਅੱਜ ਕਲ ਪਰਿਵਾਰ ਸਾਹਿਤ ਚੰਡੀਗੜ੍ਹ ਰਹਿ ਰਹੇ ਹਨ। "ਮੁਬਾਰਕਾਂ" ਤੇ ਫਿਰ ਰਵਿੰਦਰ ਰਵੀ ਦੀ "ਮਿਰਜ਼ਾ ਜੱਟ" ਤੋਂ ਓਸ ਦਾ ਐਕਟਿੰਗ ਜੀਵਨ ਸ਼ੁਰੂ ਹੋਇਆ। "ਨਲਾਇਕ," "ਬਾਗ਼ੀ ਸੂਰਮੇ," "ਤਬਾਹੀ" "ਸੁੱਖਾ" "ਸ਼ਹੀਦ ਏ ਮੋਹੱਬਤ" ਤੋਂ ਇਲਾਵਾ "ਦੇਸ਼ ਹੋਇਆ ਪਰਦੇਸ" ਦਿਲ ਆਪਣਾ ਪੰਜਾਬੀ, "ਮਿੱਟੀ ਵਾਜਾਂ ਮਾਰਦੀ", "ਅੱਜ ਦੇ ਰਾਂਝੇ" ਫ਼ਿਲਮਾਂ ਲਈ ਵੱਖ ਵੱਖ ਕਿਰਦਾਰ ਨਿਭਾਏ ਤੇ ਦਰਸ਼ਨ ਔਲਖ ਪੰਜਾਬੀ ਸਿਨੇਮਾ ਦਾ ਲੋਕ ਪ੍ਰਿਅ ਐਕਟਰ ਬਣ ਗਿਆ। "ਖ਼ੂਨ ਦਾ ਦਾਜ", "ਲਾਲੀ", "ਸੁੱਖਾ" ਫ਼ਿਲਮਾਂ ਦੇ ਲੇਖਕ ਵੀ ਰਹੇ ਦਰਸ਼ਨ ਔਲਖ ਜਿਹੜੇ ਅੱਜ ਕਲ ਮਾਏ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ, ਫਿਲਮ ਵਿੱਚ ਨਜ਼ਰ ਆਉਣਗੇ। ਵਿਸ਼ਾਲ ਸਿੰਘ ਤੋ ਅਮਰਿੰਦਰ ਗਿੱਲ, ਗਿੱਪੀ ਗਰੇਵਾਲ ਨਾਲ ਕੰਮ ਕਰ ਚੁੱਕੇ ਦਰਸ਼ਨ ਔਲਖ ਨੇ ਹਿੰਦੀ ਵਿੱਚ ਕਬੀਰ ਖਾਂ,ਯਸ਼ ਚੋਪੜਾ ਦੀਆਂ ਫ਼ਿਲਮਜ਼ ਦਾ ਲਾਈਨ ਨਿਰਮਾਤਾ ਵੱਜੋਂ ਕੰਮ ਕੀਤਾ ਹੈ। "ਵੀਰ ਜ਼ਰਾ" "ਜਬ ਵੂਈ ਮੈਟ" "ਸਦੀਆਂ" ਇਹਨਾਂ ਵਿੱਚ ਸ਼ਾਮਿਲ ਹਨ। ਨਮਸਤੇ ਲੰਡਨ ਵੀ ਕੀਤੀ ਤੇ ਲੰਡਨ ਡ੍ਰੀਮ੍ਸ ਦੇ ਨਾਲ ਦਿਲ ਬੋਲੇ ਹੜੀਪਾ ਫ਼ਿਲਮਾਂ ਵਿੱਚ ਕੰਮ ਤੇ ਲਾਈਨ ਨਿਰਮਾਤਾ ਦਾ ਕੰਮ ਕਾਮਯਾਬੀ ਨਾਲ ਕਰਨ ਵਾਲੇ ਦਰਸ਼ਨ ਔਲਖ ਨੇ ਟੀਵੀ ਦੀ ਹਰ ਫਿਲਮੀ ਚਰਚਾ ਵਿੱਚ ਪੰਜਾਬੀ ਫ਼ਿਲਮਾਂ ਦਾ ਪੱਖ ਪੂਰਿਆ ਤੇ ਅੱਜ ਵੀ ਓਹ ਅਜਿਹੇ ਕੰਮ ਕਰਦੇ ਹਨ ਜਿਸ ਨਾਲ ਪਾਲੀਵੁੱਡ ਦਾ ਸਿਰ ਉੱਚਾ ਹੋਏ। ਮੱਲੂ ਮਲਿਆਲਮ ਫਿਲਮਾਂ ਦੇ ਨਾਲ "ਫੈਂਟਮ" ਵੀ ਦਰਸ਼ਨ ਔਲਖ ਨੇ ਕੀਤੀ ਹੈ। ਬਹੁਤ ਸਾਰੇ ਸਨਮਾਨ ਲਏ ਹਨ। ਰਾਸ਼ਟਰੀ ਐਵਾਰਡ ਜੇਤੂ ਫ਼ਿਲਮਾਂ ਵਿੱਚ ਅਭਿਨੈ ਤੇ ਲਾਈਨ ਨਿਰਮਾਤਾ ਦਾ ਕੰਮ ਕਰਨ ਵਾਲੇ ਦਰਸ਼ਨ ਔਲਖ ਅਨੁਸਾਰ ਇਹ ਫ਼ਿਲਮ



ਐਕਟਿੰਗ ਬੁਰਾ ਸ਼ੌਂਕ ਹੈ ਲਾਈਨ ਨਿਰਮਾਤਾ ਬਣ ਵੀ ਨਹੀਂ ਜਾਂਦਾ। ਹਾਲਾਂ ਕਿ ਰੇਖਾ, ਸ਼ਤਰੂਘਨ ਸਿਨ੍ਹਾ, ਰਿਸ਼ੀ ਕਪੂਰ, ਅਜੇ ਦੇਵਗਨ, ਕਰੀਨਾ ਕਪੂਰ, ਆਲੀਆ ਭੱਟ ਤੇ ਸਲਮਾਨ ਖਾਨ, ਅਕਸ਼ੇ ਤੇ ਸ਼ਾਹਰੁਖ ਖਾਨ ਨਾਲ ਕੰਮ ਕਰ ਲਿਆ ਹੈ। ਲਾਈਨ ਨਿਰਮਾਤਾ ਬਹੁਤ ਕਠਿਨ ਕੰਮ ਹੈ ਰੋਟੀ ਪਾਣੀ, ਰਹਿਣ ਸਹਿਣ, ਲੋਕੇਸ਼ਨ ਤੇ ਟਰਾਂਸਪੋਰਟ ਪ੍ਰਬੰਧ ਕਰਨੇ ਤੇ ਕਈ ਵਾਰ ਕੁੱਝ ਲੋਕ ਪੈਸੇ ਵੀ ਮਾਰ ਗਏ ਪਰ ਕੰਮ ਵਿੱਚ ਖਤਰੇ ਆਮ ਗੱਲ ਹੈ। ਦਰਸ਼ਨ ਔਲਖ ਓਹ ਅਭਿਨੇਤਾ ਤੇ ਕਲਾਕਾਰ ਹੈ ਜਿਸ ਨੇ ਪੰਜਾਬੀ ਉਪ ਗ੍ਰਿਹ ਟੀਵੀ ਏ ਟੀਏਨ ਤੇ ਐਂਕਰਿੰਗ ਕੀਤੀ ਸੀ। ਉਸ ਨੇ ਸੋਨੀ ਟੀਵੀ ਸਮੇਤ ਕਈ ਚੈਨਲ ਤੇ ਐਕਟਿੰਗ ਤੇ ਲਾਈਨ ਨਿਰਮਾਤਾ ਵਜੋਂ ਕੰਮ ਕੀਤਾ ਹੈ। ਅੱਜ ਕਲ ਓਹ ਉਸਾਰੂ ਗਾਇਕੀ ਵੀ ਕਰ ਰਹੇ ਹਨ। ਕਿਸਾਨ ਅੰਦੋਲਨ ਤੇ ਗਾਇਆ ਗੀਤ ਕਾਮਯਾਬ ਰਿਹਾ। ਦਰਸ਼ਨ ਔਲਖ ਉੱਚਾ ਲੰਮਾ, ਸੋਹਣਾ ਸਭਿਅਤਾ ਵਾਲਾ ਅਭਿਨੇਤਾ ਹੈ। ਓਸ ਦਾ ਕੰਮ ਦੇਖ ਨਵੇਂ ਅਭਿਨੇਤਾ ਸਿੱਖ ਲੈਣ ਕਿ ਸੰਘਰਸ਼ ਕਰ ਹੀ ਮੰਜ਼ਿਲ ਮਿਲਦੀ ਹੈ ਕਦੇ ਓਹ ਬਿਨ ਡਾਇਆ ਲੋਗ ਦੇ ਫ਼ਿਲਮਾਂ ਕਰਦਾ ਰਿਹਾ। ਲਾਈਨ ਨਿਰਮਾਤਾ ਹਾਸਿਲ ਕਰਨ ਕਿ ਧੋਖੇ ਤੇ ਪੈਸੇ ਮਾਰ ਤੋਂ ਬਚ ਕਿ ਚਲਣਾ ਪੈਂਦਾ ਹੈ। ਕਿਸਾਨ ਪੁੱਤਰ ਦਰਸ਼ਨ ਔਲਖ ਨੂੰ ਖ਼ੁਸ਼ੀ ਏ ਕਿ ਪੰਜਾਬ ਵਿੱਚ ਫ਼ਿਲਮ ਸਿਟੀ ਬਣ ਰਹੀ ਹੈ। ਓਹ ਨਿਮਰਤਾ ਤੇ ਚੁਸਤ ਸੁਭਾਅ ਵਾਲਾ ਹੈ। ਦਰਸ਼ਨ ਔਲਖ ਆਪਣੇ ਹੁਨਰ ਨਾਲ ਹਿੰਦੀ, ਪੰਜਾਬੀ ਸਾਊਥ ਤੇ ਹਾਂ ਅਵਾਰਡ ਆਸਕਰ ਜੇਤੂ ਹਾਲੀਵੁੱਡ ਫ਼ਿਲਮਾਂ ਨਾਲ ਵੀ ਐਕਟਰ ਲਾਈਨ ਨਿਰਮਾਤਾ ਬਣ ਜੁੜਿਆ ਹੈ ਕਿ ਕੁੱਛ ਕਰਨ ਲਈ ਗਿਆਨ ਤੇ ਗਵਾਚਣ ਦੀ ਜਾਚ ਆਉਣੀ ਚਾਹੀਦੀ ਹੈ। ਰੱਬ ਕਰੇ ਦਰਸ਼ਨ ਔਲਖ ਦੇ ਦਰਸ਼ਨ ਵੱਖ ਵੱਖ ਕਿਰਦਾਰ ਨਾਲ ਫ਼ਿਲਮਾਂ ਵਿੱਚ ਹੁੰਦੇ ਰਹਿਣ ਤੇ ਲਾਈਨ ਨਿਰਮਾਤਾ ਤੋਂ ਓਹ ਇੱਕ ਦਿਨ ਨਾਮਵਰ ਫ਼ਿਲਮ ਨਿਰਦੇਸ਼ਕ ਵੀ ਬਣੇ, ਦੁਆਵਾਂ ਤਾਂ ਦੇਣੀਆਂ ਬਣਦੀਆਂ ਹਨ।

ਪੇਸ਼ਕਸ਼ ਅੰਮ੍ਰਿਤ ਪਵਾਰ

# ਇੱਕ ਵਿਸ਼ਾ : ਤਿੰਨ ਕਹਾਣੀਆਂ

## ਤੋਹ.ਫਾ

ਸਵੇਰ ਦਾ ਸਮਾਂ। ਅਜੇ ਧੁੱਪ ਵਿਹੜੇ ਵਿੱਚ ਨਹੀਂ ਸੀ ਆਈ। ਸੂਰਜ ਬੱਦਲਾਂ ਦੇ ਓਹਲਿਓਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਤਨੀ ਝਾੜੂ ਚੁੱਕ ਕੇ ਵਿਹੜੇ ਵਿੱਚ ਖਿੱਲਰੇ ਫੁੱਲਾਂ ਨੂੰ ਸੰਭਰਦਿਆਂ ਕਹਿਣ ਲੱਗੀ, "ਵੇਖੋ ਜੀ, ਗੁਆਂਢੀਆਂ ਦੇ ਰੁੱਖ ਤੋਂ ਆਹ ਫੁੱਲ ਸਾਡੇ ਵਿਹੜੇ ਵਿੱਚ ਡਿੱਗ ਕੇ ਕਿੰਨਾ ਗੰਦ ਪਾ ਦਿੰਦੇ ਨੇ! ਸਵੇਰੇ-ਸਵੇਰੇ ਝਾੜੂ ਨਾ ਮਾਰਾਂ ਤਾਂ ਕਿੰਨਾ ਭੈੜਾ ਲੱਗਦਾ ਹੈ! ਇਨ੍ਹਾਂ ਨੂੰ ਕਹੋ ਕਿ ਇਸ ਦਰਖ਼ਤ ਨੂੰ ਕਟਵਾ ਹੀ ਦੇਣ!"

ਮੈਂ ਹੱਸਦੇ ਹੋਏ ਬਸ ਇੰਨਾਂ ਹੀ ਕਿਹਾ, "ਕਿੰਨੇ ਚੰਗੇ ਗੁਆਂਢੀ ਨੇ ਸਾਡੇ! ਜੋ ਸਵੇਰੇ-ਸਵੇਰੇ ਸਾਡੇ ਵਿਹੜੇ ਵਿੱਚ ਤੋਹ.ਫੇ ਵਜੋਂ ਇਹ ਫੁੱਲ ਖਿਲਾਰ ਦਿੰਦੇ ਨੇ! ਨਹੀਂ ਤਾਂ ਗੁਆਂਢੀ ਅਕਸਰ ਲੋਕਾਂ ਦੇ ਘਰਾਂ ਵਿੱਚ ਕੰਡੇ ਹੀ ਖਿਲਾਰਦੇ ਵੇਖੇ-ਸੁਣੇ ਹਨ!"



ਹੁਣ ਪਤਨੀ ਵੀ ਝਾੜੂ ਲਗਾਉਂਦਿਆਂ ਸਾਰਾ ਦੁਖ ਭੁੱਲ ਕੇ ਮੁਸਕਰਾ ਰਹੀ ਸੀ।

-ਕਮਲੇਸ਼ ਭਾਰਤੀ

## ਮੀਰਾ ਜੈਨ

ਖ਼ੁਸ਼ੀ ਵਿੱਚ ਖੀਵੀ ਉਰਮਿਲਾ ਦੇ ਪੈਰ ਹੀ ਧਰਤੀ ਤੇ ਨਹੀਂ ਸਨ ਲੱਗ ਰਹੇ। ਅੱਜ ਨਵੇਂ ਸਾਲ ਦੇ ਮੌਕੇ ਤੇ ਵਰ੍ਹਿਆਂ ਪਿੱਛੋਂ ਇਕਲੌਤਾ ਬੇਟਾ ਰੋਹਨ ਘਰ ਆਇਆ ਸੀ। ਰੋਹਨ ਦਾ ਅਮਰੀਕਾ ਤੋਂ ਆਉਣਾ ਹੀ ਉਰਮਿਲਾ ਦੀ ਖ਼ੁਸ਼ੀ ਦਾ ਸਭ ਤੋਂ ਵੱਡਾ ਕਾਰਨ ਸੀ। ਨਵੇਂ ਸਾਲ ਦੀ ਸ਼ਾਨਦਾਰ ਪਾਰਟੀ ਦਾ ਪ੍ਰਬੰਧ ਕੀਤਾ ਗਿਆ ਸੀ। ਪਲ-ਭਰ ਵਿੱਚ ਹੀ ਤੋਹ.ਫਿਆਂ ਦਾ ਢੇਰ ਲੱਗ ਗਿਆ। ਅੰਤ ਵਿੱਚ ਰੋਹਨ ਨੇ ਵੀ ਮਾਂ ਦੇ ਪੈਰ ਛੋਂਹਦਿਆਂ ਤੋਹ.ਫੇ ਵਜੋਂ ਇੱਕ ਖ਼ੂਬਸੂਰਤ ਡੱਬੀ ਉਨ੍ਹਾਂ ਦੇ ਹੱਥਾਂ ਵਿੱਚ ਰੱਖੀ। ਉਰਮਿਲਾ ਨੇ ਡੱਬੀ ਮੋੜਦਿਆਂ ਕਿਹਾ, "ਬੇਟਾ, ਤੂੰ ਆ ਗਿਆ ਹੈਂ, ਇਸਤੋਂ ਵੱਡਾ ਤੋਹ.ਫਾ ਮੇਰੇ ਲਈ ਹੋਰ ਕੁਝ ਹੋ ਹੀ ਨਹੀਂ ਸਕਦਾ। ਤੇਰੇ ਸਾਹਮਣੇ ਇਨ੍ਹਾਂ ਦੁਨਿਆਵੀ ਚੀਜ਼ਾਂ ਦਾ ਮੇਰੇ ਲਈ ਕੋਈ ਮੁੱਲ ਨਹੀਂ ਹੈ।"

ਇੰਨਾ ਕਹਿੰਦੇ-ਕਹਿੰਦੇ ਅੱਖਾਂ 'ਚੋਂ ਮਾਂ ਦੀ ਮਮਤਾ ਟਪਕਣ ਲੱਗੀ। ਰੋਹਨ ਦੀਆਂ ਅੱਖਾਂ ਵੀ ਨਮ ਹੋ ਗਈਆਂ। ਉਹਨੇ ਮਾਂ ਦੇ ਹੰਝੂ ਪੂੰਝਦਿਆਂ ਫਿਰ ਉਸ ਡੱਬੀ ਨੂੰ ਮਾਂ ਵੱਲ ਵਧਾਉਂਦਿਆਂ ਪਿਆਰ-ਭਰੇ ਸ਼ਬਦਾਂ ਨਾਲ ਆਖਿਆ, "ਲੈ ਲਓ ਪਿਆਰੀ ਮਾਂ! ਹੋ ਸਕਦੈ, ਇਸ ਵਿੱਚ ਤੁਹਾਡੀ ਉਮੀਦ ਤੋਂ ਵੀ ਵੱਧ ਕੋਈ ਖ਼ੂਬਸੂਰਤ ਚੀਜ਼ ਹੋਵੇ!"

ਆਖ਼ਰ ਉਰਮਿਲਾ ਨੂੰ ਉਹ ਡੱਬੀ ਲੈ ਕੇ ਖੋਲ੍ਹਣੀ ਹੀ ਪਈ। ਅੰਦਰ ਵੇਖਦਿਆਂ ਹੀ ਉਰਮਿਲਾ ਖ਼ੁਸ਼ੀ ਨਾਲ ਚੀਕ ਉਠੀ ਅਤੇ ਅੱਖਾਂ 'ਚੋਂ ਬੇਮੁਹਾਰਾ ਪਿਆਰ-ਰਸ ਛਲਕਣ ਲੱਗਿਆ। ਡੱਬੀ ਖ਼ਾਲੀ ਸੀ। ਸੁਨਹਿਰੀ ਅੱਖਰਾਂ ਵਿੱਚ ਸਿਰ.ਫ ਇੰਨਾ ਹੀ ਲਿਖਿਆ ਸੀ -"ਮਾਂ, ਮੈਂ ਹੁਣ ਪਰਤ ਕੇ ਨਹੀਂ ਜਾਵਾਂਗਾ...।"



# ਮੂਲ : ਮੀਰਾ ਜੈਨ, ਸਾਈਂਨਾਥ ਕਾਲੋਨੀ, ਸੇਠੀ ਨਗਰ, ਉਜੈਨ (ਮੱਧਪ੍ਰਦੇਸ਼) 9425918116.

## ਗੋਵਿੰਦ ਸ਼ਰਮਾ

ਹਰ ਵਾਰ ਦੀ ਤਰ੍ਹਾਂ ਰੱਖੜੀ ਦਾ ਤਿਉਹਾਰ ਸੀ। ਹੁਣ ਉਹ ਆਈਏਐੱਸ ਹੈ। ਰੱਖੜੀ ਦੇ ਦਿਨ ਪਹੁੰਚ ਗਿਆ ਆਪਣੀ ਵੱਡੀ ਭੈਣ ਕੋਲ। ਭੈਣ ਉਹਨੂੰ ਵੇਖਦੇ ਹੀ ਖ਼ੁਸ਼ ਹੋ ਗਈ। ਬੋਲੀ, "ਮੈਂ ਸੋਚਿਆ ਤੂੰ ਨਹੀਂ ਆ ਸਕੇਂਗਾ। ਵੱਡਾ ਅ.ਫਸਰ ਜੋ ਬਣ ਗਿਆ ਹੈਂ! ਉਂਜ ਮੈਂ ਤੇਰੇ ਲਈ ਰੱਖੜੀ ਆਪਣੇ ਹੱਥਾਂ ਨਾਲ ਬਣਾ ਚੁੱਕੀ ਹਾਂ। ਬੰਨ੍ਹਣ ਤੋਂ ਪਹਿਲਾਂ ਵਿਖਾਵਾਂ?"

"ਨਹੀਂ ਦੀਦੀ, ਮੈਂ ਰੱਖੜੀ ਬੰਨ੍ਹਵਾਉਣ ਨਹੀਂ ਆਇਆ।"

"ਕਿਉਂ? ਕੀ ਏਨਾ ਵੱਡਾ ਹੋ ਗਿਆ ਹੈਂ ਕਿ ਭੈਣ ਦੀ ਰੱਖੜੀ ਦੀ ਤੈਨੂੰ ਲੋੜ ਨਹੀਂ? ਕੀ ਦੇਣ ਲਈ ਤੇਰੇ ਕੋਲ ਤੋਹ.ਫਾ ਨਹੀਂ ਹੈ? ਮੈਂ ਤਾਂ ਕੋਈ ਵਧੀਆ ਤੋਹ.ਫੇ ਦੀ ਉਮੀਦ ਲਾਈ ਬੈਠੀ ਸਾਂ...।"

"ਦੀਦੀ, ਮੈਨੂੰ ਸਭ ਯਾਦ ਹੈ। ਯਾਦਾਂ ਬੁਰੀ ਤਰ੍ਹਾਂ ਮੇਰੇ ਨਾਲ ਚਿੰਬੜੀਆਂ ਹੋਈਆਂ ਹਨ। ਮੈਂ ਜਦੋਂ ਸੱਤ ਸਾਲ ਦਾ ਸਾਂ, ਉਦੋਂ ਮਾਤਾ-ਪਿਤਾ ਛੱਡ ਕੇ ਚਲੇ ਗਏ। ਤੁਸੀਂ ਹੀ ਪਾਲਿਆ-ਪੋਸਿਆ। ਮੈਨੂੰ ਪੜ੍ਹਾਇਆ ਤੇ ਇਸ ਯੋਗ ਬਣਾਇਆ ਕਿ ਅੱਜ ਮੈਂ ਇੱਕ ਅ.ਫਸਰ ਹਾਂ। ਇੱਕ ਅਜਿਹਾ ਅ.ਫਸਰ ਜਿਸ ਉੱਤੇ ਲੱਖਾਂ ਲੋਕਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਹੈ। ਦੀਦੀ, ਮੈਂ ਇਹ ਸੋਚ ਕੇ ਹੀ ਕੰਬ ਜਾਂਦਾ ਹਾਂ ਕਿ ਜੇ ਤੁਹਾਡਾ ਪਿਆਰ ਮੈਨੂੰ ਨਾ ਮਿਲਿਆ ਹੁੰਦਾ ਤਾਂ ਮੇਰਾ ਕੀ ਬਣਦਾ! ਮੈਂ ਖ਼ੁਦ ਨੂੰ ਬਹੁਤ ਛੋਟਾ ਅਤੇ ਕਮਜ਼ੋਰ ਮਹਿਸੂਸ ਕਰ ਰਿਹਾ ਹਾਂ। ਇਸਲਈ ਹਮੇਸ਼ਾ ਵਾਂਗ ਤੁਹਾਥੋਂ ਰੱਖੜੀ ਬੰਨ੍ਹਵਾ ਕੇ ਤੋਹ.ਫਾ ਦੇਣ ਦੀ ਫ਼ਾਰਮੈਲਿਟੀ ਨਹੀਂ ਕਰਾਂਗਾ। ਅੱਜ ਮੈਂ ਤੁਹਾਡੇ ਹੱਥ ਤੇ ਰੱਖੜੀ ਬੰਨ੍ਹਾਂਗਾ। ਤੁਹਾਡੇ ਹੱਥ ਮੇਰੇ ਹੱਥਾਂ ਨਾਲੋਂ ਜ਼ਿਆਦਾ ਮਜ਼ਬੂਤ ਹਨ। ਮੈਂ ਤੁਹਾਥੋਂ ਤੋਹ.ਫਾ ਲਵਾਂਗਾ। ਵਾਅਦਾ ਕਰੋ ਕਿ ਤੁਹਾਡਾ ਹੱਥ ਹਮੇਸ਼ਾ ਮੇਰੇ ਸਿਰ ਤੇ ਰਹੇਗਾ। ਤੁਸੀਂ ਪਹਿਲਾਂ ਵਾਂਗ ਹੀ ਮੇਰੀ ਰਾਖੀ ਕਰਦੇ ਰਹੋਗੇ...।"

ਉਹਨੇ ਆਪਣੀ ਜੇਬ 'ਚੋਂ ਇੱਕ ਰੱਖੜੀ ਕੱਢ ਲਈ ਸੀ। ਭੈਣ ਦੀਆਂ ਅੱਖਾਂ ਵਿੱਚ ਹੰਝੂ ਸਨ...।



# ਗੋਵਿੰਦ ਸ਼ਰਮਾ,
440- ਸੈਕਟਰ-1,
ਸੰਗਰੀਆ - 335063 (ਹਨੂਮਾਨਗੜ੍ਹ)



ਹਿੰਦੀ ਤੋਂ ਅਨੁਵਾਦ :
ਪ੍ਰੋ. ਨਵ ਸੰਗੀਤ ਸਿੰਘ,
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302 (ਬਠਿੰਡਾ)

# ਅੱਜ ਕਲ੍ਹ ਪੱਤਰਕਾਰਾਂ, ਮੀਡੀਏ ਸੋਸ਼ਲ, ਯੂ:ਟਿਊਬਾਂ ਸਭ ਨੇ ਹੀ ਹੇਠਲੀ ਉੱਤੇ ਲਿਆ ਧਰੀ ਹੈ

**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**



ਚੱਲਦੇ ਸਪਤਾਹ ਧਾਰਮਿਕ ਸਮਾਗਮ ਮਹੱਤਵਪੂਰਨ, ਗੁਰੂ ਰਵਿਦਾਸ ਭਗਤ, ਦਰਵੇਸ਼, ਦੈਵੀ ਨਿਮਰ ਜਗਤ ਨੂੰ ਵਧਾਈ ਤਾਂ ਮੈਂ ਨਹੀਂ ਕਹਿੰਦੀ ਸਿੱਖ ਜਗਤ ਨੂੰ ਉਹ ਸਾਡੇ ਇਸ਼ਟ ਦਾ ਅੰਗ ਨੇ ਚਾਮਾਂ ਨਾਲ, ਸ਼ਰਧਾ ਨਾਲ, ਪਰ ਸਿਧਾਂਤਾਂ ਨਾਲ ਹੋਵੇ ਗੁਰੂ ਰਵਿਦਾਸ ਸਭਾਵਾਂ (ਗੁਰੂ ਗ੍ਰੰਥ) ਨੂੰ ਹੀ ਪ੍ਰਮੰਨਦੇ ਹਨ, ਬਹੁਤੀ ਬਾਣੀ ਸੁਭਾਖਿਆ ਇਸ ਰਹਿਬਰ ਦੀ ਹੈ, ਕੋਈ ਦੋ ਰਾਵਾਂ ਨਹੀਂ ਕਿ ਕੇਵਲ ਸਦੀ ਕੁ ਪਹਿਲਾਂ ਹੀ ਸਮੇਂ ਦੇ ਵਤੀਰੇ, ਵਿਹਾਰ ਅਤੇ ਅਣਮਨੁੱਖੀ ਪ੍ਰਭਾਵ ਹੇਠ ਵਿਚਰ ਰਹੇ ਅਨੁਭਵ ਕਿ ਇਹ ਸੰਸਾਰ 'ਤੇ ਪ੍ਰਭੂ ਦੀ ਰਚਨਾ ਦੇ ਵਿਰੁੱਧ ਹੈ, ਭਾਵੇਂ ਕੋਈ ਅੰਦੋਲਨ, ਯੁੱਧ ਜਾਂ ਲਹਿਰ ਨਹੀਂ ਸੀ ਚਲਾਈ ਪਰ ਨਿੱਜੀ ਜੀਵਨ ਨੂੰ ਕਿਰਤ ਕਰਕੇ ਪ੍ਰਭੂ ਦਾ ਸ਼ੁਕਰਾਨਾ ਕਰਨਾ ਤੇ ਇਹ ਭੀ ਸਿੱਧ ਕੀਤਾ ਕਿ ਪ੍ਰਮੇਸ਼ਰ ਨੂੰ ਯਾਦ ਕਰਨਾ ਧਿਆਉਣਾ ਹੁਕਮੀ ਚਲਣ ਦੇ ਲਈ ਕਿਸੇ ਮੰਦਰ-ਦੁਆਰ ਦੀ ਲੋੜ ਨਹੀਂ, ਸ਼ੁੱਭ ਅਮਲ ਤੇ ਮਨੁੱਖਤਾ ਦੀ ਇਕਸਾਰਤਾ ਦੀ ਲੜੀ ਸਹਾਈ ਹੈ। ਭਾਵੇਂ ਕਿ ਉਨ੍ਹਾਂ ਦਾ ਪ੍ਰਜਾ ਲਈ ਕੀਤਾ ਪਰਉਪਕਾਰ ਬੜੇ ਲੰਮੇ ਸਮੇਂ ਮਗਰੋਂ ਜਦੋਂ ਭਾਈ ਗੁਰਦਾਸ ਜੀ ਨੇ (ਮੰਨਣਾ ਪਵੇਗਾ) ਕਿ ਉਨ੍ਹਾਂ ਨੂੰ ਪ੍ਰਮਾਣਤਾ, ਮਹਾਨ-ਤਾ ਗੁਰੂ ਰੂਪ ਵਿੱਚ ਨਹੀਂ ਦਿੱਤੀ ਸੀ, ਕੇਵਲ ਭਗਤਾਂ ਦੀ ਬਾਣੀ ਲੋੜੀਂਦੀ ਸੀ ਧਰਮ ਦੇ ਪੋਥੀਆਂ ਰੂਪੀ ਪ੍ਰਚਾਰ ਲਈ ਸਦੀ ਕੁ ਤੋਂ ਜੇਕਰ ਸਿੱਖ ਵਿਚਾਰਧਾਰਾ ਥੋੜ੍ਹੀ ਸੂਝ ਬੂਝ ਤੋਂ ਕੰਮ ਲੈਂਦੀ ਤਾਂ ਪ੍ਰਿਥਮ ਮਾਣ ਦਿੱਤਾ ਜਾਂਦਾ, ਅੱਜ ਰਵਿਦਾਸੀਆ ਧਰਮ ਭਾਈਚਾਰਾ ਤੇ ਸਮਾਜ ਅੱਡਰਾ ਨਾ ਹੁੰਦਾ, ਚਲੋ ਮੈਂ ਤਾਂ ਨਿੱਤ ਪਹਿਲਾਂ ਨਮਨ ਹੁੰਦੀ ਹਾਂ ਅਤੇ ਅਰਦਾਸ ਭੀ ਉਨੀ ਹੀ ਸ਼ਰਧਾ ਨਾਲ ਕਰਦੀ ਹਾਂ ਕਿ ਗੁਰੂ ਜੀ ਸਾਨੂੰ ਭੀ ਬਖ਼ਸ਼ੋ, ਸਿਰ 'ਤੇ ਹੱਥ ਰੱਖੋ, ਕਦੀ ਨਿਮਰਤਾ ਦੀ ਦਾਤ ਮਿਲ ਸਕੇ, ਹੰਕਾਰ, ਗੁਮਾਨ ਤੇ ਅਭਿਮਾਨ ਤੋਂ ਦੂਰ ਕਰੋ, ਮੰਨਦੀ ਹਾਂ ਏਕੋ ਹੈ ਭਾਈ ਏਕੋ ਹੈ ਸਭ ਦਾ ਦਾਤਾ ਏਕੋ ਹੀ ਹੈ। ਸਹਾਈ ਹੋਵੇ ਨਾਲ ਹੀ ਜੋੜਾਂ ਧਰਮ ਦਾ ਪਸਾਰਾ ਸਬਕ ਛੋਟਾ ਜਿਹਾ ਹੋਵੇ ਜੋ ਪ੍ਰਪੱਕ ਹੋ ਸਕੇ, ਧਾਰਮਿਕ ਅਦਾਰੇ ਸਿਆਸੀ ਬਣ ਚੁੱਕੇ ਹਨ, ਧੁਰੇ ਹੀ ਖੋਖਲੇ ਹੋਣ ਤਾਂ ਅੱਗੋਂ ਕੀ ਫਲ ਫੁੱਲ, ਦੇਖੋ ਹੁਣ ਸਾਡੇ ਤਖ਼ਤਾਂ ਦੇ ਜਥੇਦਾਰ ਧਰਮ ਵੱਲ ਤਾਂ ਕੋਈ ਧਿਆਨ ਨਹੀਂ ਸਿਆਸੀ ਬਿਆਨਬਾਜ਼ੀ ਕੀ ਸਿਆਸੀ ਨੇਤਾ ਫੇਰ ਧਰਮ ਵਿੱਚ ਦਖਲ ਕਿਉਂ ਨਾ ਦੇਣ, ਆਪਣੇ ਖੇਤਰ ਵਿੱਚ ਰਹੋ, ਛੜੱਪੇ ਮਾਰਨੇ ਸਹਾਈ ਨਹੀਂ।

ਪੱਤਰਕਾਰ ਦੀ ਧੁੰਨ ਪੜ੍ਹੋ ਕਿ ਲਿਖਦਾ ਹੈ, ਕਿਸਾਨੀ ਲੀਡਰਸ਼ਿੱਪ ਸਿੱਖ ਵਿਚਾਰਧਾਰਾ ਤੋਂ ਮੁਨਕਰ ਕਿਉਂ ਇਹ ਤਕਰਾਰੀ ਹੈ, ਕਿਸਾਨ ਕੇਵਲ ਸਿੱਖ ਹੀ ਨਹੀਂ ਹਨ, ਇਹ ਧਾਰਮਿਕ ਸੰਘਰਸ਼ ਨਹੀਂ:- ਕਿਸਾਨ ਮੁਸਲਮਾਨ ਭੀ ਹਨ, ਹਰਿਆਣੇ ਦੇ ਤੇ ਪੰਜਾਬ ਵਿੱਚ ਹਿੰਦੂ ਭੀ ਹਨ, ਸੰਨ੍ਹੀਆਂ ਨਾ ਕਰਨ ਲਗੋ ਧਰਮ ਸਿਆਸਤਾਂ ਵਿੱਚ ਲਬੇੜ ਕੇ ਆਹ ਹਾਲ ਕਰਤਾ, ਅੱਜ ਪੱਤਰਕਾਰਾਂ, ਮੀਡੀਏ ਸੋਸ਼ਲ, ਯੂ:ਟਿਊਬਾਂ ਸਭ ਨੇ ਹੀ ਹੇਠਲੀ ਉੱਤੇ ਲਿਆ ਧਰੀ, ਇਹਨੂੰ ਇਹ ਸੇਵਾ ਦੱਸਦੇ ਨੇ, ਕੀ ਕਿਸੇ ਹੋਰ ਸੂਬੇ ਵਿੱਚ ਇਹੋ ਜਿਹਾ ਭੂਤੀ ਪੰਗਾ ਲੱਗਿਆ ਹੈ, ਪੰਜਾਬ ਖਾਸ ਖੇਤੀ ਕਰਦਾ ਹੈ, ਯੂਪੀ ਦਾ ਗੰਨਾ ਦੇਖੋ 7 ਫੁੱਟ ਤੋਂ ਉੱਚਾ, ਪੰਜਾਬ ਵਿੱਚ ਮਸਾਂ 5 ਫੁੱਟ ਤੇ ਹੋਰ ਖੇਤੀਆਂ ਭੀ ਵਧੀਆ ਹਨ ਪਰ ਅਸੀਂ ਹੁੱਭਣ ਵਿੱਚ ਤੇਜ, ਕਿਸਾਨੀ ਘੋਲ ਕੋਈ ਨਾ ਪੰਜਾਬ ਨਾ ਕਿਸਾਨਾਂ ਦੇ ਹੱਕ ਵਿੱਚ ਹੈ ਇਹ ਤਾਂ ਯੂਨੀਅਨਾਂ ਜ਼ਿੰਦਾਬਾਦ, ਬਦਕਿਸਮਤੀ ਨੂੰ 80ਵਿਆਂ ਵਿੱਚ ਕਾਮਰੇਡ ਨਕਸਲੀਏ ਸੀ ਘਾਣ ਕਰਵਾਉਣ ਨੂੰ, ਹੁਣ ਟਰੇਡ ਯੂਨੀਅਨਾਂ ਮਾੜੀ ਕਿਸਮਤ ਵਾਸੀਆਂ ਦੀ ਨਾਲ ਪ੍ਰਵਾਸੀਆਂ ਦੀ ਸਾਡੀ, ਐੱਨ.ਆਰ.ਆਈ. ਭੀ ਅੜਿੰਗੇ ਸਭ ਪਤਾ ਸੀ ਆਗੂਆਂ ਨੂੰ ਕਿ ਜਾਨੀ ਮਾਲੀ ਨੁਕਸਾਨ ਵੱਟ 'ਤੇ ਹੈ, ਮੁਆਵਜ਼ੇ ਯੂਨੀਅਨਾਂ ਭਰਨ, ਸਰਕਾਰੀ ਖਜ਼ਾਨੇ ਵਿੱਚੋਂ ਕਿਉਂ ਲੋਕ ਦਰੜੇ ਜਾਣ ਭਾਰ ਨਾਲ, ਵਪਾਰੀ ਤਬਕਾ ਦੁਖੀ ਹੈ ਪਰ ਲਚਾਰ ਹਨ ਕਿੱਡਾ ਝੂਠ ਹੈ ਕਿ ਕਿਸਾਨ ਤਾਂ ਸ਼ਾਂਤਮਈ ਸਨ, ਕੀ ਕੀ ਕੁਝ ਉਥੇ ਦੇਖ ਸਕਦੇ ਹਾਂ ਬੋਰੀਆਂ, ਮਿੱਟੀ, ਲੂਣ, ਮਿਰਚਾਂ, ਪਰਾਲੀ, ਪਤੰਗ ਮਸਾਲੇ ਨਾਲ ਅੰਤ ਜੇ.ਸੀ.ਬੀ. ਮਸ਼ੀਨ ਤਾਂ ਅੱਗੋਂ ਉਹ ਭਿਖਸ਼ੂ ਨੇ ਸਰਕਾਰ ਹੈ ਟੀ.ਵੀ. 'ਤੇ ਗਾਲ੍ਹਾਂ ਕੱਢਦੇ ਨੇ ਕੀ ਕੀ ਕੁਝ ਬੋਲਦੇ ਨੇਤਾ ਦੱਸੋ ਅੱਗੋਂ ਕੀ ਕੀ ਨਹੀਂ ਹੋਵੇਗਾ ਗੰਭੀਰ ਚਿੰਤਾ ਹੈ, ਪਰ ਆਹ ਪੰਜਾਬੀ ਪੀਪਨੀ ਚੈਨਲਾਂ ਦੇ ਜੋ ਕੁਝ ਉਕਸਾਹਟ ਕਰ ਰਹੇ ਹਨ, ਤੋਬਾ ਹੀ ਹੈ, ਹੋਰ ਪੜ੍ਹੋ ਇਥੇ ਮੰਗਣ ਵਿੱਚ ਮਾਹਰ ਚੈਨਲ ਨੇ ਤਾਂ ਅਪੀਲ ਭੀ ਕਰਨ ਲੱਗ ਗਏ ਕਿ ਮੋਰਚੇ ਲਈ ਮੈਡੀਕਲ ਸਹੂਲਤਾਂ ਲਈ ਫੰਡ ਇਕੱਠਾ ਕਰਨਾ ਹੈ, ਇਨ੍ਹਾਂ ਦਾ ਤਾਂ ਕਿੱਤਾ ਹੀ ਇਹ ਹੀ ਹੈ, ਬਹੁਤੇ ਭੜਦੋਹਲ ਲਈ ਇਹ ਜ਼ਿੰਮੇਵਾਰ ਹਨ, ਲੱਭ ਲੱਭ ਬੰਦੇ ਲਿਆ ਕੇ ਬੁਲਾ ਰਹੇ ਹਨ, ਕੀਰਤਨੀਆ ਬਲਦੇਵ ਵਡਾਲਾ ਬੋਲਦਾ ਹੈ, ਇਹ ਕੀਰਤਨੀਆ ਸੀ, ਦਰਬਾਰ ਸਾਹਿਬ ਤੋਂ ਟਾਹ ਤਾਂ ਸੀ ਤੇ ਹੁਣ ਤੱਕ ਟਿਕਦਾ ਹੀ ਨਹੀਂ, ਬਾਦਲਾਂ ਨੂੰ ਹਰ ਥਾਂ ਭੰਡਣ ਲੱਗੂ ਕੇਵਲ ਆਪਣੀ ਭੱਲ ਲਈ:- ਕੋਈ ਭੀ ਸੁਹਿਰਦ ਅਦਾਰਾ ਅਮਨ ਸ਼ਾਂਤੀ ਵਾਲਾ ਵਤੀਰਾ ਨਹੀਂ ਪ੍ਰਚਾਰ ਰਿਹਾ, ਬੱਸ ਅੱਗ ਲਾਉ ਇਹੀ ਚੋਧ੍ਰਰ ਲਈ ਸਹਾਈ ਹੈ, ਕੁਝ ਕੁ ਡਰਦੇ ਭੀ ਮਗਰ ਲੱਗੇ ਹੋਏ ਨੇ, ਪਰ ਮੋਰ ਤਾਂ ਅਵਾਮ ਦੇ ਕੁੱਟ ਹੋ ਰਹੇ ਹਨ, ਸਦਮੇ ਭਰੀ ਹੋਰ ਘਨੌਰੀ 'ਤੇ ਕਿਸਾਨ ਦਰਸ਼ਨ ਸਿੰਘ ਦੀ ਮੌਤ, ਅਖੇ ਪੁੱਤ ਦਾ ਵਿਆਹ ਕਰਕੇ ਪਹਿਲੇ ਦਿਨ ਤੋਂ ਬਾਰਡਰ 'ਤੇ, ਤਰਾਸਦੀ ਕਿ ਆਹ ਪੀਪਨੀ ਰਿਪੋਰਟਰ ਸੁਣੋ ਕੀ ਬੰਦੇ ਮਾਰਨੇ ਸਿੱਖ ਧਰਮ ਜਾਂ ਕੌਮ ਲਈ ਮਾਣਮੱਤੀ ਧਾਰਾ ਨਹੀਂ ਭਾਵੇਂ ਹੁਣ ਤਾਂ ਇਹ ਧਰਮ ਨਾਲ ਜੋੜ ਲਈ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਜੋ ਤੈ ਮਾਰਨ ਮੁੱਕੀਆਂ ਕਿਥੇ ਗਈ, ਨਿਮਰਤਾ ਦਾ ਸੋਮਾ ਸਰਬੱਤ ਦਾ ਭਲਾ ਲਾਗੂ ਹੁੰਦਾ ਹੈ, ਬੀਬੀ ਚਿੱਕੜ ਸੁੱਟਦੀ ਹੈ ਤੱਥਾਂ ਨੂੰ ਉਜਾਗਰ ਕਰਨਾ ਗੁਨਾਹ ਹੈ, ਮੈਂ ਨਾ ਤਾਂ ਇਤਿਹਾਸਕਾਰ ਹਾਂ, ਨਾ ਬੁੱਧੀਮਾਨ ਤੇ ਨਾ ਹੀ ਜਥੇਦਾਰ, ਸਧਾਰਨ ਜਿਹੀ ਲੇਖਕਾਂ ਹਾਂ, ਪਰ ਅੱਧੀ ਸਦੀ ਤੋਂ ਸੁਧਾਰ ਲਈ ਜੂਝਦੀ ਹਾਂ, ਮੈਂ ਵਿਚਾਰ ਪਰਚੇ ਵਿੱਚ ਲਿਖਦੀ ਹਾਂ ਨਾ ਕਿ ਚੈਨਲ 'ਤੇ ਬੈਠ ਕੇ ਬੱਸ ਜੀ ਆਪਾਂ ਹੀ ਸੱਚ ਬੋਲ ਰਹੇ ਹਾਂ, ਕੋਈ ਫੂਨ ਨਹੀਂ ਕਰ ਸਕਦਾ ਬੱਸ ਜੀ ਸਾਨੂੰ ਦੱਸਿਉ ਪ੍ਰੋਗਰਾਮ ਦੱਸਿਉ ਕਿਹੋ ਜਿਹਾ ਹੈ, ਕੌਣ ਨਿੰਦੂ ਭਲਾ ਤੁਹਾਡੇ ਕੋਲ ਤਾਂ ਸਹੂਲਤ ਹੈ ਪੱਖ ਵਾਲੇ ਹੀ ਬੁਲਾਰੇ ਹਾਲੇ ਲੋਕਤੰਤਰ ਹਾਮੀ ਤੁਹਾਡੀਆਂ ਪੀਪਨੀਆਂ ਮਹਿਕਮਾਂ ਬੰਦ ਕਰ ਦੇਵੇ ਤਾਂ ਪ੍ਰੈੱਸ ਦਾ ਗਲਾ ਘੁੱਟਤਾ ਤੁਸੀਂ ਕਿਸੇ ਕਲਮ ਨੂੰ ਚਿੱਕੜ ਦੱਸੋ ਤੇ ਆਖੋ ਪਰਚੇ ਦੀ ਨੀਤੀ ਲਾਗੂ ਨਹੀਂ ਯਾਨੀ ਬੰਦ ਕਿਉਂ ਨਹੀਂ ਕਰਦੇ, ਮੈਂ ਨਹੀਂ ਕਹਿੰਦੀ ਤੁਹਾਨੂੰ ਛਾਪੋ ਨਾ ਹਾਂ ਉੱਤਰ ਜਰੂਰ ਮੰਨੋ ਇਹ ਹੱਕ ਹੈ, ਹਾਂ ਨਿੱਜੀ ਮਾੜੀਆਂ ਕੋਝੀਆਂ ਟਿੱਪਣੀਆਂ ਤੂਹਮਤਾਂ ਤੋਂ ਜਰੂਰ ਗੁਰੇਜ਼, ਮੈਂ ਅਕਾਲੀ ਦਲ ਦੀ ਕੋਈ ਭੀ ਜੋ ਨੀਤੀ ਕਾਰਗਰ ਨਾ ਹੋਵੇ ਨਿੰਦਦੀ ਹਾਂ, ਕਾਂਗਰਸ ਦੇ ਕੀਤੇ ਕੰਮ ਭੀ ਅਣਗੌਲਿਆਂ ਨਹੀਂ ਕਰਦੀ, ਭਗਵੰਤ ਮਾਨ ਭੀ ਕੋਰਾ ਨਿਖਿੱਧ ਨਹੀਂ ਪਹਿਲਾਂ ਤਾਂ ਟੀਸੀ 'ਤੇ ਹੁਣ ਭੁੰਜੇ ਇਹ ਚਤਰ ਵਿੱਦਿਆ ਨਿੰਦਣੀ ਬਣਦੀ ਹੈ, ਇਹ ਸੋਸ਼ਲ ਮੀਡੀਆ ਯੂ:ਟਿਊਬਾਂ ਵਾਲੇ ਹਰ ਥਾਂ ਭੜਥੂ ਦੇ ਜ਼ਿੰਮੇਵਾਰ ਹਨ, ਕਿਸਾਨਾਂ ਨੂੰ ਉਕਸਾਉਣਾ ਭਾਵੇਂ ਟਰੇਡ ਯੂਨੀਅਨਾਂ ਤਾਂ ਤੱਤਪਰ ਰਹਿੰਦੀਆਂ ਹੀ ਹਨ ਪਰ ਆਹ ਚਾਰ-ਪੰਜ ਚੈਨਲੀ ਧੂਤੂ ਭੱਜੇ ਹੀ ਫਿਰਦੇ ਨੇ, ਗੋਦੀ ਮੀਡੀਆ ਘੜਤ ਹੀ ਆਪਣੀ ਪ੍ਰਸਿੱਧੀ ਲਈ ਹੈ, ਭਾਵੇਂ ਕਿ ਕਿਸਾਨ ਘੋਲ ਵਿੱਚ ਦੂਜੇ ਮੀਡੀਏ ਤੱਤਪਰ ਹਨ, ਹੁਣ ਸਥਿਤੀ ਬੜੀ ਗੰਭੀਰ ਹੈ ਜਾਨੀ ਨੁਕਸਾਨ ਦੀ ਚਿੰਤਾ, ਹੋਰ ਆਰਥਿਕ ਸੰਕਟ, ਪੰਜਾਬ ਦਾ ਮੰਦਾ, ਕੋਈ ਭੀ ਪੂੰਜੀ ਨਿਵੇਸ਼ ਅੱਗੇ ਨਹੀਂ ਆਊ, ਰੁਜ਼ਗਾਰ ਨਹੀਂ, ਆਮ ਸਾਧਾਰਨ ਜਨਸੰਖਿਆ ਦੁਖੀ, ਵਿਦੇਸ਼ੀ ਭੀ ਔਖੇ, ਬੰਦਾਂ ਕਾਰਨ ਕੰਮਕਾਰਾਂ ਵਿੱਚ ਰੁਕਾਵਟਾਂ, ਵਪਾਰੀ ਤਬਕਾ ਤਰੁੱਬਿਆ ਪਿਆ, ਕਿਸਾਨ ਅੰਦੋਲਨ ਦਾ ਲਾਭ ਘੱਟ ਨੁਕਸਾਨ ਵੱਧ, ਹੁਣ ਧਰਮ ਨੂੰ ਘੜੀਸ ਰਹੇ ਹਨ ਬਗਾਵਤ 47 ਹਾਲੇ ਤਾੜੇ ਨਹੀਂ ਆਇਆ, ਹੁਣ ਪਾਕਿਸਤਾਨ ਲਈ ਤਾਂਘੀ ਵਸੀਲੇ ਹੀਲੇ ਘੜਨ ਨਾਲੋਂ ਪ੍ਰਮਾਤਮਾਂ ਤੋਂ ਮੰਗੋ, ਦਾਤਾ ਉਹੀ ਹੈ ਅੰਨ-ਉਗਾਊ ਹੈ, ਅੰਤ ਵਿੱਚ ਮੈਂ ਚਿੱਕੜ ਨਹੀਂ ਜਾਣਕਾਰੀ ਸਿੱਟਦੀ ਹਾਂ, ਕ੍ਰੋਧ ਆਉਂਦਾ ਹੈ ਤਾਂ ਸੁਧਾਰ ਲਿਆਉ।

**ਸੰਪਾਦਕ ਜੀਉ,**

ਧੰਨਵਾਦੀ, ਬੇਨਤੀ ਅਤੇ ਆਗਿਆ ਮੰਗ ਹੱਥਲੇ ਪਰਚੇ ਵਿੱਚ ਬੜੇ ਵਧੀਆ, ਲੋੜੀਂਦੇ ਤੇ ਕੁਝ ਮਾਨਮੱਤੇ ਵਿਚਾਰ ਲੱਭੇ ਸਪੱਸ਼ਟ ਕਰਾਂ ਕਿ ਮੈਂ ਬਹੁਤੀ ਠੇਠ ਪੰਜਾਬੀ ਪਰਚੇ ਵਿੱਚ ਸੁਹਿਰਦ, ਲੇਖਕਾਂ ਤੋਂ ਹੀ ਸਿੱਖੀ ਹੈ, ਸਮਾਜੀ ਉਘੇ ਨਾਵਲਕਾਰ ਜੋਗੀ ਰੁੱਸਾ, ਬੋਲੀ ਤੇ ਮੂਰਤ ਹੂ-ਬਹੂ ਖਿੱਚੀ ਹੁੰਦੀ ਹੈ, ਕੁਝ ਲੇਖਕ ਭਾਈਚਾਰਕ, ਸੱਭਿਅਤਾ ਤੇ ਸਿਹਤ ਸਬੰਧੀ ਜਾਣਕਾਰੀ ਲਈ ਰਿਣੀ ਬਣਾਉਂਦੇ ਹਨ, ਗੁਰਬਾਣੀ ਮੈਂ ਕੇਵਲ ਸਮਝਣ ਜੋਗੀ 'ਤੇ ਹੀ ਨਿਰਭਰ ਹਾਂ, ਉਘੇ ਪਤਾਲ ਮੰਤਵ ਦੇ ਮਾਅਨੇ ਦੇ ਮੈਨੂੰ ਰੁਚੀ ਵੱਲ ਧਕੇਲਦੇ ਨਹੀਂ, ਸਗੋਂ ਤਣਾਅ ਦਿੰਦੇ ਹਨ। ਹੁਣ ਆਵਾਂ ਆਪਣੇ ਵਿਸ਼ੇ ਵੱਲ, ਮੈਂ ਜਿੰਨਾ ਆਪਾਂ ਜਾਣੇ-ਅਣਜਾਣੇ ਵਿੱਚ ਨਿੱਤ ਝੂਠ ਬੋਲਦੇ ਹਾਂ ਉਨੀ ਵਾਰੀ ਸਪੱਸ਼ਟ ਕਰ ਚੁੱਕੀ ਹਾਂ ਕਿ ਮੈਂ ਪੜਚੋਲੀਆ ਅਲੋਚਕ ਤੇ ਪ੍ਰਚੱਲਤ ਮੁੱਦਿਆਂ ਦੀ ਆਪਣੀ ਸੁੱਧ ਬੁੱਧ ਅਨੁਸਾਰ ਸਾਂਝਾਂ ਪਾਉਂਦੀ ਹਾਂ, ਜੋ ਸਾਹਮਣੇ ਵਾਪਰਦਾ ਹੈ ਉਹਦੇ 'ਤੇ ਆਪਣਾ ਪ੍ਰਤੀਕਰਮ ਦਿੰਦੀ ਹਾਂ, ਜਰੂਰੀ ਨਹੀਂ ਕਿ ਕੋਈ ਹੋਰ ਅਲੋਚਕ ਇਸ ਤੋਂ ਵੱਧ ਸਾਵਧਾਨੀ ਨਾ ਵਰਤਦਾ ਹੋਵੇ, ਕਲਮ ਮਿੱਠੀ ਭੀ ਤੇ ਕੌੜੀ ਖੰਡੀ ਭੀ ਹੁੰਦੀ ਹੈ, ਹੱਥਲੇ ਪਰਚੇ ਵਿੱਚ ਪਿਛਲੇ ਅੰਕ ਵਿੱਚ ਭੁੱਲ ਦੀ ਮੇਰੇ ਲੇਖ ਲਈ ਸੋਧ ਆਪ ਨੇ ਕਰ ਹੀ ਦਿੱਤੀ ਹੈ। ਉਤਪਨ ਹੋਇਆ ਮੁੱਦਾ ਕਿ ਮੈਂ ਹਰ ਇਕ 'ਤੇ ਚਿੱਕੜ ਸੁੱਟਦੀ ਹਾਂ ਖਿਮਾਂ ਕਰਨੀ ਜੀ ਚਿੱਕੜ ਕੀ ਹੁੰਦਾ ਹੈ, ਜੋ ਤੂਹਮਤਾਂ ਹੋਣ ਤੇ ਮੁਫ਼ਾਦ ਲਈ ਅਣਹੋਣੀਆਂ ਕਿਸੇ ਨਾਲ ਜੋੜੀਆਂ ਜਾਣ, ਮੈਂ ਕੁਝ ਪ੍ਰੇਸ਼ਾਨ ਭੀ ਹੋਈ ਤੇ ਕਿਸੇ ਨਾਲ ਮਸ਼ਵਰਾ ਭੀ ਕੀਤਾ ਕਿ ਕੀ ਇਸ ਦੀ ਭਾਗੀ ਹਾਂ ਤਾਂ ਉੱਤਰ ਸੀ ਕਿ ਜੋ ਕੁਝ ਸਭ ਦੇ ਸਾਹਮਣੇ ਹੈ ਉਹ ਲਿਖਣਾ ਚਿੱਕੜ ਨਹੀਂ ਹੁੰਦਾ ਸੂਚਨਾ ਹੈ ਹਾਂ ਢੰਗ ਤੇ ਲਿਖਤ ਆਪਣੀ ਆਪਣੀ ਕਲਮ ਦੀ ਯੋਗਤਾ 'ਤੇ ਨਿਰਭਰ ਹੈ, ਕੀ ਜੋ ਅੱਜ ਧਰਮ, ਸਿਆਸਤ, ਗੁਰੂ-ਘਰ, ਪ੍ਰਬੰਧ ਪ੍ਰਣਾਲੀ, ਲੇਖਕ, ਬੁਲਾਰੇ, ਪ੍ਰਚਾਰਕ, ਕਥਾਵਾਚਕ, ਅੰਤ ਕਿਸਾਨ ਸੰਘਰਸ਼, ਜੋ ਮੈਂ ਪੜਚੋਲਿਆ ਹੈ ਉਸ ਤੋਂ ਮੁਨਕਰ ਹਨ, ਰਹੀ ਗੱਲ ਮੈਂ ਕੋਈ ਐਸਾ ਮੁੱਦਾ ਅੱਗੇ ਰੱਖਿਆ ਹੀ ਨਹੀਂ ਜੋ ਵਾਪਰਦਾ ਨਹੀਂ ਜੀਹਦੇ ਲਈ ਮੈਂ ਸਬੂਤ ਦੇਵਾਂ ਹਾਂ ਗੁਰੂ ਕਾਲ ਵਿੱਚ ਕੀ ਅੱਜ ਭੀ ਹਰ ਹਕੂਮਤ, ਰਾਜੇ ਹੋਣ, ਲੋਕਤੰਤਰ ਹੋਣ ਸਭ ਪ੍ਰਜਾ ਲਈ ਸੇਵਾ ਲਈ ਬਚਨਵੱਧ ਹੁੰਦੇ ਹਨ, ਕਿੰਨੀ ਕੁ ਪੂਰੀ ਕਰਨ ਸਮਾਂ ਦੱਸਦਾ ਹੈ, ਵਿਦਵਾਨ, ਬੁੱਧੀਮਾਨ ਜਥੇਦਾਰ ਕੌਣ ਹੁੰਦੇ ਹਨ ਇਹ ਅਨੋਖੀ ਲਿਖਤ ਨਹੀਂ ਉੱਕਰੀ ਹਾਂ ਗੁਰੂ-ਗੱਦੀਆਂ ਬਾਰੇ ਜੀ ਸਬੂਤ ਅੱਜ ਭੀ ਪਾਕਿਸਤਾਨ ਵਿੱਚ ਕਿੰਨੀ ਜਮੀਨ ਨਨਕਾਣਾ, ਕਰਤਾਰਪੁਰ ਹੋਰ ਥਾਵਾਂ 'ਤੇ ਹੈ, ਸਬੂਤ ਤੇ ਗਵਾਹੀ ਵਿੱਚ ਅੰਤਰ ਹੁੰਦਾ ਹੈ, ਗਵਾਹੀ ਤਾਂ ਘੜੀ ਭੀ ਜਾ ਸਕਦੀ ਹੈ ਹੁਣ ਦੀ ਮਿਸਾਲ ਹੀ ਲਵੋ 50 ਸਾਲ ਪਹਿਲਾਂ ਜਦੋਂ ਧਾਰਮਿਕ ਅਦਾਰਿਆਂ ਨੇ ਆਪਣੇ ਦੁਆਰੇ ਖੋਲ੍ਹੇ ਤਾਂ ਸਥਾਨਕ ਕੌਂਸਲਾਂ ਨੇ ਸਹਾਇਤਾ ਕਈ ਤਰ੍ਹਾਂ ਨਾਲ ਕੀਤੀਆਂ, ਮਗਰੋਂ ਤਾਂ ਗਰਾਂਟਾਂ ਨੇ ਮੁੱਢ ਬੰਨ ਤੇ ਕਾਰਨ ਸਾਡਿਆਂ ਵਿੱਚ ਮਾਨਤਾਵਾਂ ਲਈਆਂ, ਕੋਈ ਪੰਜ ਕੁ ਦਹਾਕੇ ਹੋਏ ਲੰਡਨ ਜੀ.ਐੱਲ.ਸੀ. ਲੇਬਰ ਦਾ ਮੇਅਰ ਕੈਨ-ਲਿਵਿੰਗਸਟ ਬਣਿਆ, ਸਾਡੇ ਸ਼ਹਿਰ ਗੁਰੂ ਰਵਿਦਾਸ ਟੈਂਪਲ ਨੂੰ ਬੜੀ ਭਾਰੀ ਗਰਾਂਟ ਦਿੱਤੀ, ਸਿੰਘ ਸਭਾ ਆਇਆ ਮਾਰ ਅਸੀਂ ਵਿਹਾਰ ਜਿੰਨਾ ਚਾਅ ਲਾਡ ਕੀਤਾ ਸੋ ਮੇਰੇ ਤੋਂ ਸਬੂਤ ਕਾਹਦੇ ਮੰਗਦੇ ਹੋ, ਦੋ ਤੇ ਦੋ ਚਾਰ ਗਿਣ ਲਵੋ ਨਾ ਕਿ ਪੁੱਛੋ ਕਿੰਨੇ ਹੁੰਦੇ ਹਨ, ਚਿੱਕੜ ਜੇਕਰ ਇਹ ਹੈ ਕਿ ਮੈਂ ਸਬੂਤ ਦੇਵਾਂ ਕਿ ਕੁਟੀਆ ਜਾਂ ਡੇਰਿਆਂ ਵਿੱਚ ਬੀਬੀਆਂ ਪਾਠ ਨਹੀਂ ਸਨ ਕਰ ਸਕਦੀਆਂ ਤੇ ਕੋਈ 10 ਕੁ ਸਾਲ ਹੋਏ ਇਹ ਮੇਰੀਆਂ ਸਖੀਆਂ ਜੋ ਉਸੇ ਦੀ ਬਰਾਂਚ (ਭਾਵੇਂ ਹੁਣ ਗੁਰਦੁਆਰੇ ਕਹਿਣ ਲੱਗ ਪਏ) ਹੈ ਬੀਬੀਆਂ ਲੰਗਰ ਵਿੱਚ ਅੰਮ੍ਰਿਤਧਾਰੀ ਹੀ ਵੜਕੇ ਸੇਵਾ ਕਰਦੀਆਂ ਸਨ,

**ਬਾਕੀ ਹਿਸਾ ਸਫਾ 44 ਤੇ ਪੜ੍ਹੋ** →

43 ਸਫ਼ੇ ਦੀ ਬਾਕੀ

ਮੈਂ ਕਿਹਾ ਕਿ ਫੇਰ ਤੁਸੀਂ ਕੀ ਕਰਦੀਆਂ ਉੱਤਰ ਅਸੀਂ ਤਾਂ ਭਾਂਡੇ ਮਾਂਜ, ਗੰਡੇ ਸਬਜ਼ੀ ਕੱਟ, ਸਫ਼ਾਈ ਆਦਿ, ਹੁਣ ਪ੍ਰਬੰਧ ਬਦਲ ਗਿਆ ਹੈ, ਹੁਣ ਕਹਿੰਦੀ ਅਸੀਂ ਅੰਦਰ ਸੇਵਾ ਕਰੀਦੀ ਹੈ, ਸੋ ਆਪ ਜਿਥੇ ਪ੍ਰਬੰਧਕ ਰਹੇ ਹੋਣ ਤੇ ਸਭ ਹੁੰਦਾ ਸੀ ਤੇ ਮੇਰੇ ਤੋਂ ਸਬੂਤ ਮੰਗਣ ਤੇ ਜਾਣਕਾਰੀ ਨੂੰ ਚਿੱਕੜ ਦੱਸਣ, ਹਾਂ ਸੰਤ ਭਿੰਡਰਾਂਵਾਲਿਆਂ ਦੀ ਲਹਿਰ ਦੀ ਮੈਂ ਅਲੋਚਕ ਹਾਂ ਕਿ ਇਸ ਨਾਲ ਕੌਮ ਦਾ, ਸੂਬੇ ਦਾ ਕੀ ਸੌਰਿਆ, ਪਾਣੀਆਂ ਦਾ ਮੁੱਦਾ, ਰਾਜਧਾਨੀ, ਬੋਲੀ, ਵੱਧ ਅਧਿਕਾਰ ਮਿਲੇ ਤਾਂ ਮੈਨੂੰ ਡੰਨ ਲਾਉ, ਰਹੀ ਗੱਲ ਪੰਜਾਬ ਖਾਲੀ ਜਰੂਰ ਹੋਇਆ ਤੇ ਵਿਦੇਸ਼ਾਂ ਵਿੱਚ ਸਿੱਖ ਕੌਮ ਦਾ ਬੋਲਬਾਲਾ ਪਰ ਧਰਮ ਨੂੰ ਧੜਾ ਹੀ ਬਣਾ ਲਿਆ, ਹਾਂ ਤੁਸੀਂ ਹਰ ਚੈਨਲੀ ਪ੍ਰੋਗਰਾਮ 'ਤੇ ਬਾਦਲਾਂ 'ਤੇ ਚਿੱਕੜ ਸਿੱਟੋ ਤੇ ਆਖੋ ਸੌਦੇ ਦੇ ਪੈਰੀ ਪਏ, ਪੁਸ਼ਾਕ ਦਿੱਤੀ ਤਾਂ ਸਬੂਤ ਹਨ, ਜਦੋਂ ਕਿ ਹਰ ਡੇਰੇ ਵਿੱਚ ਸਭ ਸਿਆਸੀ ਨੂੰ ਜਾਣਾ ਬਣਦਾ ਹੈ, ਅਸੀਂ ਭੀ ਅੰਗ੍ਰੇਜ਼ (ਈਸਾਈ) ਅਫ਼ਸਰ ਸਿਆਸੀ ਤੇ ਅਧਿਕਾਰੀ ਸੱਦਦੇ ਹਾਂ, ਉਨ੍ਹਾਂ ਦਾ ਭੀ ਵੱਖਰਾ ਧਰਮ ਹੁੰਦਾ ਹੈ, ਸੰਤਾਂ ਦੀ ਕੁਰਬਾਨੀ ਪਰਿਵਾਰ ਹੰਡਾਵੇ, ਕੀ ਜਸਵੀਰ ਸਿੰਘ ਰੋਡੇ ਦੀ ਕੁਰਬਾਨੀ ਸੀ ਅਕਾਲ ਤਖ਼ਤ 'ਤੇ ਬੈਠੇ, ਇਸੇ ਤਰ੍ਹਾਂ ਰਣਜੀਤ ਸਿੰਘ।

ਕਿਸਾਨ ਸੰਘਰਸ਼ ਦੀਆਂ ਮੌਤਾਂ ਕਿ ਸ਼ਹੀਦੀਆਂ ਸਵਾਲ, ਮੌਤ ਦਾ ਦੁੱਖ ਤਾਂ ਕੀ ਕਹਿੰਦਿਆ ਮੰਗ ਕੀ? ਪਰਿਵਾਰਕ ਉੱਤਰ, 8 ਲੱਖ ਦਾ ਕਰਜ਼ਾ ਮਾਫ਼, ਪੁੱਤ ਨੂੰ ਨੌਕਰੀ, ਬੁਰਾ ਨਾ ਮਨਾਇਉ ਸਮਰਥਕੋ ਕੀ ਇਹੀ ਮੰਗਾਂ ਹਨ ਬੱਸ ਮੋਰਚੇ ਦੀਆਂ, ਮੈਂ ਭਾਂਪਦੀ ਹਾਂ ਕਿ ਬਹੁਤੇ ਤਾਂ ਕਰਜ਼ਾ ਕਿਸੇ ਹੋਰ ਕੰਮ ਲਈ ਚੁੱਕ ਕੇ ਮੋਰਚੇ 'ਤੇ ਜਾਂਦੇ ਨੇ, ਬਈ ਕਿਸਾਨ ਆਗੂ ਛੁਟਕਾਰਾ ਦੁਆਉਣਗੇ, ਭਾਈ ਸਿੱਖੋ ਗੁਰੂ-ਉਪਦੇਸ਼ ਕਿਰਤ ਕਰੋ ਨਾ ਕਿ ਮੰਗੋ, ਮੰਗਤਾ ਤਾਂ ਅਸਮਰੱਥ, ਅਪਾਹਜ ਜਾਂ ਮਾਯੂਸ ਹੋਵੇਗਾ ਨਾ ਕਿ ਮੋਰਚਿਆਂ 'ਤੇ ਜਾ ਕੇ ਦੈਂਗੜ ਦੈਂਗੜ ਕਰਨੇ, ਗੁਰਸਿੱਖ ਭੀ ਇਹ ਮਦ, ਧਾਰਾ ਤੇ ਆਦੇਸ਼ ਸਮਝਣ ਦੇ ਯੋਗ ਨਹੀਂ, ਅਜੋਕੇ ਨੌਜਵਾਨ ਤਾਂ ਧਰਮ ਬੱਸ ਸੋਸ਼ਲ ਮੀਡੀਏ ਤੇ ਸਾਧਾਂ ਦੇ ਪ੍ਰਚਾਰ ਦੇ ਅਧਾਰਤ ਹੀ ਧਰਮ ਮੰਨਣ ਲੱਗੇ ਪਏ ਨੇ, ਅੰਮ੍ਰਿਤਧਾਰੀ ਗਾਤਰੇ, ਵਿਦਵਾਨ, ਇਤਿਹਾਸਕਾਰ, ਜਥੇਦਾਰ ਭੀ ਜਦੋਂ ਜੋਤਾਂ ਦੀਆਂ ਕਹਾਣੀਆਂ ਪ੍ਰਸਾਰਨ ਤਾਂ ਧਰਮ ਦਾ ਰੱਬ ਹੀ ਰਾਖਾ, ਮਸਤੇ ਵੇ ਮਸ਼ਟੰਡੇ ਬਣੇ ਖਲੂਲ ਪਉਣੇ ਬਾਰਡਰਾਂ 'ਤੇ ਭਾਰੀ ਗਿਣਤੀ ਵਿੱਚ, ਆਪ ਮੁਹਾਰੇ ਅਣਆਈਆਂ ਮਸਤੀਆਂ ਕਰਦੇ ਨੇ, ਕੋਈ ਪਤਾ ਨਹੀਂ ਕੌਣ ਕੀ ਕਰ ਜਾਂਦਾ ਹੈ, ਫੇਰ ਝੂਠ ਤੇ ਬੇਈਮਾਨੀਆਂ: ਭਰਾਵੋ ਬੇਈਮਾਨੀ ਅੰਤ ਗਾਲ੍ਹ ਦਿੰਦੀ ਹੈ, ਇਹ ਤਜਰਬੇ ਫਰੋਲ ਲਵੋ, ਅੰਤ ਭਲਾ ਦਾ ਭਲਾ ਸਾਡੀ ਮਾਨਤਾ ਝੂਠ ਨਾ ਬੋਲ ਪਾਂਡੇ, ਜੂਠ-ਝੂਠ ਮਾਰ ਲੈਂਦਾ ਹੈ, ਬਚੋ ਜਿੱਤਾਂ ਸਭ ਦੀਆਂ ਸਮੇਂ ਨਾ ਰਹਿਣ ਸਥਿਰ।

ਰੁੱਤਾਂ ਫਿਰੀਆਂ ਨੇ ਜੋ, ਵੇ ਕੀ ਕਹਿੰਦੀਆਂ ਨੇ ਉਹ, ਉਣੇ ਨੇ ਹਾੜ ਤੇ ਸੱਖਣੇ ਨੇ ਪੋਹ, ਪ੍ਰਵਦਗਾਰ ਦੇ ਕੋਲ ਬੜੇ ਢੰਗ ਨੇ ਸਬਕ ਦੇਣ ਦੇ, ਹੁਣ ਮੈਂ ਇਕ ਅਹਿਮ ਜਾਣਕਾਰੀ ਹੀ ਨਹੀਂ ਸਗੋਂ ਇਤਿਹਾਸਕ ਤੱਥ ਹਨ, ਸੁਣੋ ਜਦੋਂ ਅਸੀਂ ਯੂਨੀਵਰਸਿਟੀ ਵਿੱਚ ਸਾਂ ਤਾਂ ਅੰਗ੍ਰੇਜ਼ੀ ਦੀਆਂ ਅਰਥ ਸ਼ਾਸਤਰ ਦੀਆਂ ਪੁਸਤਕਾਂ ਮਹਿੰਗੀਆਂ ਸਨ, ਭਾਰਤੀ ਅਰਥ ਢਾਂਚੇ ਵਿੱਚ ਭੀ ਸਾਊਥ ਵੱਲੋਂ ਦੋ ਉਘੇ ਲੇਖਕ ਸਨ: ਵੀ.ਵੀ. ਗਿਰੀ ਤੇ ਕਰਿਸ਼ਨਾ ਮੈਨਨ ਸਨ ਹੋਰ ਭੀ ਬੀਯੂਰੀਆਂ ਵਾਲੇ ਬੁੱਧੀਮਾਨ ਹੋਏ, ਪਰ ਅੱਜ ਉਹੀ ਕਿਤਾਬਾਂ ਰੱਦੀ ਦੇ ਭਾਅ ਭੀ ਨਹੀਂ ਲੈਂਦਾ ਕੋਈ, ਸਮੇਂ ਨਾਲ ਮੂਲ ਸਿਧਾਂਤ ਭਾਵੇਂ ਲਾਗੂ ਹੋਈ ਜਾਣ ਪਰ ਪੂਰੀਆਂ ਨਹੀਂ ਉੱਤਰ ਸਕਦੀਆਂ, ਹਰ ਪਹਿਲੂ, ਵਰਗ, ਖਿੱਤਾ, ਕਿੱਤੇ, ਵਪਾਰ ਤੇ ਸਰਕਾਰਾਂ ਦੇ ਢਾਂਚੇ ਅੱਧੀ ਸਦੀ ਤੋਂ ਚੱਲਦੇ ਤੱਕੜੀ ਵਿੱਚ ਤੋਲੇ ਹੀ ਨਹੀਂ ਜਾ ਸਕਦੇ, ਲਿਖਤ ਦਾ ਭਾਵ ਕਿ ਸੁਆਮੀਨਾਥਨ ਦੀ ਰਿਪੋਰਟ ਨੂੰ ਕੋਈ ਅਦਾਲਤੀ ਹੁਕਮ ਨਹੀਂ ਹੈ ਸਮੇਂ ਨਾਲ ਹਰ ਖਿੱਤੇ ਵਿੱਚ ਲਾਗੂ ਕੀਤੀ ਜਾਣੀ ਸੰਭਵ ਹੀ ਨਹੀਂ, ਸੋ ਹਰ ਸੂਬਾ ਕਿਸਾਨੀ ਮੰਗਾਂ ਆਪਣੇ ਆਪਣੇ ਵਿਤੀਆਂ ਅਨੁਸਾਰ ਲਾਗੂ ਕਰਾਵੋ।

**ਜਾਤੀ ਇੰਕਸ਼ਾਫ:-** ਮੈਂ ਸਿੱਖ ਹਾਂ ਪਰ ਗੁਰਸਿੱਖ ਨਹੀਂ, ਪਰ ਮੈਂ ਕੁਦਰਤੀ ਸਰੋਤਾਂ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ, ਇਹ ਹਨ ਕੁਦਰਤ ਦੇ ਸੰਦ ਜਾਂ ਢਾਂਚੇ ਹਨ: ਮੈਂ ਇਨ੍ਹਾਂ ਦੀ ਪੁਜਾਰੀ ਹਾਂ ਕਿਉਂ? ਇਨ੍ਹਾਂ ਨੇ ਸਿਰਜਨਹਾਰ ਨੇ ਮਨੁੱਖ ਸਿਰਜਿਆ, ਮਨੁੱਖ ਨੇ ਮਗਰੋਂ ਧਰਮ ਸਿਰਜਿਆ, ਜੇਕਰ ਮੈਂ ਸਨਾਤਨੀ ਗਰਦਾਨੀ ਜਾਵਾਂ ਤਾਂ ਮੈਨੂੰ ਤਾਂ ਕੋਈ ਭੀ ਸ਼ਿਕਵਾ ਨਹੀਂ, ਭਾਵੇਂ ਸੋਝੀ ਸੋਚ ਨੂੰ ਸਨਾਤਨ ਦੇ ਅਰਥ ਹੀ ਨਹੀਂ ਸਮਝ ਵਿੱਚ, ਸਰਬ ਪੁਰਾਤਨ ਕਾਲ ਵਿੱਚ ਪ੍ਰਿਥਮ ਸਰੋਤਾਂ ਨੂੰ ਮੰਨਣ ਨੂੰ ਸਨਾਤਨ ਨਉਂ ਸੀ, ਖੈਰ ਮੈਨੂੰ ਕੋਈ ਸਿੱਖ ਵਿਰੋਧੀ ਗਰਦਾਨੇ ਕੋਈ ਭੀ ਆਪੱਤੀ ਨਹੀਂ, ਵਿਸ਼ਵਾਸ਼, ਇਸ਼ਟ ਤੇ ਅਕੀਦਾ ਮੇਰਾ ਆਪਣੇ ਲਈ ਹੈ ਨਾ ਕਿ ਇਨ੍ਹਾਂ ਲੋਕਾਂ ਲਈ ਮੈਂ ਕੋਈ ਪਦਵੀ, ਤਗਮਾਂ ਜਾਂ ਨਉਂ ਨਾਲ ਫੀਤਾ ਨੀ ਲਉਣਾ, ਸਗੋਂ ਜੀਵਨ ਨੂੰ ਜਿੰਨਾ ਹੋ ਸਕੇ ਜੀਵਨ ਪੰਥ ਬਣਾ ਸਕਾਂ, ਕਿਸੇ ਭੀ ਕੌਮ, ਭਾਈਚਾਰਾ ਜਾਂ ਵਰਗ ਜੇ ਮੇਰੀ ਕਿਸੇ ਲਿਖਤ ਵਿਚਾਰਾਂ ਨਾਲ ਕੋਈ ਲਾਹਾ ਲੈ ਸਕੇ ਤਾਂ ਸੁਭਾਗੀ ਸਮਝੂੰਗੀ, ਮੈਂ ਦੱਸਣਾ ਨਹੀਂ ਚਾਹੁੰਦੀ ਹੁੰਦੀ ਇਸ ਦੇਸ਼ ਵਿੱਚ ਪੱਗ ਨਾਲ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਕਾਨੂੰਨ ਬਣਿਆ ਸੀ ਕਿ ਹੈਲਮਟ ਪਉਣੀ ਹਰ ਇਕ ਨੂੰ ਲਾਜ਼ਮੀ ਸੀ, ਮੇਰੇ ਪਤੀ ਨੇ ਕਾਨੂੰਨ ਨੂੰ ਚੈਲੰਜ ਕਰਕੇ ਉਲੰਘਣਾ ਕਰ ਕਰ ਗ੍ਰਿਫਤਾਰੀਆਂ, ਕਚਹਿਰੀਆਂ ਦੇ ਚੱਕਰਾਂ ਵਿੱਚ ਸਾਲਾਂ ਬੱਧੀ ਲੜਾਈ ਲੜ ਕੇ ਜੇਲ੍ਹ ਕੱਟੀ ਤੇ ਅੰਤ ਸਰਕਾਰ ਨੇ ਕਾਨੂੰਨ ਵਿੱਚ ਸਿੱਖਾਂ ਨੂੰ ਛੋਟ ਦਿੱਤੀ, ਅੱਜ ਸਿੱਖ ਮੋਟਰਸਾਈਕਲ ਸਵਾਰ ਖੁੱਲ੍ਹੇਆਮ ਮਾਣ ਨਾਲ ਪੱਗ ਨਾਲ ਚਲਾਉਂਦੇ ਨੇ, ਪਰ ਨਾ ਮੈਂ ਨਾ ਮੇਰੇ ਸ: ਪਤੀ ਨਾ ਹੀ ਮੇਰੇ ਦੋਨੋ ਬੱਚਿਆਂ ਕਦੀ ਭੀ ਕੋਈ ਲਾਹਾ ਲਾਭ ਨਹੀਂ ਲਿਆ, ਮੈਂ ਜੋ ਉਸ ਵੇਲੇ ਸਾਰੀ ਦੀ ਸਾਰੀ ਮੁਹਿੰਮ ਨੂੰ ਕੰਮ ਕਰਦੀ ਨੇ ਭੀ ਭਾਰੀ ਮਿਹਨਤ ਨਾਲ ਚਲਾਇਆ, ਇਹ ਲੋਕ ਸਿੱਖ ਵਿਰੋਧੀ ਫਤਵਾ ਦੇਣ, ਗਿਆਨ ਵਿਹੂਣੇ ਹਨ, ਕੁਰਬਾਨੀ ਕੇਵਲ ਐਧਰ ਉਧਰ ਹੱਥ-ਪੈਰ ਮਾਰਨ ਨੂੰ ਸਮਝਦੇ ਨੇ, ਮੈਂ ਸਿੱਖ ਸਿਧਾਂਤਾਂ ਨੂੰ ਮਾਪ ਤੋਲ ਕੇ ਲਿਖਤਾਂ ਰਾਹੀਂ ਸਿੱਖ ਜਗਤ ਨੂੰ ਅਗਾਹ ਕਰਦੀ ਹਾਂ, ਸਾਧਾਂ ਸੰਤਾਂ ਦੇ ਗਰੋਹ ਬਣਾ ਬਣਾ ਕੇ ਘੜਕੇ ਕਹਾਣੀਆਂ ਸੁਣਾ ਸੁਣਾ ਮਗਰ ਲਉਂਦੇ ਨੇ ਲੋਕੀ ਬੱਸ ਜੀ ਸੰਤ ਜੀ ਕਰਨੀ ਵਾਲੇ ਹਨ, ਜੋ ਅੱਜ ਸਿੱਖ ਧਰਮ ਵਿੱਚ ਦੁਬਿਧਾ ਹੈ ਸਭ ਡੇਰੇਵਾਦ ਕਰਕੇ ਹੈ, ਡੇਰੇ ਸਰਕਾਰਾਂ ਦੇ ਸਿਰਾਂ 'ਤੇ ਨਾਲੇ ਪੈਸੇ ਵਾਲੇ ਦੀ ਖੇਡ ਹੈ।

ਸਨਿਆਰ ਦੀ ਟੱਕ ਟੱਕ ਲੁਹਾਰ ਦੀ ਇਕੋ ਸੱਟ, ਪੰਜਾਬ ਦੇ ਕਿਸਾਨਾਂ ਨੇ ਆਹ ਸੱਚ ਕਰਨਾ ਹੈ, ਹਰ ਵਾਰ ਕਾਠ ਦੀ ਹਾਂਡੀ ਨਹੀਂ ਭਾਈ, ਇਨ੍ਹਾਂ ਆਗੂਆਂ ਦਾ ਕੀ ਜਾਣਾ, ਸ਼ਾਬਾਸ਼ੇ ਆਖਿਵਉ ਆਤਮਾਂ ਪ੍ਰਮਾਤਮਾਂ ਨੂੰ ਧਿਆਵੋ ਹੁਣ ਨੌਜਵਾਨ ਦੀ ਲਾਸ਼ ਰੋਲ ਰਹੇ ਹਨ ਹਿੱਤ ਲਈ, ਪੋਸਟਮਾਰਟਮ ਨੀ ਕਰਨ ਦਿੰਦੇ ਸਮਾਂ ਵੱਧ ਹੋਣ ਨਾਲ ਕਈ ਦੇਹ ਦੇ ਹਿੱਸੇ ਖਰਾਬ ਤੇ ਸਬੂਤਾਂ ਵਿੱਚ ਘੜਮੱਸ, ਐਫ.ਆਈ.ਆਰ. ਇਹ ਆਪ ਦਰਜ ਕਰਵਾ ਦੇਣ, ਗੋਡੇ ਨਾਲ ਕੱਟਾ ਹੈ, ਪਰਿਵਾਰ ਭੀ ਘਨੇੜੇ ਚੜ ਜਾਂਦੇ ਨੇ। ਦੂਜਾ ਮੁੱਦਾ ਹੈ ਅੰਮ੍ਰਿਤਪਾਲ ਵਾਰਸ ਪੰਜਾਬ ਕੀ ਦੁੱਬਈ ਤੋਂ ਹੀ ਆ ਕੇ ਵਾਰਿਸੀ ਹੁੰਦੀ ਹੈ, ਪਹਿਲਾਂ ਜਸਵੀਰ ਸਿੰਘ ਰੋਡੇ, ਕੀ ਦੁੱਬਈ ਹੈ ਕੋਈ ਹੈਡਕੁਆਰਟਰ ਸਿੜ੍ਹੀ ਸਿਆਪਾ ਦੀਪ ਸਿੱਧੂ ਨੇ ਪਾਇਆ ਸੀ, ਕਿਸਾਨਾਂ ਨੂੰ ਤਾਹਨੇ ਸਿੱਧੂ 'ਤੇ ਬੈਠ, ਉਹ ਅੱਗੋਂ ਬਰੂਹਾ ਟੱਪ ਗਏ, ਤਾਣੀ ਉਲਝੀ ਰਾਸ ਨੀ ਆ ਰਹੀ, ਦੀਪ ਸਿੱਧੂ ਬੱਬੇ ਵਕੀਲ ਕਲਾਕਾਰ ਭਾਜਪਾ ਵਿੱਚ ਅੰਤ ਸਿਮਰਨਜੀਤ ਸਿੰਘ ਮਾਨ ਭਾਈ ਜਿਹੜੀ ਵਕੀਲ ਹਿੰਦੂ ਬੜੀ ਵੱਡੀ ਕੰਪਨੀ ਦੀ ਮਾਲਕ ਨਾਲ ਵਿਹਾ, ਬੇਟੀ, ਫੇਰ ਛੱਡਤੀ, ਹੁਣ ਕਲਸੀ ਨਾਲ ਲਿੰਕ ਕਿਥੇ ਅੰਮ੍ਰਿਤਪਾਲ ਨਾਲ, ਸਰਕਾਰਾਂ ਅਖੇ ਜੇ ਤੂੰ ਸ਼ਹਿਰੀਆ ਮੁੰਡਾ ਮੈਂ ਵੀ ਮੋਗੇ ਦੀ ਕੁੜੀ, ਐਮੇ ਨੇ ਫੜੀ ਬੈਠੀਆਂ, ਆਹ ਪ੍ਰਧਾਨ ਮੰਤਰੀ ਬਣਿਆ, ਇਮਰਾਨ ਖਾਨ ਤਾੜਿਆ ਹੈ ਤਾਂ ਬਾਜੇ ਖਾਨਾ ਮਾਣੇ ਰਤਵੇ ਦਾ ਨਿੱਘ ਰਹੀ ਗੱਲ ਭੁੱਖ ਹੜਤਾਲ ਦੀ, ਗੁਰ-ਅਦੇਸ਼ ਅੰਨ ਛੱਡ ਜੋ ਕਰੇ ਪਖੰਡ ਕੀ ਵਾਰਸ ਨੂੰ ਧਰਮ ਦਾ ਗਿਆਨ ਨਹੀਂ ਨਾਲੇ ਪਰਿਵਾਰ ਜੀ ਗੁਰਸਿੱਖ ਹੈ, ਕੇਸ ਵਕੀਲ ਵਿਚੇ ਤਾਂ ਸ਼੍ਰੋਮਣੀ ਕਮੇਟੀ (ਸਿਆਲਕਾ) ਇਨ੍ਹਾਂ ਦਾ ਆਪਣਾ, ਪਿਉ ਪੁੱਤ ਖਾਰਾ ਪਿਤਾ ਮਿਆਨੀ ਵਾਲੇ ਦੇ ਧਰਨੇ 'ਤੇ ਗੇੜੀਆਂ ਪੁੱਤ ਵਾਰਸ ਦਾ ਸੈਕਟਰੀ ਫੇਰ ਸੁਪਰੀਮ ਕੋਰਟ ਜਾਣ 'ਤੇ ਕੇਸ ਦੀ ਪੂਰਨ ਪੈਰਵੀ ਕਰਨ, ਇਹ ਕੋਈ ਮੱਝ ਗਾਂ ਦੀ ਚੋਰੀ ਨੀ ਜੋ ਕੱਲ ਫੜਿਆ ਅੱਜ ਛੱਡਿਆ, ਦੇਸ਼ ਦੀ ਸੁਰੱਖਿਆ ਦਾ ਮਾਮਲਾ ਹੈ ਲੋਕ ਹਿੱਤ ਸਰਕਾਰ ਲਈ ਭਾਰੀ ਜ਼ਿੰਮੇਵਾਰੀ ਹੁੰਦੀ ਹੈ, ਰਹੀ ਗੱਲ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲੀ ਦੀ ਹੋਰ ਕੈਦੀ ਭੀ ਦੂਜੇ ਸੂਬਿਆਂ ਵਿੱਚ ਡੱਕੇ ਜਾਂਦੇ ਹਨ, ਮੇਰਾ ਕੋਈ ਵੈਰ ਵਿਰੋਧ ਨਹੀਂ ਕਿਸੇ ਨਾਲ ਨਾ ਹੀ ਕੋਈ ਜਾਣ ਪਛਾਣ ਹੈ, ਮੈਂ ਤਾਂ ਪੜਚੋਲ ਕਰਦੀ ਹਾਂ ਪੱਖ-ਪਾਤ ਨਹੀਂ, ਭਗਵੰਤ ਮਾਨ ਤੋਂ ਹੁਣ ਅਸਤੀਫ਼ਾ ਮੰਗ, ਭਾਈ ਆਹ ਕਿਸਾਨ ਆਗੂ ਭੜਦੋਹਲ ਪਾ ਰਹੇ ਨੇ ਚੁਣੇ ਹੋਏ ਨਹੀਂ ਭਗਵੰਤ ਮਾਨ ਕਿੰਨੀ ਗਿਣਤੀ ਨਾਲ ਚੁਣਿਆ ਤੇ ਨਾਲੇ 92 ਨਾਲ ਲਾਕੜੇ ਕਿਉਂ ਦਿਊ ਅਸਤੀਫ਼ਾ, ਮੱਝ ਦੁੱਧ ਨੀ ਦਿੰਦੀ ਕੱਟਾ ਕੁੱਟੋ, ਮੰਗਾਂ ਦੋ ਚਾਰ ਹੋਣ ਤਾਂ ਮੰਨਣ ਵਿੱਚ ਸੌਖ ਜਾਣ ਬੁੱਝ ਕੇ 20 ਕੁ ਖਟਾਈ ਵਿੱਚ ਪਵੇ ਇਹ ਮੇਲਾ ਲਾਈ ਜਾਣ, ਚਾਕੂ ਖਰਬੂਜੇ 'ਤੇ ਬੱਜ ਰਿਹਾ ਪੰਜਾਬੀਉ, ਢਿੱਡ ਤੁਹਾਡਾ ਪਾਟ ਰਿਹਾ ਪਰਾਏ ਦਾ ਨਹੀਂ, ਕੰਧ 'ਤੇ ਲਿਖਿਆ ਪੜ੍ਹੋ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਅੱਜ ਪ੍ਰਬੰਧ ਨਹੀਂ ਕਬਜ਼ੇ ਹਨ

**ਸੰਪਾਦਕ ਜੀ,**

ਪਰਚੇ ਵਿੱਚ ਗੁਰਦੁਆਰਾ ਸਿੰਘ ਸਭਾ ਦੀ ਸੰਵਿਧਾਨ ਸੋਧ ਟਰੱਸਟੀ ਨਿਯੁਕਤੀ ਕੁਝ ਵਿਰੋਧੀ ਪੱਖ ਪ੍ਰਤੀਕਰਮ ਅੱਜ ਪ੍ਰਬੰਧ ਨਹੀਂ ਕਬਜ਼ੇ ਹਨ, ਲਾਠੀ ਦਾ ਰਾਜ ਇਹ ਧੜੇਬੰਦੀ ਦਾ ਇਜ਼ਹਾਰ ਹੈ ਕੋਈ ਭੀ ਸੰਵਿਧਾਨ ਦੀ ਧਾਰਾ ਨਹੀਂ, ਮੈਂ ਸਪੱਸ਼ਟ ਕਰਾਂ ਮੇਰੀ ਕੋਈ ਭੀ ਰੁਚੀ ਨਹੀਂ ਸੀ, ਮੈਂ ਗੁਰ ਮਰਿਯਾਦਾ ਦੇ ਮੁੱਦੇ 'ਤੇ ਜਦੋਂ ਦੀ ਸੰਤਾਂ ਦੀ ਫੋਟੋ ਮੇਨ ਗੇਟ 'ਤੇ ਗੁਰੂ-ਸਾਹਿਬ ਬਰਾਈ ਜੜੀ ਇਹਨੂੰ ਡੇਰੇ ਦੀ ਮਰਿਯਾਦਾ ਮੰਨ ਕੇ ਪਿੱਛੇ ਹਾਂ, ਬਿਲਕੁੱਲ ਪ੍ਰਬੰਧ ਵਿੱਚ ਤੇ ਟਰੱਸਟੀਆਂ ਦੀ ਗਿਣਤੀ ਵਿੱਚ ਮੇਰੇ ਸਹਿਕਾਰੀ ਭਰੱਪਣ ਵਾਲੇ ਵਿਅਕਤੀ ਹਨ, ਪਰਿਵਾਰੀ ਸਾਂਝ ਭੀ ਹੱਸ ਕੇ ਮਿਲਾਂਗੇ ਵਰਤਾਂਗੇ ਪਰ ਜੋ ਹੋਇਆ ਮੈਂ ਤਾਂ ਆਪਣੀ ਸੋਝੀ ਅਨੁਸਾਰ ਤੇ ਕੁਝ ਕਾਨੂੰਨੀ ਪੱਖ ਕਰਕੇ ਹੇਠ ਲਿਖੇ ਮੁੱਦੇ ਗੋਚਰੇ ਕਰ ਰਹੀ ਹਾਂ, ਮੈਂ ਟਰੱਸਟੀ ਪੁਣੇ ਦੀ ਪ੍ਰਣਾਲੀ ਵਿੱਚ ਤੇ ਨਾ ਮੀਟਿੰਗ ਵਿੱਚ ਹਾਜ਼ਰ ਨਹੀਂ, ਜਾਣਕਾਰੀ ਪਹਿਲਾਂ ਸੀ, ਵਿਰੋਧੀ ਬਿਆਨ ਭਾਈ ਤੁਸੀਂ ਪਹਿਲਾਂ ਨੋਟਿਸ ਕਿਉਂ ਨਾ ਭੇਜਿਆ ਕਿ ਇਹ ਗੈਰ ਵਿਧਾਨਕ ਹੈ, ਅਖ਼ਬਾਰ ਵਿੱਚ ਜਾਣਕਾਰੀ ਨਹੀਂ ਦਿੱਤੀ, ਕੇਵਲ ਗੁਰੂ ਘਰ ਨੋਟਿਸ ਬੋਰਡ 'ਤੇ, ਔਨ-ਲਾਈਨ ਫਾਰਮ ਕੀ ਟਰੱਸਟੀ ਤਾਂ ਅੰਗ੍ਰੇਜ਼ੀ ਮੰਨ ਲਉ ਜਾਣਦੇ ਹੋਣਗੇ, ਵੋਟਾਂ ਵਾਲੇ ਭੀ ਸਭ ਡਿਗਰੀਆਂ ਵਾਲੇ ਸਨ।

ਕੋਈ ਇਸਤਰੀ ਸ਼ਾਮਿਲ ਨਹੀਂ ਕੋਈ ਡਿਸੇਬਲ ਨਹੀਂ, ਅਜੋਕੇ ਢਾਂਚੇ ਵਿੱਚ ਇਹ ਲਾਜ਼ਮੀ, ਰਹੀ ਗੱਲ ਜੀ ਚੈਰਿਟੀ ਕੋਲ ਕੇਸ ਜਾਊ, ਕੀ ਅੱਜ ਤੱਕ ਕਿਸੇ ਭੀ ਗੁਰ-ਦੁਆਰੇ ਦਾ ਝਗੜਾ ਚੈਰਿਟੀ ਕਮਿਸ਼ਨ ਨੇ ਨਿਬੇੜਿਆ ਹੈ। ਉਥੇ ਭੀ ਇਹੀ ਰੋਣ ਮਹੋਣ ਪਿੱਠਾਂ ਖੁਰਕਣ ਹੈ।

ਮੇਰੀ ਦਲੀਲ ਕਿ ਸਬਰ ਕਰੋ ਹੁਣ ਰੌਲ੍ਹਾ ਵਾਜਬ ਨਹੀਂ, ਜਦੋਂ ਤੁਸੀਂ ਭਾਗ ਲਿਆ, ਤੁਹਾਡੇ ਬੰਦੇ ਵਿੱਚ ਘੁੱਸੜ ਨਾ ਸਕੇ ਤਾਂ ਦੁਹਾਈ ਨਾ ਪਾਵੋ, ਗੁਰੂ ਘਰ ਹੈ ਬਾਬੇ ਨੂੰ ਅੰਦਰ ਰੱਖੋ, ਜੋ ਲੱਗਦਾ ਬਾਹਰ ਬਿਠਾ ਦਿੰਦੇ ਹਨ, ਉਹ ਬੜਾ ਬੇਅੰਤ ਹੈ, ਗੁਮਾਨ ਅਭਿਮਾਨ ਤੇ ਹੱਠ ਨੂੰ ਠਾਹ ਦੇਣੀ ਕੱਢ ਧਰਦਾ ਹੈ, ਕਦੀ ਤੁਹਾਡਾ ਪ੍ਰਬੰਧ ਆ ਗਿਆ ਤੁਸੀਂ ਢਾਅ ਕੇ ਹੋਰ ਬਣਾ ਲਿਉ ਨਹੀਂ ਤਾਂ ਕੰਮ ਕਰਨ ਦਿਉ ਦੇਖ ਲਵਾਂਗੇ, ਕੁਝ ਕੁ ਤਾਂ ਪੁਰਾਣੇ ਘੁਲਾਟੀਏ ਹੀ ਹਨ, ਥੋੜ੍ਹੇ ਨਵੇਂ ਲਿਆਂਦੇ ਹਨ, ਹੋ ਸਕਦਾ ਕੋਈ ਵਧੀਆ ਨੀਤੀਆਂ ਘੜਨ, ਭਾਵੇਂ ਤਜਰਬਾ ਤਾਂ ਇਸ ਵਾਰ ਦੀ ਚੋਣ ਪ੍ਰਬੰਧ ਤੋਂ ਨਿਰਾਸ਼ਾ ਹੀ ਹੈ, ਦੋ ਧੜਿਆਂ ਨੇ ਵਿਰੋਧ ਤਿਆਗ ਰਲ ਕੇ ਸੱਤਾ ਹਥਿਆਈ ਤੇ ਸੱਤਾ ਹੀ ਦੜਕਦੀ ਹੈ।

# ਕਾਵਿ-ਕਿਆਰੀ

## ਇੱਕ ਦਿਨ ਐਸਾ ਜਰੂਰ ਆਉਣਾ...



ਇੱਕ ਦਿਨ ਐਸਾ ਜਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ ,
ਚਲਦੀ ਅੱਜ ਤੇਰੀ ਕਾਇਆ ਜੋ
ਇਸ ਨੇ ਵੀ ਖਲੋਅ ਜਾਣਾ।
ਦੁੱਧ ਜਿਹੇ ਮੋਤੀਆਂ ਵਰਗੇ ਦੰਦ ਨੇ ਜੋ
ਇਨ੍ਹਾਂ ਨੇ ਵੀ ਢਹਿ - ਢੇਰੀ ਹੋ ਜਾਣਾ ,
ਇੱਕ ਦਿਨ ਐਸਾ ਜਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ।
ਸੁੰਦਰ - ਸੁੰਦਰ ਇਨ੍ਹਾਂ ਅੱਖਾਂ ਨੇ ਵੀ
ਧੁੰਦਲਾ ਜਿਹਾ ਫਿਰ ਹੋ ਜਾਣਾ ,
ਸੁਣਦਾ ਬੜੀਆਂ ਗੱਲਾਂ ਜੋ ਇਨ੍ਹਾਂ ਕੰਨਾਂ ਨਾਲ਼
ਇਨ੍ਹਾਂ ਨੇ ਵੀ ਬੰਦ ਹੋ ਜਾਣਾ।
ਇੱਕ ਦਿਨ ਐਸਾ ਜਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ।
ਨੱਚਦਾ - ਟੱਪਦਾ
ਇਨ੍ਹਾਂ ਲੱਤਾਂ - ਪੈਰਾਂ ਨਾਲ਼ ਤੂੰ
ਇੱਕ ਦਿਨ ਇਨ੍ਹਾਂ ਨੇ ਵੀ ਖੜ੍ਹ ਜਾਣਾ।
ਜਿਨ੍ਹਾਂ ਹੱਥਾਂ ਨਾਲ਼ ਅੱਜ ਚੱਕਦਾ - ਰੱਖਦਾ ਤੂੰ
ਇੱਕ ਦਿਨ ਇਨ੍ਹਾਂ ਨੇ ਵੀ ਰਹਿ ਜਾਣਾ,
ਇੱਕ ਦਿਨ ਐਸਾ ਜਰੂਰ ਆਉਣਾ
ਜਦੋਂ ਬਜ਼ੁਰਗ ਤੂੰ ਹੋ ਜਾਣਾ।
ਸਮਾਂ ਲੰਘੇ 'ਤੇ ਕੁਝ ਨਹੀਂ ਪੱਲੇ ਪੈਣਾ
ਫਿਰ ਸਿਰ ਫੜ ਕੇ ਤੂੰ ਬਹਿ ਜਾਣਾ ,
ਅੱਜ ਭਾਵੇਂ ਧੌਣ ਸਿੱਧੀ ਕਰਕੇ ਤੁਰਦਾ ਤੂੰ ,
ਪਰ ਇੱਕ ਦਿਨ ਕੁੱਬ ਵੀ ਤੈਨੂੰ ਪੈ ਜਾਣਾ।
ਜਿਸ ਸਰੀਰ ਨੂੰ ਅੱਜ ਸਮਝਦਾ ਖਰਾ ਸੋਨਾ ਤੂੰ,
ਇਸਨੇ ਵੀ ਇੱਕ ਦਿਨ ਮਿੱਟੀ ਹੋ ਜਾਣਾ ,
ਅੱਜ ਜਿਨ੍ਹਾਂ ਨੂੰ ਸਮਝਦਾ ਆਪਣੇ ਤੂੰ
ਇੱਕ ਦਿਨ ਉਨ੍ਹਾਂ ਨੇ ਵੀ ਚੁੱਕ ਕੇ ਲੈ ਜਾਣਾ।
ਕਰ ਲੈ ਚੰਗੇ ਕਰਮ ' ਧਰਮਾਣੀ ' ਤੂੰ
ਅੰਤ ਸਭ ਕੁਝ ਇੱਥੇ ਹੀ ਰਹਿ ਜਾਣਾ ,
ਅੰਤ ਸਭ ਕੁਝ ਇੱਥੇ ਹੀ ਰਹਿ ਜਾਣਾ।
ਇੱਕ ਦਿਨ ਐਸਾ ਜਰੂਰ ਆਉਣਾ
ਇੱਕ ਦਿਨ ਐਸਾ ਜਰੂਰ ਆਉਣਾ ...।



ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
* * * * * * * *

## ਮਾਂ ਪਿਓ ਦਾ ਸਤਿਕਾਰ

ਆਹ ਮੇਰੀ ਗੱਲ ਸੁਣੋ ਹਜ਼ੂਰ !
ਮਾਂ ਦੀ ਇਜ਼ਤ ਕਰੋ ਜ਼ਰੂਰ !
ਪਿਓ ਦੀ ਪੱਗ ਨੂੰ ਦਾਗ ਨਾ ਲਾਓ
ਛੱਡੋ ਹਉਮੈਂ ਅਤੇ ਗਰੂਰ !



ਪਸ਼ੂ ਪ੍ਰਿੰਦੇ ਇਨਸਾਨ ਵੀ ਜਨਮੇਂ ਮਾਂ ਨੇ !
ਗੁਰੂ ਦੇਵ ਤੋਂ ਭਗਵਾਨ ਵੀ ਜਨਮੇਂ ਮਾਂ ਨੇ !
ਹੈ ਮਾਂ ਦਾ ਕਰਮ ਕੁੱਲ ਅਗੇ ਤੋਰਨੀ
ਸੁਗੜ ਵੀ ਜੰਮੇ, ਨਾਦਾਨ ਵੀ ਜਨਮੇਂ ਮਾਂ ਨੇ !!

ਐ ਮੰਮੀ ਐ ਬੀਬੀ ਜੀ, ਐ ਮੇਰੀ ਪਿਆਰੀ ਮਾਂ !
ਤੇਰੀ ਹਾਂ ਸਦਕਾ ਹੀ ਇਸ ਜੱਗ 'ਚ ਆਏ ਹਾ !
ਕੁੱਛੜ ਚੁੱਕ ਚੁੱਕ ਜੱਫੀਆਂ ਪੌਂਦੀ, ਥਾਪੜ ਥਾਪੜ ਰਹੀ ਸੁਆਉਂਦੀ
ਐਸੀ ਰੱਬੀ ਰੂਹ ਤੋਂ, ਕਿਉਂ ਨਾ ਕੁਰਬਾਨ ਜਾਂ !!
ਮੇਰੀ ਪਿਆਰੀ ਮਾਂ...
ਮਾਂ ਆਪਣੀ ਨੂੰ ਮਿੱਤਰੋ ਰੱਜ ਕੇ ਪਿਆਰ ਕਰੋ !
ਜਿੰਨਾਂ ਬਾਪੂ ਦਾ ਬਣਦਾ ਸਰਦਾ ਸਤਿਕਾਰ ਕਰੋ!
ਮਾਮੀਆਂ ਮਾਸੀਆਂ ਚਾਚੀਆਂ ਤਾਈਆਂ ਭੂਆਂ ਭੈਣ ਭਰਜਾਈ
ਸਭ ਤੋਂ ਲਓ ਅਸੀਸਾਂ "ਚੰਨ ਜੰਡਿਆਵੀ" ਨਾ ਇਨਕਾਰ ਕਰੋ !!

**ਤਰਲੋਚਨ ਸਿੰਘ ਚੰਨ ਜੰਡਿਆਲਵੀ**

## ਗ਼ਜ਼ਲ

ਹਰ ਕਦਮ ਤੇ ਭਾਵੇਂ ਮੇਰੇ ਰਾਹ ਵਿੱਚ ਔਕੜ ਖੜੀ ਹੈ,
ਫਿਰ ਵੀ ਮੈਂ ਅੱਗੇ ਕਦਮ ਰੱਖਾਂਗਾ, ਮੇਰੀ ਇਹ ਅੜੀ ਹੈ।

ਸੱਚ ਬੋਲਣ ਵਾਲੇ ਖ਼ਬਰੇ ਕਿੱਥੇ ਗਾਇਬ ਹੋ ਗਏ ਨੇ,
ਝੂਠ ਬੋਲਣ ਵਾਲਿਆਂ ਦੀ ਚੜ੍ਹ ਮਚੀ ਅੱਜ ਕੱਲ੍ਹ ਬੜੀ ਹੈ।

ਰੱਬ ਦੇ ਰੰਗਾਂ ਦਾ ਇਸ ਜੱਗ ਵਿੱਚ ਹੈ ਕਿਸ ਨੇ ਭੇਤ ਪਾਇਆ,
ਔੜ ਲਾਂਦਾ ਹੈ ਕਦੇ ਉਹ ਤੇ ਕਦੇ ਲਾਂਦਾ ਝੜੀ ਹੈ।

ਆਪਣੇ ਜੀਵਨ ਦੇ ਬਿਤਾ ਕੇ ਸਾਲ ਪੰਜਾਹ ਜਾਣਿਆ ਹੈ,
ਇੱਥੇ ਧਨਵਾਨਾਂ ਤੇ ਬੇਈਮਾਨਾਂ ਦੀ ਚਲਦੀ ਬੜੀ ਹੈ।



ਮੇਰੇ ਕੋਲੋਂ ਆਸ ਰੱਖੇਗਾ ਕਿਵੇਂ ਸਤਿਕਾਰ ਦੀ ਉਹ,
ਮੇਰੇ ਚਾਵਾਂ ਦੀ ਕਲੀ ਜਿਸ ਦੇ ਦਗੇ ਸਦਕਾ ਸੜੀ ਹੈ।

ਕਿਸ ਤਰ੍ਹਾਂ ਭੁੱਲ ਜਾਵਾਂ ਮੈਂ ਉਹਨਾਂ ਨੂੰ ਕੇਵਲ ਤੇਰੇ ਕਰਕੇ,
ਜਿਹਨਾਂ ਨੇ ਔਖੇ ਦਿਨਾਂ ਦੇ ਵਿੱਚ ਮੇਰੀ ਬਾਂਹ ਫੜੀ ਹੈ।

ਲੋੜ ਸੀ ਜਦ ਤੇਰੀ ਗੋਡੇ, ਗੋਡੇ ਮੇਰੀ ਜ਼ਿੰਦਗੀ ਨੂੰ,
ਇੱਕ ਦਿਆਲੂ ਸਾਥੀ ਸਦਕਾ ਬੀਤ ਚੁੱਕੀ ਉਹ ਘੜੀ ਹੈ।-ਮਹਿੰਦਰ ਸਿੰਘ ਮਾਨ

## ਮੇਰੀ ਮਾਂ ਦੀ ਬੋਲੀ /

-ਰੰਜੀਵਨ ਸਿੰਘ



ਮੇਰੀ ਮਾਂ ਦੀ ਬੋਲੀ
ਜੋ ਮਾਂ
ਕਦੇ ਨਾ ਬੋਲੀ
ਦਿਲ ਦੀ ਕੁੰਡੀ
ਜੋ ਉਸ
ਕਦੇ ਨਾ ਖੋਲ੍ਹੀ।

ਲਾਜ ਰੱਖਦੀ
ਬਾਬਲ ਦੀ ਪੱਗ ਦੀ
ਵੀਰਾਂ ਮੂਹਰੇ
ਕਦੇ ਨਾ ਬੋਲੀ
ਸਾਈਂ ਦੇ ਵਿਹੜੇ ਦੀ
ਫਿਰ ਸਾਂਝੀ ਵੰਸ਼ਾਵਾਲੀ
ਧੀਆਂ,ਪੁੱਤਰਾਂ,ਨੂੰਹਾਂ
ਪੋਤੇ-ਪੋਤਰੀਆਂ
ਦੋਹਤੇ-ਦੋਹਤਰੀਆਂ ਵਾਲੀ।

ਫਿਰਦੀ ਫਿਰਦੀ..
ਫਿਰ ਗਈ ਫਿਰ
ਮਾਂ ਮੇਰੀ
ਬਿਨ ਬੋਲੇ ਹੀ
ਆਪਣੇ ਦਿਲ ਦੀ ਬੋਲੀ।

ਮੇਰੀ ਮਾਂ ਦੀ ਬੋਲੀ
ਜੋ ਮਾਂ
ਕਦੇ ਨਾ ਬੋਲੀ
ਦਿਲ ਦੀ ਕੁੰਡੀ
ਜੋ ਉਸ
ਕਦੇ ਨਾ ਖੋਲ੍ਹੀ।

## ਜਨੂੰਨ ਜਿੱਤਣ ਦਾ

ਕੀਤੀ ਮਿਹਨਤ ਨੂੰ ਤਾਹੀਓਂ ਹੈ ਬੂਰ ਪੈਂਦਾ,
ਜੇਕਰ ਜਿੱਤਣ ਦਾ ਸਾਨੂੰ ਜਨੂੰਨ ਹੋਵੇ।
ਸਾਰੇ ਧਰਮਾਂ ਦਾ ਏਥੇ ਸਤਿਕਾਰ ਹੋਵੇ,
ਸਾਰੇ ਦੇਸ਼ ਵਿੱਚ ਇੱਕੋ ਕਾਨੂੰਨ ਹੋਵੇ।
ਓਹੀ ਲੋਕ ਨੇ ਜੀਵਨ ਵਿੱਚ ਸਫ਼ਲ ਹੁੰਦੇ,
ਜਿਨ੍ਹਾਂ ਕੀਤੀਆਂ ਮਿਹਨਤਾਂ ਭਾਰੀਆਂ ਨੇ।
ਬੇਰ ਟੀਸੀ ਦਾ ਤੋੜਨਾ ਚਾਹੁਣ ਜਿਹੜੇ,
ਉਨ੍ਹਾਂ ਲੋਕਾਂ ਨੇ ਮੰਜ਼ਿਲਾਂ ਮਾਰੀਆਂ ਨੇ।
ਇਹ ਜ਼ਿੰਦਗੀ ਫੁੱਲਾਂ ਦੀ ਸੇਜ ਨਾਹੀਂ,
ਰਾਹ ਜੀਵਨ ਦੇ ਬੜੇ ਹੀ ਬਿਖੜੇ ਨੇ।
ਸੋਚ-ਸਮਝ ਕੇ ਧਰੀਂ ਤੂੰ ਕਦਮ ਏਥੇ,
ਕੰਡੇ ਰਸਤਿਆਂ 'ਚ ਫੈਲੇ ਤਿਖੜੇ ਨੇ।
ਝੱਖੜ ਝਾਗ ਕੇ ਮਿਲੇਗੀ ਜਦੋਂ ਮੰਜ਼ਿਲ,
ਓਦੋਂ ਹੱਸ ਕੇ ਮਿਲੂ ਬਹਾਰ ਤੈਨੂੰ।
ਤਗਮੇ ਮਿਲਣਗੇ, ਸਿਰਾਂ ਤੇ ਤਾਜ ਸਜਣੇ,
ਗਲੇ ਫੁੱਲਾਂ ਦੇ ਪੈਣਗੇ ਹਾਰ ਤੈਨੂੰ।
ਮਿਹਨਤ ਵਾਲਿਆਂ ਦੀ ਸਾਰੇ ਕਦਰ ਕਰਦੇ,
ਗਲੇ ਹੱਸ ਕੇ ਮਿਲਦੇ ਨੇ ਯਾਰ ਬੇਲੀ।
ਰੱਖ ਹੱਥ ਤੇ ਹੱਥ ਜੋ ਧਰੀ ਬੈਠਣ,
ਪੁੱਛੇ ਕੋਈ ਨਾ ਵਿੱਚ ਸੰਸਾਰ ਬੇਲੀ।



**ਪ੍ਰੋ. ਨਵ ਸੰਗੀਤ ਸਿੰਘ**

## ਬੱਚੇ ਹਾਂ ਅਸੀਂ ਬੱਚੇ ਹਾਂ

ਬੱਚੇ ਮਨ ਦੇ ਸੱਚੇ ਹਾਂ ,
ਰੋਜ ਸਕੂਲ ਨੂੰ ਜਾਂਦੇ ਹਾਂ
ਕੰਮ ਰੋਜ ਦਾ ਰੋਜ ਮੁਕਾਉਂਦੇ ਹਾਂ
ਬੱਚੇ ਹਾਂ ਅਸੀਂ ਬੱਚੇ ਹਾਂ ,
ਬੱਚੇ ਮਨ ਦੇ ਸੱਚੇ ਹਾਂ ,
ਬੱਚੇ ਮਨ ਦੇ ਸੱਚੇ ਹਾਂ ,
ਬੱਚੇ ਹਾਂ ਅਸੀਂ ਬੱਚੇ ਹਾਂ।
ਸਿਮਰਨ ਕੌਰ , ਜਮਾਤ - ਚੌਥੀ ,



## ਬਾਲ ਕਵਿਤਾ – ਪਤੰਗ ਉਡਾਉ



ਪਤੰਗ ਉਡਾਓ - ਪਤੰਗ ਉਡਾਉ ,
ਕੋਠੇ 'ਤੇ ਨਾ ਪਤੰਗ ਉਡਾਉ ,
ਚਾਈਨਾ ਡੋਰ ਨਾ ਲਗਾਓ ,
ਪਤੰਗ ਉਡਾਉ - ਪਤੰਗ ਉਡਾਉ ,
ਖੇਤਾਂ ਵਿੱਚ ਪਤੰਗ ਉਡਾਉ ,
ਰੰਗ - ਬਿਰੰਗੀ ਪਤੰਗ ਉਡਾਉ ,
ਪਤੰਗ ਉਡਾਉ - ਪਤੰਗ ਉਡਾਉ ,
ਕੋਠੇ 'ਤੇ ਨਾ ਪਤੰਗ ਉਡਾਉ।
ਜਸਵਿੰਦਰ ਸਿੰਘ , ਜਮਾਤ ਪੰਜਵੀਂ ,



# ਅਮਰੀਕਾ ਵਿਚ ਭਾਰਤੀ ਵਿਦਿਆਰਥੀ ਦੀ ਮੌਤ ਜਿਆਦਾ ਸ਼ਰਾਬ ਪੀਣ ਤੇ ਠੰਡ ਕਾਰਨ ਹੋਈ - ਕੋਰੋਨਰ ਦਫਤਰ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੁਨੀਵਰਸਿਟੀ ਆਫ ਇਲੀਨੋਇਸ, ਉਰਬਾਨਾ ਦੇ ਫਸਟ ਯੀਅਰ ਦੇ 18 ਸਾਲਾ ਭਾਰਤੀ ਵਿਦਿਆਰਥੀ ਅਕੁਲ ਧਵਨ ਜਿਸ ਦੀ ਇਸ ਸਾਲ 20 ਜਨਵਰੀ ਨੂੰ ਮੌਤ ਹੋ ਗਈ ਸੀ, ਸਬੰਧੀ ਚੈਂਪੇਨ ਕਾਊਂਟੀ ਕੋਰੋਨਰ ਦਫਤਰ, ਇਲੀਨੋਇਸ ਨੇ ਕਿਹਾ ਹੈ ਕਿ ਵਧੇਰੇ ਸ਼ਰਾਬ ਤੇ ਠੰਡ ਦੇ ਸਿੱਟੇ ਵਜੋਂ ਹਾਈਪੋਥਰਮੀਆ ਉਸ ਦੀ ਮੌਤ ਦਾ ਕਾਰਨ ਬਣਿਆ। ਕੋਰੋਨਰ ਦਫਤਰ ਨੇ ਟੌਕਸੀਕਾਲੋਜੀ ਰਿਪੋਰਟ ਆਉਣ ਤੋਂ ਬਾਅਦ ਕਿਹਾ ਹੈ ਕਿ ਵਧੇਰੇ ਨਸ਼ਾ ਤੇ ਲੰਬਾ ਸਮਾਂ ਜਮਾ ਵਾਲੇ ਤਾਪਮਾਨ ਵਿਚ ਪਏ ਰਹਿਣ ਕਾਰਨ ਧਵਨ ਜੀਂਦਾ ਨਹੀਂ ਰਹਿ ਸਕਿਆ। ਸੀ ਸੀ ਟੀ ਵੀ ਅਨੁਸਾਰ ਧਵਨ ਤੇ ਉਸ ਦੇ ਦੋਸਤਾਂ ਨੇ ਯੁਨੀਵਰਸਿਟੀ ਕੈਂਪਸ ਨੇੜੇ ਇਕ ਕਲੱਬ ਵਿਚ ਸ਼ਰਾਬ ਪੀਤੀ ਸੀ। ਰਾਤ 11.30 ਵਜੇ ਦੇ ਆਸ ਪਾਸ ਉਹ ਦੁਬਾਰਾ ਕੈਨੋਪਾਈ ਕਲੱਬ ਵਿਚ ਗਏ ਜਿਥੇ ਉਨਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਗਿਆ।

ਕੰਸਾਸ ਸਿਟੀ ਪ੍ਰਸ਼ਾਸਨ ਨੇ ਜਾਂਚਕਾਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਧਵਨ ਨੇ ਕਈ ਵਾਰ ਕਲੱਬ ਵਿਚ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਸਟਾਫ ਨੇ ਇਨਕਾਰ ਕਰ ਦਿੱਤਾ। ਉਸ ਲਈ ਦੋ ਵਾਰ ਗੱਡੀ ਮੰਗਵਾਈ ਗਈ ਪਰ ਉਸ ਨੇ ਉਨਾਂ ਵਿਚ ਬੈਠਣ ਤੋਂ ਨਾਂਹ ਕਰ ਦਿੱਤੀ ਸੀ।

ਯੁਨੀਵਰਸਿਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਧਵਨ ਦਾ ਇਕ ਦੋਸਤ ਉਸੇ ਦਿਨ ਅੱਧੀ ਰਾਤ ਬਾਅਦ 1.23 ਵਜੇ ਸਵੇਰੇ ਕੈਂਪਸ ਪੁਲਿਸ ਕੋਲ ਗਿਆ ਸੀ ਤੇ ਉਸ ਨੇ ਧਵਨ ਦੇ ਲਾਪਤਾ ਹੋਣ ਬਾਰੇ ਦਸਿਆ ਸੀ। ਇਸ ਉਪਰੰਤ ਪੁਲਿਸ ਨੇ ਆਸ ਪਾਸ ਧਵਨ ਦੀ ਭਾਲ ਕੀਤੀ ਪਰੰਤੂ ਉਹ ਨਹੀਂ ਮਿਲਿਆ। ਅਗਲੇ ਦਿਨ ਸਵੇਰੇ 11 ਵਜੇ ਕਲੱਬ ਤੋਂ ਥੋਹੜੀ ਦੂਰ ਇਕ ਇਮਾਰਤ ਦੇ ਪਿੱਛੇ ਉਹ ਮ੍ਰਿਤਕ ਹਾਲਤ ਵਿਚ ਮਿਲਿਆ ਸੀ। ਧਵਨ ਦੇ ਮਾਪਿਆਂ ਇਸ਼ ਤੇ ਰੀਤੂ ਧਵਨ ਨੇ ਇਕ ਖੁਲਾ ਪੱਤਰ ਲਿਖ ਕੇ ਯੁਨੀਵਰਸਿਟੀ ਅਧਿਕਾਰੀਆਂ 'ਤੇ ਦੋਸ਼ ਲਾਇਆ ਹੈ ਕਿ ਉਨਾਂ ਨੇ ਧਵਨ ਦੇ ਲਾਪਤਾ ਹੋਣ ਉਪਰੰਤ ਤੁਰੰਤ ਕਾਰਵਾਈ ਨਹੀਂ ਕੀਤੀ। ਪੱਤਰ ਵਿਚ ਕਿਹਾ ਗਿਆ ਹੈ ਕਿ ਜੇਕਰ ਤੁਰੰਤ ਕਾਰਵਾਈ ਕੀਤੀ ਜਾਂਦੀ ਤਾਂ ਧਵਨ ਬਚ ਸਕਦਾ ਸੀ ਕਿਉਂਕਿ ਜਿਸ ਜਗਾ ਤੋਂ ਉਹ ਗਾਇਬ ਹੋਇਆ ਸੀ ਉਸ ਤੋਂ 200 ਫੁੱਟ ਦੂਰ ਹੀ ਉਹ ਡਿੱਗਾ ਪਿਆ ਮਿਲਿਆ ਸੀ।

## ਰਾਸ਼ਟਰਪਤੀ ਜੋ ਬਾਈਡਨ ਦੀ ਲੋਕਪ੍ਰਿਯਤਾ ਦਾ ਗਰਾਫ ਹੇਠਾਂ ਡਿੱਗਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਸ ਮਹੀਨੇ ਫਰਵਰੀ ਵਿਚ ਕਰਵਾਏ ਇਕ ਚੋਣ ਸਰਵੇਖਣ ਵਿਚ ਰਾਸ਼ਟਰਪਤੀ ਜੋ ਬਾਈਡਨ ਦੀ ਲੋਕਪ੍ਰਿਯਤਾ ਘਟ ਕੇ 38% ਰਹਿ ਗਈ ਹੈ। ਤਾਜਾ ਗਾਲਅੱਪ ਚੋਣ ਸਰਵੇ ਅਨੁਸਾਰ ਇਹ ਸਰਵੇ 1 ਫਰਵਰੀ ਤੋਂ 20 ਫਰਵਰੀ ਤੱਕ ਕਰਵਾਇਆ ਗਿਆ ਜਿਸ ਵਿਚ 1016 ਬਾਲਗ ਸ਼ਾਮਿਲ ਹੋਏ। ਰਾਸ਼ਟਰਪਤੀ ਵਜੋਂ ਬਾਈਡਨ ਕਿੰਨੇ ਸਫਲ ਹਨ ਇਸ ਦੇ ਜਵਾਬ ਵਿਚ 38% ਨੇ ਉਨਾਂ ਦਾ ਸਮਰਥਨ ਕੀਤਾ ਤੇ 59% ਇਸ ਨਾਲ ਸਹਿਮਤ ਨਹੀਂ ਹਨ ਜਦ ਕਿ 2% ਨੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। ਜਨਵਰੀ ਵਿਚ ਉਨਾਂ ਦੀ ਲੋਕਪ੍ਰਿਯਤਾ ਦਰ 41% ਸੀ ਜੋ ਫਰਵਰੀ ਵਿਚ 3% ਘਟ ਗਈ ਹੈ। ਉਂਝ ਪਿਛਲੇ ਸਾਲ ਅਪ੍ਰੈਲ,ਅਕਤੂਬਰ ਤੇ ਨਵੰਬਰ ਵਿਚ ਕਰਵਾਏ ਗਾਲਅੱਪ ਸਰਵੇਖਣਾਂ ਵਿਚ ਉਨਾਂ ਦੀ ਲੋਕਪ੍ਰਿਯਤਾ ਸਭ ਤੋਂ ਘੱਟ 37% ਸੀ।

## ਪਹਿਲੀ ਪਾਕਸਤਾਨੀ ਪੰਜਾਬੀ ਫ਼ਿਲਮ "ਫੇਰੇ" ਬਣੀ ਸੀ ਹਿੰਦੂ ਰੀਤ ਰਿਵਾਜ ਤੇ ਹੀਰੋਇਨ ਤੇ ਨਿਰਮਾਤਾ ਵੀ ਸੀ ਹਿੰਦੂ ਕੁੜੀ ਸਵਰਨ ਲਤਾ ਪੇਸ਼ਕਸ਼



ਪਾਕਸਤਾਨੀ ਪੰਜਾਬੀ ਫ਼ਿਲਮਾਂ ਦਾ ਆਰੰਭ ਵੰਡ ਬਾਅਦ ਹੋਇਆ ਤੇ ਪਹਿਲੀ ਪੰਜਾਬੀ ਪਾਕਸਤਾਨੀ ਫ਼ਿਲਮ ਸੀ "ਫੇਰੇ" ਜਿਹੜੀ 1949 ਵਿੱਚ ਆਈ। ਇਸ ਫ਼ਿਲਮ ਦੀ ਹੀਰੋਇਨ ਹਿੰਦੂ ਕੁੜੀ ਸਵਰਨ ਲਤਾ ਸੀ ਜਿਹੜੀ ਅੱਜ ਵੀ ਪਾਕਸਤਾਨੀ ਨਾਗਰਿਕ ਹੈ ਤੇ ਜਿਉਂਦੀ ਹੈ। ਸਵਰਨ ਲਤਾ ਦੀ ਸਹੇਲੀ ਅੰਜੁਮਨ ਨੇ ਦੱਸਿਆ ਕਿ "ਫੇਰੇ" ਭਾਰਤੀ ਫ਼ਿਲਮ "ਗਾਂਵ ਕੀ ਗੋਰੀ" ਦਾ ਰੀਮੇਕ ਸੀ। ਇਸ ਨੂੰ ਵੀ "ਫੇਰੇ" ਦੇ ਨਿਰਮਾਤਾ ਨਜ਼ੀਰ ਨੇ ਬਣਾਇਆ ਸੀ। ਫ਼ਿਲਮ ਦਾ ਵਿਸ਼ਾ ਹੀਰ ਰਾਂਝਾ ਜਿਹਾ ਸੀ ਤੇ ਸਵਰਨ ਲਤਾ ਫ਼ਿਲਮ ਵਿੱਚ ਵਿਆਹੀ ਕਿਸੇ ਨਾਲ ਜਾਂਦੀ ਏ ਤੇ ਪਿਆਰ ਕਿਸੇ ਨੂੰ ਕਰਦੀ ਸੀ। ਅੰਤ ਘਰਦੇ ਨੂੰ ਹਾਰ ਮੰਨ ਹਿੰਦੂ ਰੀਤ ਰਿਵਾਜ਼ ਦੇ "ਫੇਰੇ" ਉਸ ਦੇ ਪਿਆਰ ਨਾਲ ਕਰਵਾਉਣੇ ਪੈਂਦੇ ਹਨ। ਸਵਰਨ ਲਤਾ ਨੇ ਕਿਹਾ ਕਿ ਆਪਣੇ ਵੇਲੇ ਇਹ ਫ਼ਿਲਮ ਲਾਹੌਰ ਵਿੱਚ ਲਗਾਤਾਰ 1 ਸਾਲ ਚਲੀ ਸੀ। ਨਜ਼ੀਰ, ਅਲਾਦੀਨ, ਜ਼ੀਨਤ ਬੇਗਮ, ਮਾਇਆ ਇਸ ਫ਼ਿਲਮ ਦੇ ਦੂਜੇ ਮੁੱਖ ਸਟਾਰ ਸਨ। ਨਜ਼ੀਰ ਅਹਿਮਦ ਨਿਰਦੇਸ਼ਤ ਇਸ ਫ਼ਿਲਮ ਤੇ ਪੈਸਾ ਵੀ ਸਵਰਨ ਲਤਾ ਦਾ ਹੀ ਲੱਗਿਆ ਸੀ ਤੇ ਗੁਲਾਮ ਚਿਸਤੀ ਦਾ ਸੰਗੀਤ ਕਾਫੀ ਚਲਿਆ ਸੀ। ਸਵਰਨ ਲਤਾ ਦੀ "ਫੇਰੇ" ਦਾ ਗੀਤ "ਅੱਖੀਆਂ ਲਾਵੀ ਨਾ, ਦਿਲ ਪਰਚਾਵੇ ਨਾ" ਬਹੁਤ ਲੋਕ ਪ੍ਰਿਅ ਹੋਇਆ ਸੀ। ਸਵਰਨ ਲਤਾ ਦੀ ਲੰਬੀ ਆਯੂ ਤੇ ਸਿਹਤ ਲਈ ਲਾਲੀ ਵੁਡ ਹਮੇਸ਼ਾ ਦੁਆ ਕਰੇਗੀ।

-ਅੰਮ੍ਰਿਤ ਪਵਾਰ

## ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਸਬੰਧ ਚ ਲੈਸਟਰ ਚ ਕਰਵਾਇਆ ਗਿਆ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਵਿਸ਼ਾਲ ਸਮਾਗਮ

### 'ਵੱਖ-ਵੱਖ ਬੁਲਾਰਿਆਂ ਨੇ ਯੂ.ਕੇ ਦੇ ਸਕੂਲਾਂ ਚ ਪੰਜਾਬੀ ਪੜ੍ਹਾਏ ਜਾਣ ਦੀ ਕੀਤੀ ਮੰਗ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ ਪੰਜਾਬੀ ਲਇਸਨਰਜ ਕਲੱਬ ਯੂ.ਕੇ ਦੇ ਸੰਚਾਲਕ ਤਰਲੋਚਨ ਸਿੰਘ ਵਿਰਕ ਦੇ ਉਦਮ ਸਦਕਾ ਮਾਂ ਬੋਲੀ ਪੰਜਾਬੀ ਦਿਵਸ ਮਨਾਇਆ ਗਿਆ ਇਸ ਮੌਕੇ ਤੇ ਕਰਵਾਏ ਗਏ ਵਿਸ਼ਾਲ ਸਮਾਗਮ ਨੂੰ ਵੱਖ ਵੱਖ ਕਮਿਊਨਟੀ ਲੀਡਰਾਂ, ਕੌਂਸਲ ਲੀਡਰਾਂ ਤੋਂ ਇਲਾਵਾ ਵੱਖ ਵੱਖ ਪੰਜਾਬੀ ਕਲਾਕਾਰਾਂ, ਲੇਖਕਾਂ, ਬੁੱਧੀਜੀਵੀਆਂ,ਸਮਾਜ ਸੇਵੀਆਂ, ਪੱਤਰਕਾਰਾਂ, ਵਕੀਲਾਂ ਅਤੇ ਵੱਖ ਵੱਖ ਖੇਤਰ ਚ ਰਹਿ ਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲਿਆਂ ਨੇ ਸ਼ਿਰਕਤ ਕਰਕੇ ਆਪੋ ਆਪਣੇ ਸੰਬੋਧਨ ਰਾਹੀਂ ਜਿਥੇ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਪਾਸਾਰ ਤੇ ਜ਼ੋਰ ਦਿੱਤਾ ਉਥੇ ਇੰਗਲੈਂਡ ਦੇ ਸਕੂਲਾਂ ਚ ਪੰਜਾਬੀ ਪੜ੍ਹਾਏ ਜਾਣ ਦੀ ਵੀ ਮੰਗ ਕੀਤੀ। ਇਸ ਮੌਕੇ ਹਾਜ਼ਰ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਸਪੋਕਸ ਪਰਸਨ ਸ਼ੀਤਲ ਸਿੰਘ ਗਿੱਲ ਨੇ ਕਿਹਾ ਕਿ ਆਉਣ ਵਾਲੇ ਸਮੇਂ ਚ ਅਸੀਂ ਆਪਣੀ ਐਸੋਸੀਏਸ਼ਨ ਦੀ ਤਰਫੋਂ ਬਰਤਾਨੀਆ ਸਰਕਾਰ ਤੱਕ ਪਹੁੰਚ ਕਰਕੇ ਸਕੂਲਾਂ ਚ ਪੰਜਾਬੀ ਲਾਜ਼ਮੀ ਪੜ੍ਹਾਏ ਜਾਣ ਦੀ ਮੰਗ ਕਰਾਂਗੇ। ਇਸੇ ਤਰ੍ਹਾਂ ਕੁਲਵਿੰਦਰ ਸਿੰਘ ਰਾਏ, ਪੰਜਾਬੀ ਗਾਇਕ ਦਲਜੀਤ ਸਿੰਘ ਨੀਰ, ਪੰਜਾਬੀ ਪ੍ਰਜੈਂਟਰ ਸ਼ਿੰਦਰ ਕੌਰ ਰਾਏ , ਜਸਪਾਲ ਸਿੰਘ ਕੰਗ, ਡਾ ਸੁਜਾਨ ਸਿੰਘ, ਪੰਜਾਬੀ ਪ੍ਰਜੈਂਟਰ ਗੁਰਪ੍ਰੀਤ ਕੌਰ, ਗਾਇਕ ਕੁਲਦੀਪ ਸਿੰਘ ਭੰਮਰਾ, ਸੰਗੀਤਾ ਵਿੱਜ, ਗੁਰਵਿੰਦਰ ਕੌਰ, ਇੰਦੀ ਸਮਰਾ, ਮੇਅਰ ਰੋਜਮਰੀ ਐਡਮਜ਼, ਸੈਮੀਆ ਹੱਕ, ਕੌਂਸਲਰ ਜਬਰ ਹੱਕ, ਹਰਭਜਨ ਸਿੰਘ ਗਵੇਰਾ, ਗਿਆਨੀ ਜਸਵਿੰਦਰ ਸਿੰਘ ਕੌਂਸਲਰ ਜੈਮਿਨੀ ਕੋਫਮੈਨ ਸਮੇਤ ਚੜਦੇ ਅਤੇ ਲਹਿੰਦੇ ਪੰਜਾਬ ਨਾਲ ਸਬੰਧਤ ਆਗੂਆਂ ਨੇ ਪਹੁੰਚ ਕੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਪ੍ਰਤੀ ਪਾਏ ਜਾ ਰਹੇ ਆਪਣੇ ਯੋਗਦਾਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਤੇ ਪ੍ਰਮੁੱਖ ਸਖ਼ਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਜਸਪਾਲ ਸਿੰਘ ਕੰਗ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਤੇ ਇੰਗਲੈਂਡ ਦੇ ਜੰਮਪਲ ਬੱਚਿਆਂ ਦੇ ਡਰਾਇੰਗ ਦੇ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਮੌਕੇ ਤੇ ਇਨਾਮ ਤਕਸੀਮ ਕੀਤੇ ਗਏ।

# ਪੰਜਾਬੀ ਕਾਨਫਰੰਸ 2024 ਲੈਸਟਰ ਵਿਖੇ 27-28 ਜੁਲਾਈ ਨੂੰ ਕਰਵਾਈ ਜਾ ਰਹੀ ਹੈ

**ਡਰਬੀ – ਇਸ ਸਾਲ 27 ਤੇ 28 ਜੁਲਾਈ ਸ਼ਨਿੱਚਰਵਾਰ ਤੇ ਐਤਵਾਰ ਨੂੰ ਪੰਜਾਬੀ ਕਾਨਫਰੰਸ 2024) ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਜਿਸ ਵਿੱਚ ਪੰਜਾਬੀ ਬੋਲੀ ਨਾਲ ਸਬੰਧਿਤ ਅਹਿਮ ਵਿਸ਼ਿਆਂ ਬਾਰੇ ਪਰਚੇ ਪੜ੍ਹੇ ਜਾਣਗੇ। ਇਸ ਸਬੰਧੀ ਡਾ: ਪ੍ਰਗਟ ਸਿੰਘ ਅਤੇ ਸ: ਬਲਵਿੰਦਰ ਸਿੰਘ ਚਾਹਲ ਵੱਲੋਂ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਸਾਂਝੀ ਕੀਤੀ ਗਈ ਹੈ। ਇਸ ਕਾਰਨਫਰੰਸ ਵਿੱਚ ਪੜ੍ਹਨ ਵਾਸਤੇ ਵਿਦਵਾਨਾਂ ਪਾਸੋਂ ਵੱਖ–ਵੱਖ ਵਿਸ਼ਿਆਂ ਤੇ ਪਰਚੇ ਲਿਖਣ/ਤਿਆਰ ਕਰਨ ਲਈ ਕਿਹਾ ਗਿਆ ਹੈ।**

ਪ੍ਰਾਪਤ ਜਾਣਕਾਰੀ ਮੁਤਾਬਕ ਇਸ ਕਾਨਫਰੰਸ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ ਭਾਵ ਪੰਜ ਬੈਠਕਾਂ ਵਿੱਚ ਵੱਖ ਵੱਖ ਵਿਸ਼ਿਆਂ ਬਾਰੇ ਮਾਹਿਰ ਵਿਦਵਾਨਾਂ ਵੱਲੋਂ ਪਰਚੇ ਪੜ੍ਹੇ ਜਾਣਗੇ। ਜਿਹਨਾਂ ਵਿੱਚ ਪਹਿਲੀ ਬੈਠਕ ਦੌਰਾਨ ਪੰਜਾਬੀ ਭਾਸ਼ਾ– ਪਿਛੋਕੜ ਤੇ ਵਿਕਾਸ, ਦੂਜੀ ਬੈਠਕ ਵਿੱਚ ਪੰਜਾਬੀ ਭਾਸ਼ਾ – ਅਜੋਕੀਆਂ ਸਥਿਤੀਆਂ ਅਤੇ ਚਿੰਤਨ, ਤੀਜੀ ਬੈਠਕ ਪੰਜਾਬੀ ਭਾਸ਼ਾ – ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਸੰਦਰਭ, ਚੌਥੀ ਬੈਠਕ ਵਿੱਚ ਪੰਜਾਬੀ ਭਾਸ਼ਾ ਦਾ ਤਕਨੀਕੀ ਵਿਕਾਸ ਤੇ ਉਦਮ ਅਤੇ ਪੰਜਵੀਂ ਬੈਠਕ ਵਿੱਚ ਪੰਜਾਬੀ ਭਾਸ਼ਾ ਦਾ ਭਵਿੱਖ ਯੂ ਕੇ ਦੇ ਸੰਦਰਭ ਵਿੱਚ। ਇਹਨਾਂ ਪੰਜ ਬੈਠਕਾਂ ਵਿੱਚ ਵਿਦਵਾਨਾਂ ਵੱਲੋਂ ਵੱਖੋ–ਵੱਖ ਵਿਸ਼ਿਆਂ ਤੇ ਅਧਾਰਿਤ ਖੋਜ ਭਰਪੂਰ ਪੱਤਰ ਤਿਆਰ ਕਰਕੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤਾਂ ਜੋ ਪੰਜਾਬੀ ਬੋਲੀ ਦੇ ਵਰਤਮਾਨ ਤੇ ਭਵਿੱਖ ਬਾਰੇ ਅਗਲੇਰੀ ਵਿਚਾਰ ਗੋਸ਼ਟੀ ਹੋ ਸਕੇ। ਯਾਦ ਰਹੇ, ਬਰਤਾਨੀਆ ਦੇ ਸਕੂਲਾਂ ਵਿੱਚ ਹੋਰ ਬਹੁਤ ਸਾਰੀਆਂ ਵਿਦੇਸ਼ੀ (ਖਾਸ ਕਰਕੇ ਏਸ਼ੀਅਨ) ਭਾਸ਼ਾਵਾਂ ਨੂੰ ਸਕੂਲਾਂ ਵਿੱਚ ਪੜ੍ਹਾਉਣਾ ਬੰਦ ਕਰ ਦਿੱਤਾ ਗਿਆ ਹੈ। ਬਹੁਤ ਹੀ ਘੱਟ ਸਕੂਲ ਰਹਿ ਗਏ ਹਨ, ਜਿੱਥੇ ਇਹ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ। ਇਥੇ ਹੀ ਨਹੀਂ ਹੋਰ ਵੀ ਬੜੇ ਖੇਤਰਾਂ ਵਿੱਚ, ਪੰਜਾਬ ਵਿੱਚ ਵੀ ਪੰਜਾਬੀ ਲਈ ਚੁਣੌਤੀਆਂ ਦਰਪੇਸ਼ ਹਨ। ਇਸ ਲਈ ਆਪਣੀ ਬੋਲੀ ਨੂੰ ਜਿੰਦਾ ਰੱਖਣ, ਇਸ ਦੇ ਭਵਿੱਖ ਬਾਰੇ ਸੋਚਣ ਤੇ ਕੁੱਝ ਕਰਨ ਲਈ ਇਸ ਦੇ ਹਰ ਪੱਖ ਤੇ ਵਿਚਾਰ ਤੇ ਮੁਲੰਕਣ ਕਰਨਾ ਜ਼ਰੂਰੀ ਹੈ।




**ਬੱਬਰ ਖ਼ਾਲਸਾ ਦੇ ਜੁਝਾਰੂ ਜਰਨੈਲ ਅਮਰ ਸ਼ਹੀਦ ਭਾਈ ਸੁਖਦੇਵ ਸਿੰਘ ਚਾਚਾ ਚੱਬਾ ਦੇ ਸ਼ਹੀਦੀ ਸਮਾਗਮ ਵਿੱਚ ਹਾਜ਼ਰੀ ਭਰਨ ਸਮੇਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਤੇ ਹੋਰ ਪੰਥਕ ਸ਼ਖ਼ਸੀਅਤਾਂ।**

## ਪਾਠਕਾਂ ਦੇ ਪੱਤਰ

# ਸਾਡੀ ਸਰਕਾਰ ਕੋਲ ਨਾ ਤਾਂ ਸਹੀ ਤਰੀਕਾ ਨਾ ਸਹੀ ਸਾਧਨ ਵਰਤਦੇ ਹਨ

ਇਹ ਵਿਚਾਰ ਠੀਕ ਹੈ ਕਿ ਭਾਰਤ ਵਿੱਚ ਹਰ ਅਫ਼ਸਰ, ਸਿਆਸੀ ਆਗੂ, ਸਰਕਾਰੀ ਮੁਲਾਜ਼ਮ ਨੂੰ ਆਮ ਜਨਤਾ ਵਿੱਚ ਹਰ ਸਾਲ ਆਪਣੀ ਆਮਦਨ ਦਾ ਵੇਰਵਾ ਦੇਣਾ ਚਾਹੀਦਾ ਹੈ। ਯੂਰਪੀਅਨ ਮੁਲਕਾਂ ਵਿੱਚ ਹਰ ਸਾਲ ਟੈਕਸ ਦੇ ਫਾਰਮ ਭਰੇ ਜਾਂਦੇ ਹਨ। ਹਰ ਮੈਂਬਰ ਨੂੰ ਟੈਕਸ ਕੋਡ ਦਿੱਤਾ ਜਾਂਦਾ ਹੈ। ਉਤਨੇ ਪੈਸੇ ਤੋਂ ਉਪਰ ਟੈਕਸ ਲੱਗਦਾ ਹੈ ਜੋ ਤਨਖਾਹ ਵਿੱਚ ਆਮ ਵਰਕਰ ਜਿਥੇ ਕੰਮ ਕਰਦਾ ਹੈ ਟੈਕਸ ਅਤੇ ਇੰਸ਼ੋਰੈਂਸ ਕੱਟ ਕੇ ਤਨਖਾਹ ਦਿੱਤੀ ਜਾਂਦੀ ਹੈ। ਬਾਕੀ ਜੋ ਵਪਾਰ ਕਰਦਾ ਹੈ ਉਸ ਲਈ ਵੱਖਰੀਆਂ ਛੋਟਾਂ ਹਨ ਏਥੇ ਜੋ ਕਰਦੇ ਹਨ ਬਹੁਤ ਵੱਡੀਆਂ ਰਕਮਾਂ ਦੀ ਕਰਦੇ ਹਨ। ਇਥੋਂ ਤੱਕ ਕਿ ਚੈਰਿਟੀਆਂ ਵਿੱਚ ਵੀ ਕਰਦੇ ਹਨ ਪਰ ਏਥੇ ਸਰਕਾਰ ਫੜੇ ਤਾਂ ਫਿਰ ਬੱਚਣਾ ਮੁਸ਼ਕਲ ਹੈ। ਜੁਰਮਾਨਾ ਭਾਰੀ ਹੁੰਦਾ ਹੈ। ਜੇਲ੍ਹਾਂ ਹੁੰਦੀਆਂ ਹਨ ਉਹ ਵੀ ਤਕੜੀਆਂ। ਸਾਡੇ ਦੇਖੋ ਇੰਨੇ ਸਾਲਾਂ ਬਾਅਦ ਕੀ ਕਰ ਰਹੇ ਹਨ। ਐਮ ਐਲ ਏ ਕੋਲ ਇੰਨੇ ਕਰੋੜ ਦਾ ਘਪਲਾ ਹੈ, ਸਰਪੰਚ ਨੇ ਇੰਨੇ ਕਰੋੜ ਅੱਜ ਤੋਂ 20 ਸਾਲ ਪਹਿਲਾਂ ਇਹ ਘਪਲਾ ਕੀਤਾ, ਮੰਤਰੀ ਸਾਹਿਬ ਕੋਲ ਇੰਨੀ ਜਾਇਦਾਦ ਕਿਥੋਂ ਆਈ। ਮੈਂ ਇਕ ਮਿਸਾਲ ਦਿੰਦਾ ਹਾਂ ਇਕ ਪੁਲੀਸ ਅਫ਼ਸਰ ਦੀ। 2013 ਵਿੱਚ ਇੰਨਾ ਪਲਾਟ ਉਸ ਦੀ ਡੇਢ ਕਰੋੜ ਰੁਪਏ ਦੀ ਕੋਠੀ ਫਿਰ ਇੰਨੇ ਪਲਾਟ ਇੰਨੇ ਕਰੋੜ ਰੁਪਏ ਦਾ ਲੈਣ ਦੇਣ ਕੀਤਾ ਇਹੋ ਹੀ ਨਹੀਂ ਹਰ ਸਾਲ ਦੀ ਲਿਖਤ ਹੁੰਦੀ ਹੈ ਤਾਂ ਅਗਰ ਉਸ ਨੇ ਫਾਰਮ ਵਿੱਚ ਟੈਕਸ ਰਿਟਰਨ ਸਹੀ ਨਾ ਦਿੱਤੀ ਹੁੰਦੀ। ਝੱਟ ਸਭ ਕੁਝ ਦਿਨਾਂ ਵਿੱਚ ਮੁਕ ਜਾਣਾ ਸੀ। ਨਾ ਹੋਰ ਕਿੰਨੇ ਕੇਸ ਬਣਦੇ ਅਗਰ ਉਸ ਦੇ ਸਾਥੀ ਨਾਲ ਸਨ ਉਹ ਵੀ ਵਿੱਚ ਰਗੜ ਹੁੰਦੇ। ਪਰ ਇਕ ਅਫ਼ਸਰ ਨਾਲ ਉਸ ਦੇ ਸਹਾਇਕ ਇੰਨੇ ਸਾਲ ਕਿਉਂ ਨਾਲ ਨੌਕਰੀ ਕਰੇ। ਹੁਣ ਕਰੋੜ ਰੁਪਏ ਸਰਕਾਰ ਦੇ ਸਰਕਾਰੀ ਖਜ਼ਾਨੇ ਵਿਚੋਂ ਖਰਚ ਹੁੰਦੇ ਹਨ। ਫਿਰ ਅਫ਼ਸਰਾਂ ਦਾ ਟਾਈਮ ਖਰਾਬ ਹੁੰਦਾ ਹੈ। ਅਗਰ ਸਹੀ ਤਰੀਕਾ ਹੋਵੇ ਫਿਰ ਨਾ ਤਾ ਖਜਲ ਖੁਆਰੀ ਹੋਵੇ, ਨਾ ਰਿਸ਼ਵਤਖੋਰੀ ਕਰਨ ਵਾਲਾ ਇਨਸਾਨ ਬੱਚ ਸਕੇ। ਜਦ ਸਾਡੀ ਸਰਕਾਰ ਕੋਲ ਨਾ ਤਾਂ ਸਹੀ ਤਰੀਕਾ ਨਾ ਸਹੀ ਸਾਧਨ ਵਰਤਦੇ ਹਨ। ਬੱਸ ਇਹ ਵਿਰੋਧੀ ਧਿਰ ਦਾ ਮੈਂਬਰ ਹੈ ਜਾਂ ਇਸ ਅਫ਼ਸਰ ਨੇ ਪਹਿਲਾਂ ਵਧੀਕੀ ਕੀਤੀ ਸੀ ਹੁਣ ਉਸ ਦਾ ਮੁਲਜ਼ਮ ਮੰਤਰੀ ਸਾਹਿਬ ਬਣ ਗਏ ਹਨ ਫਿਰ ਆਪਣੀ ਜਿੱਦ ਪੂਰੀ ਕਰੇਗਾ।–ਕੁਲਤਾਰ ਸਿੰਘ ਜੋਗੀ



# ਸਮੇਂ ਤੋਂ ਪਹਿਲਾਂ ਬੱਚਿਆਂ ਦੀ 80 ਫੀਸਦੀ ਮੌਤਾਂ ਗਰੀਬ ਦੇਸ਼ਾਂ ਵਿੱਚ ਹੁੰਦੀਆਂ ਹਨ ਪੰਜ ਸਧਾਰਨ ਉਪਾਅ ਉਹਨਾਂ ਨੂੰ ਬਚਾਉਣ ਵਿੱਚ ਮਦਦ ਕਰ ਸਕਦੇ ਹਨ – ਰਿਪੋਰਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਭਰ ਵਿੱਚ 2020 ਵਿੱਚ ਹਰ 40 ਸਕਿੰਟਾਂ ਵਿੱਚ ਇੱਕ ਬੱਚੇ ਦੀ ਮੌਤ ਸਮੇਂ ਤੋਂ ਪਹਿਲਾਂ ਜਨਮ ਹੋਣ ਕਾਰਨ ਪੈਦਾ ਹੋਣ ਵਾਲੀਆਂ ਉਲਝਣਾਂ ਕਾਰਨ ਹੋਈ ਹੈ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਮੌਤ ਦਾ ਮੁੱਖ ਕਾਰਨ ਸਮੇਂ ਤੋਂ ਪਹਿਲਾਂ ਜਨਮ ਲੈਣਾ ਹੈ। ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਵਿੱਚ ਸਮੇਂ ਤੋਂ ਪਹਿਲਾਂ ਜਨਮ ਦਰ ਬਹੁਤ ਜ਼ਿਆਦਾ ਹੈ, ਜਿੱਥੇ ਲਗਭਗ 80 ਪ੍ਰਤੀਸ਼ਤ ਮਾਮਲੇ ਸਾਹਮਣੇ ਆਏ ਹਨ। ਅਫਰੀਕਾ ਵਿੱਚ ਸਭ ਤੋਂ ਵੱਧ ਮਾਮਲਿਆਂ ਵਾਲੇ ਦੇਸ਼ਾਂ ਵਿੱਚ ਮਲਾਵੀ, ਦੱਖਣੀ ਅਫਰੀਕਾ, ਇਥੋਪੀਆ, ਕਾਂਗੋ ਲੋਕਤੰਤਰੀ ਗਣਰਾਜ ਅਤੇ ਬੋਤਸਵਾਨਾ ਹਨ। ਇਥੋਪੀਆ ਵਿੱਚ 2020 ਵਿੱਚ 12.9 ਪ੍ਰਤੀਸ਼ਤ ਬੱਚੇ ਸਮੇਂ ਤੋਂ ਪਹਿਲਾਂ ਪੈਦਾ ਹੋਏ ਸਨ। ਨਾਈਜੀਰੀਆ ਵਿੱਚ ਇਹ ਅੰਕੜਾ 9.9 ਪ੍ਰਤੀਸ਼ਤ ਸੀ।ਸਮੇਂ ਤੋਂ ਪਹਿਲਾਂ (ਪ੍ਰੀਟਰਮ ਬਰਥ) ਜਨਮ ਉਦੋਂ ਹੁੰਦਾ ਹੈ ਜਦੋਂ ਬੱਚੇ ਦਾ ਜਨਮ 37 ਹਫ਼ਤਿਆਂ ਦੇ ਗਰਭ ਤੋਂ ਪਹਿਲਾਂ ਹੁੰਦਾ ਹੈ। ਪ੍ਰੀਟਰਮ ਬੱਚਿਆਂ ਨੂੰ ਗੰਭੀਰ ਤੰਤੂ ਸੰਬੰਧੀ ਸਮੱਸਿਆਵਾਂ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ, ਜਿਵੇਂ ਕਿ ਸੇਰੇਬ੍ਰਲ ਪਾਲਸੀ, ਫੇਫੜਿਆਂ ਦੀ ਕਮਜ਼ੋਰੀ ਅਤੇ ਉਨ੍ਹਾਂ ਦੀਆਂ ਅੰਤੜੀਆਂ ਨਾਲ ਲੰਬੇ ਸਮੇਂ ਦੀਆਂ ਸਮੱਸਿਆਵਾਂ। ਪਰ ਸਮੇਂ ਤੋਂ ਪਹਿਲਾਂ ਪੈਦਾ ਹੋਏ ਲਗਭਗ 95 ਪ੍ਰਤੀਸ਼ਤ ਬੱਚੇ ਜੋ 28 ਹਫ਼ਤਿਆਂ ਬਾਅਦ ਪੈਦਾ ਹੁੰਦੇ ਹਨ, ਉਹ ਅਕਸਰ ਦੂਜਿਆਂ ਦੇ ਮੁਕਾਬਲੇ ਘੱਟ ਗੁੰਝਲਦਾਰ ਡਾਕਟਰੀ ਸਹਾਇਤਾ ਨਾਲ ਜਿਉਂਦੇ ਹਨ।

# ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਨੇ ਸੁੰਦਰ ਫੁੱਲਵਾੜੀ ਲਈ ਅੱਵਲ ਪੁਰਸਕਾਰ ਜਿੱਤਿਆ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) – ਗਲਾਸਗੋ ਦੇ ਟਰੇਡਸ ਹਾਲ ਵਿਖੇ ਸਾਲ 2024 ਦੇ ਕਾਰਪੋਰੇਸ਼ਨ ਆਫ ਗਲਾਸਗੋ 'ਦ ਗਾਰਡਨਰਜ਼ ਵੱਲੋ 'ਲੈਟ ਗਲਾਸਗੋ ਫਲੋਰਿਸ਼' (ਗਲਾਸਗੋ ਨੂੰ ਫੁੱਲਦਾਰ ਬਣਾਈਏ) ਦੇ 41ਵੇਂ ਪੁਰਸਕਾਰਾਂ ਦਾ ਆਯੋਜਨ ਕੀਤਾ ਗਿਆ। ਇਹ ਪੁਰਸਕਾਰ ਸ਼ਹਿਰ ਵਿੱਚ ਲਗਾਏ ਗਏ ਸ਼ਾਨਦਾਰ ਫੁੱਲਾਂ ਅਤੇ ਬਾਗਬਾਨੀ ਖੇਤਰ ਵਿੱਚ ਯੋਗਦਾਨ ਲਈ ਦਿੱਤੇ ਜਾਂਦੇ ਹਨ, ਜੋ ਕਿ ਨਿਵਾਸੀਆਂ ਅਤੇ ਸੈਲਾਨੀਆਂ ਦੇ ਸੁਆਗਤ ਲਈ ਸ਼ਹਿਰ ਵਿੱਚ ਸੋਹਣਾ ਮਹੌਲ ਸਿਰਜਦੇ ਹਨ, ਜਿਸ ਨਾਲ ਖਿੜੇ ਫੁੱਲਾਂ ਵਾਂਗ ਹੀ ਚਿਹਰੇ ਖਿੜ ਜਾਂਦੇ ਹਨ। ਇਸ ਸਾਲ ਦਾ ਅੱਵਲ ਪੁਰਸਕਾਰ(ਗੋ.ਲਡ ਮੈਡਲ) ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਦੀ ਫੁੱਲਵਾੜੀ ਨੇ ਪ੍ਰਾਪਤ ਕੀਤਾ ਅਤੇ ਇਸ ਦੇ ਨਾਲ ਵਿਕਟੋਰੀਆ ਬਾਰ, ਐਚਐਫ ਗਰੁੱਪ ਅਤੇ ਕਵੀਨਜ਼ ਪਾਰਕ ਕੈਫੇ ਨੇ ਵੀ ਸੰਯੁਕਤ ਰੂਪ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਫੁੱਲਵਾੜੀ ਦਾ ਸਿਹਰਾ ਮੁੱਖ ਮਾਲੀ ਮਲਕੀਅਤ ਸਿੰਘ ਨੂੰ ਜਾਂਦਾ ਹੈ, ਜੋ ਕਿ ਪਿਛਲੇ 6 ਸਾਲ ਤੋਂ ਗੁਰਦੁਆਰਾ ਸਾਹਿਬ ਵਿੱਚ ਬਾਗਵਾਨੀ ਕਰ ਰਹੇ ਹਨ। ਸਰਦਾਰ ਮਲਕੀਅਤ ਸਿੰਘ ਨੇ ਗੁਰਦੁਆਰਾ ਸਾਹਿਬ ਵੱਲੋ ਇਹ ਇਨਾਮ ਪ੍ਰਾਪਤ ਕੀਤਾ।ਮੇਜ਼ ਮੇਜ਼ ਅਤੇ ਰੈਸਟੋਰੈਂਟ ਯੂਸਟਾ ਨੇ ਆਪਣੇ ਸ਼ਾਨਦਾਰ ਫੁੱਲਾਂ ਦੀ ਪ੍ਰਦਰਸ਼ਨੀ ਲਈ ਸਮੁੱਚਾ ਪੁਰਸਕਾਰ 'ਦ ਰੌਬਰਟਸਨ ਸਿਲਵਰ ਸਪੇਡ ਪ੍ਰਾਪਤ ਕੀਤਾ। ਹੋਰ ਜੇਤੂਆਂ ਵਿੱਚ, ਏਲੇਨਾ, ਦ ਬੁਚਰਸ਼ੌਪ, ਮਹਰਸਾਂਤਾ ਅਤੇ ਅਮੋਰ ਸ਼ਾਮਲ ਸਨ। ਬੈਨ ਨੇਵਿਸ, ਡਰਾਮ, ਦ ਸਟੈਪਸ ਬਾਰ, ਦ ਮਾਲਟਮੈਨ, ਸਿਟੇਸ਼ਨ, ਦ ਕੋਰਿੰਥੀਅਨ ਕਲੱਬ ਅਤੇ ਪਾਈਪਰ ਵਿਸਕੀ ਬਾਰ ਕੁਝ ਇਨਾਮ ਜੇਤੂ ਬਾਰਾਂ ਵਿੱਚੋਂ ਸਨ। ਹੋਟਲ ਰੈਡੀਸਨ ਰਿੱਡ, ਕਿਮਪਟਨ ਬਲਾਇਥਸਵੁੱਡ ਸਕੁਏਅਰ, ਮਾਲਮੇਸਨ ਅਤੇ ਅਰਗਿਲ ਹੋਟਲ ਵੀ ਜੇਤੂ ਰਹੇ। ਵਕੀਲਾਂ, ਸਿਹਤ ਕੇਂਦਰਾਂ, ਪੂਜਾ ਸਥਾਨਾਂ ਅਤੇ ਕੌਫੀ ਦੀਆਂ ਦੁਕਾਨਾਂ ਸਮੇਤ ਹੋਰ ਸੰਸਥਾਵਾਂ ਨੇ ਆਪਣੀ ਫੁੱਲਵਾੜੀ, ਬਾਰੀ ਵਿੱਚ ਰੱਖੇ ਗਮਲਿਆਂ ਅਤੇ ਫੁੱਲਦਾਰ ਡਿਸਪਲੇ ਲਈ ਪੁਰਸਕਾਰ ਪ੍ਰਾਪਤ ਕੀਤੇ।ਤਸਵੀਰਾਂ : ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਫੁੱਲਵਾੜੀ ਅਤੇ ਮਲਕੀਅਤ ਸਿੰਘ ਪੁਰਸਕਾਰ ਪ੍ਰਾਪਤ ਕਰਦੇ ਹੋਏ



# ਮੌਜੂਦਾ ਸਮੇਂ ਦੇ ਵਿਆਹਾਂ ਵਿੱਚੋਂ ਪੁਰਾਤਨ ਰਸਮਾਂ ਗਾਇਬ

**ਮੁਖ਼ਤਾਰ ਗਿੱਲ**

ਮੌਜੂਦਾ ਵਿਗਿਆਨਕ ਯੁੱਗ ਵਿੱਚ ਹੋ ਰਹੇ ਸਮਾਜਿਕ, ਆਰਥਿਕ ਤੇ ਸਿਆਸੀ ਬਦਲਾਅ ਨੇ ਜਿੱਥੇ ਸਾਡੇ ਸੱਭਿਆਚਾਰ ਨੂੰ ਢਾਹ ਲਾਈ ਹੈ, ਉੱਥੇ ਵਿਆਹ ਸਬੰਧੀ ਰਸਮਾਂ ਤੇ ਰੀਤੀ ਰਿਵਾਜਾਂ ਨੂੰ ਵੀ ਅਲੋਪ ਕਰ ਦਿੱਤਾ। ਇੱਥੇ ਅਸੀਂ ਕਈ ਅਜਿਹੀਆਂ ਰਸਮਾਂ ਦਾ ਜ਼ਿਕਰ ਕਰਾਂਗੇ ਜਨ੍ਹਿਾਂ ਨੂੰ ਕਿਸੇ ਸਮੇਂ ਵਿਆਹ ਵਿੱਚ ਅਹਿਮ ਮੰਨਿਆ ਜਾਂਦਾ ਸੀ, ਪਰ ਮੌਜੂਦਾ ਸਮੇਂ ਦੇ ਵਿਆਹਾਂ ਵਿੱਚੋਂ ਇਹ ਗਾਇਬ ਹਨ।

ਛੁਹਾਰਾ ਪੈਣਾ : ਉਨ੍ਹਾਂ ਸਮਿਆਂ ਵਿੱਚ ਵੇਖਾ ਵਿਖਾਈ ਜਾਂ ਰੋਕਾ ਤੇ ਪ੍ਰੀ ਵੈਡਿੰਗ ਫੋਟੋਗ੍ਰਾਫੀ ਦਾ ਰਿਵਾਜ ਨਹੀਂ ਸੀ। ਕਿਸੇ ਦੂਰ ਨੇੜੇ ਦੇ ਰਿਸ਼ਤੇਦਾਰ, ਕਿਸੇ ਸੱਜਣ ਮਿੱਤਰ ਜਾਂ ਕਿਸੇ ਦੀ ਵਿਚੋਲਗੀ ਦੀ ਬਦੌਲਤ ਰਿਸ਼ਤਾ ਸਿਰੇ ਚੜ੍ਹ ਜਾਂਦਾ ਸੀ। ਲੜਕੀ ਦੇ ਪਰਿਵਾਰ ਵੱਲੋਂ ਉਸ ਦਾ ਪਿਤਾ, ਮਾਮਾ ਤੇ ਲਾਗੀ ਆਦਿ ਮੁੰਡੇ ਦੇ ਮੂੰਹ ਨੂੰ ਛੁਹਾਰਾ ਲਾਉਂਦੇ ਸਨ। ਮੁੰਡੇ ਦੀ ਝੋਲੀ ਚਾਂਦੀ ਦਾ ਦੁੱਪੜ ਰੁਪਈਆ, ਮਿਸ਼ਰੀ ਤੇ ਇਲਾਇਚੀ ਆਦਿ ਪਾਏ ਜਾਂਦੇ ਸਨ। ਇਸ ਸ਼ਗਨ ਮੌਕੇ ਮੁੰਡੇ ਦੇ ਕੁਆਰੇ ਦੋਸਤਾਂ ਨੂੰ ਉਹ ਆਪਣੀ ਝੋਲੀ ਵਿੱਚੋਂ ਕੁੱਜਿਆਂ ਦੀ ਮਿਸ਼ਰੀ ਤੇ ਇਲਾਇਚੀ ਦਾ ਪ੍ਰਸ਼ਾਦ ਵੰਡਦਾ ਸੀ।

ਸਾਹੇ ਚਿੱਠੀ : ਅੱਜਕੱਲ੍ਹ ਡਿਜ਼ਾਈਨਰ ਵਿਆਹ ਦੇ ਕਾਰਡਾਂ ਦਾ ਜ਼ਮਾਨਾ ਹੈ, ਪਰ ਕਿਸੇ ਪੜ੍ਹੇ ਲਿਖੇ ਤੋਂ ਸਾਦੇ ਕਾਗਜ਼ ਉੱਪਰ ਵਿਆਹ ਸ਼ਾਦੀ 'ਸਾਹਾ' ਜਿਸ ਵਿੱਚ ਸ਼ੁਭ ਦਿਨ ਦਿਹਾੜਾ, ਮਹੀਨਾ ਆਦਿ ਦੀ ਸੂਚਨਾ ਲਿਖਵਾ ਕੇ ਸਾਹੇ ਚਿੱਠੀ ਦੇ ਕਾਗਜ਼ 'ਤੇ ਸੰਧੂਰ ਦਾ ਟਿੱਕਾ ਲਵਾ, ਉਸ ਦੁਆਲੇ ਲਾਲ ਮੌਲੀ ਦਾ ਧਾਗਾ ਬੰਨ੍ਹ ਲਾਗੀ ਹੱਥ ਮੁੰਡੇ ਵਾਲਿਆਂ ਦੇ ਘਰ ਭੇਜੀ ਜਾਂਦੀ ਸੀ। ਭਾਵ 'ਅੱਸੂ ਦੀ ਪਹਿਲੀ ਨੂੰ ਪ੍ਰੀਤੋ ਦਾ ਸਾਹਾ ਸੁਧਿਆ।' ਇਹੋ ਸਾਹੇ ਚਿੱਠੀ ਹੁੰਦੀ ਸੀ।

ਗੌਣ ਬਿਠਾਉਣਾ : ਸ਼ਰੀਕਾ, ਭਾਈਚਾਰਕ ਸਾਂਝ, ਆਂਢ-ਗੁਆਂਢ ਅਤੇ ਹੋਰ ਮਿਲਵਰਤਨ ਵਾਲੇ ਪਰਿਵਾਰਾਂ ਦੀਆਂ ਔਰਤਾਂ ਤੇ ਮੁਟਿਆਰਾਂ ਨੂੰ ਵਿਆਹ ਵਾਲੇ ਘਰ ਵੱਲੋਂ ਲਾਗਣਾਂ 'ਗੌਣ' ਦਾ ਸੱਦਾ ਦੇਣ ਜਾਂਦੀਆਂ ਸਨ। ਬੀਬੀਆਂ ਭੈਣਾਂ ਰਾਤ ਨੂੰ ਵਿਆਹ ਵਾਲੇ ਘਰ ਦੇ ਖੁੱਲ੍ਹੇ ਵਿਹੜਿਆਂ ਜਾਂ ਛੱਤਾਂ ਉਤੇ ਵਿਛੀਆਂ ਦਰੀਆਂ 'ਤੇ ਬੈਠ ਕੇ ਵਿਆਹ ਸ਼ਾਦੀ ਦੇ ਗੀਤ ਗਾਉਂਦੀਆਂ ਸਨ। ਘਰ ਵੱਲੋਂ ਉਨ੍ਹਾਂ ਨੂੰ ਗੁੜ ਤੇ ਪਤਾਸੇ ਵੰਡੇ ਜਾਂਦੇ ਸਨ। ਸ਼ਾਇਦ ਇਸੇ ਨੂੰ ਅਜੋਕੇ ਸਮਿਆਂ ਵਿੱਚ 'ਲੇਡੀਜ਼ ਸੰਗੀਤ' ਕਿਹਾ ਜਾਂਦਾ ਹੈ।

ਮਹਿੰਦੀ ਦੀ ਰਸਮ : ਮਹਿੰਦੀ ਵਾਲੇ ਸ਼ਿੰਗਾਰੇ ਹੱਥ ਵੇਖਣਾ ਅਤੇ ਮਹਿੰਦੀ ਦੀ ਖੁਸ਼ਬੂ ਮਹਿਸੂਸ ਕਰਨਾ ਵੀ ਇੱਕ ਰਸਮ ਹੈ। ਔਰਤਾਂ ਤੇ ਮੁਟਿਆਰਾਂ ਵੱਲੋਂ ਮਹਿੰਦੀ ਲਾਉਣਾ, ਆਪਣੇ ਹੱਥਾਂ ਦੀ ਸ਼ਾਨ ਵਧਾਉਣਾ ਹੈ। ਵਿਆਹੁਤਾ ਲੜਕੀ ਦੇ ਹੱਥਾਂ ਉਤੇ ਮਹਿੰਦੀ ਲਾਉਣ ਨੂੰ ਇੱਕ ਸ਼ਗਨ ਮੰਨਿਆ ਜਾਂਦਾ ਹੈ। ਮਹਿੰਦੀ ਲਾਉਣ ਦੀ ਰਸਮ ਕੋਈ ਸੁੱਘੜ ਸਿਆਣੀ ਔਰਤ ਨਿਭਾਉਂਦੀ ਹੈ ਜਿਸ ਨੂੰ ਮਹਿੰਦੀ ਲਾਉਣ ਦੀ ਕਲਾ ਦੀ ਮੁਹਾਰਤ ਹੋਵੇ। ਅੱਜਕੱਲ੍ਹ ਤਾਂ ਇਹ ਕੰਮ ਬਿਊਟੀ ਪਾਰਲਰਾਂ ਤੋਂ ਹੀ ਕਰਵਾ ਲਿਆ ਜਾਂਦਾ ਹੈ।

ਵਟਣਾ ਮਲਣਾ/ਤੇਲ ਚੜ੍ਹਾਉਣਾ: ਵਿਆਹ ਵਾਲੀ ਲੜਕੀ ਦੇ ਮੂੰਹ ਤੇ ਬਾਹਾਂ ਆਦਿ 'ਤੇ ਦਹੀਂ, ਹਲਦੀ ਅਤੇ ਵੇਸਣ ਆਦਿ ਦਾ ਲੇਪ ਕੀਤਾ ਜਾਂਦਾ ਜਿਸ ਨੂੰ ਵਟਣਾ ਮਲਣਾ ਕਿਹਾ ਜਾਂਦਾ ਹੈ। ਉੱਧਰ ਮੁੰਡੇ ਨੂੰ ਵੀ ਅਗਲੇ ਦਿਨ (ਬਰਾਤ ਵਾਲੇ ਦਿਨ) ਵਟਣਾ ਮਲ ਕੇ (ਦਹੀਂ ਤੇ ਤੇਲ ਮਲ ਕੇ) ਨੁਹਾਇਆ ਜਾਂਦਾ ਹੈ। ਇਸ ਰਸਮ ਨੂੰ ਵਟਣਾ ਮਲਣਾ ਜਾਂ ਤੇਲ ਚੜ੍ਹਾਉਣਾ ਵੀ ਕਿਹਾ ਜਾਂਦਾ ਹੈ।

ਨਾਨਕਾ ਮੇਲ : ਲੜਕੇ ਤੇ ਲੜਕੀ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਨਾਨਾ-ਨਾਨੀ, ਮਾਮੇ-ਮਾਮੀਆਂ, ਮਿਲਵਰਤਣ ਵਾਲੀਆਂ ਆਂਢਣਾਂ-ਗੁਆਂਢਣਾਂ ਕੁੜੀ-ਮੁੰਡੇ ਦੇ ਘਰ 'ਨਾਨਕਾ ਮੇਲ' ਬਣ ਕੇ ਆਉਂਦੇ ਸਨ। ਘਰ ਵਾਲੀਆਂ ਵੱਲੋਂ 'ਨਾਨਕਾ ਮੇਲ' ਦਾ ਸਿੱਠਣੀਆਂ, ਲੋਕ ਗੀਤਾਂ ਆਦਿ ਨਾਲ ਸਵਾਗਤ ਕੀਤਾ ਜਾਂਦਾ ਸੀ।

ਚੂੜਾ ਚੜ੍ਹਉਣਾ : ਵਟਣਾ ਮਲਣ ਤੇ ਨੁਹਾਉਣ ਤੋਂ ਬਾਅਦ ਸ਼ਗਨ ਦੇ ਗੀਤਾਂ ਨਾਲ ਵਿਆਹ ਵਾਲੀ ਲੜਕੀ ਦੇ ਮਾਮਿਆਂ ਵੱਲੋਂ 'ਚੂੜਾ ਚੜ੍ਹਾਉਣ' ਦੀ ਰਸਮ ਨਿਭਾਈ ਜਾਂਦੀ।

ਘੋੜੀ ਚੜ੍ਹਨਾ : ਵਿਆਹ ਵਾਲੇ ਲੜਕੇ ਨੂੰ ਦਹੀਂ ਤੇ ਤੇਲ ਨਾਲ ਨੁਹਾਉਣ ਉਪਰੰਤ ਸ਼ਗਨਾਂ ਨਾਲ ਸ਼ਿੰਗਾਰੀ ਘੋੜੀ 'ਤੇ ਚੜ੍ਹਾ ਕੇ ਗੁਰਦੁਆਰਾ ਸਾਹਿਬ ਜਾਂ ਕਿਸੇ ਹੋਰ ਧਾਰਮਿਕ ਅਸਥਾਨ 'ਤੇ ਲੈਜਾਇਆ ਜਾਂਦਾ। ਲਾੜੇ ਦੇ ਪਿੱਛੇ ਘੋੜੀ 'ਤੇ ਕਿਸੇ ਭਤੀਜੇ ਜਾਂ ਆਂਢ-ਗੁਆਂਢ ਦੇ ਕਿਸੇ ਚਹੇਤੇ ਬੱਚੇ ਨੂੰ 'ਸਰਬਾਲਾ' ਬਣਾ ਕੇ ਬਿਠਾਇਆ ਜਾਂਦਾ। ਅਰਦਾਸ ਤੋਂ ਬਾਅਦ ਭੈਣਾਂ ਵੀਰ ਦੀ ਘੋੜੀ ਦੀ ਵਾਗ ਗੁੰਦਣ ਅਤੇ ਭਰਜਾਈਆਂ ਆਪਣੇ ਦਿਓਰ ਨੂੰ 'ਸੁਰਮਾ ਪਾਉਣ' ਦੀ ਰਸਮ ਪੂਰੀ ਕਰਦੀਆਂ।

ਜੰਞ ਦਾ ਢੁੱਕਣਾ : ਭਲੇ ਵੇਲਿਆਂ ਵਿੱਚ ਪਿੰਡਾਂ 'ਚ ਜੰਞਾਂ ਲੋਢੇ ਵੇਲੇ ਢੁੱਕਦੀਆਂ ਹੁੰਦੀਆਂ ਸਨ। ਜਾਂਞੀ ਕਿਸੇ ਸੂਏ, ਨਹਿਰ ਜਾਂ ਵਗਦੇ ਖੂਹ ਤੋਂ ਮੂੰਹ ਹੱਥ ਧੋ ਕੇ ਤਿਆਰ ਹੋ ਜਾਂਦੇ ਸਨ। ਪਿੰਡ ਵਾਲੇ ਪਹਿਲਾਂ ਹੀ ਜਾਂਞੀਆਂ ਦੀਆਂ ਘੋੜੀਆਂ ਸਾਂਭ ਸੰਭਾਲ ਲਈ ਹਵੇਲੀਆਂ/ ਘਰ ਲੈ ਜਾਂਦੇ ਸਨ।

ਮਿਲਣੀ : ਜੰਞ ਦੇ ਢੁੱਕਣ ਤੋਂ ਬਾਅਦ ਜਦੋਂ ਦੋਵੇਂ ਮੁੰਡੇ ਤੇ ਕੁੜੀ ਦੇ ਪਰਿਵਾਰ ਆਹਮਣੇ ਸਾਹਮਣੇ ਹੁੰਦੇ ਸਨ ਤਾਂ ਅਰਦਾਸ ਉਪਰੰਤ, 'ਮੇਲ ਲਵੇ ਮਹਾਰਾਜ ਵੇਲਾ ਮਿਲਣੀ ਦਾ' ਦੇ ਬੋਲਾਂ ਨਾਲ 'ਮਿਲਣੀ' ਦੀ ਰਸਮ ਹੁੰਦੀ ਸੀ। ਕੁੜਮਾਂ, ਮਾਮਿਆਂ, ਫੁੱਫੜ, ਭਣਵਈਆਂ ਆਦਿ ਦੀ ਮਿਲਣੀ ਕਰਵਾਈ ਜਾਂਦੀ। ਕੁੜੀ ਵਾਲੇ ਗਲਾਂ ਵਿੱਚ ਹਾਰਾਂ ਦੇ ਨਾਲ ਕੰਬਲ, ਮੁੰਦਰੀਆਂ, ਛੱਲੇ ਛਾਪਾਂ ਆਦਿ ਸ਼ਗਨ ਦੇ ਰੂਪ ਵਿੱਚ ਭੇਂਟ ਕਰਦੇ। ਸਿਰਵਾਰ ਨਾਵੇਂ ਹੁੰਦੇ ਸਨ। ਲਾਗੀਆਂ ਨੂੰ ਲਾਗ ਮਿਲਦਾ ਸੀ। ਮਿਲਣੀ ਤੋਂ ਬਾਅਦ ਬਰਾਤ ਰੈਣ ਬਸੇਰੇ ਵੱਲ ਤੁਰ ਪੈਂਦੀ ਸੀ। ਲਾਲ ਥੈਲੀ ਵਿੱਚ ਭਨਕੜ/ਭਾਨ ਪਾਈਂ ਲਾੜੇ ਦਾ ਪਿਓ ਆਨੇ, ਦੁਆਨੀਆਂ, ਚਵਾਨੀਆਂ ਤੇ ਇੱਕ ਅੱਧ ਦੁੱਪੜ ਚਾਂਦੀ ਰੁਪਏ ਆਦਿ ਦੀ ਸੋਟ ਕਰਦਾ ਸੀ ਜਿਸ ਨੂੰ ਬੱਚੇ ਤੇ ਝਲੂੰਗੀ ਵਾਲੇ ਸਾਂਸੀ ਲੁੱਟਦੇ ਸਨ।

ਆਮ ਤੌਰ 'ਤੇ ਬਰਾਤਾਂ ਦਾ ਉਤਾਰਾ ਗੁਰਦੁਆਰੇ ਦੇ ਜੰਞ ਘਰ ਹੁੰਦਾ ਸੀ ਜਿੱਥੇ ਪਿੰਡ ਦੇ ਜਵਾਨਾਂ ਵੱਲੋਂ ਇਕੱਠੇ ਕੀਤੇ ਮੰਜੇ ਬਿਸਤਰੇ ਲੱਗੇ ਹੁੰਦੇ ਸਨ ਜਨ੍ਹਿਾਂ ਉਤੇ ਬਰਾਤੀ ਬਿਰਾਜਮਾਨ ਹੋ ਜਾਂਦੇ ਸਨ। ਸਪੀਕਰ ਵਾਲਾ ਭਾਈ ਦੋ ਮੰਜੇ ਜੋੜ ਕੇ ਉਨ੍ਹਾਂ ਉਤੇ ਧੁਤੂ ਬੰਨ੍ਹ ਸਪੀਕਰ ਲਾ ਦਿੰਦਾ ਸੀ। ਪਹਿਲਾ ਰਿਕਾਰਡ ਅਕਸਰ ਧਾਰਮਿਕ, 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਏ' ਵਰਗਾ ਹੁੰਦਾ ਸੀ। ਰਾਜਾ ਤੇ ਪੈਂਚ ਬੂੰਦੀ ਤੇ ਮੱਠੀਆਂ ਦੇ ਡੋਨੇ ਤੇ ਗਿਲਾਸਾਂ ਵਿੱਚ ਚਾਹ ਪਾ ਕੇ ਵਰਤਾਈ ਜਾਂਦੇ ਸਨ।

ਚਾਹ ਪੀ ਬਰਾਤੀ ਕੁਝ ਦੇਰ ਆਰਾਮ ਕਰਦੇ ਸਨ। ਏਨੇ ਨੂੰ ਘਰ ਦੀ ਕੱਢੀ ਲੌਂਗ ਲੈਚੀਆਂ ਵਾਲੀ ਦੇਸੀ ਦਾਰੂ ਤੇ ਲੂਣੀ ਬੂੰਦੀ ਲੈ ਕੇ ਸ਼ਰੀਕੇ ਬਿਰਾਦਰੀ ਦੇ ਚੋਭਰ ਆ ਜਾਂਦੇ ਸਨ। ਜਦੋਂ ਬਰਾਤੀ ਵਾਹਵਾ ਲਹਿਰ ਵਿੱਚ ਹੋ ਜਾਂਦੇ ਸਨ ਤਾਂ ਕੋਈ ਮੋਹਤਬਰ ਘਰ ਵੱਲੋਂ ਰੋਟੀ ਦਾ ਸੱਦਾ ਦੇ ਜਾਂਦਾ ਸੀ। ਰਾਤ ਦੀ ਰੋਟੀ ਵਿੱਚ ਚੌਲ ਸ਼ੱਕਰ ਘਿਓ, ਲੋਹ ਦੇ ਮੰਡੇ, ਦਾਲ ਆਦਿ ਹੁੰਦੇ ਸਨ। ਦੇਰ ਰਾਤ ਤੱਕ ਸਪੀਕਰ ਵੱਜਦਾ ਸੀ। ਜਾਂਞੀਆਂ ਵਿੱਚ ਬੋਲ ਬੁਲਾਰਾ ਵੀ ਹੁੰਦਾ ਸੀ।



ਅਗਲੇ ਦਿਨ ਸਵੇਰੇ ਗੁਰਦੁਆਰਾ ਸਾਹਿਬ ਦੀ ਹਲਟੀ ਦੀਆਂ ਟੂਟੀਆਂ ਭਰ ਦਿੱਤੀਆਂ ਜਾਂਦੀਆਂ ਸਨ ਅਤੇ ਕਿੱਲੀਆਂ ਉਤੇ ਨਵੇਂ ਪਰਨੇ ਟੰਗੇ ਜਾਂਦੇ ਸਨ। ਤੇਲ ਤੇ ਸਾਬਣ ਰੱਖਿਆ ਜਾਂਦਾ ਸੀ। ਜਾਂਞੀ ਬਾਹਰ ਅੰਦਰ ਜਾ, ਦਾਤਣ ਕੁਰਲਾ ਕਰ ਮੌਸਮ ਅਨੁਸਾਰ ਨਹਾ ਧੋ ਮੰਜੇ ਮਲ ਲੈਂਦੇ ਸਨ। ਛਾਹ ਵੇਲਾ ਚਾਹ ਤੇ ਡੋਨੇ ਜੰਞ ਦੇ ਢੁਕਾ ਵੇਲੇ ਵਾਲਾ ਹੀ ਹੁੰਦਾ। ਚਾਹ ਆਦਿ ਪੀ ਬਰਾਤੀ ਤਿਆਰ ਹੋਣ ਲੱਗਦੇ।

ਲਾਵਾਂ ਫੇਰੇ : ਇਸ ਦੌਰਾਨ ਘਰੋਂ ਲਾਵਾਂ ਫੇਰਿਆਂ ਦਾ ਸੱਦਾ ਮਿਲਦਾ। ਲਾੜਾ, ਪਿਤਾ ਤੇ ਨੇੜੇ ਦੇ ਹੋਰ ਰਿਸ਼ਤੇਦਾਰ ਲਾਵਾਂ ਲਈ ਪਹੁੰਚ ਜਾਂਦੇ। ਲਾਵਾਂ ਫੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦੋਵੇਂ ਪਰਿਵਾਰ, ਨੇੜਲੇ ਰਿਸ਼ਤੇਦਾਰ ਤੇ ਸਕੇ ਸੋਧਰੇ ਗੁਰੂ ਚਰਨਾਂ ਵਿੱਚ ਬੈਠ ਜਾਂਦੇ। ਗੁਰਦੁਆਰਾ ਸਾਹਿਬ ਦੇ ਭਾਈ ਜੀ ਲਾਵਾਂ ਦਾ ਪਾਠ ਪੜ੍ਹਦੇ। ਨਵੀਂ ਵਿਆਹੁਤਾ ਆਪਣੇ ਮੰਗੇਤਰ ਦਾ ਪੱਲਾ ਫੜ ਲਾਵਾਂ ਲੈਂਦੀ। ਭਰਾ ਤੇ ਸਖੀਆਂ ਸਹੇਲੀਆਂ ਲਾਵਾਂ ਲੈਣ 'ਚ ਉਸ ਨੂੰ ਲਾੜੇ ਪਿੱਛੇ ਪਿੱਛੇ ਲਾਵਾਂ ਲੈਣ ਵਿੱਚ ਸਹਿਯੋਗ ਕਰਦੀਆਂ। ਕਿਸੇ ਸਹੇਲੀ ਵੱਲੋਂ ਸਿੱਖਿਆ ਪੜ੍ਹੀ ਜਾਂਦੀ। ਭਾਈ ਜੀ ਗ੍ਰਹਿਸਤੀ ਜੀਵਨ ਦੀ ਸਿੱਖਿਆ ਦਿੰਦੇ। ਵਿਆਹੁਤਾ ਮੁੰਡੇ ਨਾਲ ਲਾਵਾਂ ਫੇਰਿਆਂ ਲਈ ਘਰ ਦੇ ਮੈਂਬਰ ਕੁੜੀ ਵਾਲਿਆਂ ਦੇ ਘਰ ਲਈ ਚੱਲ ਪੈਂਦੇ। ਪਿੱਛੋਂ ਲਾੜੇ ਦੇ ਸੱਜਣ ਮਿੱਤਰ ਟੌਹਰਾਂ ਮਾਰ, ਗਲਾਂ ਵਿੱਚ ਕੈਂਠੇ ਪਾ, ਮੁੱਛਾਂ ਨੂੰ ਤਾਅ ਦੇ, ਸੱਜ ਧੱਜ ਕੇ ਪਿੰਡ ਦੀਆਂ ਗਲੀਆਂ ਕੱਛਣ ਗਏ ਗੁਰਦੁਆਰਾ ਸਾਹਿਬ ਪਰਤ ਆਉਂਦੇ। ਰਾਜਾ ਸ਼ੀਸ਼ਾ ਆਦਿ ਲੈ ਆਉਂਦਾ। ਜਵਾਨ ਜਾਂਞੀਆਂ ਨੂੰ ਸ਼ੀਸ਼ਾ ਵਿਖਾ, ਸ਼ਗਨ ਲੈ ਤੁਰ ਜਾਂਦਾ। ਇਸ ਦੌਰਾਨ ਭੰਡ (ਮਰਾਸੀ) ਆ ਜਾਂਦੇ। ਭੰਡ ਆਪਣੇ ਗਾਣਿਆਂ ਤੇ ਨਕਲਾਂ ਨਾਲ ਬਰਾਤੀਆਂ ਦਾ ਖੂਬ ਮਨੋਰੰਜਨ ਕਰਦੇ। ਬਰਾਤੀ ਉਨ੍ਹਾਂ ਦੇ ਗਾਣਿਆਂ ਅਤੇ ਨਕਲਾਂ ਤੋਂ ਖੁਸ਼ ਹੋ ਪੈਸੇ ਦਿੰਦੇ। ਮੁੰਡੇ ਦੇ ਬਾਪ ਕੋਲੋਂ ਵੱਖ ਵਧਾਈ ਲੈ ਜਾਂਦੇ। ਕੁੜੀ ਦੇ ਘਰ ਵੱਲੋਂ ਕੋਈ ਮੋਹਤਬਰ ਬੰਦਾ ਜੰਞ ਨੂੰ ਰੋਟੀ ਦਾ ਸੱਦਾ ਦੇਣ ਲਈ ਆ ਜਾਂਦਾ।

ਜੰਞ ਬੰਨ੍ਹਣੀ : ਬਰਾਤ ਰੋਟੀ ਲਈ ਚੱਲ ਪੈਂਦੀ ਸੀ। ਲੜਕੀ ਵਾਲਿਆਂ ਦੇ ਘਰ ਦੇ ਵਿਹੜੇ ਵਿੱਚ ਬਰਾਤੀਆਂ ਨੂੰ ਟਾਟਾਂ ਉਤੇ ਪੰਗਤਾਂ ਵਿੱਚ ਬਿਠਾਇਆ ਜਾਂਦਾ ਸੀ। ਬਰਾਤ ਨੂੰ ਬੱਕਰੇ ਦਾ ਮਾਸ ਪਰੋਸਿਆ ਜਾਂਦਾ ਸੀ ਅਤੇ ਪਿੱਛੇ ਪਿੱਛੇ ਇੱਕ ਜਵਾਨ ਦੇਸੀ ਦਾਰੂ ਵਰਤਾਈ ਜਾਂਦਾ ਸੀ। ਜਦੋਂ ਬਰਾਤੀ ਰੋਟੀ ਖਾਣ ਲੱਗਦੇ ਸਨ ਤਾਂ ਵਿਆਹ ਵਾਲੀ ਕੁੜੀ ਦੀਆਂ ਸਖੀਆਂ ਸਹੇਲੀਆਂ ਜੰਞ ਬੰਨ੍ਹ ਦਿੰਦੀਆਂ ਸਨ। ਇਸ ਰਸਮ ਨੂੰ 'ਜੰਞ ਬੰਨ੍ਹਣੀ' ਕਿਹਾ ਜਾਂਦਾ ਸੀ। ਬਰਾਤੀ ਰੋਟੀ ਖਾਣੀ ਬੰਦ ਕਰ ਦਿੰਦੇ ਸਨ। ਬਾਅਦ ਵਿੱਚ 'ਸਿਆਣਿਆਂ' ਦੇ ਵਰਜਣ 'ਤੇ ਕੁੜੀਆਂ ਇਹ ਕਹਿ, 'ਅੱਗੇ ਨੰਗਲ ਪਿੱਛੇ ਝੰਜੋਟੀ, ਖੋਲ੍ਹੀ ਜੰਞ ਤੇ ਖਾਓ ਰੋਟੀ' ਨਾਲ ਜੰਞ ਖੋਲ੍ਹ ਦਿੰਦੀਆਂ ਸਨ।

ਮੰਜੇ ਬਿਠਾਉਣਾ : ਵਿਆਹ ਵਾਲੇ ਲੜਕੇ ਨੂੰ ਕੁੜੀ ਵਾਲਿਆਂ ਦੇ ਘਰੋਂ 'ਮੰਜੇ ਬਿਠਾਉਣ' ਦੇ ਸ਼ਗਨ ਲਈ ਬੁਲਾਇਆ ਜਾਂਦਾ। ਲੜਕੇ ਨੂੰ ਸ਼ਗਨਾਂ ਨਾਲ ਮੰਜੇ ਉਤੇ ਬਿਠਾਇਆ ਜਾਂਦਾ। ਮੰਜੇ ਉਤੇ ਬੈਠਾ ਲੜਕਾ ਵਿਆਹ ਵਾਲੀ ਲੜਕੀ ਦੀਆਂ ਸਖੀਆਂ ਸਹੇਲੀਆਂ ਦੇ ਜ਼ੋਰ ਪਾਉਣ 'ਤੇ 'ਜੀਜਾ' ਛੰਦ ਸੁਣਾਉਂਦਾ। ਸੱਸ ਮਿੱਠੇ ਨਾਲ ਜਵਾਈ ਦਾ ਮੂੰਹ ਜੁਠਾਉਂਦੀ ਤੇ ਲੜਕੇ ਨੂੰ ਸ਼ਗਨ ਪੈਂਦੇ।

ਡੋਲੀ ਤੋਰਨਾ : ਆਖ਼ਰ ਉਹ ਸੁੱਖਾਂ ਲੱਧੀ, ਪਰ ਉਦਾਸ ਕਰਨ ਵਾਲੀ ਘੜੀ 'ਡੋਲੀ ਤੋਰਨ' ਜਾਂ ਬਾਬਲ ਦੇ ਘਰੋਂ ਧੀ ਨੂੰ ਵਿਦਾ ਦੀ ਰਸਮ ਸੁਭਾਵਿਕ ਹੀ ਆ ਜਾਂਦੀ। ਵਿਦਾਇਗੀ ਦਾ ਇਹ ਦ੍ਰਿਸ਼ ਹੋਰ ਵੀ ਕਰੁਣਾਮਈ ਹੋ ਜਾਂਦਾ ਜਦੋਂ ਧੀ ਆਪਣੀ ਮਾਂ, ਮਾਂ ਜਾਏ ਭਰਾਵਾਂ, ਭੈਣਾਂ ਤੇ ਸਖੀਆਂ ਸਹੇਲੀਆਂ ਦੇ ਗਲੇ ਲੱਗ ਡੁਸਕਦੀ। ਕਹਾਰੋ ਡੋਲੀ ਨਾ ਚਾਇਓ ਅਜੇ ਮੇਰਾ ਬਾਬਲ ਨਹੀਂ ਆਇਆ ਦੇ ਬੋਲਾਂ ਨਾਲ ਬਾਬਲ ਦਾ ਵੈਰਾਗੀ ਹੋਣਾ ਕੁਦਰਤੀ ਹੈ। ਉਸ ਦਾ ਵਾਰ ਵਾਰ ਭਰਿਆ ਮਨ ਅੱਖਾਂ ਰਾਹੀਂ ਉਛਲਦਾ, ਪਰ ਇਹ ਸੋਚ 'ਧੀਆਂ ਧੰਨ ਪਰਾਇਆ' ਧੀ ਦੀ ਡੋਲੀ ਨੂੰ ਵਿਦਾ ਕਰਦਾ।

ਪਾਣੀ ਵਾਰਨਾ : ਜਦੋਂ ਨੂੰਹ ਦੀ ਡੋਲੀ ਤੇ ਪੁੱਤਰ ਸਹੁਰੇ ਘਰੋਂ ਘਰ ਦੀ ਦਹਿਲੀਜ਼ 'ਤੇ ਪਹੁੰਚਦੀ ਸੀ ਤਾਂ ਮਾਂ/ਸੱਸ ਵਿਆਹ ਵਾਲੀ ਜੋੜੀ ਦੇ ਸਿਰ ਤੋਂ 'ਪਾਣੀ ਵਾਰਨ' ਦੀ ਰਸਮ ਪੂਰੀ ਕਰਦੀ ਜਿਸ ਨੂੰ ਉਨ੍ਹਾਂ ਸਮਿਆਂ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਸੀ। ਮਾਂ/ਸੱਸ ਗੜ੍ਹਵੀ ਵਿਚਲਾ ਮਿੱਠਾ ਪਾਣੀ ਸੱਤ ਵਾਰ ਵਿਆਹ ਵਾਲੀ ਜੋੜੀ ਦੇ ਸਿਰ ਉੱਪਰੋਂ ਦੀ ਵਾਰ ਕੇ ਪੀਂਦੀ ਸੀ। ਲੋਕ ਧਾਰਨਾ ਕਿ ਜੇ ਮਾਂ/ਸੱਸ ਹਰ ਵਾਰ, ਜੋੜੀ ਤੋਂ ਵਾਰ ਕੇ ਪਾਣੀ ਪੀ ਲਵੇ ਤਾਂ ਨੂੰਹ ਸੱਸ ਨਾਲ ਪਿਆਰ ਪੈ ਜਾਂਦਾ ਹੈ।

ਗਾਨੇ ਖੇਡਣ ਦੀ ਰਸਮ : ਵਿਆਹ ਤੋਂ ਅਗਲੇ ਦਿਨ 'ਗਾਨੇ ਖੇਡਣ' ਦੀ ਰਸਮ ਹੁੰਦੀ। ਇੱਕ ਘੜੇ ਨੁਮਾ ਭਾਂਡੇ ਵਿੱਚ ਦੁੱਧ ਪਾਣੀ ਦਾ ਘੋਲ ਯਾਨੀ 'ਕੱਚੀ ਲੱਸੀ' ਵਿੱਚ ਸਿੱਕੇ ਸੁੱਟੇ ਜਾਂਦੇ। ਨਵੀਂ ਵਿਆਹੀ ਜੋੜੀ ਆਪੋ ਆਪਣਾ ਹੱਥ ਭਾਂਡੇ ਵਿੱਚ ਪਾ ਕਿਸੇ ਵਿਸ਼ੇਸ਼ ਸਿੱਕੇ ਨੂੰ ਲੱਭਦੇ। ਇਸ ਤਰ੍ਹਾਂ ਇੱਕ ਦੂਸਰੇ ਨੂੰ ਚੰਗੀ ਤਰ੍ਹਾਂ ਵੇਖ ਲੈਂਦੇ ਸਨ।

ਉਨ੍ਹਾਂ ਸਮਿਆਂ ਵਿੱਚ ਡੋਲੀ ਨਾਲ ਨੈਣ (ਲਾਗਣ) ਤੇ ਛੋਟਾ ਵੀਰ ਆਉਂਦੇ ਸਨ। ਫਿਰ ਲਾਗਣ ਤੇ ਵੀਰ ਨਾਲ ਸਹੁਰੇ ਘਰ ਦੀ ਨੂੰਹ ਆਪਣੇ ਪੇਕੇ ਘਰ ਨੂੰ ਤੁਰ ਜਾਂਦੀ ਸੀ। ਫਿਰ ਸਾਲ ਛਿਆਂ ਮਹੀਨਿਆਂ ਪਿੱਛੋਂ ਜਦੋਂ ਸਹੁਰੇ ਘਰੋਂ ਉਸ ਦਾ ਘਰਵਾਲਾ 'ਮੁਕਲਾਵਾ' ਲੈਣ ਆਉਂਦਾ ਸੀ ਤਾਂ ਮਾਪੇ ਆਪਣੀ ਧੀ ਨੂੰ ਉਸ ਦੇ ਨਾਲ ਸ਼ਗਨਾਂ ਨਾਲ ਤੋਰ ਦਿੰਦੇ ਸਨ।

# "ਅਮਰੀਕਾ ਅਤੇ ਸਿੱਖ ਧਰਮ ਦੀ ਡੂੰਘੀ ਦੋਸਤੀ ਸਾਡੇ ਸੰਸਾਰ ਵਿਚ ਸ਼ਾਂਤੀ ਲਿਆਵੇ"

## ○ ਅਮਰੀਕੀ ਰਾਜਦੂਤ ਏਰਿਕ ਨੇ ਦਰਬਾਰ ਸਾਹਿਬ ਵਿਖੇ ਦਿੱਤਾ ਸੁਨੇਹਾ ○ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੀਤਾ ਸਨਮਾਨਿਤ



ਅੰਮ੍ਰਿਤਸਰ-'ਸੰਸਾਰ ਵਿਚ ਕੁਝ ਅਜਿਹੀਆਂ ਥਾਵਾਂ ਹਨ ਜੋ ਸੱਚਮੁੱਚ ਪਵਿੱਤਰ ਹਨ, ਦਰਬਾਰ ਸਾਹਿਬ ਉਸ ਸੂਚੀ ਦੇ ਸਿਖ਼ਰ 'ਤੇ ਹੈ। ਤੁਸੀਂ ਨਾ ਸਿਰਫ਼ ਇਸ ਸਥਾਨ ਦੀ ਪਵਿੱਤਰਤਾ ਨੂੰ ਮਹਿਸੂਸ ਕਰਦੇ ਹੋ ਸਗੋਂ ਲੋਕਾਂ ਦੀ ਖੁੱਲ੍ਹੇ ਦਿਲ ਨਾਲ ਸੇਵਾ ਕਰਨਾ ਸੰਸਾਰ ਨੂੰ ਪਰਿਭਾਸ਼ਿਤ ਕਰਦੀ ਹੈ। ਸੰਯੁਕਤ ਰਾਜ ਅਮਰੀਕਾ ਅਤੇ ਸਿੱਖ ਧਰਮ ਦੀ ਡੂੰਘੀ ਦੋਸਤੀ ਸਾਰੇ ਸੰਸਾਰ ਵਿਚ ਸ਼ਾਂਤੀ ਲਿਆਵੇ।' ਸੰਯੁਕਤ ਰਾਜ ਅਮਰੀਕਾ ਦੇ ਭਾਰਤ ਵਿਚ ਰਾਜਦੂਤ ਏਰਿਕ ਗਾਰਸੇਟੀ ਨੇ ਆਪਣੀ ਪਤਨੀ ਐਮੀ ਵੇਕਲੈਂਡ ਸਮੇਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਉਪਰੋਕਤ ਸ਼ਬਦ ਯਾਤਰੂ ਬੁੱਕ ਵਿਚ ਅੰਕਿਤ ਕੀਤੇ।

ਗਾਰਸੇਟੀ ਨੇ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸੰਸਾਰ ਭਰ 'ਚ ਉਹ ਧਾਰਮਿਕ ਅਸਥਾਨ ਹੈ ਜਿੱਥੇ ਆ ਕੇ ਮਨੁੱਖ ਨੂੰ ਰੂਹਾਨੀਅਤ ਦਾ ਅਹਿਸਾਸ ਹੁੰਦਾ ਹੈ। ਇੱਥੇ ਬਿਨਾਂ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਹੈ ਜੋ ਸਿੱਖ ਧਰਮ ਦੀ ਵਿਲੱਖਣਤਾ ਹੈ। ਉਨ੍ਹਾਂ ਅਮਰੀਕਾ ਸਮੇਤ ਸੰਸਾਰ ਭਰ ਦੇ ਲੋਕਾਂ ਲਈ ਸ਼ਾਂਤੀ ਦੀ ਅਰਦਾਸ ਵੀ ਕੀਤੀ। ਉਨ੍ਹਾਂ ਦੇ ਮਾਤਾ-ਪਿਤਾ 1963 ਵਿਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਸਨ ਜਿਨ੍ਹਾਂ ਨੇ ਇਸ ਅਸਥਾਨ 'ਤੇ ਸਿੱਖ ਧਰਮ ਬਾਰੇ ਮੈਨੂੰ ਜੀਵਨ ਵਿਚ ਬਹੁਤ ਕੁਝ ਦੱਸਿਆ, ਮੈਂ ਸਿੱਖ ਧਰਮ ਬਾਰੇ ਪੜ੍ਹਿਆ ਵੀ ਹੈ। ਅੱਜ ਇੱਥੇ ਆ ਕੇ ਮੈਨੂੰ ਖ਼ੁਸ਼ੀ ਮਹਿਸੂਸ ਹੋਈ ਹੈ। ਰਾਜਦੂਤ ਗਾਰਸੇਟੀ ਆਪਣੀ ਪਤਨੀ ਐਮੀ ਵੇਕਲੈਂਡ ਅਤੇ ਪਰਿਵਾਰਕ ਮੈਂਬਰਾਂ ਨਾਲ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਵੀ ਗਏ ਜਿੱਥੇ ਉਨ੍ਹਾਂ ਲੰਗਰ ਵਿਚ ਸੇਵਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਦੂਤ ਗਾਰਸੇਟੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਸੂਚਨਾ ਕੇਂਦਰ ਵਿਖੇ ਸ੍ਰੀ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਪੁਸਤਕਾਂ ਅਤੇ ਲੋਈ ਦੇ ਕੇ ਸਨਮਾਨ ਕੀਤਾ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰੀਕਾ ਵਿਚ ਵੱਡੀ ਗਿਣਤੀ ਵਿਚ ਸਿੱਖ ਅਤੇ ਪੰਜਾਬੀ ਭਾਈਚਾਰਾ ਰਹਿੰਦਾ ਹੈ। ਅੰਮ੍ਰਿਤਸਰ ਤੋਂ ਅਮਰੀਕਾ ਲਈ ਸਿੱਧੀ ਉਡਾਣ ਨਾ ਹੋਣ ਕਰ ਕੇ ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਰਾਜਦੂਤ ਈਜੀ ਨੂੰ ਕਿਹਾ ਕਿ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਅਨੁਸਾਰ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅਮਰੀਕਾ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਉਚੇਚੇ ਯਤਨ ਕੀਤੇ ਜਾਣ। ਇਸ 'ਤੇ ਈਜੀ ਨੇ ਸਕਾਰਾਤਮਕ ਹੁੰਗਾਰਾ ਭਰਦਿਆਂ ਕਿਹਾ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਰਹਿ ਕੇ ਇਸ ਪ੍ਰਤੀ ਜ਼ਰੂਰ ਗੱਲ ਕਰਨਗੇ।

# ਖਨੌਰੀ ਬਾਰਡਰ ਧਰਨੇ 'ਤੇ ਬੈਠੇ ਇਕ ਹੋਰ ਕਿਸਾਨ ਦੀ ਹੋਈ ਮੌਤ



ਪਾਤੜਾਂ-ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀ ਅਗਵਾਈ 'ਚ ਚੱਲ ਰਹੇ ਧਰਨੇ 'ਤੇ ਇਕ ਹੋਰ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਬਲਾਕ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸ਼ੇਰਗੜ੍ਹ ਨੇ ਦੱਸਿਆ ਕਿ ਇਕਾਈ ਅਰਨੋ ਖੁਰਦ ਤਹਿਸੀਲ ਪਾਤੜਾਂ ਦੇ 64 ਸਾਲਾ ਜਨਰਲ ਸਕੱਤਰ ਕਰਨੈਲ ਸਿੰਘ 13 ਫਰਵਰੀ ਤੋਂ ਹੀ ਖਨੌਰੀ ਬਾਰਡਰ 'ਤੇ ਆਪਣੀ ਡਿਊਟੀ ਨਿਭਾ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਸਾਹ ਲੈਣ 'ਚ ਦਿੱਕਤ ਹੋਈ ਤਾਂ ਬੀਤੇ ਦਿਨੀਂ ਪਾਤੜਾਂ ਦੇ ਸਰਕਾਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ।

ਬਾਅਦ ਵਿਚ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਰੈਫਰ ਕੀਤਾ ਗਿਆ। ਉਥੇ ਦੁਬਾਰਾ ਤਕਲੀਫ਼ ਹੋਈ ਤਾਂ ਡਾਕਟਰਾਂ ਨੂੰ ਬੁਲਾਇਆ ਗਿਆ ਪਰੰਤੂ ਛੇਤੀ ਹੀ ਉਨ੍ਹਾਂ ਦੀ ਮੌਤ ਹੋ ਗਈ।

# ਯੂਕੇ ਦਾ ਵੀਜ਼ਾ ਲੈਣ ਵਾਲਿਆਂ 'ਚ ਪਹਿਲੇ ਨੰਬਰ 'ਤੇ ਭਾਰਤ




'ਭਾਰਤੀਆਂ ਦੀ ਵਿਦੇਸ਼ ਜਾਣ ਦੀ ਖਿੱਚ ਜਾਰੀ ਹੈ। ਭਾਰਤੀਆਂ ਨੂੰ ਦਿੱਤੇ ਗਏ ਵੀਜ਼ਿਆਂ ਦੀ ਗਿਣਤੀ ਯੂਨਾਈਟਿਡ ਕਿੰਗਡਮ ਦੁਆਰਾ ਜਾਰੀ ਕੀਤੇ ਗਏ ਸਾਰੇ ਵੀਜ਼ਿਆਂ ਦਾ ਲਗਭਗ ਇੱਕ ਤਿਹਾਈ ਹੈ। ਜਿਸ ਤੋਂ ਬਾਅਦ ਭਾਰਤੀ ਯੂਕੇ ਲਈ ਸਭ ਤੋਂ ਵੱਧ ਵੀਜ਼ਾ ਪ੍ਰਾਪਤ ਕਰਨ ਵਾਲੇ ਬਣ ਗਏ ਹਨ, ਜਦੋਂ ਕਿ ਚੀਨੀ 13% ਵੀਜ਼ੇ ਦੇ ਨਾਲ ਦੂਜੇ ਸਥਾਨ 'ਤੇ ਹਨ। ਯੂਕੇ ਵੀਜ਼ਾ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਵੀਐਫਐਸ ਗਲੋਬਲ ਦਾ ਕਹਿਣਾ ਹੈ ਕਿ ਉਹ ਪ੍ਰਯਾਗਰਾਜ, ਭੁਵਨੇਸ਼ਵਰ, ਕਾਲੀਕਟ, ਦੇਹਰਾਦੂਨ, ਇੰਦੌਰ ਅਤੇ ਠਾਣੇ ਵਰਗੇ ਕਈ ਦੋ ਪੱਧਰੀ ਸ਼ਹਿਰਾਂ ਵਿੱਚ ਸਿਰਫ ਯੂਕੇ ਲਈ ਅਸਥਾਈ ਕੇਂਦਰ ਖੋਲ੍ਹਣ ਜਾ ਰਿਹਾ ਹੈ। ਯੂਕੇ, ਦੁਨੀਆ ਭਰ ਦੇ ਯਾਤਰੀਆਂ ਲਈ ਇੱਕ ਪ੍ਰਸਿੱਧ ਸਥਾਨ ਹੈ, ਨੇ 2023 ਵਿੱਚ 18 ਲੱਖ ਤੋਂ ਵੱਧ ਵਿਜ਼ਟਰ ਵੀਜ਼ੇ ਦਿੱਤੇ ਹਨ। ਯੂਕੇ ਸਰਕਾਰ ਦੇ ਅੰਕੜਿਆਂ ਅਨੁਸਾਰ, ਇਹ ਸੰਖਿਆ 2022 ਦੇ ਮੁਕਾਬਲੇ ਲਗਭਗ ਦੁੱਗਣੀ (96% ਵੱਧ) ਹੈ।

# ਸੰਤ ਬਾਬਾ ਭਗਤ ਸਿੰਘ ਮਸਤ ਸੰਤ ਬਾਬਾ ਨਗੀਨਾ ਸਿੰਘ ਦੀ ਯਾਦ ਵਿੱਚ ਸਲਾਨਾ ਗੁਰਮਤ ਸਮਾਗਮ ਕਰਵਾਇਆ

## ਪੰਥ ਪ੍ਰਸਿੱਧ ਧਾਰਮਿਕ ਸਖਸ਼ੀਅਤਾਂ ਨੇ ਭਰੀ ਹਾਜਰੀ



ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ ) ਸੰਤ ਬਾਬਾ ਭਗਤ ਸਿੰਘ ਮਸਤ,ਸੰਤ ਬਾਬਾ ਨਗੀਨਾ ਸਿੰਘ ਦੀ ਸਲਾਨਾ ਮਿੱਠੀ ਯਾਦ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਸੰਤਗੜ੍ਹ ਡੇਰਾ ਹਰਖੋਵਾਲ ਪਿੰਡ ਮਟੌਰ ਵਿਖੇ ਗੁਰਮਤਿ ਸਮਾਗਮ ਕਰਵਾਇਆ। ਸਵੇਰ ਵਕਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਦੀਵਾਨ ਸਜਾਏ ਜਿਸ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹਜੂਰੀ ਰਾਗੀ ਅਤੇ ਡੇਰਾ ਸੰਤ ਗੜ ਜਲੰਧਰ ਦੇ ਜਥਿਆਂ ਵੱਲੋਂ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ ਇਸ ਮੌਕੇ ਪੰਥ ਪ੍ਰਸਿੱਧ ਰਾਗੀ ਢਾਡੀ ਕਥਾ ਵਾਚਕ ਅਤੇ ਸੰਤਾਂ ਮਹਾਂਪੁਰਸਾਂ ਵੱਲੋਂ ਗੁਰਬਾਣੀ ਦਾ ਜਸ ਕੀਤਾ ਗਿਆ ਅਤੇ ਸੰਤ ਬਾਬਾ ਭਗਤ ਸਿੰਘ ਮਸਤ ਸੰਤ ਬਾਬਾ ਨਗੀਨਾ ਸਿੰਘ ਦੀ ਜੀਵਨੀ ਤੇ ਚਾਨਣਾ ਪਾਉਂਦਿਆਂ ਉਹਨਾਂ ਦੇ ਦੱਸੇ ਮਾਰਗ ਤੇ ਚੱਲਣ ਅਤੇ ਗੁਰੂ ਘਰ ਨਾਲ ਜੁੜਨ ਦਾ ਉਪਦੇਸ ਦਿੱਤਾ ਗਿਆ ਇਸ ਮੌਕੇ ਹਰਖੋਵਾਲ ਸੰਪਰਦਾ ਦੇ ਮੌਜੂਦਾ ਮੁਖੀ ਸੰਤ ਬਾਬਾ ਭਗਵਾਨ ਸਿੰਘ ਨੇ ਆਈਆਂ ਸਾਰੀਆਂ ਪੰਥਕ ਸਖਸੀਅਤਾਂ ਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਜੀ ਆਇਆ ਕਿਹਾ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਚਾ ਸਿੰਘ, ਸੰਤ ਬਾਬਾ ਪ੍ਰਭਜੋਤ ਸਿੰਘ, ਸੰਪਰਦਾਇ ਦਲ ਬਾਬਾ ਬਿਧੀ ਚੰਦ ਸ੍ਰੀ ਮਾਨ ਜੀ ,ਲੋਪੋ ਵਾਲੇ ਮਹਾਂਪੁਰਸ, ਗਿਆਨੀ ਸੁਖਵਿੰਦਰ ਸਿੰਘ ਸਾਬਕਾ ਹੈਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ, ਹਰੀ ਸਿੰਘ ਭੂਰੀਆ ਕਥਾਵਾਚਕ, ਗੁਰਦੇਵ ਸਿੰਘ ਭੂਰੀਆਂ ਅਵਤਾਰ ਸਿੰਘ ਭੂਰੀਆਂ, ਮੱਖਣ ਸਿੰਘ ਜਰਮਨ ਦੀਦਾਰ ਸਿੰਘ ਖਹਿਰਾ ਯੂ ਪੀ ,ਕੁਲਬੀਰ ਸਿੰਘ ਖਹਿਰਾ,ਜਸਵਿੰਦਰ ਸਿੰਘ ਯੂਕੇ, ਤਰਲੋਚਨ ਸਿੰਘ ਕਾਲੜਾ, ਬਾਬਾ ਦਿਲਬਾਗ ਸਿੰਘ ਜਲੰਧਰ ਦਵਿੰਦਰ ਸਿੰਘ ਫੋਰਮੈਨ ਜਲੰਧਰ,ਜਸਪਾਲ ਸਿੰਘ ਸਰਨਜੀਤ ਸਿੰਘ, ਕਰਮਜੀਤ ਸਿੰਘ, ਪਰਮਜੀਤ ਸਿੰਘ, ਪ੍ਰਗਟ ਸਿੰਘ, ਗੁਰਪ੍ਰੀਤ ਸਿੰਘ,ਰਜਿੰਦਰ ਸਿੰਘ ਸਰਪੰਚ, ਗੁਰਜੰਟ ਸਿੰਘ,ਮਹਿੰਦਰ ਸਿੰਘ ਯੂਪੀ, ਸਾਬੀ ਮਟੌਰ ਸਮੇਤ ਸੰਗਤਾਂ ਨੇਂ ਭਰੀ ਹਾਜ਼ਰੀ ਇਸ ਮੌਕੇ ਚਾਹ ਪਕੌੜੇ ਜਲੇਬੀਆਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**Respectable jat sikh family seeks suitable match for their 40 yr beautiful daughter who has never been married. She's 5'5" and has LLB, LLM from Panjab university, Chandigarh. Presently doing a professional law course in London. Looking for a professionally qualified and settled boy from a good family. For further details please reply to ref. 880 (3020)**

**UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)**

**Respectable Ramgarhia Sikh family seeking a suitable match for their British born son, degree holder in computer science, working. 39 years old, 6' tall, wears a turban and vegetarian. Girl should be vegetarian, born in the UK and degree holder. For more information contact 07505 127926. for further details or reply to ref. 879 (3020)**

**Respectable Jat Sikh Family seeks a suitable match for their beautiful 44 year old daughter. She has a Masters Degree and is employed by a large organisation in a professional role, in the midland area. She is 5'6", sincere, caring. Ideal match should be british born, clean shaven and working in a graduate role. Please call 07931 577645 or email tsj@mail.com for further details or reply to ref. 874 (3018)**

**Respectable Jatt Sikh family seek a suitable match for their canadian Born and British citizen son. He is 31 years old, 5'11" tall, education BscMathematics and runs his own Business, Girl should be from UK's Jatt Sikh family. Work Permit Holder considerable. Please contact UK Times at 8AM to 8PM. Mobile: 07723 369240 or reply to ref. 878 (3015)**

# ਵਸ਼ਿੰਗਟਨ ਵਿਚ ਇਸਰਾਈਲੀ ਦੂਤਘਰ ਅੱਗੇ ਇਕ ਵਿਅਕਤੀ ਨੇ ਆਪਣੇ ਆਪ ਨੂੰ ਲਾਈ ਅੱਗ,ਹਾਲਤ ਗੰਭੀਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਵਸ਼ਿੰਗਟਨ , ਡੀ ਸੀ ਵਿਚ ਇਕ ਵਿਅਕਤੀ ਵੱਲੋਂ ਇਸਰਾਈਲੀ ਦੂਤਘਰ ਅੱਗੇ ਆਪਣੇ ਆਪ ਨੂੰ ਅੱਗ ਲਾ ਲੈਣ ਦੀ ਖਬਰ ਹੈ। ਇਸ ਘਟਨਾ ਵਿਚ ਵਿਅਕਤੀ ਬੁਰੀ ਤਰਾਂ ਸੜ ਗਿਆ ਤੇ ਉਸ ਦੀ ਹਾਲਤ ਗੰਭੀਰ ਹੈ। ਵਸ਼ਿੰਗਟਨ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਦੁਪਹਿਰ 1 ਵਜੇ ਦੇ ਕਰੀਬ ਪੁੱਜੇ। ਜਨਤਿਕ ਸੂਚਨਾ ਅਧਿਕਾਰੀ ਵੀਟੋ ਮੈਗੀਓਲੋ ਅਨੁਸਾਰ ਅੱਗ ਬੁਝਾਊ ਅਮਲਾ ਪੁੱਜਣ ਤੋਂ ਪਹਿਲਾਂ ਹੀ ਸੀਕਰਟ ਸਰਵਿਸ ਦੁਆਰਾ ਅੱਗ ਬੁਝਾ ਦਿੱਤੀ ਗਈ ਸੀ। ਪੁਲਿਸ ਵਿਭਾਗ ਅਨੁਸਾਰ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਕੀ ਇਹ ਘਟਨਾ ਗਾਜ਼ਾ ਵਿਚ ਇਸਰਾਈਲੀ ਹਮਲੇ ਦੇ ਵਿਰੋਧ ਵਿਚ ਵਾਪਰੀ ਹੈ, ਇਸ ਬਾਰੇ ਸਥਾਨਕ ਤੇ ਸੰਘੀ ਅਧਿਕਾਰੀਆਂ ਨੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ। ਇਸਰਾਈਲੀ ਦੂਤਘਰ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਘਟਨਾ ਵਿਚ ਸ਼ਾਮਿਲ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਤੇ ਇਸ ਘਟਨਾ ਵਿਚ ਦੂਤਘਰ ਦੇ ਕਿਸੇ ਸਟਾਫ ਮੈਂਬਰ ਨੂੰ ਕੋਈ ਨੁਕਸਾਨ ਨਹੀਂ ਪੁੱਜਾ।

ਕੈਪਸ਼ਨ ਵਸ਼ਿੰਗਟਨ ਵਿਚ ਇਸਰਾਈਲ ਦੂਤਘਰ ਅੱਗੇ ਸੜਕ ਉਪਰ ਖੜੀਆਂ ਪੁਲਿਸ ਤੇ ਅੱਗ ਬੁਝਾਊ ਵਿਭਾਗ ਦੀਆਂ ਗੱਡੀਆਂ

# ਅਮਰੀਕੀ ਯੁਨੀਵਰਿਸਟੀ ਵਿਚ ਇਕ ਵਿਦਿਆਰਥੀ ਮ੍ਰਿਤਕ ਹਾਲਤ ਵਿਚ ਮਿਲਿਆ,ਇਕ ਹੋਰ ਵਿਦਿਆਰਥੀ ਗ੍ਰਿਫਤਾਰ



ਗ੍ਰਿਫਤਾਰ ਵਿਦਿਆਰਥੀ ਚਾਰਲਸ ਈ ਐਸਕਲੇਰਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਂਪਬੈਲਸਵਿਲੇ ਯੁਨੀਵਰਸਿਟੀ, ਕੈਂਟੁਕੀ ਵਿਚ ਇਕ ਵਿਦਿਆਰਥੀ ਮ੍ਰਿਤਕ ਹਾਲਤ ਵਿਚ ਮਿਲਿਆ ਹੈ ਤੇ ਇਸ ਮਾਮਲੇ ਵਿਚ ਇਕ ਹੋਰ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਯੁਨੀਵਰਸਿਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜੋਸੀਆਹ ਮਲਾਚੀ ਕਿਲਮੈਨ (18) ਨਾਮੀ ਵਿਦਿਆਰਥੀ ਨੂੰ ਆਪਣੇ ਕਮਰੇ ਵਿਚ ਬੇਸੁਧ ਪਾਇਆ ਗਿਆ ਜਿਸ ਨੂੰ ਬਾਅਦ ਵਿਚ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ। ਹਾਲਾਂ ਕਿ ਮੌਤ ਦੇ ਕਾਰਨ ਬਾਰੇ ਅਜੇ ਕੁਝ ਨਹੀਂ ਕਿਹਾ ਗਿਆ ਪਰੰਤੂ ਪੁਲਿਸ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਯੁਨੀਵਰਸਿਟੀ ਦੇ ਇਕ ਹੋਰ ਵਿਦਿਆਰਥੀ ਚਾਰਲਸ ਈ ਐਸਕਲੇਰਾ (21) ਨੂੰ ਹੱਤਿਆ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਟੇਲਰ ਕਾਊਂਟੀ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ।

# CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**

# CHANGE OF NAME

**I, GURDEV KAUR DAUGHTER OF MR GURBANS SINGH WHOSE PERMANENT ADDRESS IN INDIA IS VPO BARIAN KALAN, DISTT HOSHIARPUR, PUNJAB INDIA AND NOW LIVING AT 11 DEWBERRY COURT, STENSON FIELDS, DERBY, DE24 3EZ HEREBY GIVE NOTICE OF MY INTENTION TO CHANGE MY NAME TO GURDEV KAUR (GIVEN NAME) SAHOTA (SURNAME). (U/I)**

**I, DARSHAN KAUR WIFE OF MR. BOOTA SINGH CHAHAL WHOSE PERMANENT ADDRESS IN INDIA IS VPO: BHANOLANGA, DISTT: KAPURTHALA, PIN 144601, PUNJAB INDIA AND NOW LIVING AT 47 VERNON AVENUE, HANDSWORTH WOOD, BIRMINGHAM, B20 1DD HEREBY GIVE NOTICE OF MY INTENTION TO CHANGE MY NAME TO DARSHAN KAUR (GIVEN NAME) CHAHAL (SURNAME). (U/I) K**

**I, BEENA DAUGHTER OF MR BALDEV SINGH WHOSE PERMANENT ADDRESS IN INDIA IS VPO KHAN KHANA, PS BANGA, DISTT SBS NAGAR, PUNJAB 144509 AND NOW LIVING AT 1020 ALDRIDGE ROAD, GREAT BARR, BIRMINGHAM, B44 8NX HEREBY GIVE NOTICE OF MY INTENTION TO CHANGE MY NAME TO BEENA (GIVEN NAME) TALWAR (SURNAME). (U/I)**

# MANAK SOLICITORS



## Jasdeep Singh Jandu
Conveyancing Director

Jas heads up our Property department and has developed a following of regular clients due to his calm nature, professional attitude and his practical knowledge of the areas in which he specialises.

Gravesend | Orpington | Sevenoaks | London



manaksolicitors.co.uk

**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

# ਭਾਰਤੀ ਹਾਈਕਮਿਸ਼ਨ ਲੰਡਨ ਅਤੇ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਸਾਂਝੇ ਯਤਨਾਂ ਸਦਕਾ ਇੰਡੀਆ ਹਾਊਸ ਵਿਖੇ ਮਾਂ ਬੋਲੀ ਦਿਵਸ ਸਬੰਧੀ ਵਿਸ਼ੇਸ਼ ਸਮਾਗਮ ਕਰਵਾਇਆ ਗਿਆ

## ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੇ ਯੂ ਕੇ ਸਰਕਾਰ ਨਾਲ ਬੀਤੇ ਸਮੇਂ ਤੋਂ ਸਕੂਲਾਂ ਵਿੱਚ ਪੰਜਾਬੀ ਸਮੇਤ ਭਾਰਤੀ ਭਾਸ਼ਾਵਾਂ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਚਾਨਣਾ ਪਾਇਆ



















ਡਿਪਟੀ ਹਾਈਕਮਿਸ਼ਨਰ ਸੁਜੀਤ ਘੋਸ਼ ਅਤੇ ਮੁੱਖ ਪ੍ਰਬੰਧ ਦੀਪਕ ਚੌਧਰੀ, ਸ: ਹਰਮੀਤ ਸਿੰਘ ਭੱਕਨਾ, ਸ਼ਿਵ ਕਾਂਤ ਸ਼ਰਮਾਂ, ਗੁਰਚਰਨ ਸਿੰਘ ਮੇਡਨਹੈੱਡ ਆਦਿ ਸੰਬੋਧਨ ਕਰਦੇ ਹੋਏ



ਹਰਮੀਤ ਸਿੰਘ ਭਕਨਾ


ਜਾਰੀ ਕਰਤਾ : ਸ: ਹਰਮੀਤ ਸਿੰਘ ਭਕਨਾ, ਡਾਇਰੈਕਟਰ ਪੰਜਾਬੀ ਭਾਸ਼ਾ ਚੇਤਨਾ ਬੋਰਡ ਯੂ ਕੇ

S. Harmeet Singh Bhakna, Director

**Panjabi Language Awareness Board UK**

Registration Number 09819756 in England & Wales

25 Birmingham Road, Albion Office No. 6, West Bromwich, B70 6RR

**Mobile & WhatsApp: 07810 504295**

Email: info@panjabi2021.co.uk • www.panjabi2021.co.uk


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

ਗਿਆਨੀ ਗੁਰਦਿਤ ਸਿੰਘ ਦੇ ਕੌਤਰ ਸੌਵੇਂ ਜਨਮ ਦਿਵਸ 'ਤੇ ਵਿਸ਼ੇਸ਼

# ਗੁਰਮਤਿ ਤੇ ਸਿੱਖ ਸੋਚ ਦੇ ਪਹਿਰੇਦਾਰ ਗਿਆਨੀ ਗੁਰਦਿਤ ਸਿੰਘ

ਉਜਾਗਰ ਸਿੰਘ



ਸੰਸਾਰ ਵਿੱਚ ਬਹੁਤ ਸਾਰੇ ਇਨਸਾਨ ਆਪੋ ਆਪਣੇ ਖੇਤਰਾਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਪ੍ਰੰਤੂ ਕੁਝ ਅਜਿਹੇ ਮਹਾਨ ਤੇ ਨਿਵੇਕਲੀ ਕਿਸਮ ਦੇ ਇਨਸਾਨ ਹੁੰਦੇ ਹਨ, ਜਿਹੜੇ ਆਪਣੀ ਵਿਦਵਤਾ ਦੇ ਅਨੇਕਾਂ ਰੰਗ ਬਿਖ਼ੇਰਦੇ ਹੋਏ ਆਪਣੇ ਸਮਾਜ ਦੇ ਸਭਿਆਚਾਰ ਨੂੰ ਅਮੀਰ ਕਰਦੇ ਰਹਿੰਦੇ ਹਨ। ਅਜਿਹੇ ਵਿਅਕਤੀਆਂ ਵਿੱਚ ਪੰਜਾਬੀ ਅਤੇ ਸਿੱਖੀ ਦੇ ਮੁੱਦਈ ਗਿਆਨੀ ਗੁਰਦਿੱਤ ਸਿੰਘ ਬਹੁ-ਪੱਖੀ, ਬਹੁਰੰਗੀ, ਗਿਆਨਵਾਨ ਅਤੇ ਪ੍ਰਬੁੱਧ ਵਿਦਵਾਨ ਸ਼ਾਮਲ ਹਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਿੱਖੀ ਸੋਚ ਨੂੰ ਸਮਰਪਤ ਕਰਦਿਆਂ ਬਸਰ ਕਰ ਦਿੱਤਾ। ਭਾਵੇਂ ਉਹ ਬਹੁਤੇ ਪੜ੍ਹੇ ਲਿਖੇ ਨਹੀਂ ਸਨ ਪ੍ਰੰਤੂ ਗਿਆਨਵਾਨ ਉਹ ਅਨੋਖੀ ਕਿਸਮ ਦੇ ਸਨ। ਉਨ੍ਹਾਂ ਨੇ ਆਪਣੇ ਗਿਆਨ ਨੂੰ ਸਿੱਖ ਸਮਾਜ ਦੀ ਬਿਹਤਰੀ ਲਈ ਵਰਤਿਆ, ਜਿਸ ਨੂੰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਹੈਰਾਨੀ ਇਸ ਗੱਲ ਦੀ ਹੈ ਕਿ ਉਨ੍ਹਾਂ ਦੀ ਦਿਹਾਤੀ ਰਹਿਤਲ ਹੋਣ ਦੇ ਬਾਵਜੂਦ ਸ਼ਹਿਰੀ ਵਿਦਵਾਨਾ ਤੋਂ ਕਿਸੇ ਗੱਲੋਂ ਵੀ ਘੱਟ ਨਹੀਂ ਸੀ। ਉਨ੍ਹਾਂ ਨੂੰ ਵਿਦਵਤਾ ਦਾ ਮੁਜੱਸਮਾ ਕਿਹਾ ਜਾ ਸਕਦਾ ਹੈ। ਉਨ੍ਹਾਂ ਦਾ ਯੋਗਦਾਨ ਚੋਟੀ ਦੇ ਸਿੱਖ ਵਿਦਵਾਨਾ ਤੋਂ ਵਧੇਰੇ ਸੀ, ਸਗੋਂ ਉਨ੍ਹਾਂ ਦੀ ਵਿਦਵਤਾ ਤੇ ਦ੍ਰਿੜ੍ਹਤਾ ਨੇ ਪੰਜਾਬੀ ਅਤੇ ਸਿੱਖ ਵਿਰਾਸਤ ਨੂੰ ਅਮੀਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਗਿਆਨੀ ਗੁਰਦਿੱਤ ਸਿੰਘ ਨੇ ਅਜਿਹੇ ਕੀਰਤੀਮਾਨ ਸਥਾਪਤ ਕੀਤੇ ਜਿਨ੍ਹਾਂ 'ਤੇ ਸਿੱਖ ਸਮਾਜ ਹਮੇਸ਼ਾ ਮਾਣ ਕਰਦਾ ਹੋਇਆ ਅਗਵਾਈ ਲੈਂਦਾ ਰਹੇਗਾ। ਉਨ੍ਹਾਂ ਨੇ ਆਪਣੇ ਵਿਲੱਖਣ ਯੋਗਦਾਨ ਨਾਲ ਸਿੱਖ ਸਮਾਜ ਵਿੱਚ ਆਪਣੀ ਨਿਵੇਕਲੀ ਪਛਾਣ ਬਣਾ ਲਈ ਸੀ। ਗਿਆਨੀ ਗੁਰਦਿੱਤ ਸਿੰਘ ਸਿੱਖ ਧਰਮ ਦੇ ਖੋਜੀ ਵਿਦਵਾਨ ਸਨ, ਜਿਨ੍ਹਾਂ ਆਪਣੀ ਸਾਰੀ ਉਮਰ ਸਿੱਖੀ ਸੋਚ 'ਤੇ ਪਹਿਰਾ ਦਿੰਦਿਆਂ ਬਤੀਤ ਕੀਤੀ। ਗਿਆਨੀ ਗੁਰਦਿੱਤ ਸਿੰਘ ਦੇ ਸਿੱਖੀ ਸਿਦਕ, ਪੰਜਾਬੀ ਸਭਿਆਚਾਰ, ਸਾਹਿਤ ਅਤੇ ਪੱਤਰਕਾਰੀ ਵਿੱਚ ਪਾਏ ਵਿਲੱਖਣ ਯੋਗਦਾਨ ਦੀ ਕਦਰ ਕਰਦਿਆਂ ਉਨ੍ਹਾਂ ਨੂੰ 1956 ਵਿੱਚ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਵਿਧਾਨ ਪ੍ਰੀਸ਼ਦ ਵਿੱਚ ਵੀ ਉਨ੍ਹਾਂ ਸਿੱਖ ਵਿਚਾਰਧਾਰਾ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਲਈ ਆਪਣੇ ਕੀਮਤੀ ਵਿਚਾਰ ਸਰਕਾਰ ਗੋਚਰੇ ਕੀਤੇ ਤਾਂ ਜੋ ਪੰਜਾਬ ਸਰਕਾਰ ਨੂੰ ਸੁਚੱਜੀ ਅਗਵਾਈ ਦਿੱਤੀ ਜਾ ਸਕੇ। ਉਨ੍ਹਾਂ ਆਪਣੀ ਲਿਆਕਤ ਨਾਲ ਕਈ ਅਜਿਹੇ ਕਾਰਜ ਕੀਤੇ ਜਿਸ ਨਾਲ ਉਨ੍ਹਾਂ ਦੀ ਦੇਣ ਇਤਿਹਾਸ ਦਾ ਹਿੱਸਾ ਬਣ ਗਈ। ਉਨ੍ਹਾਂ ਵਿਧਾਨ ਪ੍ਰੀਸ਼ਦ ਵਿੱਚ ਸਿੱਖਾਂ ਦੇ ਪੰਜਵੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸਥਾਪਨਾ ਲਈ ਮਤਾ ਪੇਸ਼ ਕਰਕੇ ਪੁਰਜ਼ੋਰ ਸਿਫ਼ਾਰਸ਼ ਨਾਲ ਮੈਂਬਰਾਂ ਨੂੰ ਪ੍ਰਭਾਵਤ ਕੀਤਾ, ਜਿਸਦੇ ਸਿੱਟੇ ਵਜੋਂ ਪੰਜਵੇਂ ਤਖ਼ਤ ਦੀ ਸਥਪਨਾ ਹੋਈ। ਉਹ ਪਹਿਲੇ ਸਿੱਖ ਵਿਦਵਾਨ ਸਨ, ਜਿਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੀ ਸਿੱਖਾਂ ਦਾ ਪੰਜਵਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਹੋਂਦ ਵਿੱਚ ਆਇਆ ਸੀ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਅਤੇ ਸਿੱਖ ਵਿਦਿਅਕ ਕਾਨਫਰੰਸਾਂ ਕਰਵਾਉਣ ਵਿੱਚ ਵੀ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਦੀ ਦੇਣ ਦਾ ਸਿੱਖ ਜਗਤ ਇਵਜਾਨਾ ਨਹੀਂ ਮੋੜ ਸਕਦਾ ਪ੍ਰੰਤੂ ਉਨ੍ਹਾਂ ਦੀ ਯਾਦ ਨੂੰ ਤਾਜਾ ਰੱਖਣ ਲਈ 2023 ਵਿੱਚ ਉਨ੍ਹਾਂ ਦੀ ਜਨਮ ਸ਼ਤਾਬਦੀ ਦੇ ਸਮਾਗਮ ਦੇਸ਼ ਵਿਦੇਸ਼ ਵਿੱਚ ਆਯੋਜਤ ਕੀਤੇ ਗਏ। ਭਾਈ ਜੈਤੇਗ ਸਿੰਘ ਅਨੰਤ ਨੇ ਗੁਰਦੁਆਰਾ ਬਰੁਕ ਸਾਈਡ ਸਰੀ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਕੈਨੇਡਾ ਅਤੇ ਗੁਰਦਆਰਾ ਸਿੰਘ ਸਭਾ ਵਾਸ਼ਿੰਗਟਨ, ਰੈਨਟਨ ਸਿਆਟਲ ਅਮਰੀਕਾ ਵਿੱਚ ਸਮਾਗਮ ਆਯੋਜਤ ਕੀਤੇ। ਸਿੱਖ ਨੈਸ਼ਨਲ ਆਰਕਾਈਵ ਆਫ ਟਰਾਂਟੋ ਕੈਨੇਡਾ ਨੇ ਇਕ ਸ਼ੈਕਸ਼ਨ ਗਿਆਨੀ ਗੁਰਦਿਤ ਸਿੰਘ ਦੇ ਨਾਮ 'ਤੇ ਸਥਾਪਤ ਕੀਤਾ ਹੈ। ਸ਼ਤਾਬਦੀ ਸਮਾਗਮਾ ਦੀ ਲੜੀ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਦੇ ਮੌਕੇ 'ਤੇ ਡਾ.ਜੀਤ ਸਿੰਘ ਜੋਸ਼ੀ ਵੱਲੋਂ ਲਿਖੀ ਗਿਆਨੀ ਗੁਰਦਿੱਤ ਸਿੰਘ ਜੀ ਦੀ ਜੀਵਨੀ ' ਗਿਆਨੀ ਗੁਰਦਿੱਤ ਸਿੰਘ ਜੀਵਨ ਤੇ ਰਚਨਾ' ਪ੍ਰਕਾਸ਼ਤ ਕਰਵਾਈ, ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕ ਅਰਪਨ ਕੀਤਾ। ਗਿਆਨੀ ਗੁਰਦਿੱਤ ਸਿੰਘ ਦੀ ਤਸਵੀਰ ਸੈਂਟਰਲ ਸਿੱਖ ਅਜਾਇਬ ਘਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਲਗਾਈ ਜਾ ਰਹੀ ਹੈ।

ਗਿਆਨੀ ਗੁਰਦਿੱਤ ਸਿੰਘ ਦਾ ਵਿਆਹ ਵਿਦਿਅਕ ਮਾਹਿਰ ਇੰਦਰਜੀਤ ਕੌਰ ਸੰਧੂ ਨਾਲ ਹੋਣਾ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਈ। ਦੋਹਾਂ ਵਿਦਵਾਨਾਂ ਦੇ ਸਾਥ ਨੇ ਸਿੱਖ ਜਗਤ ਨੂੰ ਸ਼ਾਹਕਾਰ ਰਚਨਾਵਾਂ ਦਿੱਤੀਆਂ ਜਿਹੜੀਆਂ ਹਮੇਸ਼ਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਉਹ ਸਰਵਪੱਖੀ ਤੇ ਪ੍ਰਤਿਭਾਵਾਨ ਗੁਰਮਤਿ ਦੇ ਧਾਰਨੀ, ਸਿੱਖ ਸੋਚ ਦੇ ਮੁੱਦਈ, ਸਿੱਖ ਧਰਮ ਦੇ ਪ੍ਰਤੀਬੱਧ ਅਤੇ ਗੁਰਬਾਣੀ ਦੇ ਖੋਜੀ ਵਿਆਖਿਆਕਾਰ ਸਨ। ਉਨ੍ਹਾਂ ਨੂੰ ਸਿੱਖ ਧਰਮ ਦਾ ਡੂੰਘਾ ਗਿਆਨ ਸੀ। ਆਪਣੇ ਧਰਮ ਦੀ ਪ੍ਰਫੁਲਤਾ ਲਈ ਉਹ ਹਮੇਸ਼ ਤੱਤਪਰ ਰਹਿੰਦੇ ਸਨ। ਉਹ ਸਹੀ ਅਰਥਾਂ ਵਿੱਚ ਸਿੱਖ ਧਰਮ ਦੇ ਚੇਤੰਨ ਚਿੰਤਕ ਸਨ। ਗਿਆਨੀ ਗੁਰਦਿੱਤ ਸਿੰਘ ਦੀ ਜ਼ਿੰਦਗੀ ਦਾ ਮੁੱਖ ਮੰਤਵ ਸਿੱਖ ਕੌਮ ਦੇ ਭਵਿਖ ਨੂੰ ਬਿਹਤਰੀਨ ਅਤੇ ਸੁਨਹਿਰਾ ਬਣਾਉਣਾ ਸੀ। ਉਹ ਬਹੁਰੰਗੀ ਅਤੇ ਬਹੁਮੰਤਵੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਗੁਰਮਤਿ ਤੇ ਸਿੱਖ ਇਤਿਹਾਸ ਦੇ ਆਲ੍ਹਾ ਦਰਜੇ ਦੇ ਖੋਜੀ ਵਿਦਵਾਨ ਮੰਨੇ ਜਾਂਦੇ ਸਨ। ਉਨ੍ਹਾਂ ਨੇ ਮੋਹਾਲੀ, ਚੰਡੀਗੜ੍ਹ ਅਤੇ ਦਿੱਲੀ ਵਿਖੇ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਸਥਾਪਤ ਕੀਤੇ। ਗਿਆਨੀ ਗੁਰਦਿੱਤ ਸਿੰਘ ਦੀ ਰਹਿਨੁਮਾਈ ਹੇਠ ਕੇਂਦਰੀ ਸ੍ਰੀ ਗੁਰੂ ਗੋਬਿੰਦ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ ਅਤੇ ਫਿਰ ਇਸ ਸੰਸਥਾ ਵੱਲੋਂ ਦੇਸ਼-ਵਿਦੇਸ਼ ਵਿੱਚ ਗੁਰਮਤਿ ਟ੍ਰੇਨਿੰਗ ਕੈਂਪ ਲਗਾ ਕੇ ਨੌਜਵਾਨਾ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ ਗਿਆ। ਪਾਠ ਬੋਧ ਸਮਾਗਮ ਕਰਵਾਉਣ ਦਾ ਸਿਹਰਾ ਵੀ ਗਿਆਨੀ ਗੁਰਦਿੱਤ ਸਿੰਘ ਜੀ ਨੂੰ ਜਾਂਦਾ ਹੈ।





ਗਿਆਨੀ ਗੁਰਦਿੱਤ ਸਿੰਘ ਦੀ ਸਾਰੀ ਖੋਜ ਸਿੱਕੇਬੰਦ ਹੈ ਕਿਉਂਕਿ ਉਹ ਤੱਥਾਂ 'ਤੇ ਅਧਾਰਤ ਖੋਜ ਕਰਕੇ ਲਿਖਦੇ ਸਨ। ਖੋਜ ਕਾਰਜ ਲਈ ਉਨ੍ਹਾਂ ਨੇ ਦੇਸ਼ ਦੇ ਕੋਨੇ ਕੋਨੇ ਵਿੱਚ ਜਾ ਕੇ ਜਿਸ ਇਤਿਹਾਸਕ ਸਥਾਨ ਬਾਰੇ ਉਨ੍ਹਾਂ ਨੂੰ ਜਾਣਕਾਰੀ ਮਿਲੀ, ਜਿਥੇ ਗੁਰੂ ਸਾਹਿਬ ਗਏ ਹੋਣ ਉਥੋਂ ਤੱਥ ਇਕੱਤਰ ਕੀਤੇ। ਸਿੱਖ ਧਰਮ ਵਿੱਚ ਬਹੁਤ ਸਾਰੇ ਨੁਕਤਿਆਂ 'ਤੇ ਵਾਦਵਿਵਾਦ ਹੋਏ ਹਨ ਅਤੇ ਇਸ ਸਮੇਂ ਵੀ ਹੋ ਰਹੇ ਹਨ ਪ੍ਰੰਤੂ ਗਿਆਨੀ ਗੁਰਦਿੱਤ ਸਿੰਘ ਦੀਆਂ ਖੋਜਾਂ ਨੇ ਉਨ੍ਹਾਂ ਵਾਦ ਵਿਵਾਦਾਂ ਨੂੰ ਖ਼ਤਮ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਕਿਉਂਕਿ ਉਨ੍ਹਾਂ ਹਰ ਪੁਸਤਕ, ਲੇਖ ਅਤੇ ਕਿਤਾਬਚਿਆਂ ਨੂੰ ਲਿਖਣ ਸਮੇਂ ਪੁਰਾਤਨ ਖਰੜਿਆਂ ਵਿੱਚੋਂ ਉਦਾਹਰਣਾ ਦੇ ਕੇ ਸਹੀ ਤੱਥ ਸਾਹਮਣੇ ਲਿਆਂਦੇ ਸਨ। ਉਨ੍ਹਾਂ ਦੂਜੀਆਂ ਭਾਸ਼ਾਵਾਂ ਦਾ ਵੀ ਤੁਲਨਾਤਮਿਕ ਅਧਿਐਨ ਕਰਕੇ ਇਤਿਹਾਸਕ ਤੱਥਾਂ ਦੀ ਪੁਸ਼ਟੀ ਕੀਤੀ। ਉਨ੍ਹਾਂ ਕੋਈ ਵੀ ਪੁਸਤਕ ਜਲਦਬਾਜ਼ੀ ਵਿੱਚ ਨਹੀਂ ਪ੍ਰਕਾਸ਼ਤ ਕਰਵਾਈ। ਪੁਸਤਕਾਂ ਲਈ ਮੈਟਰ ਇਕੱਤਰ ਕਰਨ ਨੂੰ ਉਹ ਵਰ੍ਹੇ ਲਗਾ ਦਿੰਦੇ ਸਨ ਤਾਂ ਜੋ ਸਿੱਖ ਜਗਤ ਨੂੰ ਸਹੀ ਰਸਤਾ ਵਿਖਾਇਆ ਜਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਗਿਆਨੀ ਜੀ ਦੇ ਜੀਵਨ ਦਾ ਕੇਂਦਰੀ ਧੁਰਾ ਰਿਹਾ ਹੈ। ਉਹ ਗਿਆਨ ਦੇ ਭੰਡਾਰ ਅਤੇ ਸਿੱਖ ਧਰਮ ਦੇ ਪਹਿਰੇਦਾਰ ਬਣਕੇ ਨਿਤਰੇ ਸਨ। ਉਹ ਇਕ ਅਜਾਇਬ ਘਰ ਬਣਾਉਣਾ ਚਾਹੁੰਦੇ ਸਨ, ਜਿਸ ਵਿੱਚ ਪੁਰਾਤਨ ਬੀੜਾਂ, ਦੁਰਲਭ ਵਸਤਾਂ, ਗੁਰੂ ਸਾਹਿਬਾਨ ਨਾਲ ਸੰਬੰਧਤ ਵਸਤੂਆਂ ਆਦਿ ਨੂੰ 'ਸਿੱਖ ਵਿਰਸਾ ਟਰੱਸਟ' ਦੇ ਰੂਪ ਵਿੱਚ ਪੰਥ ਲਈ ਸੰਭਾਲਿਆ ਜਾ ਸਕੇ ਪ੍ਰੰਤੂ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਹ ਮਾਲਵੇ ਦੇ ਦਿਹਾਤੀ ਇਲਾਕੇ ਨਾਲ ਸੰਬੰਧ ਰੱਖਦੇ ਸਨ, ਜਿਸ ਕਰਕੇ ਉਨ੍ਹਾਂ ਨੇ ਦਿਹਾਤੀ ਪੰਜਾਬੀ ਸਭਿਆਚਾਰ, ਸਭਿਅਤਾ ਅਤੇ ਪੰਜਾਬੀ ਪੇਂਡੂ ਰਹਿਣੀ ਬਹਿਣੀ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦ੍ਰਿਸ਼ਟਮਾਨ ਕੀਤਾ। ਉਨ੍ਹਾਂ ਦੀ ਇਹ ਲੇਖਣੀ ਦ੍ਰਿਸ਼ਟਾਂਤਿਕ ਹੈ। ਪਾਠਕ ਨੂੰ ਪੜ੍ਹਦਿਆਂ ਹੀ ਪਿੰਡ ਦੀ ਰਹਿਤਲ ਵਿਖਾਈ ਦੇਣ ਲੱਗ ਜਾਂਦੀ ਹੈ। ਉਹ ਬੁੱਧੀਜੀਵੀ ਤੇ ਵਿਦਵਾਨ ਲੇਖਕ ਹੋਏ ਹਨ। ਪੰਜਾਬੀ ਸਭਿਆਚਾਰ ਨਾਲ ਉਨ੍ਹਾਂ ਨੂੰ ਅਥਾਹ ਪਿਆਰ ਸੀ, ਇਸ ਕਰਕੇ ਹਮੇਸ਼ਾ ਪੰਜਾਬੀਅਤ ਵਿੱਚ ਗੜੁੱਚ ਰਹਿੰਦੇ ਸਨ। ਗਿਆਨੀ ਜੀ ਨੇ ਲੋਕ ਵਿਰਸੇ ਦੀ ਵਫ਼ਦਾਰੀ ਨਿਭਾਉਂਦਿਆਂ ਹਮੇਸ਼ਾ ਆਪਣੀ ਲੇਖਣੀ ਰਾਹੀਂ ਪੰਜਾਬੀ ਤੇ ਸਿੱਖੀ ਰਵਾਇਤਾਂ, ਰਸਮੋ ਰਿਵਾਜ ਅਤੇ ਸਰੂਪ ਨੂੰ ਆਪਣੀਆਂ ਲਿਖਤਾਂ ਦਾ ਅਟੁੱਟ ਅੰਗ ਬਣਾਇਆ। ਉਹ ਇੱਕ ਸੁਲਝੇ ਹੋਏ ਸਿੱਖ ਵਿਦਵਾਨ ਸਨ, ਜਿਹਨਾਂ ਦੀ ਅੱਜ ਤੱਕ ਦੀ ਪੰਜਾਬੀ ਦੀ ਸਭ ਤੋਂ ਸਰਵੋਤਮ 1961 ਵਿੱਚ ਪ੍ਰਕਾਸ਼ਤ ਹੋਈ ਸ਼ਾਹਕਾਰ ਪੁਸਤਕ 'ਮੇਰਾ ਪਿੰਡ' ਨੂੰ ਗਿਣਿਆ ਜਾਂਦਾ ਹੈ। ਹੁਣ ਤੱਕ ਇਸ ਪੁਸਤਕ ਦੇ 14 ਐਡੀਸ਼ਨ ਪ੍ਰਕਾਸ਼ਤ ਹੋ ਚੁੱਕੇ ਹਨ। ਉਨ੍ਹਾਂ ਤੋਂ ਪਹਿਲਾਂ ਵੀ ਬਹੁਤ ਸਾਰੇ ਸਾਹਿਤਕਾਰਾਂ ਨੇ ਪੰਜਾਬੀ ਭਾਸ਼ਾ ਦੀ ਸੇਵਾ ਆਪਣੀਆਂ ਪੁਸਤਕਾਂ ਰਾਹੀਂ ਕੀਤੀ ਹੈ ਪ੍ਰੰਤੂ ਉਨ੍ਹਾਂ ਦੀ ਪੁਸਤਕ ਮੇਰਾ ਪਿੰਡ ਸ਼ਾਹਕਾਰ ਪੁਸਤਕ ਦੇ ਤੌਰ ਤੇ ਪ੍ਰਵਾਨਿਤ ਕੀਤੀ ਜਾਂਦੀ ਹੈ। ਪੰਜਾਬ ਦੇ ਸਭਿਆਚਾਰਕ ਇਤਿਹਾਸ ਵਿੱਚ 'ਮੇਰਾ ਪਿੰਡ' ਪੁਸਤਕ ਇਕ ਮੀਲ ਪੱਥਰ ਸਾਬਤ ਹੋਈ ਹੈ। ਗਿਆਨੀ ਗੁਰਦਿੱਤ ਸਿੰਘ ਚੋਟੀ ਦੇ ਪੱਤਰਕਾਰ ਅਤੇ ਸੰਪਾਦਕ ਸਨ। ਉਨ੍ਹਾਂ ਨੇ ਬਹੁਤ ਹੀ ਛੋਟੀ 24 ਸਾਲ ਦੀ ਉਮਰ ਵਿੱਚ ਪੱਤਰਕਾਰੀ ਦਾ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ। ਉਹ ਉਚ ਕੋਟੀ ਦੇ ਨਿੱਡਰ ਪੱਤਰਕਾਰ ਤੇ ਸੰਪਾਦਕ ਸਨ। ਉਨ੍ਹਾਂ ਦੀ ਪੱਤਰਕਾਰੀ ਦੀ ਦਿਲਚਸਪੀ ਕਰਕੇ ਉਹਨਾਂ ਨੇ 1947 ਵਿੱਚ ਪਟਿਆਲੇ ਤੋਂ ਪੰਜਾਬੀ ਦਾ 'ਪ੍ਰਕਾਸ਼' ਨਾਂ ਦਾ ਰੋਜ਼ਾਨਾ ਅਖ਼ਬਾਰ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਉਹ ਇਸ ਅਖ਼ਬਾਰ ਦੇ ਮੁੱਖ ਸੰਪਾਦਕ ਸਨ। ਵਿਤੀ ਮੁਸ਼ਕਲਾਂ ਕਰਕੇ ਉਨ੍ਹਾਂ ਇਸ ਅਖ਼ਬਾਰ ਨੂੰ ਸਪਤਾਹਿਕ ਬਣਾ ਦਿੱਤਾ। ਉਹ ਇਸ ਅਖ਼ਬਾਰ ਨੂੰ 1961 ਤੱਕ ਰੋਜ਼ਾਨਾ ਅਤੇ ਫਿਰ 1978 ਤੱਕ ਸਪਤਾਹਿਕ ਪ੍ਰਕਾਸ਼ਤ ਕਰਦੇ ਰਹੇ। ਉਨ੍ਹਾਂ ਨੂੰ ਮਾਣ ਜਾਂਦਾ ਹੈ ਕਿ ਉਨ੍ਹਾਂ ਦੀ ਰਹਿਨੁਮਾਈ ਵਿੱਚ ਕੰਮ ਕਰਨ ਵਾਲੇ ਪੱਤਰਕਾਰ ਇਸ ਖੇਤਰ ਵਿੱਚ ਬੁਲੰਦੀਆਂ 'ਤੇ ਪਹੁੰਚ ਗਏ। ਪ੍ਰਸਿੱਧ ਵਿਅੰਗਕਾਰ ਸੂਬਾ ਸਿੰਘ ਉਨ੍ਹਾਂ ਕੋਲ ਕੰਮ ਕਰਦੇ ਸਨ। ਪੱਤਰਕਾਰੀ ਦਾ ਮੱਸ ਉਹਨਾਂ ਨੂੰ ਸਤਾਉਂਦਾ ਰਿਹਾ, ਇਸ ਕਰਕੇ ਜੀਵਨ ਸੰਦੇਸ਼ ਅਖ਼ਬਾਰ 1949 ਵਿੱਚ ਸ਼ੁਰੂ ਕੀਤਾ ਜਿਸ ਦੇ ਉਹ ਸੰਪਾਦਕ ਸਨ। 1973 ਤੋਂ 1978 ਤੱਕ ਸਿੰਘ ਸਭਾ ਪਤ੍ਰਿਕਾ ਦੇ ਸੰਪਾਦਕ ਰਹੇ। ਗਿਆਨੀ ਗੁਰਦਿੱਤ ਸਿੰਘ ਦੀ ਖੋਜ ਦਾ ਭੰਡਾਰ ਸ਼੍ਰੇਸ਼ਟ ਸੀ। ਉਨ੍ਹਾਂ ਦੀ ਲਾਇਬਰੇਰੀ ਵਿੱਚ ਖੋਜੀ ਪੁਸਤਕਾਂ ਦੀ ਭਰਮਾਰ ਸੀ। ਉਨ੍ਹਾਂ ਨੇ ਆਪਣੀ 83 ਸਾਲ ਦੀ ਉਮਰ ਤੋਂ ਵੀ ਵੱਧ ਲਗਪਗ 100 ਪੁਸਤਕਾਂ, ਕਿਤਾਬਚੇ, ਲੇਖ ਅਤੇ ਟਰੈਕਟ ਖੁਦ ਲਿਖੇ/ਸੰਪਾਦਤ ਕੀਤੇ। ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਸੰਬੰਧੀ ਗਿਆਨੀ ਗੁਰਦਿੱਤ ਸਿੰਘ ਦੀਆਂ ਤਜਵੀਜਾਂ ਅਨੁਸਾਰ ਕਾਰਵਾਈ ਕਰਦੇ ਸਨ। ਉਨ੍ਹਾਂ ਨੂੰ ਗੁਰਮਤਿ ਸਾਹਿਤ ਅਤੇ ਪੱਤਰਕਾਰੀ ਦਾ ਸੁਮੇਲ ਕਿਹਾ ਜਾ ਸਕਦਾ ਹੈ। ਸਾਹਿਤ ਦਾ ਕੋਈ ਅਜਿਹਾ ਰੂਪ ਨਹੀਂ, ਜਿਸ 'ਤੇ ਗਿਆਨੀ ਗੁਰਦਿੱਤ ਸਿੰਘ ਨੇ ਹੱਥ ਨਾ ਅਜਮਾਇਆ ਹੋਵੇ। ਪੰਜਾਬੀ ਦੇ ਸਿਰਕੱਢ ਵਿਦਵਾਨਾਂ ਦੀਆਂ ਜੀਵਨੀਆਂ ਲਿਖਕੇ ਪੰਜਾਬੀ ਸਾਹਿਤ ਦੀ ਵਿਰਾਸਤ ਵਿੱਚ ਵਾਧਾ ਕੀਤਾ। ਉਹ ਸਿਰੜੀ ਅਤੇ ਆਪਣੀ ਧੁਨ ਦੇ ਪੱਕੇ, ਦਰਵੇਸ਼ ਵਿਦਵਾਨ ਸਨ। ਉਨ੍ਹਾਂ ਦੇ ਵਿਅਕਤਿਤਵ ਵਿੱਚ ਲੋਕ ਵਿਰਸੇ ਅਤੇ ਧਰਮ-ਚਿੰਤਨ ਦਾ ਅਜਿਹਾ ਸੁਮੇਲ ਪੰਜਾਬੀ ਸਾਹਿਤ ਅਤੇ ਪੰਜਾਬੀਆਂ ਲਈ ਸੁਭਾਗਾ ਸਿੱਧ ਹੋਇਆ ਹੈ। 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' ਉਨ੍ਹਾਂ ਛੇ ਜਿਲਦਾਂ ਵਿੱਚ ਸੰਪੂਰਨ ਕੀਤਾ। ਉਨ੍ਹਾਂ ਨੇ ਲੋਕ ਸਾਹਿਤ ਦੀ ਰਚਨਾ ਕੀਤੀ, ਜੋ ਲੋਕ ਸਾਹਿਤ ਲੋਕਧਾਰਾ ਦਾ ਅਨਿਖੜ ਅੰਗ ਹੁੰਦਾ ਹੈ। ਸਿੱਖ ਜਗਤ ਗਿਆਨੀ ਗੁਰਦਿੱਤ ਸਿੰਘ ਦਾ ਹਮੇਸ਼ਾ ਰਿਣੀ ਰਹੇਗਾ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

* * * * * * * *

# ਇਨੈਲੋ ਹਰਿਆਣਾ ਦੇ ਪ੍ਰਧਾਨ ਨਫੇ ਸਿੰਘ ਰਾਠੀ ਦਾ ਗੋਲੀਆਂ ਮਾਰ ਕੇ ਕਤਲ

## ਇਕ ਪਾਰਟੀ ਵਰਕਰ ਦੀ ਵੀ ਹੋਈ ਮੌਤ



ਚੰਡੀਗੜ੍ਹ-ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੀ ਹਰਿਆਣਾ ਇਕਾਈ ਦੇ ਪ੍ਰਧਾਨ ਨੈਫੇ ਸਿੰਘ ਰਾਠੀ (70) ਅਤੇ ਪਾਰਟੀ ਦੇ ਇਕ ਵਰਕਰ ਦੀ ਉਸ ਸਮੇਂ ਮੌਤ ਹੋ ਗਈ, ਜਦੋਂ ਬੀਤੇ ਐਤਵਾਰ ਨੂੰ ਦਿੱਲੀ ਦੇ ਨੇੜੇ ਬਹਾਦਰਗੜ੍ਹ 'ਚ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ਦੀ ਫਾਰਚੂਨਰ ਗੱਡੀ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਰਾਠੀ ਵਲੋਂ ਸੁਰੱਖਿਆ ਲਈ ਰੱਖੇ ਗਏ ਦੋ ਨਿੱਜੀ ਅੰਗ ਰੱਖਿਅਕ ਵੀ ਹਮਲੇ ਵਿਚ ਜ਼ਖ਼ਮੀ ਹੋ ਗਏ। ਨਫੇ ਸਿੰਘ ਰਾਠੀ ਸਮੇਤ 4 ਨੂੰ ਸਥਾਨਕ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿਥੇ ਨਫੇ ਸਿੰਘ ਤੇ ਪਾਰਟੀ ਵਰਕਰ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂਕਿ ਦੋ ਹੋਰਨਾਂ ਦਾ ਇਲਾਜ ਚੱਲ ਰਿਹਾ ਹੈ। ਹਮਲਾਵਰ ਆਈ-10 ਕਾਰ ਵਿਚ ਸਵਾਰ ਹੋ ਕੇ ਆਏ ਸਨ। ਇਨੈਲੋ ਨੇਤਾ ਅਭੈ ਚੌਟਾਲਾ ਨੇ ਸੂਬੇ ਦੀ ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਕਿ ਰਾਠੀ ਦੀ ਜਾਨ ਨੂੰ ਖਤਰਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ 'ਚ ਨਾਕਾਮ ਰਹੀ। ਉਨ੍ਹਾਂ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਅਸਤੀਫ਼ੇ ਦੀ ਵੀ ਮੰਗ ਕੀਤੀ।

ਦੂਜੇ ਪਾਸੇ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪੇਂਦਰ ਸਿੰਘ ਹੁੱਡਾ ਨੇ ਕਿਹਾ ਕਿ ਨਫੇ ਸਿੰਘ ਰਾਠੀ ਦੀ ਗੋਲੀਆਂ ਮਾਰ ਕੇ ਹੱਤਿਆ ਬਹੁਤ ਹੀ ਦੁੱਖ ਭਰੀ ਖ਼ਬਰ ਹੈ ਅਤੇ ਇਹ ਸੂਬੇ ਦੀ ਕਾਨੂੰਨ ਵਿਵਸਥਾ ਦੀ ਵਹਿ ਚੁੱਕੀ ਹੋਈ ਕਾਨੂੰਨ ਵਿਵਸਥਾ ਨੂੰ ਵੀ ਦਰਸਾਉਂਦਾ ਹੈ। ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਐਸ. ਟੀ. ਐਫ.ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਗਾਜ਼ਾ ਵਿਚ ਅਗਲੇ ਸੋਮਵਾਰ ਤੱਕ ਹੋਵੇਗੀ ਜੰਗਬੰਦੀ

## ਇਜ਼ਰਾਈਲ-ਹਮਾਸ ਜੰਗ 'ਤੇ ਅਮਰੀਕੀ ਰਾਸ਼ਟਰਪਤੀ ਨੇ ਉਮੀਦ ਪ੍ਰਗਟਾਈ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਨੇ ਉਮੀਦ ਜਤਾਈ ਹੈ ਕਿ ਗਾਜ਼ਾ ਪੱਟੀ ਵਿਚ ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਲੜਾਈ ਜਲਦ ਬੰਦ ਹੋ ਜਾਵੇਗੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਗਲੇ ਸੋਮਵਾਰ ਤੱਕ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਹੋ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਇਸ ਦੇ ਨੇੜੇ ਹਾਂ ਪਰ ਇਹ ਅਜੇ ਗਲ ਪੂਰੀ ਨਿਬੜੀ ਨਹੀਂ। ਇਸ 'ਤੇ ਅੰਤਿਮ ਮੋਹਰ ਅਜੇ ਬਾਕੀ ਹੈ।

ਜੰਗਬੰਦੀ ਨੂੰ ਲੈ ਕੇ ਅਮਰੀਕਾ, ਮਿਸਰ ਅਤੇ ਇਜ਼ਰਾਈਲ ਦੇ ਖੁਫੀਆ ਮੁਖੀਆਂ ਅਤੇ ਕਤਰ ਦੇ ਪ੍ਰਧਾਨ ਮੰਤਰੀ ਵਿਚਾਲੇ ਪੈਰਿਸ ਵਿਚ ਬੈਠਕ ਹੋਈ ਹੈ। ਸੀਐਨਐਨ ਦੀ ਰਿਪੋਰਟ ਮੁਤਾਬਕ ਇਸ ਮੀਟਿੰਗ ਤੋਂ ਬਾਅਦ ਬਿਡੇਨ ਪ੍ਰਸ਼ਾਸਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਹਮਾਸ ਇਜ਼ਰਾਈਲੀ ਬਲਾਂ ਦੇ ਪੂਰੀ ਤਰ੍ਹਾਂ ਪਿੱਛੇ ਹਟਣ 'ਤੇ ਜ਼ੋਰ ਦੇ ਰਿਹਾ ਸੀ, ਜੋ ਜੰਗਬੰਦੀ ਵਿੱਚ ਸਭ ਤੋਂ ਵੱਡੀ ਰੁਕਾਵਟ ਸੀ। ਇਸ ਵੱਡੀ ਰੁਕਾਵਟ ਨੂੰ ਹੱਲ ਕਰ ਲਿਆ ਗਿਆ ਹੈ। ਹਮਾਸ ਨੇ ਡੀਲ ਦੇ ਪਹਿਲੇ ਪੜਾਅ ਲਈ ਆਪਣੀ ਸਥਿਤੀ ਨਰਮ ਕੀਤੀ ਹੈ। ਜਿਸ ਕਾਰਨ ਜੰਗਬੰਦੀ ਦੀ ਉਮੀਦ ਹੈ।

ਸਮਝੌਤਾ ਕਈ ਪੜਾਵਾਂ ਵਿੱਚ ਲਾਗੂ ਕੀਤਾ ਜਾਵੇਗਾ-ਹਮਾਸ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਸਮਝੌਤਾ ਕਈ ਪੜਾਵਾਂ ਵਿੱਚ ਲਾਗੂ ਕੀਤਾ ਜਾਵੇਗਾ। ਇਜ਼ਰਾਈਲ ਅਤੇ ਹਮਾਸ ਛੇ ਹਫ਼ਤਿਆਂ ਦੇ ਜੰਗਬੰਦੀ ਸਮਝੌਤੇ ਵਿੱਚ ਬੰਧਕਾਂ ਨੂੰ ਰਿਹਾਅ ਕਰਨਗੇ। ਹਮਾਸ ਵੱਲੋਂ 40 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕੀਤਾ ਜਾਵੇਗਾ। ਇਜ਼ਰਾਈਲ ਆਪਣੀ ਜੇਲ੍ਹ ਵਿੱਚ ਬੰਦ ਸੈਂਕੜੇ ਫਲਸਤੀਨੀ ਕੈਦੀਆਂ ਨੂੰ ਵੀ ਰਿਹਾਅ ਕਰੇਗਾ। ਇਸ ਤੋਂ ਇਲਾਵਾ, ਕੁਝ ਫਲਸਤੀਨੀਆਂ ਨੂੰ ਉੱਤਰੀ ਗਾਜ਼ਾ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਮਨੁੱਖੀ ਸਹਾਇਤਾ ਵੀ ਵਧਾਈ ਜਾਵੇਗੀ। ਹਮਾਸ ਅਤੇ ਇਜ਼ਰਾਈਲ ਵੱਲੋਂ ਅਜੇ ਤੱਕ ਜੰਗਬੰਦੀ 'ਤੇ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਹਮਾਸ ਨੇ ਜੰਗਬੰਦੀ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ। ਹਮਾਸ ਨੇ ਕਿਸੇ ਵੀ ਗੱਲਬਾਤ ਤੋਂ ਪਹਿਲਾਂ ਯੁੱਧ ਨੂੰ ਪੂਰੀ ਤਰ੍ਹਾਂ ਨਾਲ ਰੋਕਣ ਅਤੇ ਗਾਜ਼ਾ ਤੋਂ ਇਜ਼ਰਾਈਲੀ ਫੌਜਾਂ ਨੂੰ ਪੂਰੀ ਤਰ੍ਹਾਂ ਵਾਪਸ ਬੁਲਾਉਣ ਦੀ ਮੰਗ ਕੀਤੀ ਸੀ। ਹਾਲਾਂਕਿ ਹੁਣ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਉਹ ਡੇਢ ਮਹੀਨੇ ਦੀ ਜੰਗਬੰਦੀ ਲਈ ਰਾਜ਼ੀ ਹੋ ਗਏ ਹਨ। ਹਮਾਸ ਅਜੇ ਵੀ ਗਾਜ਼ਾ ਵਿੱਚ ਲਗਭਗ 100 ਇਜ਼ਰਾਈਲੀ ਬੰਧਕ ਹੋਣ ਦਾ ਦਾਅਵਾ ਕਰਦਾ ਹੈ। ਇਜ਼ਰਾਈਲ ਮੁਤਾਬਕ ਉਸ ਦੇ 134 ਬੰਧਕ ਹਮਾਸ ਦੀ ਕੈਦ ਵਿਚ ਹਨ।

# ਸਲਮਾਨ ਖਾਨ ਨੇ ਵਰੁਣ ਤੇਜ ਦੀ ਫਿਲਮ 'ਅਪਰੇਸ਼ਨ ਵੈਲੇਨਟਾਈਨ' ਦਾ ਟਰੇਲਰ ਕੀਤਾ ਰਿਲੀਜ਼




ਮੁੰਬਈ-ਬੌਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੇ ਵਰੁਣ ਤੇਜ ਅਤੇ ਮਾਨੁਸ਼ੀ ਛਿੱਲਰ ਦੀ ਫਿਲਮ 'ਅਪਰੇਸ਼ਨ ਵੈਲੇਨਟਾਈਨ' ਦਾ ਹਿੰਦੀ ਟਰੇਲਰ ਰਿਲੀਜ਼ ਕੀਤਾ। ਇਹ ਫਿਲਮ ਸੱਚੀਆਂ ਘਟਨਾਵਾਂ ਤੋਂ ਪ੍ਰੇਰਿਤ ਹੈ ਜਿਸ ਦਾ ਨਿਰਦੇਸ਼ਨ ਸ਼ਕਤੀ ਪ੍ਰਤਾਪ ਸਿੰਘ ਹਾਡਾ ਨੇ ਕੀਤਾ। ਇਹ ਫਿਲਮ ਸਾਲ 2019 ਵਿਚ ਹੋਏ ਪੁਲਵਾਮਾ ਹਮਲੇ ਤੇ ਉਸ ਤੋਂ ਬਾਅਦ ਭਾਰਤ ਵਲੋਂ ਕੀਤੀ ਏਅਰ ਸਟ੍ਰਾਇਕ 'ਤੇ ਆਧਾਰਿਤ ਹੈ। ਸਲਮਾਨ ਨੇ ਇੰਸਟਾਗ੍ਰਾਮ 'ਤੇ ਸਟੋਰੀ ਸ਼ੇਅਰ ਕੀਤੀ ਹੈ ਜਿਸ ਦੀ ਕੈਪਸ਼ਨ ਵਿਚ ਉਸ ਨੇ ਲਿਖਿਆ, 'ਜੋ ਹੋਗਾ ਦੇਖਾ ਜਾਏਗਾ!

ਇਸ ਸ਼ਾਨਦਾਰ ਫਿਲਮ ਦਾ ਪੋਸਟਰ ਜਾਰੀ ਕਰਕੇ ਖੁਸ਼ੀ ਹੋਈ, ਵਰੁਣ ਤੇ ਉਸ ਦੀ ਟੀਮ ਨੂੰ ਪਹਿਲੀ ਮਾਰਚ ਲਈ ਸ਼ੁੱਭ ਕਾਮਨਾਵਾਂ।' ਇਸ ਫਿਲਮ ਦਾ ਤੇਲਗੂ ਵਿੱਚ ਟਰੇਲਰ ਅਦਾਕਾਰ ਰਾਮ ਚਰਨ ਵਲੋਂ ਆਨਲਾਈਨ ਜਾਰੀ ਕੀਤਾ ਗਿਆ ਸੀ। ਫਿਲਮ ਦੇ ਟਰੇਲਰ ਵਿਚ ਵਰੁਣ ਤੇਜ ਇੰਡੀਅਨ ਏਅਰ ਫੋਰਸ ਦੇ ਪਾਇਲਟ ਵਜੋਂ ਨਜ਼ਰ ਆਉਂਦਾ ਹੈ ਜੋ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਤਿਆਰ ਹੈ, ਜਦੋਂ ਕਿ ਮਾਨੁਸ਼ੀ ਏਅਰ ਫੋਰਸ ਰਾਡਾਰ ਅਫਸਰ ਦੀ ਭੂਮਿਕਾ ਵਿੱਚ ਨਜ਼ਰ ਆਏਗੀ। ਫਿਲਮ ਦੀ ਕਹਾਣੀ ਸ਼ਕਤੀ ਪ੍ਰਤਾਪ ਸਿੰਘ ਹਾਡਾ, ਆਮਿਰ ਖਾਨ ਅਤੇ ਸਿਧਾਰਥ ਰਾਜ ਕੁਮਾਰ ਨੇ ਲਿਖੀ ਹੈ। ਫਿਲਮ ਪਹਿਲੀ ਮਾਰਚ ਨੂੰ ਤੇਲਗੂ ਅਤੇ ਹਿੰਦੀ ਵਿੱਚ ਰਿਲੀਜ਼ ਹੋਵੇਗੀ।

# ਫਿਲਮ 'ਸ਼ੈਤਾਨ' 8 ਮਾਰਚ ਨੂੰ ਹੋਵੇਗੀ ਰਿਲੀਜ਼




ਮੁੰਬਈ-ਫਿਲਮ ਅਦਾਕਾਰ ਅਜੈ ਦੇਵਗਨ ਨੇ ਆਪਣੀ ਆਉਣ ਵਾਲੀ ਮਨੋਵਿਗਿਆਨਕ ਥ੍ਰਿਲਰ ਫਿਲਮ 'ਸ਼ੈਤਾਨ' ਦਾ ਪੋਸਟਰ ਜਾਰੀ ਕੀਤਾ ਹੈ। ਅਜੈ ਦੇਵਗਨ ਨੇ ਇੰਸਟਾਗ੍ਰਾਮ 'ਤੇ ਫਿਲਮ ਦਾ ਪੋਸਟਰ ਸਾਂਝਾ ਕਰਦਿਆਂ ਕਿਹਾ, 'ਜਦੋਂ ਗੱਲ ਆਪਣੇ ਪਰਿਵਾਰ 'ਤੇ ਆਏ ਤਾਂ ਉਹ ਹਰ ਸ਼ੈਤਾਨ ਨਾਲ ਲੜ ਜਾਵੇਗਾ। ਇਹ ਫਿਲਮ ਸਿਨੇਮਾ ਘਰਾਂ ਵਿਚ 8 ਮਾਰਚ 2024 ਨੂੰ ਰਿਲੀਜ਼ ਹੋਵੇਗੀ।' ਪੋਸਟਰ ਵਿਚ ਅਜੈ ਦੇਵਗਨ ਜ਼ਬਰਦਸਤ ਅੰਦਾਜ਼ ਵਿਚ ਦਿਖਾਈ ਦੇ ਰਿਹਾ ਹੈ। ਪੋਸਟਰ 'ਤੇ ਟਿੱਪਣੀ ਕਰਦਿਆਂ ਇਕ ਪ੍ਰਸ਼ੰਸਕ ਨੇ ਲਿਖਿਆ, 'ਇੰਤਜ਼ਾਰ ਨਹੀਂ ਕਰ ਸਕਦਾ।' ਇਕ ਹੋਰ ਨੇ ਲਿਖਿਆ, 'ਟਰੇਲਰ ਕਦੋਂ ਆਏਗਾ ਸਰ।' ਫਿਲਮ ਵਿੱਚ ਆਰ ਮਾਧਵਨ ਅਤੇ ਜਯੋਤਿਕਾ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਦੇ ਟੀਜ਼ਰ ਨੂੰ ਪ੍ਰਸ਼ੰਸਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ।

ਟੀਜ਼ਰ ਵਿੱਚ ਸ਼ੈਤਾਨ ਦੀ ਦੁਨੀਆ ਦੀ ਝਲਕ ਦਿਖਾਈ ਗਈ ਹੈ। ਫਿਲਮ ਦਾ ਨਿਰਮਾਣ ਅਜੈ ਦੇਵਗਨ ਨੇ ਕੀਤਾ ਹੈ ਜਦਕਿ ਫਿਲਮ ਦੇ ਨਿਰਦੇਸ਼ਕ ਵਿਕਾਸ ਬਹਿਲ ਹਨ।

# • ਪੰਜਾਬੀ ਫ਼ਿਲਮ ਦਰਪਣ •

## ਈਸ਼ਾ ਰਿਖੀ ਤੇ ਯੋਗਰਾਜ ਸਿੰਘ ਕਿਸਨੇ ਕਿਹਾ "ਬੂ ਮੈਂ ਡਰਗੀ"



ਮਨਜੀਤ ਸਿੰਘ ਟੋਨੀ ਦੇ ਦਿਲ ਦਿਮਾਗ ਦੀ ਸੋਚ ਬਣ ਜਾਵਾਂਗਾ ਇੱਕ ਦਿਨ ਸਟਾਰ ਡਾਇਰੈਕਟਰ ਅੱਜ ਪੂਰੀ ਹੁੰਦੀ ਨਜ਼ਰ ਆ ਰਹੀ ਹੈ ।ਸਟਾਰ ਯੋਗਰਾਜ ਸਿੰਘ ਜਿਹਨਾਂ ਮਨਜੀਤ ਦੀ ਇਸ ਹਫਤੇ ਪਰਦੇ ਤੇ ਡਰਾਵਣੀ ਹਾਸਰਸ ਸੰਗੀਤਕ ਫ਼ਿਲਮ "ਬੂ ਮੈਂ ਡਰਗੀ" ਵਿੱਚ ਕੰਮ ਕੀਤਾ ਹੈ ਨੇ ਕਿਹਾ ਕਿ ਇਸ ਦੇ ਪ੍ਰਚਾਰ ਲਈ ਦਿਨ ਰਾਤ ਹਾਜ਼ਿਰ ਹਾਂ, ਇਸ ਦਾ ਲਾਭ ਮੈਨੂੰ, ਟੋਨੀ, ਈਸ਼ਾ ਰਿਖੀ ਰੌਸ਼ਨ ਪ੍ਰਿੰਸ ਤੇ ਕਰਮਜੀਤ ਅਨਮੋਲ ਨੂੰ ਹੋਊ। ਨਿਸ਼ਾ ਬਾਨੋ, ਪਰਵੀਨ ਅਖ਼ਤਰ, ਗੁਰਮੀਤ ਸਾਜਨ ਵੀ ਇਸ ਫ਼ਿਲਮ ਵਿੱਚ ਹਨ। ਇਸ ਫ਼ਿਲਮ ਦੀਆਂ ਬਹੁਤ ਰੀਲਾਂ ਵਾਇਰਲ ਹੋਈਆਂ ਹਨ ਤੇ ਫ਼ਿਲਮ ਦੀ ਪੂਰੀ ਪੂਰੀ ਗੱਲਬਾਤ ਹੈ। ਯੋਗਰਾਜ ਸਿੰਘ, ਰੌਸ਼ਨ ਪ੍ਰਿੰਸ, ਈਸ਼ਾ, ਗੁਰਮੀਤ ਸਾਜਨ ਤੇ ਨਿਸ਼ਾ ਬਾਨੋ ਕਰਮਜੀਤ ਅਨਮੋਲ ਮੁਬਾਰਕ 1 ਮਾਰਚ ਲਈ।

## ਸੰਦੀਪ ਕੌਰ ਸੱਚੀਂ ਸਨ ਦਾ ਦੀਪ ਬਣੀ ਸੰਗੀਤ ਸੰਸਾਰ ਦੀ ਰਾਣੀ

ਸੋਹਣੀ ਕਿ ਨਿਰੀ ਹੀਰੋਇਨ ਪਰ ਓਸ ਨੇ



ਰੱਬ ਦੀ ਰਜ਼ਾ ਨਾਲ ਸਟਾਰ ਗਾਇਕ ਰਾਣਾ ਸੰਧੂ ਦੀ ਜੀਵਨ ਰਾਣੀ ਬਣ ਆਪਣੇ ਆਪ ਨੂੰ ਸੀਈਓ ਐਸ ਆਡੀਓ ਤੇ ਹੁਣ ਸੰਧੂ ਬੋਅਜ਼ ਨੂੰ ਚਲਾ ਰਹੀ ਸੰਦੀਪ ਕੌਰ ਸੰਧੂ ਸੈੱਟ ਤੇ ਵੀਡਿਓ ਐਲਬਮ ਫਿਲਮਾਕਣ ਤੇ ਮਾਡਲ ਚੋਣ ਸਮੇਂ ਬਹੁਤ ਕੰਮ ਕਰਦੀ ਹੈ। ਇਹ ਸੰਦੀਪ ਹੀ ਹੈ ਜਿਸ ਨੇ ਆਪਣੇ ਪਤੀ ਨੂੰ ਹੁਣ ਫਿਲਮੀ ਪਰਦੇ ਤੇ ਲਿਆਉਣ ਦਾ ਫੈਸਲਾ ਕੀਤਾ ਹੈ। ਸੰਦੀਪ ਕੌਰ ਸੰਧੂ ਨੀ ਯੂ ਕੇ ਦੇ ਪੰਜਾਬੀ ਗਾਇਕ ਸੰਸਾਰ ਤੇ ਭਾਰਤ ਦੁਨੀਆਂ ਦੇ ਪੰਜਾਬੀ ਸੰਗੀਤ ਪਲੇਟਫਾਰਮ ਖ਼ੂਬ ਜਾਣਦੇ ਹਨ। "ਜੇਲ ਯਾਤਰਾ" "ਖੁੰਢ ਪੁਰਾਣੇ" ਓਸ ਦੇ ਪੇਸ਼ਕਸ਼ ਟਰੈਕ ਦਸ ਰਹੇ ਨੇ ਕਿ ਸੰਧੂਆਂ ਦੀ ਸੰਦੀਪ ਕੌਰ ਸੰਗੀਤ ਸੰਸਾਰ ਦਾ ਦੀਪ ਹੈ।

## ਪੰਮਾ ਮੱਲ੍ਹੀ ਨੌਕਰੀ ਨੰਬਰ ਵੰਨ- ਗਾਇਕੀ ਨੰਬਰ ਵੰਨ

"ਮੋਰਨੀ" ਗੀਤ ਨੇ ਗਾਇਕ ਸੰਸਾਰ ਨੂੰ



ਦੱਸ ਦਿੱਤਾ ਸੀ ਕਿ ਪੰਮਾ ਮੱਲ੍ਹੀ ਸਟਾਰ ਗਾਇਕ ਬਣੇਗਾ ਤੇ ਅੱਜ "ਸਲੂਟ" "ਸਾਰਾ ਪਿੰਡ" ਓਸ ਦੇ ਗਾਏ ਦੋਗਾਣੇ ਧਮਾਲ ਮਚਾ ਰਹੇ ਹਨ। ਉਧਰ "ਕਰੋਨਾ" ਗਾਣਾ ਅੱਜ ਵੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਟਵਿੱਟਰ ਦਾ ਸ਼ਿੰਗਾਰ ਹੈ ।ਗਾਇਕ ਬਣ ਤਿੰਨ ਨਵੇਂ ਟਰੈਕ ਲਿਆ ਰਹੇ ਪੰਮਾ ਮੱਲ੍ਹੀ ਨੇ ਐੱਸ ਐੱਚ ਓ ਮਾਹਿਲਪੁਰ ਤੇ ਹੁਣ ਗੜ੍ਹਸ਼ੰਕਰ ਬਣ ਨਸ਼ੇ ਦੇ ਸੌਦਾਗਰ ਘਰੇ ਜੇਲ ਪਹੁੰਚਾ ਦਿੱਤੇ ਹਨ। ਦੇਖ ਲਓ ਸੰਗੀਤ ਸਾਧਨਾ ਵੀ ਤੇ ਸਰਕਾਰੀ ਇਮਾਨਦਾਰੀ ਡਿਊਟੀ ਵੀ ਤੇ ਪੰਮਾ ਮੱਲ੍ਹੀ ਤੇ ਤਾਂ ਕੋਈ ਡਾਕੂਮੈਂਟਰੀ ਫ਼ਿਲਮ ਬਣੇ ਤਾਂ ਪਤਾ ਚਲੇ ਕਿ ਦਲੇਰ ਅ਼ਫਸਰ ਤੇ ਸੁਰੀਲਾ ਗਾਇਕ ਫਿਲਮੀ ਗਾਇਕ ਤੇ ਅਭਿਨੇਤਾ ਵੀ ਬਣ ਸਕਦਾ ਹੈ।

## ਰਾਮ ਦੀ ਗੁਰੂ ਰਵਿਦਾਸ ਮਹਾਰਾਜ ਦੀ ਸੰਗੀਤਕ ਭਗਤੀ



ਦਸ ਦੇ ਕਰੀਬ ਗੁਰੂ ਰਵਿਦਾਸ ਮਹਾਰਾਜ ਜੀ ਤੇ ਸ਼ਰਧਾ ਵਾਲੇ ਗਾਣੇ ਰਾਮ ਭੋਗਪੁਰ ਨੇ ਰਲੀਜ਼ ਕਰ ਦੱਸਿਆ ਏ ਕਿ ਸਰਬ ਧਰਮ ਇੱਕ ਓਹਨਾਂ ਦੀ ਸੋਚ ਤੇ ਗੁਰੂ ਨਾਨਕ ਦੇਵ ਜੀ ਦੇ ਪੁਰਬ ਤੋਂ ਬਾਅਦ ਹੁਣ ਗੁਰੂ ਰਵਿਦਾਸ ਮਹਾਰਾਜ ਜੀ ਤੇ ਪੁਰਬ ਤੇ ਆਰ ਜੇ ਬੀਟਸ ਵੱਲੋਂ ਓਹਨਾਂ ਆਪਣੀ ਸ਼ਰਧਾ ਦਰਸਾਈ ਹੈ। ਅਮਨ ਕਮਾਮ, ਆਰ ਡੀ ਸਾਗਰ ਬੀ ਮੱਲ੍ਹੀ ਪੰਮਾ ਮੱਲ੍ਹੀ ਸਰਦਾਰ ਅਲੀ ਤੇ ਕੁਮਾਰ ਅਨੰਦ ਦੇ ਟਰੈਕ ਓਹਨਾਂ ਦੀ ਦੇਣ ਹਨ। ਦਰਅਸਲ ਇਹੀ ਰਾਮ ਨੇ ਜਿਹਨਾਂ ਅਯੁੱਧਿਆ ਮੰਦਿਰ ਤੇ ਗਾਣੇ ਬਾਲੀਵੁੱਡ ਤੋ, ਗੁਰੂ ਨਾਨਕ ਦੇਵ ਜੀ ਲਈ ਜਾਪ ਬਾਲੀਵੁੱਡ ਤੋ ਕਰਵਾਏ ਤੇ ਹੁਣ ਗੁਰੂ ਰਵਿਦਾਸ ਜੀ ਨੂੰ ਸ਼ਰਧਾ ਅਰਪਿਤ ਕੀਤੀ ਹੈ। ਉਮੀਦ ਐ ਜਲਦੀ ਕੋਈ ਪੰਜਾਬੀ ਫ਼ਿਲਮ ਵੀ ਓਹ ਕਰਨਗੇ।

## ਸਰਬ ਮਜੀਠਾ ਵਿਆਹ ਬਾਅਦ ਤਰੱਕੀ

ਕਹਿੰਦੇ ਨੇ ਵਿਆਹ ਮੋਤੀ ਚੂਰ ਦਾ ਲੱਡੂ ਹੁੰਦਾ ਖਾਂਦਾ ਪਛਤਾਉਂਦਾ ਏ ਨਹੀਂ ਖਾਂਦਾ ਓਹ ਵੀ ਪਛਤਾਏ ਪਰ ਅਭਿਨੇਤਾ ਤੇ ਲੇਖਕ ਸਰਬ ਮਜੀਠਾ ਇਸ ਤੋਂ ਉਲਟ ਹੈ ਓਹ ਤਾਂ ਆਖਦਾ



ਹੈ ਕਿ ਸ੍ਰੀਮਤੀ ਦੇ ਆਓਣ ਨਾਲ ਓਹ ਲਿਖਣ ਵਿੱਚ ਵੀ ਅੱਗੇ ਵਧੀਆ ਏ ਤੇ ਲਘੂ ਫ਼ਿਲਮਾਂ ਦੇ ਲੇਖਕ ਨਿਰਦੇਸ਼ਕ ਵਜੋਂ ਓਸ ਦੀ ਕਾਰਗੁਜ਼ਾਰੀ ਨੂੰ ਸਨਮਾਨ ਮਿਲੇ ਹਨ। ਹੋਰ ਤੇ ਹੋਰ ਸਰਵਿਸ ਵੀ ਵਧੀਆ ਚਲ ਰਹੀ ਹੈ ਤੇ ਅੱਜ ਹਰਜੀਤ ਹਰਮਨ, ਅਰਵਿੰਦਰ ਭੱਟੀ, ਬਿਕਰਮ ਗਿੱਲ "ਘੁੱਲੇ ਸ਼ਾਹ ਤੱਕ ਚੰਗੀ ਗੱਲ ਬਾਤ ਹੈ ਤੇ ਵਿਆਹ ਨੇ ਓਸ ਨੂੰ ਪੰਜਾਬੀ ਸਿਨੇਮਾ ਦਾ ਇੱਕ ਦਿਨ ਸਟਾਰ ਬਣਾ ਦੇਣਾ, ਸ਼ੁੱਭ ਵਿਆਹ ਪਿਆਰੀ ਪਤਨੀ ਵਧਾਈ ਸਰਬ ਮਜੀਠਾ ਤੇ ਸਰਬ ਮਜੀਠਾ ਹੁਣ ਇੱਕ ਵੱਡੀ ਫਿਲਮ ਗੁਰ ਰੰਧਾਵਾ ਨਾਲ ਕਰ ਰਿਹਾ ਹੈ ਤੇ ਨੇਹਾ ਮੂਵੀਜ਼ ਦੀ ਫਿਲਮ ਲਈ ਗੀਤ ਲਿਖ ਰਿਹਾ ਹੈ।

## ਰਾਣਾ ਸੰਧੂ ਦੀ "ਜੇਲ ਯਾਤਰਾ" ਸੰਧੂ ਬੋਅਜ਼ ਦੇ ਨਾਲ



ਯੂ ਕੇ ਦੇ ਹਰਮਨਪਿਆਰੇ ਪੰਜਾਬੀ ਗਾਇਕ ਤੇ ਅਭਿਨੇਤਾ ਰਾਣਾ ਸੰਧੂ ਦਾ ਨਵਾਂ ਦੋਗਾਣਾ "ਜੇਲ ਯਾਤਰਾ" ਆ ਕਿ ਕਾਮਯਾਬੀ ਦੇ ਵੱਡੇ ਰਿਕਾਰਡ ਬਣਾ ਰਿਹਾ ਹੈ। ਰਾਣਾ ਸੰਧੂ ਨੂੰ ਸੰਧੂ ਬੋਅਜ਼ ਨੇ ਆਪਣੇ ਵਿਸ਼ਾਲ ਤਰੀਕੇ ਨਾਲ ਦੋਗਾਣਾ "ਜੇਲ ਯਾਤਰਾ" ਦੁਨੀਆਂ ਭਰ ਪਹੁੰਚ ਕਰ ਕਿ ਗਾਇਕ ਰਾਣਾ ਸੰਧੂ ਦਾ ਜਸਮੀਨ ਅਖ਼ਤਰ ਨਾਲ ਇਹ ਦੋਗਾਣਾ ਇੰਜ ਹੀ ਯਾਦ ਕਰਵਾਉਣ ਵਾਲਾ ਬਣਾ ਦਿੱਤਾ ਜਿਵੇਂ ਕਿਸੇ ਨੂੰ ਆਪਣੀ ਜੇਲ ਯਾਤਰਾ ਯਾਦ ਰਹਿੰਦੀ ਖੈਰ ਦੋਗਾਣਾ ਜਨ ਜੀਵਨ ਦੀ ਗੱਲ ਦਵਿੰਦਰ ਬੋਪਾਰਾਏ, ਸੰਧੂਆਂ ਦੀ ਪਿਆਰੀ ਕੁੜੀ ਸੰਦੀਪ ਕੌਰ ਦੇ ਸਹਿਯੋਗ ਨਾਲ ਰਾਣਾ ਸੰਧੂ ਪੰਜਾਬੀ ਗਾਇਕੀ ਵਿੱਚ ਫਿਰ ਚੋਟੀ ਤੇ ਹੈ। ਰਾਣਾ ਸੰਧੂ ਯੂ ਕੇ ਤੇ ਪੰਜਾਬ ਦੇ ਅਧਾਰਿਤ ਇੱਕ ਫਿਲਮ ਵੀ ਕਰ ਰਹੇ ਹਨ।

ਪੇਸ਼ਕਸ਼: ਅੰਮ੍ਰਿਤ ਪਵਾਰ

## ਬਾਲੀਵੁੱਡ ਨੂੰ ਟੱਕਰ ਦੇਣ ਵਾਲੀ ਸਾਊਥ ਦੀ ਨਯਨਤਾਰਾ



ਅੱਜ ਭਾਰਤ ਵਿੱਚ ਬਾਲੀਵੁੱਡ ਨੂੰ ਵੱਡੀ ਟੱਕਰ ਸਾਊਥ ਨੇ ਦਿੱਤੀ ਹੈ, ਹਰ ਸਾਊਥ ਫ਼ਿਲਮ ਹਿੱਟ ਜਾ ਰਹੀ ਹੈ ਤੇ ਖਾਸ ਇਹ ਕਿ 6 ਮਹੀਨੇ ਵਿੱਚ ਹੀ ਹਿੰਦੀ ਵਿੱਚ ਇਹ ਫ਼ਿਲਮਾਂ ਕਲਰ ਸਿਨੇ ਪਲੇਕਸ, ਸਿਨੇ ਪਲੈਕਸ, ਕੜਕ ਟੀਵੀ, ਵਾਓ ਸਿਨੇਮਾ, ਸਿਨੇਮਾ ਟੀਵੀ ਤੇ ਗੋਲਦਮਾਈਨ ਟੀਵੀ ਚੈਨਲਾਂ ਤੇ ਆ ਰਹੀਆਂ ਹਨ। ਇਸ ਹਿਸਾਬ ਨਾਲ 15 ਸਾਲ ਤੋਂ 2024 ਜਨਵਰੀ ਤਕ ਨਯਨਤਾਰਾ ਇਹਨਾਂ ਤਮਿਲ ਫ਼ਿਲਮਾਂ ਦੇ ਨਾਲ ਮਲਿਆਲਮ ਤੇ ਤੇਲਗੂ ਤੇ ਹੁਣ ਅਪ੍ਰਤੱਖ ਰੂਪ ਵਿੱਚ ਹਿੰਦੀ ਦਰਸ਼ਕਾਂ ਦੀ ਵੀ ਸਟਾਰ ਹੈ। ਤੁਲਸੀ, ਬਿੱਲਾ, ਸਲੂਟ ਵਾਲੀ ਨਯਨਤਾਰਾ ਨੇ ਸਿਵਜਸੀ ਤੇ ਬੌਸ 18 ਸਾਲ ਪਹਿਲੇ ਸਫਲ ਫ਼ਿਲਮਾਂ ਬਤੌਰ ਨਾਇਕਾ ਦਿੱਤੀਆਂ ਹਨ।

9 ਸਾਲ ਪਹਿਲੇ ਆਈ, "ਮਾਇਆ" ਤੇ 3 ਸਾਲ ਪਹਿਲਾ ਰਜਨੀਕਾਂਤ ਨਾਲ "ਦਰਬਾਰ" ਦੀ ਸਫਲ ਨਾਇਕਾ ਓਹੀ ਤਾਰਾ ਹੈ ਜਿਸ ਦੇ ਨੈਣ ਅੱਜ ਵੀ ਕਾਮਯਾਬੀ ਦੇ ਸਰੂਰ ਨਾਲ ਭਰੇ ਹੋਏ ਹਨ। ਗੌਡਫਤੂਰ ਤੇ ਪਿਛਲੇ ਸਾਲ , "ਅੰਨਪੂਰਣਾ" ਦੀ ਕਾਮਯਾਬ ਨਾਇਕਾ ਇਹੀ ਨਯਨਤਾਰਾ ਸੀ। ਚੇਨਈ ਦੀ ਜੰਮਪਲ ਇਹ ਨਾਇਕਾ 40 ਸਾਲ ਦੀ ਹੋ ਕਿ ਵੀ ਆਮ 18 ਸਾਲ ਦੀਆਂ ਹੀਰੋਇਨਾਂ ਤੇ ਭਾਰੂ ਹੈ ਤੇ ਇਸ ਸਾਲ ਬਾਲੀਵੁੱਡ ਫ਼ਿਲਮ "ਲਿਓਨ" ਵਿੱਚ ਨਜ਼ਰ ਆਏਗੀ।

ਅੰਮ੍ਰਿਤ ਪਵਾਰ

# ਪੀਣ ਵਾਲਿਓ - ਸੰਭਲ ਜਾਓ

**ANIL DHEER**
Columnist Alternative Therapist
Certified in IPC, Tropicalí Dí (WíHíO)
Covid-19 Vaccine-specific resources
PHR, UNICEF & Health Educator Awardee



"ਵਿਸ਼ਵ ਭਰ ਵਿੱਚ ਅੱਜ ਛੋਟੀ ਉਮਰ 'ਚ ਹੀ ਜੋ ਬੱਚੇ ਅਲਕੋਹਲ ਦੀ ਦੁਰਵਰਤੋਂ ਸ਼ੁਰੂ ਕਰ ਦਿੰਦੇ ਹਨ, ਬੁਢਾਪੇ ਦੀਆਂ ਬਿਮਾਰੀਆਂ ਜਵਾਨੀ ਵਿਚ ਆ ਘੇਰਦੀਆਂ ਹਨ। ਪੀਣ ਵਾਲਿਆਂ ਨੂੰ ਜਿਗਰ, ਦਿਲ ਦੀ ਬਿਮਾਰੀ, ਡਿਪ੍ਰੈਸ਼ਨ, ਸਟ੍ਰੋਕ, 'ਤੇ ਪੇਟ ਦੇ ਖ਼ੂਨ ਵਗਣ ਦੇ ਨਾਲ-ਨਾਲ ਮੌਖਿਕ ਖੋਲ, ਗਲੇ ਦੀ ਹੱਡੀ, ਜਿਗਰ, ਕੋਲਨ, ਅਤੇ ਗੁਦਾ ਦਾ ਕੈਂਸਰ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਅੱਜ ਸੰਭਲਣ ਦੀ ਲੋੜ ਹੈ"-

ਹੈਲਥ ਮੀਡੀਆ ਕੈਨੇਡਾ : (ਅਨਿਲ ਧੀਰ) ਸੰਯੁਕਤ ਰਾਜ ਅਮਰੀਕਾ ਦਾ ਅੰਕੜਾ 5.6% ਕੈਂਸਰ ਦੇ ਕੇਸ ਅਤੇ 4.0% ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵੱਧ ਅਲਕੋਹਲ ਦੀ ਵਰਤੋਂ ਕਾਰਨ ਹੋ ਰਹੀਆਂ ਹਨ। ਬਹੁਤ ਜ਼ਿਆਦਾ ਪੀਣਾ-ਇੱਕ ਬਾਰ ਜਾਂ ਸਮੇਂ ਦੇ ਨਾਲ-ਨਾਲ ਸਰੀਰ 'ਤੇ ਮਨ ਪੂਰੀ ਤਰਾਂ ਕਮਜ਼ੋਰ ਕਰ ਦਿੰਦਾ ਹੈ। ਗੰਭੀਰ ਅਲਕੋਹਲ ਨਾਲ ਜੁੜੇ ਹੈਪੇਟਾਈਟਸ ਦੇ ਰੋਗੀਆਂ 'ਚ, ਪੂਰਵ ਅਨੁਮਾਨ ਮਾੜਾ ਹੁੰਦਾ ਹੈ। ਡਾਇਗਨੋਸ ਦੇ 3 ਮਹੀਨੇ ਅੰਦਰ ਮੌਤ ਦਰ 20-40% ਦੇਖੀ ਗਈ ਹੈ। ਅੱਜ ਛੋਟੀ ਉਮਰ 'ਚ ਹੀ ਜੋ ਬੱਚੇ ਅਲਕੋਹਲ ਦੀ ਦੁਰਵਰਤੋਂ ਸ਼ੁਰੂ ਕਰ ਦਿੰਦੇ ਹਨ, ਬੁਢਾਪੇ ਦੀਆਂ ਬਿਮਾਰੀਆਂ ਜਵਾਨੀ ਵਿਚ ਆ ਘੇਰਦੀਆਂ ਹਨ। ਸਾਲ 2021 ਵਿਚ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਜ਼ਿਗਰ ਦੀ ਬਿਮਾਰੀ ਨਾਲ ਕਰੀਬਨ 98,475 ਵਿਅਕਤੀ ਮੌਤ ਦੇ ਸ਼ਿਕਾਰ ਹੋਏ। ਇੱਕ ਰਿਸਰਚ ਮੁਤਾਬਿਕ ਜੋ ਲੋਕ ਅਲਕੋਹਲ ਦੀ ਦੁਰਵਰਤੋਂ ਕਰਦੇ ਹਨ। ਉਨਾਂ ਨੂੰ ਜਿਗਰ, ਦਿਲ ਦੀ ਬਿਮਾਰੀ, ਡਿਪ੍ਰੈਸ਼ਨ, ਸਟ੍ਰੋਕ, 'ਤੇ ਪੇਟ ਦੇ ਖੂਨ ਵਗਣ ਦੇ ਨਾਲ-ਨਾਲ ਮੌਖਿਕ ਖੋਲ, ਗਲੇ ਦੀ ਹੱਡੀ, ਜਿਗਰ, ਕੋਲਨ, ਅਤੇ ਗੁਦਾ ਦਾ ਕੈਂਸਰ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ।

ਸਰੀਰ ਦੇ ਹਰ ਹਿੱਸੇ 'ਤੇ ਮਾੜਾ ਅਸਰ :

ਹਰ ਆਦਮੀ ਜਾਣਦਾ ਹੈ ਕਿ ਅਲਕੋਹਲ ਦੀ ਦੁਰਵਰਤੋਂ ਖਤਰਨਾਕ ਬਿਮਾਰੀਆਂ ਨੂੰ ਸੱਦਾ ਦੇਣ ਵਾਲੀ ਗੱਲ ਹੈ।

ਜ਼ਿਆਦਾ ਸ਼ਰਾਬ ਪੀਣ ਨਾਲ ਜ਼ਿਗਰ, ਜ਼ਿਗਰ ਦੀ ਸੋਜ਼, ਸਟੀਟੋਸਿਸ, ਜਾਂ ਫੈਟੀ ਲਿਵਰ, ਅਲਕੋਹਲਿਕ ਹੈਪੇਟਾਈਟਸ, ਫਾਈਬਰੋਸਿਸ ਅਤੇ ਸਿਰੋਸਿਸ ਬਗੈਰਾ ਬਿਮਾਰੀਆਂ ਘੇਰ ਲੈਂਦੀਆਂ ਹਨ।

ਅਲਕੋਹਲ ਪੈਨਕ੍ਰੀਅਸ ਨੂੰ ਜ਼ਹਿਰੀਲੇ




ਪਦਾਰਥ ਪੈਦਾ ਕਰਨ ਦਾ ਕਾਰਨ ਬਣਨ ਨਾਲ ਪੈਨਕ੍ਰੀਆਟਿਸ ਦੀ ਸੰਭਾਵਨਾ ਬਣਾ ਦਿੰਦਾ ਹੈ। ਪੈਨਕ੍ਰਆਸ ਵਿਚ ਇੱਕ ਖਤਰਨਾਕ ਸੋਜਸ਼ ਜੋ ਇਸਦੀ ਸੋਜ ਅਤੇ ਦਰਦ ਦਾ ਕਾਰਨ ਬਣਦੀ ਹੈ ਅਤੇ ਠੀਕ ਪਾਚਨ ਲਈ ਐਂਜ਼ਾਈਮ ਅਤੇ ਹਾਰਮੋਨ ਬਣਾਉਣ ਦੀ ਸਮਰਥਾ ਨੂੰ ਬਿਗਾੜ ਦਿੰਦੀ ਹੈ।

ਜ਼ਿਆਦਾ ਸ਼ਰਾਬ ਦਿਮਾਗ ਦੇ ਸੰਚਾਰ ਮਾਰਗਾਂ 'ਚ ਦਖਲਅੰਦਾਜ਼ੀ ਕਰਕੇ ਬ੍ਰੇਨ ਦੇ ਦਿੱਖ ਅਤੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਕੇ ਰੁਕਾਵਟਾਂ ਮੂਡ, 'ਤੇ ਬਦਲ ਦਿੰਦੀ ਹੈ। ਸੋਚਨ-ਸਮਝਣ ਦੀ ਸ਼ਕਤੀ ਘੱਟ ਹੋ ਜਾਣ ਨਾਲ ਲਾਈਫ 'ਚ ਅੱਗੇ ਵੱਧਣਾ ਮੁਸ਼ਕਲ ਹੋ ਜਾਂਦਾ ਹੈ।

ਲੰਬੇ ਸਮੇਂ ਤੋਂ ਜ਼ਿਆਦਾ ਪੀਣ ਵਾਲਿਆਂ ਦਾ ਬਲੱਡ-ਪ੍ਰੈਸ਼ਰ ਵਧਿਆ ਰਹਿੰਦਾ ਹੈ। ਦਿਲ ਦੀਆਂ ਮਾਸਪੇਸ਼ੀਆਂ ਵਿਚ ਖਿਚਾਅ, ਕਮਜ਼ੋਰ ਹੋ ਜਾਣ ਨਾਲ ਦਿਲ ਦੀ ਧੜਕਣ ਅਨਿਯਮਿਤ ਹੋ ਸਕਦੀ ਹੈ। ਸਟ੍ਰੋਕ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਨੈਸ਼ਨਲ ਕੈਂਸਰ ਇੰਸਟੀਚਿਊਟ ਮੁਤਾਬਿਕ: ਵਿਅਕਤੀ ਜਿੰਨਾ ਜ਼ਿਆਦਾ ਸ਼ਰਾਬ ਪੀਂਦਾ ਹੈ, ਨੂੰ ਉਨ੍ਹਾਂ ਹੀ ਅਲਕੋਹਲ ਕਾਰਨ ਹੋਣ ਵਾਲੇ ਕੈਂਸਰ ਦਾ ਖਤਰਾ ਵੱਧਦਾ ਹੈ। ਕੈਂਸਰ ਦਾ ਵੱਧ ਰਿਹਾ ਘੇਰਾ ਅਤੇ ਸ਼ਰਾਬ ਦੀ ਵੱਧ ਰਹੀ ਖਪਤ ਸਰੀਰ ਦੇ ਹਰ ਕਿਸਮ ਦੇ ਕੈਸਰ ਨੂੰ ਬੁਲਾਵਾ ਦੇਣ ਵਾਲੀ ਗੱਲ ਹੋ ਰਹੀ ਹੈ।

ਈਸੋਫੀਗਲ ਕੈਂਸਰ, ਇਸ ਤੋਂ ਇਲਾਵਾ, ਜਿਹੜੇ ਲੋਕ ਅਲਕੋਹਲ ਨੂੰ ਮੈਟਾਬੋਲਾਈਜ਼ ਕਰਨ ਵਾਲੇ ਐਨਜ਼ਾਈਮ ਦੀ ਕਮੀ ਪ੍ਰਾਪਤ ਕਰਦੇ ਹਨ, ਜੇਕਰ ਉਹ ਲੋਕਾਂ ਨੂੰ ਈਸੋਫੀਗਲ ਸਕੇਮੁਅਸ ਸੈੱਲ ਕਾਰਸੀਨੋਮਾ ਦਾ ਖਤਰਾ ਕਾਫੀ ਤੇਜ਼ੀ ਨਾਲ ਵੱਧ ਜਾਂਦਾ ਹੈ।

ਜੋ ਔਰਤਾਂ ਜ਼ਿਆਦਾ ਅਲਕੋਹਲ ਲੈਂਦੀਆਂ ਹਨ, ਉਹਨਾਂ ਨੂੰ ਬ੍ਰੈਸਟ 'ਤੇ ਬ੍ਰੇਨ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਪ੍ਰੈਗਨੈਂਸੀ ਦੌਰਾਣ ਜੋ ਔਰਤਾਂ ਵਾਧੂ ਪੀਂਦੀਆਂ ਹਨ, ਪੇਟ ਅੰਦਰ ਪੱਲ ਰਿਹਾ ਬੱਚਾ ਸਰੀਰਕ - ਮਾਨਸਿਕ ਤੌਰ 'ਤੇ ਅਪੰਗਤਾ ਦਾ ਸ਼ਿਕਾਰ ਹੋ ਜਾਣ ਨਾਲ, ਜਾਨ ਜਾਣ ਦਾ ਖਤਰਾ ਵੀ ਵੱਧ ਜਾਂਦਾ ਹੈ।

ਅਲਕੋਹਲ ਦਾ ਜ਼ਿਆਦਾ ਇਸਤੇਮਾਲ ਇਨਸਾਨ ਨੂੰ ਸਰਰਿਕ 'ਤੇ ਮਾਨਸਿਕ ਤੌਰ 'ਤੇ ਪੰਗੂ ਬਣਾ ਰਿਹਾ ਹੈ। ਜੱਦ ਈਮੀਊਨ ਸਿਸਟਮ ਕਮਜ਼ੋਰ ਹੋ ਗਿਆ ਤਾਂ ਸਮਝੋ ਸਰੀਰ ਅਤੇ ਮਨ ਦੀ ਹਰ ਬਿਮਾਰੀ ਤੁਹਾਡੇ 'ਤੇ ਅਟੈਕ ਕਰਨ ਲਈ ਤਿਆਰ ਖੜੀ ਹੈ। ਇਸ ਹਾਲਤ 'ਚ ਬਿਮਾਰੀਆਂ ਨਾਲ ਲੜਨ ਦੀ ਤਾਕਤ ਖਤਮ ਵੀ ਹੋ ਸਕਦੀ ਹੈ।

ਸੀ.ਡੀ.ਸੀ ਦੀ ਰਿਪੋਰਟ ਵਿਚ ਪੋਸ਼ਣ ਵਿਗਿਆਨੀਆਂ ਮੁਤਾਬਿਕ ਪੀਣ ਵਾਲੇ ਕੁੱਝ ਰੂਲ ਫਾਲੋ ਕਰ ਸਕਦੇ ਹਨ। ਸ਼ਰਾਬ ਨਾਲ ਆਪਸੀ ਰਿਸ਼ਤਿਆਂ ਦਾ ਮੁੜ ਮੁਲਾਂਕਣ ਕਰਨ ਦਾ ਸਮਾਂ ਵੀ ਹੋ ਸਕਦਾ ਹੈ। ਅਲਕੋਹਲ ਇੱਕ ਡਾਇਯੂਰੇਟਿਕ ਯਾਨਿ ਜ਼ਿਆਦਾ ਪਿਸ਼ਾਬ ਆਉਣਾ, ਪੀਣ ਵਾਲੇ ਨੂੰ ਡੀਹਾਈਡ੍ਰੇਟ ਕਰ ਸਕਦਾ ਹੈ।

ਬਿਮਾਰੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਫੈਮਿਲੀ ਡਾਕਟਰ ਦੀ ਸਲਾਹ ਨਾਲ, ਤੰਦਰੁਸਤ ਔਰਤਾਂ ਇੱਕ ਅਤੇ ਤੰਦਰੁਸਤ ਮਰਦ ਡੇਲੀ ਦੋ ਤੋਂ ਵੱਧ ਡ੍ਰਿੰਕ ਲੈ ਸਕਦੇ ਹਨ।

ਖਾਲੀ ਪੇਟ ਕਦੇ ਨਾ ਪੀਓ। ਜੱਦ ਤੁਹਾਡੇ ਪੇਟ ਵਿਚ ਭੋਜਨ ਨਹੀਂ ਹੋਵੇਗਾ ਤਾਂ ਤੁਹਾਡਾ ਸਰੀਰ ਤੇਜ਼ੀ ਨਾਲ ਅਲਕੋਹਨ ਨੂੰ ਸੋਖ ਲਵੇਗੀ ਅਤੇ ਸਮੱਸਿਆ ਪੈਦਾ ਹੋ ਜਾਵੇਗੀ।

ਬਰੁਕਸ ਦੇ ਮੁਤਾਬਿਕ, ਆਪਣੀ ਖੁਰਾਕ ਨੂੰ ਅਲਕੋਹਲ ਨਾ ਬਦਲੋ। ਅਲਕੋਹਲ ਸਰੀਰ ਨੂੰ ਕੈਲੋਰੀ ਤਾ ਦੇ ਸਕਦੀ ਹੈ, ਪਰ ਇਸਨੂੰ ਪ੍ਰੋਟੀਨ, ਫਾਈਬਰ, ਚਰਬੀ ਵਰਗੇ ਜ਼ਰੂਰੀ ਪੋਸ਼ਣ ਨਹੀਂ ਦੇ ਸਕਦੀ। ਅਸਲ ਵਿਚ ਪੋਸ਼ਣ ਸਰੀਰ ਲਈ ਲੋੜੀਂਦੀਆਂ ਚੀਜ਼ਾਂ ਪ੍ਰਾਪਤ ਕਰਨ ਬਾਰੇ ਹੈ-ਪ੍ਰੋਟੀਨ, ਵਿਟਾਮਿਨ, ਕਾਰਬੋਹਾਈਡ੍ਰੇਟ, ਚਰਬੀ, ਖਣਿਜ ਅਤੇ ਪਾਣੀ; ਅਤੇ ਜਦੋਂ ਅਸੀਂ ਕੈਲੋਰੀ ਸੰਤੁਲਨ ਬਣਾਈ ਰੱਖਣ ਲਈ ਇਹਨਾਂ ਚੀਜ਼ਾਂ ਨੂ ਕੱਟਦੇ ਹਾਂ ਤਾਂ ਪੋਸ਼ਣ ਦਾ ਖਤਰਾ ਬਣ ਜਾਂਦਾ ਹੈ।

ਡ੍ਰਿੰਕ ਦੇ ਨਾਲ ਸਲਾਦ, ਕੱਚਾ ਪਨੀਰ ਅਤੇ ਹੈਲਦੀ ਸਨੈਕਸ ਲਏ ਜਾ ਸਕਦੇ ਹਨ।

ਨੋਟ : ਬਿਮਾਰੀਆਂ ਦੇ ਦੌਰਾਣ ਅਲਕੋਹਲ ਦੀ ਵਰਤੋਂ ਤੁਹਾਨੂੰ ਮੌਤ ਦੇ ਦਰਵਾਜੇ ਤੱਕ ਲੈ ਕੇ ਜਾ ਸਕਦੀ ਹੈ, ਇਸ ਲਈ ਲਿੱਖ ਰਹੇ ਹਾਂ "ਪੀਣ ਵਾਲਿਓ-ਸੰਭਲ ਜਾਓ, ਜ਼ਿੰਦਾ ਰਹਿਣ ਲਈ" ਗਰਭਵਤੀ ਔਰਤਾਂ, ਰੋਗੀ ਅਤੇ ਛੋਟੇ ਬੱਚਿਆਂ ਨੂੰ ਅਲਕੋਹਲ ਦੇ ਸੇਵਨ ਤੋਂ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ।

## ਹਾਸੇ ਦੀ ਪਟਾਰੀ

**ਰੋਹਿਤ** (ਲੱਕੀ ਨੂੰ), ਯਾਰ, ਬੜਾ ਮੁਸ਼ਕਿਲ ਹੈ ਟੀਚਰ ਨਾਲ ਪਿਆਰ ਕਰਨਾ।

ਲੱਕੀ, ਕਿਉਂ, ਕੀ ਹੋ ਗਿਆ?

ਰੋਹਿਤ, "ਇਕ ਲਵ ਲੈਟਰ ਭੇਜਿਆ ਤਾਂ ਉਸ ਵਿੱਚ ਹੀ 8-8 ਸਪੈਲਿੰਗ ਮਿਸਟੇਕਸ ਕੱਢ ਦਿੱਤੀਆਂ।

*---*---*

**ਜਵਾਈ** (ਸਹੁਰੇ ਨੂੰ), ਪਾਪਾ ਜੀ, ਤੁਹਾਡੀ ਲਾਡਲੀ ਨੇ ਤਾਂ ਨੱਕ ਵਿੱਚ ਦਮ ਕੀਤਾ ਹੋਇਆ ਹੈ।

ਸਹੁਰਾ, ਬੇਟਾ, ਮੇਰੇ ਬਾਰੇ ਵੀ ਤਾਂ ਸੋਚ, ਮੇਰੇ ਕੋਲ ਤਾਂ ਉਸ ਦੀ ਵੀ ਮਾਂ ਹੈ।

*---*---*

**ਪੱਪੂ** ਰੋ ਰਿਹਾ ਸੀ।

ਦੋਸਤ ਨੇ ਪੁੱਛਿਆ, ਕਿਉਂ ਰੋ ਰਿਹਾ ਏਂ?

ਪੱਪੂ, ਮੇਰੀ ਮੁਰਗੀ ਮਰ ਗਈ।

ਦੋਸਤ, ਮੇਰਾ ਪਿਉ ਮਰਿਆ ਸੀ, ਮੈਂ ਤਾਂ ਨਹੀਂ ਰੋਇਆ।

ਪੱਪੂ, ਓਏ, ਤੇਰਾ ਪਿਉ ਕੀ ਆਂਡੇ ਦਿੰਦਾ ਸੀ?

## ਪ੍ਰੇਰਕ ਪ੍ਰਸੰਗ -ਪੇਂਡੂ ਅਤੇ ਐਨਕ



ਇੱਕ ਪੇਂਡੂ ਸੀ ਤੇ ਉਹ ਅਨਪੜ੍ਹ ਵੀ ਸੀ। ਯਾਨੀ ਉਹਨੂੰ ਪੜ੍ਹਨਾ-ਲਿਖਣਾ ਨਹੀਂ ਸੀ ਆਉਂਦਾ। ਉਹਨੇ ਅਕਸਰ ਲੋਕਾਂ ਨੂੰ ਕਿਤਾਬਾਂ ਜਾਂ ਅਖ਼ਬਾਰ ਪੜ੍ਹਦਿਆਂ ਐਨਕਾਂ ਲਾਈ ਵੇਖਿਆ ਸੀ। ਉਹਨੇ ਸੋਚਿਆ, 'ਜੇ ਮੇਰੇ ਕੋਲ ਐਨਕ ਹੋਵੇ ਤਾਂ ਮੈਂ ਵੀ ਇਨ੍ਹਾਂ ਲੋਕਾਂ ਵਾਂਗ ਪੜ੍ਹ ਸਕਦਾ ਹਾਂ। ਮੈਨੂੰ ਸ਼ਹਿਰ ਜਾਣਾ ਚਾਹੀਦਾ ਹੈ ਅਤੇ ਆਪਣੇ ਲਈ ਐਨਕ ਖਰੀਦਣੀ ਚਾਹੀਦੀ ਹੈ।' ਇਸਲਈ ਇੱਕ ਦਿਨ ਉਹ ਸ਼ਹਿਰ ਗਿਆ ਅਤੇ ਇੱਕ ਐਨਕਾਂ ਦੀ ਦੁਕਾਨ ਵਿੱਚ ਪਹੁੰਚਿਆ। ਉਹਨੇ ਦੁਕਾਨਦਾਰ ਨੂੰ ਚੰਗੀ ਜਿਹੀ ਐਨਕ ਵਿਖਾਉਣ ਲਈ ਕਿਹਾ। ਦੁਕਾਨਦਾਰ ਨੇ ਉਹਨੂੰ ਕਈ ਐਨਕਾਂ ਵਿਖਾਈਆਂ ਅਤੇ ਪੜ੍ਹਨ ਲਈ ਇੱਕ ਕਿਤਾਬ ਦਿੱਤੀ।

ਪੇਂਡੂ ਨੇ ਇੱਕ-ਇੱਕ ਕਰਕੇ ਸਾਰੀਆਂ ਐਨਕਾਂ ਲਾ ਕੇ ਵੇਖੀਆਂ ਪਰ ਉਹ ਕੁਝ ਨਹੀਂ ਪੜ੍ਹ ਸਕਿਆ। ਉਹਨੇ ਦੁਕਾਨਦਾਰ ਨੂੰ ਕਿਹਾ, "ਇਹ ਸਭ ਐਨਕਾਂ ਬੇਕਾਰ ਹਨ।" ਦੁਕਾਨਦਾਰ ਨੇ ਉਹਨੂੰ ਉੱਤੋਂ ਹੇਠਾਂ ਤੱਕ ਵੇਖਿਆ। ਫਿਰ ਉਹਨੇ ਕਿਤਾਬ ਵੱਲ ਵੇਖਿਆ, ਜੋ ਉਹਨੇ ਪੁੱਠੀ ਫੜੀ ਹੋਈ ਸੀ। ਦੁਕਾਨਦਾਰ ਨੇ ਕਿਹਾ, "ਸ਼ਾਇਦ ਤੁਹਾਨੂੰ ਨਹੀਂ ਪਤਾ ਕਿ ਕਿਵੇਂ ਪੜ੍ਹਨਾ ਹੈ!" ਪੇਂਡੂ ਨੇ ਕਿਹਾ, "ਹਾਂ, ਮੈਂ ਨਹੀਂ ਜਾਣਦਾ। ਮੈਂ ਇਸੇ ਲਈ ਐਨਕ ਖਰੀਦਣ ਆਇਆ ਹਾਂ ਤਾਂ ਕਿ ਦੂਜਿਆਂ ਵਾਂਗ ਪੜ੍ਹ ਸਕਾਂ। ਪਰ ਇਹ ਸਾਰੀਆਂ ਐਨਕਾਂ ਬਕਵਾਸ ਹਨ।"



ਦੁਕਾਨਦਾਰ ਨੂੰ ਹਾਸਾ ਆ ਗਿਆ। ਉਹਨੇ ਬੜੀ ਮੁਸ਼ਕਿਲ ਨਾਲ ਹਾਸਾ ਰੋਕਿਆ। ਹੁਣ ਉਹਨੂੰ ਅਨਪੜ੍ਹ ਗਾਹਕ ਦੀ ਅਸਲੀ ਸਮੱਸਿਆ ਸਮਝ ਆ ਗਈ ਸੀ। ਉਹਨੇ ਪੇਂਡੂ ਨੂੰ ਸਮਝਾਇਆ, "ਮੇਰੇ ਦੋਸਤ, ਤੂੰ ਬਹੁਤ ਭੋਲਾ ਤੇ ਅਣਜਾਣ ਹੈਂ। ਐਨਕ ਪੜ੍ਹਨ ਵਿੱਚ ਮਦਦ ਨਹੀਂ ਕਰਦੀ ਸਗੋਂ ਇਹ ਸਿਰਫ਼ ਠੀਕ ਤਰ੍ਹਾਂ ਵੇਖਣ ਵਿੱਚ ਮਦਦ ਕਰਦੀ ਹੈ। ਸਭ ਤੋਂ ਪਹਿਲਾਂ ਤੈਨੂੰ ਪੜ੍ਹਨਾ ਸਿੱਖਣਾ ਚਾਹੀਦਾ ਹੈ।" ਪ੍ਰੋ. ਨਵ ਸੰਗੀਤ ਸਿੰਘ (ਬਠਿੰਡਾ) 9417692015

ਅਮਰਜੀਤ ਟਾਂਡਾ
+61 417271147



ਸਫ਼ਰ-ਏ -ਰੰਗਾਂ

# ਮੈਂ ਵਟਣੇ ਮਹਿੰਦੀਆਂ ਦੇ ਕਈ ਰੰਗ ਬਣਾ ਸਕਦਾ ਹਾਂ ਤੂੰ ਲਾਉਣ ਜੋਗੀ ਹੋਵੇਂ

ਵਟਣੇ ਮਹਿੰਦੀਆਂ ਦੇ ਵੀ ਕਈ ਰੰਗ ਬਣ ਸਕਦੇ ਹਨ। ਹੁੰਦੇ ਹਨ ਕੋਈ ਗੋਰਿਆਂ ਨਰਮ ਕੁਆਰੇ ਅੰਗਾਂ ਤੇ ਲਾਉਣ ਜੋਗਾ ਤਾਂ ਹੋਵੇ। ਕੋਈ ਕਹੇ ਤਾਂ ਸਈ ਕਿ ਮੈਨੂੰ ਔਹ ਰੰਗ ਬਹੁਤ ਪਸੰਦ ਹੈ ਇਹ ਕੋਈ ਕੁਫ਼ਰ ਨਹੀਂ ਹੈ ਮੇਰਾ। ਜੇ ਗੁਲਾਬ ਗੁਲਦਾਊਦੀ ਤੇ ਹੋਰ ਕਈ ਫੁੱਲ। ਕਈ ਕਈ ਰੰਗਾਂ ਦੇ ਹੋ ਸਕਦੇ ਹਨ। ਤਾਂ ਵਟਣੇ ਮਹਿੰਦੀਆਂ ਕਿਉਂ ਨਹੀਂ ਹੋ ਸਕਦੀਆਂ ਜੇ ਤੇਰੇ ਵਰਗੀਆਂ ਸੂਰਤਾਂ ਏਨੀਆਂ ਹੋ ਸਕਦੀਆਂ ਹਨ ਤਾਂ ਮਹਿੰਦੀ ਵਟਣੇ ਤਾਂ ਬਨਾਉਣੇ। ਕੀ ਔਖੇ। ਤੂੰ ਰੰਗ ਕੋਈ ਮੁਖੋਂ ਕੱਢ ਤਾਂ ਸਈ।

ਕੁਝ ਵੀ ਨਹੀਂ ਹੈ ਮੁਸ਼ਕਿਲ। ਮੇਰੇ ਵਾਸਤੇ ਬਸ ਤੂੰ ਦਰਾਂ ਅਤੇ ਉਹੀ ਰਾਹਾਂ ਵਿੱਚ ਦੀ ਲੰਘਦੀ ਰਿਹਾ ਕਰ।

ਮੈਂ ਨਜ਼ਮਾਂ ਵਿੱਚ ਵੀ ਹੋਰ ਰੰਗ ਭਰ ਦਿਆਂਗਾ। ਤੇਰੇ ਮੁਖੜੇ। ਬੁੱਲ੍ਹਾਂ ਤੋਂ ਉਧਾਰੇ ਲੈ ਕੇ। ਤੈਨੂੰ ਪਤਾ ਹੈ

ਉਧਾਰੀ ਚੀਜ਼ ਵੀ ਤਾਂ ਲੈ ਹੀ ਲਈ ਦੀ। ਆਪਾਂ ਸਿਹਾਈ ਵਾਲੀ ਦਵਾਤ ਦੇ ਡੁਬਕੇ। ਸਲੇਟੀਆਂ। ਗਾਚਣੀਆਂ ਵੀ ਤਾਂ ਵਟਾਉਂਦੇ ਹੁੰਦੇ ਸੀ। ਯਾਦ ਆਈ। ਤਾਂ ਹੀ ਤਾਂ ਮੁਸਕਰਾਉਂਦੀ ਪਈ ਏਂ ਤੇ ਮੈਂ ਤੈਨੂੰ ਔਖੇ ਔਖੇ ਸਵਾਲ। ਕੱਢ ਕੇ ਦਿੰਦਾ ਹੁੰਦਾ ਸੀ।

ਤੇਰੀ ਕਾਪੀ ਤੇ ਤੇਰੇ ਮੇਰੇ ਨਿਸ਼ਾਨ ਅਜੇ ਵੀ ਹੋਣਗੇ ਇੱਕ ਦੂਸਰੇ ਨੂੰ ਛੂੰਹਦੇ ਤੇ ਆਪਾਂ ਸਵਾਲ ਕੱਢਦੇ ਕੱਢਦੇ। ਸਮਝਦੇ ਸਮਝਾਉਂਦੇ ਇੱਕ ਦੂਸਰੇ ਨੂੰ ਛੂਹ ਵੀ ਲੈਂਦੇ ਸਾਂ।

ਮੈਂ ਕਈ ਵਾਰੀ ਤਾਂ ਤੇਰੀਆਂ ਗੋਰੀਆਂ ਗੱਲ੍ਹਾਂ ਤੋਂ ਉੱਡਦੇ ਵਾਲ ਪਿਛਾਂਹ ਵੀ ਕੀਤੇ ਸਨ। ਤੇ ਤੂੰ ਮੈਨੂੰ ਕਈ ਕਈ ਮੁਸਕਾਰਟਾਂ ਦਿੰਦੀ ਹੁੰਦੀ ਸੀ।

ਜੋ ਮੈਂ ਅਜੇ ਵੀ ਆਪਣੇ ਚੇਤਿਆਂ ਵਿੱਚ ਸਾਂਭ ਸਾਂਭ ਕੇ ਰੱਖੀਆਂ ਹੋਈਆਂ ਹਨ। ਦੇਖ ਕਿੰਦਾਂ ਖੁਸ਼ੀਆਂ। ਮਹਿਕਾਂ ਸੁਗੰਧੀਆਂ ਇੱਕ ਦੂਸਰੇ ਦੀਆਂ ਬਿਨਾਂ ਅਲਮਾਰੀਆਂ ਦਰਾਂਜਾਂ ਦੇ ਵਿੱਚ ਸਾਂਭ ਕੇ ਰੱਖ ਲਈਆਂ ਜਾਂਦੀਆਂ ਹਨ। ਦੇਖ ਇਹਨਾਂ ਦੁਰਲੱਭ ਨਿਸ਼ਾਨੀਆਂ। ਸਾਂਭੀਆਂ ਹੋਈਆਂ ਯਾਦਾਂ ਨੂੰ ਕਦੇ ਕੋਈ ਖੁੱਲ ਕੇ ਨਹੀਂ ਦੱਸਦਾ। ਸਿਰਫ ਦਿਲਾਂ ਦੀਆਂ ਪਰਤਾਂ ਵਿੱਚ। ਜਾਂ ਨੂੰ ਹਿੱਕ ਨਾਲ ਲਾ ਕੇ ਰੱਖਦਾ ਹੈ। ਸਾਰੀ ਸਾਰੀ ਉਮਰ।

ਇਹਨਾਂ ਯਾਦਾਂ ਦਾ ਦੇਖ ਭਾਰ ਕਿੰਨਾ ਹੁੰਦਾ ਹੈ ਜੋ ਪੂਰੀਆਂ ਨਾ ਹੋਣ। ਅਧੂਰੀਆਂ ਹੀ ਰਹਿ ਜਾਣ। ਰੋਂਦੀਆਂ ਹੀ ਗਲੀਆਂ ਰਾਹਾਂ ਵਿੱਚ। ਭਟਕਦੀਆਂ ਹੀ ਰਹਿ ਜਾਂਦੀਆਂ ਹਨ। ਰੂਹਾਂ ਵਾਂਗ। ਹੈ ਨਾ ਇਹ ਸੱਭ ਹੈਰਾਨ ਕਰਨ ਵਾਲੀਆਂ ਗੱਲਾਂ ਤੇਰੀ ਇੱਕ ਮੁਸਕਰਾਹਟ ਹੀ ਸਭ ਕੁਝ ਦੱਸ ਦਿੰਦੀ ਹੁੰਦੀ ਸੀ

ਦੇਖ ਅਜਿਹੀਆਂ ਗੱਲਾਂ ਨਾਲ ਹੀ ਸਾਰੀ ਉਮਰ ਲੰਘ ਜਾਂਦੀ ਹੈ। ਇੰਝ ਕਈ ਕਈ ਸਾਲ ਜੁੜ ਜਾਂਦੇ ਹਨ ਜਿੰਦਗੀਆਂ ਨਾਲ। ਏਦਾਂ ਹੀ ਹੁੰਦੀਆਂ ਹਨ ਉਮਰਾਂ ਲੰਮੀਆਂ। ਨਾਲੇ ਜੀਅ ਜਿਹਾ ਲੱਗ ਜਾਂਦਾ ਹੈ ਇੱਕ ਦੂਸਰੇ ਦਾ।

ਰਾਤਾਂ ਬੀਤ ਜਾਂਦੀਆਂ ਹਨ। ਕਦੇ ਕਦੇ ਵਾਟਾਂ ਕਰਦੇ ਵੀ ਅਸੀਂ ਆਪਣੇ ਚੇਤਿਆਂ ਵਿੱਚ ਉਹ ਗੱਲਾਂ। ਯਾਦਾਂ ਵਿਚ ਮੁੜ ਵਸਾ ਲੈਂਦੇ ਹਾਂ ਤੇ ਪਾਗਲ ਹੋ ਆਪੇ ਹੀ ਹੱਸਣ ਲੱਗ ਜਾਂਦੇ ਹਾਂ। ਫ਼ੱਕਰ ਫ਼ਕੀਰ ਵੀ ਤਾਂ ਇਹੀ ਕੁਝ ਕਰਦੇ ਨੇ। ਇਹਨਾਂ ਸਾਰਿਆਂ ਦਾ ਦਿਲ ਵੀ ਟੁੱਟਿਆ ਹੁੰਦਾ ਹੈ। ਹੋਰ ਕਿਹੜਾ ਘਰੋਂ ਕੋਈ ਜਾਂਦਾ ਇਨਾ ਕਿਸੇ ਮਤਲਬ ਦੇ।

ਤੇ ਫਿਰ ਕੋਈ ਨਾਥ। ਮਜਨੂੰ ਬਣ ਜਾਂਦਾ ਹੈ ਤੇ ਕੋਈ ਮੱਝੀਆਂ ਦਾ ਚਰਵਾਹਾ। ਤੇ ਕੋਈ ਤਰ ਕੇ। ਝਨਾਂ ਵੀ ਨਹੀਂ ਪਾਰ ਕਰਨ ਜੋਗਾ ਰਹਿ ਜਾਂਦਾ ਹੈ। ਡਰਪੋਕ। ਤੇ ਝੱਲੇ ਇਸ਼ਕ ਨੂੰ ਡੁਬੋ ਬਹਿੰਦਾ ਹੈ। ਤੇ ਕੋਈ ਪਾਗਲ ਬਣ ਮਾਰੂਥਲਾਂ ਵਿੱਚ ਵਾਜਾਂ ਮਾਰਦਾ ਮਾਰਦਾ। ਥੱਕ ਜਾਂਦਾ ਹੈ। ਟੁੱਟ ਜਾਂਦਾ ਹੈ। ਬਿਖਰ ਜਾਂਦਾ ਹੈ ਨਿਮਾਣੇ ਇਸ਼ਕ। ਆਸ਼ਕ ਤੇ ਮੁਹੱਬਤ ਨੂੰ ਲੱਭਦਾ ਲੱਭਦਾ। ਇਹਨਾਂ ਰਾਹਾਂ ਵਿੱਚ ਮੈਨੂੰ ਵੀ ਕਈ ਤਰ੍ਹਾਂ ਦੇ ਰੰਗ ਮਿਲੇ ਸਨ।

ਮੈਂ ਜਦੋਂ ਵੀ ਕੁਦਰਤ ਦੀਆਂ ਵੱਖ ਵੱਖ ਫੁੱਲਵਾੜੀਆਂ। ਗੁਲਜ਼ਾਰਾਂ। ਫਿਜ਼ਾਵਾਂ ਵਿਚ ਦੀ ਗੁਜ਼ਰਦਾ ਹਾਂ ਤਾਂ ਮੈਂ ਸਾਰੇ ਰੰਗ ਬਾਹਵਾਂ ਵਿੱਚ ਇਕੱਠੇ ਕਰ। ਘਰ ਨੂੰ ਲੈ ਆਉਂਦਾ ਹਾਂ।

ਭਰ ਲਿਆਉਂਦਾ ਹਾਂ ਜੇਬਾਂ ਤੇ ਖੀਸੇ ਤੇ ਉਹਨਾਂ ਨੂੰ ਆਪਣੇ ਵਿਹੜੇ। ਆਪਣੇ ਬਨੇਰਿਆਂ ਤੇ ਬੀਜ਼। ਸਜਾ ਦਿੰਦਾ ਹਾਂ।

ਉਹਨਾਂ ਵਿੱਚੋਂ ਰੰਗ ਬਰੰਗੇ ਪੌਦੇ ਮੈਨੂੰ ਆਪਣੇ ਆਪਣੇ ਫੁੱਲ ਬਖਸ਼ਦੇ ਹਨ।

ਤੇ ਖੁਸ਼ ਕਰ ਦਿੰਦੇ ਹਨ। ਮੇਰੀ ਜ਼ਿੰਦਗੀ ਨੂੰ। ਤੇ ਮੈਂ ਉਸ ਖੁਸ਼ੀ ਵਿੱਚ ਝੂੰਮਰ। ਲੁੱਡੀਆਂ ਪਾਉਂਦਾ ਸਰਸ਼ਾਰ ਹੋ ਜਾਂਦਾ ਹਾਂ। ਤੇ ਉਸ ਖੁਸ਼ੀ ਵਿੱਚ ਨੱਚਦਿਆਂ ਮੈਂ ਬੁੱਲੇ ਸ਼ਾਹ ਅਖਵਾਉਦਾ ਹਾਂ। ਤੇ ਤੂੰ ਵੀ ਲੰਘਦੀ ਲੰਘਦੀ। ਮੈਨੂੰ ਨੱਚਦਾ ਹੱਸਦਾ ਦੇਖ ਕੇ। ਮੁਸਕੜੀਂ ਹੱਸਦੀ ਗੁਜ਼ਰ ਜਾਂਦੀ ਏਂ। ਕਈ ਵਾਰ ਇਹ ਹੋਇਆ ਹੈ। ਦੇਖ ਇਹ ਰੰਗਾਂ ਦੀ ਲੀਲਾ ਵੀ ਕਿੰਨੀ ਨਿਆਰੀ ਹੈ। ਕਿੰਨੀ ਅਨੂਠੀ। ਅਨੋਖੀ।

ਜੋ ਕੁਝ ਵੀ ਇਨਸਾਨ ਦੁਆਰਾ ਸਿਰਜਿਆ ਗਿਆ ਹੈ। ਉਹ ਕਲਾ ਹੀ ਤਾਂ ਹੈ। ਇਹੀ ਹੈ ਕਲਾ ਬਾਰੇ ਆਮ ਤੌਰ ਤੇ ਧਾਰਨਾ।

ਆਪਣਾ ਪਿਆਰ ਵੀ ਤਾਂ ਇੱਕ ਛੁਹ। ਨਜ਼ਰ। ਤੇ ਤੇਰੇ ਤਿੱਖੇ ਮਿਰਗੀ ਨੈਣਾਂ ਵਿੱਚੋਂ ਹੀ ਜਾਗਿਆ ਸੀ ਫਿਰ ਇਸ਼ਕ ਤੇ ਪਿਆਰ ਕਲਾ ਹੀ ਇਕ ਹੋਈ ਪਰ ਕੁਦਰਤ ਦੀ ਕਾਰੀਗਰੀ। ਤਾਰੇ, ਚੰਨ, ਸੂਰਜ,ਧਰਤੀ, ਅਕਾਸ਼। ਤਰ੍ਹਾਂ ਤਰ੍ਹਾਂ ਦੀਆਂ ਪਹਾੜਾਂ ਵਿੱਚ ਵਾਧੀਆਂ। ਤੇ ਉਥੇ ਖਿੱਲਰੇ ਫੁੱਲ ਤਾਂ ਲੱਖਾਂ ਹਨ।

ਪਰ ਸੱਚ ਜਾਣੀ। ਮੈਂ ਤੇਰੇ ਰੂਪ। ਰੰਗ। ਹੁਸਨ ਵਰਗਾ। ਅਜੇ ਤੱਕ ਕੋਈ ਫੁੱਲ ਨਹੀਂ ਦੇਖਿਆ ਪਹਾੜ, ਸਮੁੰਦਰ,ਜੰਗਲ,ਦਰਿਆ, ਪਸ਼ੂ, ਪੰਛੀਆਂ ਦੇ ਗੀਤ ਤੇ ਬਿਛੜੇ ਦੇ ਆਲ੍ਹਣੇ ਤਾਂ ਬਥੇਰੇ। ਪਰ ਤੇਰੇ ਵਾਲਾਂ ਚ ਲੱਗੇ ਕਲਿੱਪ। ਤੇਰੀ ਗੁੱਤ ਵਰਗਾ ਵਲ ਖਾਂਦਾ ਡੀਜਾਇਨ। ਅਜੇ ਤੱਕ ਕੋਈ ਵੀ ਕਾਰੀਗਰ ਨਹੀਂ ਬਣਾ ਸਕਿਆ।

ਨਾ ਹੀ ਕਿਤੇ ਲੱਭ ਸਕਦਾ ਹੈ। ਭਾਂਤ ਭਾਂਤ ਦੀਆਂ ਬਣਾਈਆਂ ਹੋਈਆਂ ਵਸਤਾਂ। ਖਿਡੌਣਿਆਂ। ਸਾਜ਼ਾਂ। ਰੰਗਾਂ ਵਿੱਚ। ਉਹ ਤਰਜ਼। ਉਹ ਤੇਰੀਆਂ ਅੱਖਾਂ। ਨਕਸ਼ਾਂ ਵਰਗੇ ਰੰਗ ਹੀ ਨਹੀਂ ਭਰ ਸਕਿਆ ਕੋਈ ਸਾਜ਼ਿੰਦਾ

ਦੁਨੀਆਂ ਭਰ ਦੇ ਚਿੱਤਰਕਾਰ। ਸ਼ਾਇਰ ਤੇਰੇ ਹੁਸਨ ਵਰਗੀ। ਚਿੱਤਰਕਾਰੀ ਨਹੀਂ ਕਰ ਸਕੇ। ਤੇ ਨਾ ਹੀ ਕੋਈ ਨਜ਼ਮ ਲਿਖ ਸਕਿਆ ਹੈ- ਅਪਰਮ ਪਾਰ ਤੇਰਾ ਹੁਸਨ। ਸੁਗੰਧੀਆਂ ਮਹਿਕਾਂ ਅਗੰਮੀ ਤੇਰੀਆਂ ਅਦਾਵਾਂ ਦੀਆਂ ਕਲਾਵਾਂ ਜਿਵੇਂ ਸਾਜ਼ਿੰਦੇ ਇੱਕ ਸਾਜ ਵਿੱਚੋਂ ਅਨੇਕਾਂ ਸੁਰਾਂ ਤਰਜਾਂ ਨੂੰ ਰੰਗਮਈ ਬਣਾ। ਭਾਲ। ਸਰੋਤਿਆਂ ਨੂੰ ਮੋਹ ਲੈਂਦੇ ਹਨ।

ਤੂੰ ਇਹਨਾਂ ਸਭ ਸਾਜਾਂ। ਤਰਜਾਂ ਸੁਰਾਂ ਬਗੈਰ ਹੀ ਲੁਕਾਈ ਨੂੰ ਮੋਹ ਲਿਆ ਹੈ।

ਤੂੰ ਲੁੱਟ ਲਿਆ ਹੈ ਮਹਿਫ਼ਲਾਂ ਨੂੰ।
ਤੂੰ ਭਰ ਦਿੱਤਾ ਹੈ ਮੇਲਿਆਂ ਨੂੰ।
ਰਾਹਾਂ ਦੇ ਅਧੂਰੇ ਸੁਪਨਿਆਂ ਨੂੰ

ਗੱਲ ਤਾਂ ਡੂੰਘਾਈ ਵਿੱਚ ਜਾਣ ਦੀ ਹੁੰਦੀ ਹੈ। ਡੁਬਕੀਆਂ ਲਾ ਕੇ ਹੀ ਮੋਤੀ ਲੱਭਦੇ ਹਨ।

ਕਿਨਾਰਿਆਂ ਤੇ ਤਾਂ ਘੋਗੇ ਸਿੱਪੀਆਂ ਬਗੈਰ ਕੁਝ ਨਹੀਂ ਪਿਆ ਹੁੰਦਾ। ਮੇਰੀ ਮਹਿਬੂਬ ਤੂੰ ਸੱਭ ਕੁਝ ਚੁਰਾਅ ਲਿਆਈਂ ਏ ਗਲੀਆਂ ਬਾਜ਼ਾਰਾਂ ਚੋਂ ਸਿਰਫ ਇੱਕ ਨਖਰੇ ਨਾਲ

ਤੂੰ ਸ਼ੈਲਫਾਂ ਦਰਾਜ਼ ਭਰ ਦਿਤੇ ਹਨ ਮੇਰੇ। ਆਪਣੇ ਰੰਗਾਂ ਦੀ ਪਸੰਦ ਨਾਲ।

ਅਲਮਾਰੀਆਂ ਚ ਰੰਗ ਬਿਰੰਗੀਆਂ ਚੁੰਨੀਆਂ। ਦੁਪੱਟਿਆਂ ਸੂਟਾਂ ਨਾਲ ਮਿਲਦੇ।

ਮੈਂ ਵੀ ਪੱਗਾਂ ਕਮੀਜ਼ਾਂ ਵਿੱਚ ਰੰਗ ਸੰਭਾਲ ਸੰਭਾਲ ਕੇ ਰੱਖੇ ਹੋਏ ਹਨ ਤੇਰੇ ਰੰਗਾਂ। ਪਸੰਦੀ ਦੇ ਤੇਰੀਆਂ ਰੰਗ ਬਿਰੰਗੀਆਂ ਸਾੜ੍ਹੀਆਂ ਵਰਗੇ ਰੰਗ। ਤੈਨੂੰ ਉਡੀਕਦੇ। ਤੱਕਦੇ ਰਹਿ ਜਾਂਦੇ ਹਨ। ਕਈ ਵਾਰੀ।

ਗਲੀਆਂ ਰਾਹਾਂ ਬੱਦਲਾਂ ਦੇ ਰੰਗ ਕਈ ਵਾਰ ਇਹ ਦੱਸਦੇ ਹਨ। ਕਿ ਤੂੰ ਅੱਜ ਕਿਹੜੇ ਰੰਗ ਦਾ ਸੂਟ ਪਾ ਕੇ ਨਿਕਲੇਂਗੀ। ਤੇ ਮੈਂ ਕਿਹੜੇ ਰੰਗ ਦੀ ਪੱਗ ਬੰਨ ਕੇ ਤੈਨੂੰ ਲੱਭਾਂ।

ਲੋਕ ਤਾਂ ਮੇਲਾ ਦੇਖਣ ਆਉਂਦੇ ਹਨ। ਮੈਂ ਤਾਂ ਤੈਨੂੰ ਦੇਖਣਾ ਹੁੰਦਾ ਹੈ ਤੇ ਹਾਂ। ਕਈ ਵਾਰ ਕੁਦਰਤੀ ਹੀ। ਤੇਰੀਆਂ ਚੁੰਨੀਆਂ। ਤੇ ਮੇਰੀਆਂ ਪੱਗਾਂ ਦੇ ਰੰਗ ਮਿਲੇ ਵੀ ਸਨ। ਵਟਣੇ ਮਹਿੰਦੀਆਂ ਨੇ ਤੇਰੇ ਰੂਪ ਨੂੰ ਹੋਰ ਸੋਹਣਾ। ਸੁਨੱਖਾ ਕਰ ਦਿੱਤਾ ਹੈ।

ਵੰਗਾਂ ਚੂੜੀਆਂ ਲਿਪਸਟਿਕਾਂ ਦੇ ਰੰਗ ਤੈਨੂੰ ਹੋਰ ਕਈ ਚੰਨ ਲਾ। ਉਡਾਈ ਫਿਰਦੇ ਹਨ। ਤੇਰੇ ਪਰਸਾਂ ਨੂੰ ਵਿਲੱਖਣ ਰੰਗਾਂ ਵਿੱਚ। ਤੇਰੀ ਵੱਖੀ। ਵੀਣੀਆਂ ਪੋਟਿਆਂ ਨਾਲ਼ ਖੇਡਦੇ ਮੈਂ ਕਈ ਵਾਰ ਤੱਕਿਆ ਹੈ। ਓਦੋਂ ਬਹੁਤ ਆਨੰਦ ਆਉਂਦਾ ਹੈ ਜਦ ਮੇਰੇ ਹੱਥ ਵਾਂਗ। ਤੇਰੇ ਸੁਗੰਧੀਆਂ ਭਰੇ ਜਿਸਮ ਨੂੰ ਛੂੰਹਦਾ। ਨਸ਼ਿਆਂਉਦਾ ਹੈ।

ਓਦਣ ਵਾਲੀ ਮੇਰੀ ਸ਼ਾਮ। ਸਦਾ ਰੰਗੀਨ ਹੁੰਦੀ ਹੈ। ਓਦਣ ਮੈਂ ਰੱਜ ਕੇ ਪੀਂਦਾ ਖਾਂਦਾ ਨੱਚਦਾ ਗਾਉਂਦਾ ਹਾਂ

ਤੂੰ ਸਜਦੀ। ਫੱਬਦੀ। ਏਨੀਆਂ ਸ਼ੀਸ਼ਿਆਂ ਨੂੰ ਤਰੇੜਾਂ ਨਾ ਪਾਇਆ ਕਰ। ਨਾ ਕਰਿਆ ਕਰ ਮਜ਼ਬੂਰ ਵਿਚਾਰਿਆਂ ਨੂੰ ਲਗਾਤਾਰ ਕਈ ਕਈ ਘੰਟੇ ਮੂਹਰੇ ਖੜ੍ਹ ਕੇ ਇਹ ਚਾਅ। ਹਿੱਕ। ਦਿਲ ਤਸੱਲੀਆਂ। ਤਾਂ ਮਹਿਫਿਲਾਂ। ਜਾਂ ਮੇਲਿਆਂ ਵਿੱਚ ਮਿਲ ਕੇ ਹੀ ਪੂਰੇ ਹੁੰਦੇ ਹਨ।

ਤੂੰ ਮਹਿਫਲਾਂ ਵਿੱਚ ਆਇਆ ਕਰ
ਕਿਸੇ ਗਰੀਬ ਦੇ ਜ਼ਖ਼ਮ।
ਪਲ ਭਰ ਲਈ ਭਰ ਜਾਂਦੇ ਹਨ
ਵਿਚਾਰੇ ਰਾਤ ਨੂੰ ਸੌਂ ਵੀ ਲੈਂਦੇ ਹਨ।
ਓਦਣ ਘੜੀ ਭਰ

ਹੀਰ ਸਾਹਿਬਾਂ। ਸੱਸੀ ਦੇ ਦਿਲ ਵਿੱਚ ਵੀ ਇੱਕ ਅਨੋਖੀ ਜੇਹੀ ਰੀਝ ਹੀ ਸੀ ਤੇਰੇ ਵਰਗੀ।

ਇਹ ਪਹਿਲ ਵਰੇਸ ਹੀ ਹੁੰਦੀ ਹੈ ਜ਼ਦੋਂ ਕੁਆਰੇ ਅੰਗਾਂ ਨੂੰ ਕੋਈ ਅੱਗ ਛੂੰਹਦੀ ਹੈ। ਤੇ ਰਾਤਾਂ ਦੇ ਹੱਥ। ਯਾਦਾਂ ਤੋਂ ਬਗੈਰ ਕੁਝ ਵੀ ਨਹੀਂ ਰਹਿ ਜਾਂਦਾ ਸ਼ੀਸ਼ੇ ਤਰੇੜਾਂ ਤਾਂਹੀ ਝੱਲਦੇ ਹਨ ਜਦ ਦਿਲ ਵਿੱਚ ਹੁੰਦਾ ਹੈ ਕਿ ਸ਼ਾਦੀ ਵਿਆਹ ਮਹਿਫ਼ਿਲ ਵਿੱਚ ਮੇਰੇ ਵੱਲ ਹੀ ਸਾਰੇ ਤੱਕਣ। ਤੇ ਤਿਰਛੀ ਜਿਹੀ ਨਜ਼ਰ ਨਾਲ। ਤੂੰ ਨਿਗਾਹਾਂ ਕਾਊਂਟ ਵੀ ਕਰਿਆ ਕਰਦੀ ਸੀ।

ਇਹ ਬਹੁਤ ਹੀ ਵਧੀਆ ਤਾਂਘ ਹੁੰਦੀ ਹੈ। ਜੋ ਕਾਇਨਾਤ ਨੂੰ ਵੀ ਸੋਹਣਾ। ਸੁਚੱਜਾ ਤੇ ਦਿਲਕਸ਼ ਬਣਾ। ਸਾਰਿਆਂ ਨੂੰ ਦੇਖਣ ਲਾ ਦੇਵੇ। ਓਦਣ ਕਈਆਂ ਦੀਆਂ ਧੌਣਾਂ ਨੂੰ ਮਰੋੜੇ ਆਉਂਦੇ ਹਨ। ਤੇ ਕਈਆਂ ਦੀ ਕਈ ਕਈ ਸਾਲ ਉਮਰ ਵੀ ਵਧ ਜਾਂਦੀ ਹੈ।

ਸਿਰਫ ਇੱਕ ਤੇਰੀ ਮਟਕਦੀ ਚਾਲ ਨੂੰ ਦੇਖ। ਤੇਰੇ ਮਿਰਗਲੇ ਨੈਣਾਂ ਦੇ ਨਖ਼ਰਿਆਂ ਨੂੰ ਤੱਕ। ਤੇ ਤੇਰੀਆਂ ਟੱਪਦੀਆਂ। ਨੱਚਦੀਆਂ ਚੁੰਗੀਆਂ ਨੂੰ ਨਿਹਾਰ।

ਓਦੋਂ ਫਿਰ ਲੋਕ। ਖਾਂਦੇ ਪੀਂਦੇ ਇਹ ਵੀ ਨਹੀਂ ਦੇਖਦੇ। ਕਿ ਗਰਾਹੀ ਤੇ ਗਿਲਾਸ ਚ ਕੀ ਖਾ ਪੀ ਰਹੇ ਹਾਂ। ਲੋਕ ਭੁੱਲ ਜਾਂਦੇ ਨੇ ਖਾਣਾ ਪੀਣਾ। ਤੇ ਸਾਰੇ ਦੁੱਖ ਦਲਿੱਦਰ।

ਓਸ ਦਿਨ। ਗੱਲਾਂ ਹੀ ਗੱਲਾਂ ਹੁੰਦੀਆਂ ਹਨ। ਤੇਰੇ ਰੰਗਾਂ ਦੀਆਂ। ਤੇ ਤੇਰੇ ਹੁਸਨ ਤੇ ਛਣਕਦੀਆਂ ਵੰਗਾਂ ਦੀਆਂ ਜੇ ਤੂੰ ਮਹਿਫਲ ਵਿੱਚ ਇਦਾਂ ਹੀ ਆਉਂਦੀ ਰਹੇਂ। ਲੋਕਾਂ ਦੀਆਂ ਉਮਰਾਂ ਵਧ ਜਾਣਗੀਆਂ ਕਿਸੇ ਨੂੰ ਬਲੱਡ ਪ੍ਰੈਸ਼ਰ ਵੀ ਨਹੀਂ ਹੋਵੇਗਾ। ਕਹਿੰਦੇ ਹਨ।

ਨਜ਼ਾਰਿਆਂ ਨੂੰ ਮਾਣਦਿਆਂ। ਸੁਹੱਪਣਤਾ ਨਿਹਾਰਦਿਆਂ। ਖੁਸ਼ੀ ਵਿੱਚ ਕੋਈ ਵੀ ਬਿਮਾਰੀ ਨਹੀਂ ਹੁੰਦੀ। ਤੇ ਨਾ ਹੀ ਬੁਢਾਪਾ ਨੇੜੇ ਢੁੱਕਦਾ ਹੈ ਜਦੋਂ ਕੋਈ ਇਸ ਤਰਾਂ ਦਾ ਦ੍ਰਿਸ਼ ਮਹਿਫਿਲ ਵਿੱਚ ਦਿਸ ਜਾਵੇ ਤਾਂ। ਦੇਖ ਕਿੰਨਾ ਕੁਝ ਲੁਕਿਆ ਛੁਪਿਆ ਪਿਆ ਹੈ ਤੇਰਿਆਂ ਰੰਗਾਂ ਵਿਚ। ਲੰਮੀ ਗੁੱਤ। ਮੀਢੀਆਂ ਦੀ ਕਸ਼ੀਦਗੀ। ਤੇ ਤੇਰੇ ਸਜੇ। ਸਾਜੇ ਢੰਗਾਂ ਵਿਚ।

ਮੈਂ ਇਹਨਾਂ ਤੇਰੇ ਰੰਗਾਂ ਦੀ ਚੋਣ। ਰੰਗਾਂ ਦੇ ਪਹਿਨਣ। ਤੇ ਮੈਚਿੰਗ ਲਈ ਪੁਰਜ਼ੋਰ ਸਿਫਾਰਿਸ਼ ਕਰਦਾ ਰਹਾਂਗਾ।

ਮਿਲਣ ਤੇ ਕੋਈ ਵਾਹ ਨਾ ਕਹੇ। ਤਾਂ ਉਹ ਪਹਿਰਾਵਾ ਹੀ ਕੀ। ਉਸ ਪਹਿਰਾਵੇ ਨੂੰ ਨਿਕਾਰ ਕਰੋ। ਸੁੱਟ ਦਿਓ

ਮੇਰੀ ਸੋਹਣੀਆਂ ਸੋਹਣੀਆਂ ਪੰਜਾਬਣਾਂ। ਤੇ ਸੋਹਣੇ ਪੰਜਾਬੀਆਂ ਨੂੰ ਇਹ ਗੁਜ਼ਾਰਿਸ਼ ਹੈ। ਕਿ ਉਹ ਵੱਧ ਤੋਂ ਵੱਧ ਸੋਹਣੇ ਬਣ। ਸਜ ਫਬ ਕੇ ਘਰੋਂ ਬਾਹਰ ਪੈਰ ਪਾਇਆ ਕਰਨ ਤੁਸੀਂ ਦੇਖਿਓ। ਅਜਿਹਾ ਕਰਨ ਨਾਲ ਅਸੀਂ ਸਾਰੇ ਸੰਸਾਰ ਨੂੰ ਆਪਣੇ ਵੱਲ ਖਿੱਚ ਲਵਾਂਗੇ।

ਤੇ ਲੁੱਟ ਲਵਾਂਗੇ ਸਾਰੇ ਨਜ਼ਾਰੇ। ਤੇ ਤਾਰੀਫਾਂ ਕਰਨਗੀਆਂ ਗੋਰੀਆਂ ਤੇ ਕਾਲੀਆਂ ਤੇ ਤੁਸੀਂ ਫਿਰ ਉਹਨਾਂ ਦੀਆਂ ਵੀ ਤਾਰੀਫਾਂ ਕਰਿਓ। ਧੰਨਵਾਦ ਕਰਿਓ

ਮਿਲਣ ਤੇ ਹਰ ਹੁਸਨ ਇਹ ਕਹੇ ਕਿ ਨਹੀਂ ਭੈਣ ਜੀ ਇਹ ਤਾਂ ਇਹਨਾਂ ਦੀ ਹੀ ਚੋਆਇਸ ਸੀ। ਮੈਂਨੂੰ ਅਜੇ ਕਿੱਥੇ ਰੰਗਾਂ ਦੀ ਇੰਨੀ ਸਮਝ ਬਿਨ ਚਾਹਤ

ਕੀ ਰੰਗਾਂ ਦਾ ਪਾਉਣਾ। ਤੇ ਪਹਿਨਣਾ।
ਰੰਗ ਹੋਣ ਕਿ ਦੁਨੀਆਂ ਦੇਖੇ।
ਰੰਗ ਹੋਣ ਕਿ ਮਹਿਫਲ ਸਜੀ ਲੱਗੇ
ਰੰਗ ਹੋਣ ਤਾਂ ਨਜ਼ਰਾਂ ਤਿਰਛੀਆਂ ਹੋ ਹੋ ਦੇਖਣ।

ਧੌਣਾਂ ਨੂੰ ਵਲ ਪੈ ਜਾਣ। ਜੇ ਰੰਗ ਹੋਣ ਤਾਂ ਦੇਖਣ ਵਾਲੇ।

ਤੂੰ ਸਦਾ ਵੱਖਰੇ। ਨਿਵੇਕਲੇ। ਵਿਲੱਖਣ ਰੰਗ ਪਾ। ਸਜ ਕੇ ਆਇਆ ਕਰ।

ਮੈਂ ਤਾਂ ਵਟਣੇ ਮਹਿੰਦੀਆਂ ਵੀ ਕਈ ਰੰਗਾਂ ਦੀਆਂ ਬਣਾ ਸਕਦਾ ਹਾਂ ਜੇ ਤੂੰ ਲਾਉਣ ਜੋਗੀ ਹੋਵੇਂ ਤਾਂ। (ਚੱਲਦਾ ਹਜੇ)

# ਗੁਰਜਤਿੰਦਰ ਸਿੰਘ ਰੰਧਾਵਾ ਦੀ 'ਪ੍ਰਵਾਸੀ ਕਸਕ' ਪੁਸਤਕ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਦੇ ਹਲ ਦਾ ਵਕਾਲਤਨਾਮਾ

**ਉਜਾਗਰ ਸਿੰਘ**



ਗੁਰਜਤਿੰਦਰ ਸਿੰਘ ਰੰਧਾਵਾ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। ਪੰਜਾਬ ਵਿੱਚ ਪੱਤਰਕਾਰੀ ਕਰਦਾ ਸੀ ਪ੍ਰੰਤੂ ਅਮਰੀਕਾ ਵਿੱਚ ਪਹੁੰਚ ਕੇ ਵੀ ਪੱਤਰਕਾਰੀ ਕਰ ਰਿਹਾ ਹੈ। ਉਹ ਸਾਧਾਰਨ ਪੱਤਰਕਾਰ/ਸੰਪਾਦਕ ਨਹੀਂ ਸਗੋਂ ਇੱਕ ਖੋਜੀ ਇਤਿਹਾਸਕਾਰ ਦੀ ਤਰ੍ਹਾਂ ਖੋਜ ਕਰਕੇ ਸਮਤੁਲ ਸੰਪਾਦਕੀਆਂ ਲਿਖਦਾ ਹੈ। ਉਸ ਨੇ ਕੈਲੇਫੋਰਨੀਆਂ ਪੰਜਾਬੀਆਂ ਦੇ ਗੜ੍ਹ ਵਾਲੇ ਸੂਬੇ ਦੇ ਸਕਾਰਮੈਂਟੋ ਸ਼ਹਿਰ ਵਿੱਚ ਆਪਣਾ ਸਪਤਾਹਕ ਅਖ਼ਬਾਰ 'ਪੰਜਾਬ ਮੇਲ ਯੂ.ਐਸ.ਏ'. ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ। ਪ੍ਰਵਾਸ ਵਿੱਚ ਅਖ਼ਬਾਰ ਪ੍ਰਕਾਸ਼ਤ ਕਰਨਾ ਖਾਲਾ ਜੀ ਦਾ ਵਾੜਾ ਨਹੀਂ, ਏਥੇ ਤਾਂ ਸੱਪ ਦੀ ਖੁੱਡ ਨੂੰ ਹੱਥ ਪਾਉਣ ਦੇ ਬਰਾਬਰ ਹੁੰਦਾ ਹੈ ਕਿਉਂਕਿ ਅਮਰੀਕਾ ਦੇ ਕਾਨੂੰਨ ਭਾਰਤ ਦੇ ਅਖ਼ਬਾਰੀ ਕਾਨੂੰਨਾਂ ਨਾਲੋਂ ਵੱਖਰੀ ਕਿਸਮ ਦੇ ਹਨ। ਅਖ਼ਬਾਰ ਨੂੰ ਪੜ੍ਹਨਯੋਗ ਬਣਾਉਣ ਲਈ ਬੜੀ ਜਦੋਜਹਿਦ ਕਰਨੀ ਪੈਂਦੀ ਹੈ। ਉਸ ਦੀਆਂ ਸੰਪਾਦਕੀਆਂ ਦੀ ਸੁਰ ਪੰਜਾਬੀ ਭਾਈਚਾਰੇ ਨੂੰ ਪ੍ਰਭਾਵਤ ਕਰਨ ਲਈ ਕਾਇਲ ਕਰ ਗਈ, ਜਿਸ ਕਰਕੇ ਇਹ ਅਖ਼ਬਾਰ ਜਲਦੀ ਹੀ ਅਮਰੀਕਾ ਦੀ ਧਰਤੀ 'ਤੇ ਪੰਜਾਬੀਆਂ ਦਾ ਮੁੱਦਈ ਬਣਕੇ ਹਰਮਨ ਪਿਆਰਾ ਹੋ ਗਿਆ। ਪੰਜਾਬੀ ਪਾਠਕ ਹਰ ਹਫ਼ਤੇ ਨਵੇਂ ਅੰਕ ਦੀ ਇੰਤਜ਼ਾਰ ਕਰਦੇ ਰਹਿੰਦੇ ਹਨ। ਇਸ ਅਖ਼ਬਾਰ ਦੀਆਂ ਸੰਪਾਦਕੀਆਂ ਰਾਹੀਂ ਉਸ ਨੇ ਪੰਜਾਬੀਆਂ ਦੀਆਂ ਸਮੱਸਿਆਵਾਂ ਤੇ ਜਦੋਜਹਿਦ, ਉਨ੍ਹਾਂ ਦੇ ਸਮਾਧਾਨ ਅਤੇ ਪ੍ਰਵਾਸ ਤੇ ਪੰਜਾਬ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਇਨ੍ਹਾਂ ਸੰਪਾਦਕੀਆਂ ਦੀਆਂ ਅੱਧਾ ਦਰਜਨ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ, ਜੋ ਪੰਜਾਬੀਆਂ ਦੀ ਪ੍ਰਵਾਸ ਵਿੱਚ ਸੈਟਲ ਹੋਣ ਲਈ ਕੀਤੀ ਜਦੋਜਹਿਦ ਦੀ ਮੂੰਹ ਬੋਲਦੀ ਤਸਵੀਰ ਹਨ। ਇਹ ਪੁਸਤਕਾਂ ਇਤਿਹਾਸ ਦਾ ਹਿੱਸਾ ਬਣ ਗਈਆਂ ਹਨ। ਚਰਚਾ ਅਧੀਨ ਪੁਸਤਕ 'ਪ੍ਰਵਾਸੀ ਕਸਕ' ਵਿੱਚ ਉਸ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਜਨਵਰੀ 2020 ਤੋਂ ਮਈ 2021 ਤੱਕ ਸਵਾ ਸਾਲ ਦੇ ਸਮੇਂ ਵਿੱਚ ਲਿਖੀਆਂ ਗਈਆਂ 71 ਸੰਪਾਦਕੀਆਂ ਸ਼ਾਮਲ ਹਨ। ਇਹ ਸੰਪਾਦਕੀਆਂ ਗੁਰਜਤਿੰਦਰ ਸਿੰਘ ਰੰਧਾਵਾ ਦਾ ਪੰਜਾਬੀਆਂ ਦੀ ਖ਼ੁਸ਼ਹਾਲੀ ਲਈ ਚੇਤਨਤਾ, ਸੰਜੀਦਗੀ ਅਤੇ ਪ੍ਰਤੀਬੱਧਤਾ ਦਾ ਪ੍ਰਮਾਣ ਹਨ। ਪ੍ਰਵਾਸ ਵਿੱਚ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੇ ਰਾਹ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹਲ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਸਮੁੱਚੇ ਸੰਸਾਰ ਵਿੱਚ ਵਾਪਰਨ ਵਾਲੀ ਹਰ ਘਟਨਾ ਖਾਸ ਕਰਕੇ ਜਿਸ ਦਾ ਪ੍ਰਵਾਸੀਆਂ, ਪੰਜਾਬੀਆਂ ਅਤੇ ਸਿੱਖਾਂ ਦੀ ਜੀਵਨ ਸ਼ੈਲੀ 'ਤੇ ਪ੍ਰਭਾਵ ਪੈਂਦਾ ਹੋਵੇ, ਉਸ ਬਾਰੇ ਉਸਨੇ ਆਪਣੀ ਸੰਪਾਦਕੀ ਵਿੱਚ ਬੇਬਾਕੀ, ਨਿਡਰਤਾ ਅਤੇ ਨਿਰਪੱਖਤਾ ਨਾਲ ਲਿਖਿਆ ਹੈ। ਉਸਨੇ ਕਿਸਾਨੀ ਅੰਦੋਲਨ ਬਾਰੇ 15, ਕੋਵਿਡ ਬਾਰੇ 11, ਸਿੱਖਾਂ ਵਿਸ਼ੇਸ਼ ਤੌਰ ਤੇ ਘੱਟ ਗਿਣਤੀਆਂ, ਨਸਲੀ ਵਿਤਕਰੇ, ਪੰਜਾਬ ਦੀ ਰਾਜਨੀਤੀ,




ਇਮੀਗਰੇਸ਼ਨ ਅਤੇ ਐਨ.ਆਰ.ਆਈ. ਮਸਲਿਆਂ ਬਾਰੇ 12, ਡੋਨਾਲਡ ਟਰੰਪ ਅਤੇ ਜੋ ਬਾਇਡਨ ਦੀ ਕਾਰਗੁਜ਼ਾਰੀ, ਰਾਸ਼ਟਰਪਤੀ ਦੀ ਚੋਣ ਤੇ ਟਰੰਪ ਦੇ ਆਪਹੁਦਰੇ ਫ਼ੈਸਲਿਆਂ ਬਾਰੇ 18 ਅਤੇ ਹੋਰ ਫੁਟਕਲ ਸੰਪਾਦਕੀਆਂ ਲਿਖੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਗੁਰਜਤਿੰਦਰ ਸਿੰਘ ਰੰਧਾਵਾ ਦੀ ਪੰਜਾਬੀਆਂ ਪ੍ਰਤੀ ਸੰਵੇਦਨਾ ਦਾ ਪਤਾ ਚਲਦਾ ਹੈ। ਕਿਸਾਨੀ ਅੰਦੋਲਨ ਸੰਸਾਰ ਦਾ ਸਭ ਤੋਂ ਲੰਬੇ ਸਮੇਂ ਲਈ ਚਲਣ ਵਾਲਾ ਸ਼ਾਂਤਮਈ ਅੰਦੋਲਨ ਸੀ, ਜਿਸ ਦੀ ਵਕਾਲਤ ਉਨ੍ਹਾਂ ਬਾਖ਼ੂਬੀ ਅਤੇ ਤੱਥਾਂ ਨਾਲ ਕੀਤੀ ਹੈ। ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਕਿਸਾਨ ਅੰਦੋਲਨ ਬਾਰੇ ਲਿਖੀਆਂ ਆਪਣੀਆਂ ਸੰਪਾਦਕੀਆਂ ਦੇ ਸਿਰਲੇਖ ਵੀ ਕਾਬਲੇ ਤਾਰੀਫ਼ ਤੇ ਢੁਕਵੇਂ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਕਿਸਾਨਾ ਪ੍ਰਤੀ ਬੇਅੰਤਹਾ ਹਮਦਰਦੀ ਦਾ ਇਸ ਤੋਂ ਵੱਡਾ ਹੋਰ ਕੋਈ ਸਬੂਤ ਨਹੀਂ ਹੋ ਸਕਦਾ।

ਸੰਪਾਦਕੀਆਂ ਦੇ ਸਿਰਲੇਖ : ਖੇਤੀ ਆਰਡੀਨੈਂਸਾਂ ਵਿੱਚ ਉਲਝੀ ਪੰਜਾਬ ਦੀ ਸਿਆਸਤ, ਕਿਸਾਨਾਂ ਦੇ ਸੰਘਰਸ਼ ਨੇ ਮੋਦੀ ਸਰਕਾਰ ਨੂੰ ਵਖਤ ਵਿਚ ਪਾਇਆ, ਕਿਸਾਨ ਸੰਘਰਸ਼ : ਬੁਰੀ ਤਰ੍ਹਾਂ ਘਿਰੀ ਮੋਦੀ ਸਰਕਾਰ, ਮੋਦੀ ਸਰਕਾਰ ਵੱਲੋਂ ਪੰਜਾਬ ਦੀ ਘੇਰਾਬੰਦੀ, ਦਿੱਲੀ ਦਾ ਗਰੂਰ ਭੰਨਣ ਤੁਰਿਆ ਕਿਸਾਨਾਂ ਦਾ ਰੋਹ, ਪਹਿਲੀ ਵਾਰ ਕਿਸਾਨ ਅੰਦੋਲਨ ਨੇ ਘੇਰੀ ਮੋਦੀ ਸਰਕਾਰ, ਖੇਤੀ ਕਾਨੂੰਨਾਂ 'ਤੇ ਕਿਸਾਨਾ ਅਤੇ ਸਰਕਾਰ 'ਚ ਟਕਰਾਅ ਵਧਿਆ, ਦੁਨੀਆਂ ਦਾ ਬੇਮਿਸਾਲ ਸੰਘਰਸ਼ ਬਣ ਗਿਆ ਹੈ ਕਿਸਾਨ ਸੰਘਰਸ਼, ਕਿਸਾਨ ਅੰਦੋਲਨ ਦਾ ਘੇਰਾ ਵਿਸ਼ਾਲ ਹੋ ਰਿਹਾ, ਕਿਸਾਨਾ ਵੱਲੋਂ ਲੰਬੇ ਸੰਘਰਸ਼ ਦੀ ਤਿਆਰੀ, ਬੇਹੱਦ ਨਾਜ਼ੁਕ ਮੋੜ 'ਤੇ ਪੁਜਿਆ ਕਿਸਾਨ ਸੰਘਰਸ਼, ਕਿਸਾਨ ਟਰੈਕਟਰ ਪਰੇਡ ਨੇ ਹਿਲਾਈ ਦਿੱਲੀ, 26 ਜਨਵਰੀ ਦੀ ਘਟਨਾ ਤੋਂ ਬਾਅਦ ਉਭਰਿਆ ਕਿਸਾਨ ਸੰਘਰਸ਼, ਕਮੇਟੀ ਵੱਲੋਂ ਸੁਪਰੀਮ ਕੋਰਟ ਨੂੰ ਪੇਸ਼ ਕੀਤੀ ਰਿਪੋਰਟ ਨਾਲ ਕੀ ਕਿਸਾਨਾਂ ਨੂੰ ਮਿਲੇਗਾ ਨਿਆਂ?, ਕੀ ਨਵੇਂ ਖੇਤੀ ਕਾਨੂੰਨ ਹਾੜ੍ਹੀ ਦੀ ਫ਼ਸਲ 'ਤੇ ਲਾਗੂ ਹੋ ਰਹੇ ਹਨ? ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਸੰਪਾਦਕੀਆਂ ਪੜ੍ਹਨ ਤੋਂ ਬਾਅਦ ਇਉਂ ਲੱਗਦਾ ਹੈ ਕਿ ਰੰਧਾਵਾ ਮਹਿਸੂਸ ਕਰਦਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਉਨ੍ਹਾਂ ਕਿਸਾਨਾ ਨਾਲ ਜ਼ਿਆਦਤੀ ਕਰਨ ਜਾ ਰਹੀ ਹੈ, ਜਿਨ੍ਹਾਂ ਨੇ ਦੇਸ਼ ਦੇ ਭੁੱਖਮਰੀ ਦੇ ਹਾਲਾਤ ਸਮੇਂ ਅਨਾਜ ਪੈਦਾ ਕਰਕੇ ਭਾਰਤ ਨੂੰ ਆਤਮ ਨਿਰਭਰ ਬਣਾਇਆ ਸੀ। ਏਥੇ ਹੀ ਬਸ ਨਹੀਂ ਉਹ ਆਪਣੀਆਂ ਸੰਪਾਦਕੀਆਂ ਵਿੱਚ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ, ਪੰਥਕ ਮਸਲਿਆਂ ਜਿਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਨਾ ਹੋਣਾ, ਅਫ਼ਗਾਨਿਸਤਾਨ ਦੇ ਸਿੱਖਾਂ ਦੀ ਮਦਦ ਲਈ ਸਿੱਖਾਂ ਨੂੰ ਅੱਗੇ ਆਉਣ ਲਈ ਕਹਿਣਾ, ਹਜ਼ੂਰ ਸਾਹਿਬ ਤੋਂ ਕਰੋਨਾ ਦੌਰਾਨ ਵਾਪਸ ਆਈ ਸੰਗਤ ਨੂੰ ਬਦਨਾਮ ਕਰਨ, ਬੇਅਦਬੀ ਦੇ ਮਸਲਿਆਂ ਦਾ ਹਲ ਨਾ ਕਰਨ, ਸਿੱਖ ਪੰਥ ਦੀ ਉਲਝੀ ਤਾਣੀ ਦਾ ਫ਼ਿਕਰ ਕਰਨਾ, ਕਰੋਨਾ ਦੌਰਾਨ ਜਦੋਂ ਹਰ ਕੋਈ ਵਿਅਕਤੀ ਮੌਤ ਤੋਂ ਡਰਦਾ ਘਰੋਂ ਬਾਹਰ ਨਹੀਂ ਨਿਕਲ ਰਿਹਾ ਸੀ, ਉਸ ਸਮੇਂ ਸਿੱਖ ਪੰਥ ਨੇ ਗੁਰਦੁਆਰਿਆਂ ਰਾਹੀਂ ਅਤੇ ਸਿੱਧੇ ਤੌਰ 'ਤੇ ਖਾਣਾ/ਲੰਗਰ ਲਾ ਕੇ ਮਾਨਵਤਾ ਦੀ ਧਿਰ ਬਣਕੇ ਖੜ੍ਹੇ, ਇਥੋਂ ਤੱਕ ਕਿ ਲੋਕਾਂ ਦੇ ਘਰਾਂ ਵਿੱਚ ਜਾ ਕੇ ਆਪਣੀਆਂ ਜਾਨਾ ਦੀ ਪਰਵਾਹ ਨਾ ਕਰਦਿਆਂ ਹੋਇਆਂ ਖਾਣਾ ਦਿੱਤਾ। ਸੰਸਾਰ ਦੇ ਸਾਰੇ ਦੇਸ਼ਾਂ ਵਿੱਚ ਲੰਗਰ ਪਹੁੰਚਾਏ ਗਏ। ਵਿਦਿਆਰਥੀਆਂ ਨੂੰ ਵੀ ਰੋਜ਼ਾਨਾ ਖਾਣਾ ਪਹੁੰਚਾਇਆ ਜਾਂਦਾ ਸੀ। ਗੁਰਜਤਿੰਦਰ ਸਿੰਘ ਰੰਧਾਵਾ ਨੇ ਸਿੱਖਾਂ ਦੇ ਇਸ ਯੋਗਦਾਨ ਨੂੰ ਸੰਪਾਦਕੀਆਂ ਵਿੱਚ ਲਿਖਕੇ ਸਿੱਖ ਧਰਮ ਦੀ ਸਰਬਤ ਦਾ ਭਲਾ ਕਰਨ ਦੀ ਵਿਚਾਰਧਾਰਾ ਦੀ ਵਿਲੱਖਣਤਾ ਦਾ ਝੰਡਾ ਬੁਲੰਦ ਕੀਤਾ ਹੈ। ਪੰਜਾਬ ਦੀ ਆਰਥਿਕਤਾ ਦਾ ਸੰਕਟ, ਕਰਜ਼ੇ ਦਾ ਵਧਣਾ, ਖ਼ੁਦਕਸ਼ੀਆਂ, ਨਸ਼ੇ ਅਤੇ ਨਕਲੀ ਸ਼ਰਾਬ ਦੇ ਮੁੱਦਿਆਂ ਦੀ ਚਿੰਤਾ ਨੂੰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸੰਪਾਦਕੀਆਂ ਦੇ ਵਿਸ਼ੇ ਬਣਾਕੇ ਇਨ੍ਹਾਂ ਸਮਾਜਿਕ ਬੁਰਾਈਆਂ ਵਿਰੁੱਧ ਲੋਕ ਰਾਇ ਪੈਦਾ ਕਰਨ ਦਾ ਤਹੱਈਆ ਕੀਤਾ ਹੈ। 'ਪ੍ਰਵਾਸੀ ਕਸਕ' ਪੁਸਤਕ ਇੱਕ ਇਤਿਹਾਸਕ ਦਸਤਾਵੇਜ਼ ਬਣ ਗਈ ਹੈ। ਇਹ ਸੰਪਾਦਕੀਆਂ ਪ੍ਰਵਾਸ ਵਿੱਚ ਜਾ ਰਹੀ ਨਵੀਂ ਪੀੜ੍ਹੀ ਲਈ ਵੀ ਮਾਰਗ ਦਰਸ਼ਕ ਦਾ ਕੰਮ ਕਰਨਗੀਆਂ। ਪੰਜਾਬੀ ਪ੍ਰਵਾਸ ਵਿੱਚ ਵੱਡੇ ਪੱਧਰ 'ਤੇ ਜਾ ਰਹੇ ਹਨ, ਉਥੇ ਪੰਜਾਬੀਆਂ ਨੂੰ ਪੱਕੇ ਤੌਰ 'ਤੇ ਸੈਟਲ ਹੋਣ ਲਈ ਇਮੀਗਰੇਸ਼ਨ ਦੀਆਂ ਕਈ ਤਰ੍ਹਾਂ ਦੀਆਂ ਬਾਰੀਕੀਆਂ ਵਿੱਚੋਂ ਲੰਘਣਾ ਪੈਂਦਾ ਹੈ। ਰੰਧਾਵਾ ਨੇ ਇਸ ਪੁਸਤਕ ਵਿੱਚ ਸਮੇਂ-ਸਮੇਂ ਇਮੀਗਰੇਸ਼ਨ ਦੇ ਕਾਨੂੰਨਾਂ ਵਿੱਚ ਹੋ ਰਹੀਆਂ ਤਬਦੀਲੀਆਂ ਬਾਰੇ ਜਾਣਕਾਰੀ ਦੇ ਕੇ ਪੰਜਾਬੀਆਂ ਦੀ ਅਗਵਾਈ ਕੀਤੀ ਹੈ। ਡੋਨਾਲਡ ਟਰੰਪ ਰਾਸ਼ਟਰਪਤੀ ਵੱਲੋਂ ਘੱਟ ਗਿਣਤੀ ਕੌਮਾਂ ਲਈ ਮਰਦਮਸ਼ੁਮਾਰੀ ਵਿੱਚ ਗਿਣਤੀ ਲਈ ਵੱਖਰਾ ਖਾਨਾ ਬਣਾਏ ਜਾਣ ਦਾ ਵਿਰੋਧ ਕੀਤਾ ਤਾਂ ਲੇਖਕ ਨੇ ਉਸ ਦੀ ਨੀਤੀ ਦਾ ਭਾਂਡਾ ਵੀ ਭੰਨਿਆਂ। ਟਰੰਪ ਸਰਕਾਰ ਦੇ ਪ੍ਰਵਾਸੀਆਂ ਵਿਰੁੱਧ ਲਗਾਤਾਰ ਕੀਤੇ ਜਾ ਰਹੇ ਫ਼ੈਸਲਿਆਂ ਦੇ ਵਿਰੋਧ ਵਿੱਚ ਲਿਖਣਾ, ਟਰੰਪ ਤੇ ਮੋਦੀ ਦੀਆਂ ਜੱਫ਼ੀਆਂ ਨੂੰ ਖ਼ਤਰੇ ਦੀ ਘੰਟੀ ਕਹਿਣਾ ਅਤੇ ਟਰੰਪ ਦੀਆਂ ਮੁਸ਼ਕਲਾਂ ਸੰਬੰਧੀ ਲਿਖਣਾ ਦਲੇਰੀ ਦਾ ਕਦਮ ਸੀ। ਟਰੰਪ ਅਤੇ ਬਾਇਡਨ ਦੀ ਚੋਣ ਸਮੇਂ ਘੱਟ ਗਿਣਤੀਆਂ ਅਤੇ ਖਾਸ ਤੌਰ 'ਤੇ ਪੰਜਾਬੀਆਂ ਨੂੰ ਜਾਗ੍ਰਤ ਕਰਨ ਦੀ ਦਲੇਰੀ ਨਿਰਪੱਖ ਪੱਤਰਕਾਰੀ ਦਾ ਨਮੂਨਾ ਸੀ। ਇੱਕ ਹੋਰ ਬਹੁਤ ਹੀ ਮਹੱਤਵਪੂਰਨ ਵਿਸ਼ਾ ਨਸਲੀ ਵਿਤਕਰਾ ਹੈ, ਰੰਧਾਵਾ ਨੇ ਅਮਰੀਕਾ ਵਿੱਚ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ 'ਤੇ ਹੋਏ ਨਸਲੀ ਵਿਤਕਰਿਆਂ ਬਾਰੇ ਵੀ ਦਲੇਰੀ ਨਾਲ ਆਪਣੀਆਂ ਸੰਪਾਦਕੀਆਂ ਵਿੱਚ ਲਿਖਿਆ ਹੈ। ਅਮਰੀਕਾ ਵਿੱਚ 9/11 ਤੋਂ ਬਾਅਦ ਸਿੱਖਾਂ ਦੀ ਪਛਾਣ ਦੇ ਮਸਲੇ ਕਰਕੇ ਨਸਲੀ ਹਮਲੇ ਜਿਨ੍ਹਾ ਵਿੱਚ ਬਲਬੀਰ ਸਿੰਘ ਸੋਢੀ ਦਾ ਕਤਲ ਤੇ ਫਰਿਜਨੋ ਵਿਖੇ ਗੁਰਦੁਆਰਾ ਮੱਥਾ ਟੇਕਣ ਗਏ ਬਜ਼ੁਰਗ 'ਤੇ ਹਮਲਾ ਕਰਨ ਬਾਰੇ ਸੰਪਾਦਕੀਆਂ ਵਿੱਚ ਲਿਖਿਆ। 2020 ਵਿੱਚ ਏਸ਼ੀਆਈ ਵਿਤਕਰੇ ਦੀਆਂ 1691 ਰਿਪੋਰਟਾਂ ਅਤੇ 19 ਮਾਰਚ 2020 ਤੋਂ ਫਰਵਰੀ 2021 ਤੱਕ 3795 ਘਟਨਾਵਾਂ ਰਿਪੋਰਟ ਹੋਣ ਬਾਰੇ ਲਿਖਕੇ ਸਰਕਾਰਾਂ ਦੀ ਅਣਗਹਿਲੀ ਦੀ ਨਿੰਦਿਆ ਕੀਤੀ ਗਈ ਹੈ।

ਮੁਕਦੀ ਗੱਲ ਇਹ ਹੈ ਕਿ ਗੁਰਜਤਿੰਦਰ ਸਿੰਘ ਰੰਧਾਵਾ ਨੇ ਇਹ ਸੰਪਾਦਕੀਆਂ ਲਿਖਕੇ ਪੰਜਾਬੀਆਂ ਨੂੰ ਆਪਣਾ ਰਿਣੀ ਬਣਾ ਲਿਆ ਹੈ, ਜਿਨ੍ਹਾਂ ਕਰਕੇ ਪੰਜਾਬੀ ਅਜਿਹੀਆਂ ਘਟਨਾਵਾਂ ਤੋਂ ਬਾਅਦ ਜਾਗ੍ਰਤ ਅਤੇ ਸਤਰਕ ਹੋ ਗਏ ਹਨ। ਰੰਧਾਵਾ ਸਾਹਿਬ ਨੂੰ ਪਰਵਾਸ ਵਿੱਚ ਘੱਟ ਗਿਣਤੀਆਂ, ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੇ ਹਿੱਤਾਂ ਦਾ ਪਹਿਰੇਦਾਰ ਅਤੇ ਮਾਰਗ ਦਰਸ਼ਕ ਕਿਹਾ ਜਾ ਸਕਦਾ ਹੈ। ਇਹ ਪੁਸਤਕ ਪੰਜਾਬੀਆਂ ਦੀ ਹਿੰਮਤ, ਦਲੇਰੀ ਅਤੇ ਜਦੋਜਹਿਦ ਦੀ ਪ੍ਰਤੀਕ ਵੀ ਕਹੀ ਜਾ ਸਕਦੀ ਹੈ। 'ਪੰਜਾਬੀ ਕਸਕ' ਪੁਸਤਕ ਦੇ ਪ੍ਰਕਾਸ਼ਤ ਕਰਨ ਲਈ ਮੈਂ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਵਧਾਈ ਦਿੰਦਾ ਹਾਂ। ਉਮੀਦ ਕਰਦਾ ਹਾਂ ਕਿ ਉਹ ਇਸੇ ਤਰ੍ਹਾਂ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੀ ਮੀਡੀਆ ਰਾਹੀਂ ਵਕਾਲਤ ਕਰਦੇ ਰਹਿਣਗੇ। ਇਹ ਪੁਸਤਕ ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰਾਂ ਵੱਲੋਂ ਸਾਂਝੇ ਤੌਰ 'ਤੇ ਲੋਕ ਅਰਪਨ ਕੀਤੀ ਗਈ।

ਮੋਬਾਈਲ-94178 13072
ujagarsingh48@yahoo.com

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

# 2024 'ਚ 'ਪਦਮ ਸ਼੍ਰੀ' ਨਾਲ਼ ਸਨਮਾਨਿਤ ਸ਼੍ਰੀ ਪ੍ਰਾਣ ਸੱਭਰਵਾਲ




**ਇੰਜ. ਈਸ਼ਰ ਸਿੰਘ**
ਮੁੱਖ ਇੰਜਨੀਅਰ ਪੰਜਾਬ
ਬਿਜਲੀ ਬੋਰਡ (ਸੇਵਾ-ਮੁਕਤ)
1 647 640 2014

ਇਸ ਸਾਲ, ਭਾਰਤ ਸਰਕਾਰ ਵਲੋਂ 2024 ਦੇ ਗਣ-ਤੰਤਰ ਦਿਵਸ ਤੇ ਦੋ ਪੰਜਾਬੀ ਸਖਸ਼ੀਅਤਾਂ, ਪਟਿਆਲਾ-ਨਿਵਾਸੀ ਸ਼੍ਰੀ ਪ੍ਰਾਣ ਸੱਭਰਵਾਲ ਜੀ ਅਤੇ ਲੁਧਿਆਣਾ-ਨਿਵਾਸੀ ਬੀਬੀ ਨਿਰਮਲ ਰਿਸ਼ੀ ਜੀ, ਨੂੰ ਪਦਮ ਸ਼੍ਰੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ ਹੈ। ਇਹ ਦੋਨੋਂ ਕਲਾ (ਆਰਟ) ਦੇ ਖੇਤਰ ਨਾਲ਼ ਜੁੜੀਆਂ ਸਤਿਕਾਰ-ਯੋਗ ਹਸਤੀਆਂ ਹਨ। 'ਅੜਬ ਬੇਬੇ' ਦੇ ਨਾਓਂ ਨਾਲ਼ ਹਰਮਨ-ਪਿਆਰੀ ਹੋ ਚੁੱਕੀ ਬੀਬੀ ਨਿਰਮਲ ਰਿਸ਼ੀ ਨੂੰ ਲੱਗ-ਭੱਗ ਸਾਰੇ ਪੰਜਾਬੀ ਜਾਣਦੇ ਹਨ, ਕਿਉਂਕਿ ਓਹ ਬਹੁਤ ਸਾਰੀਆਂ ਪੰਜਾਬੀ ਫਿਲਮਾਂ 'ਚ ਦਮਦਾਰ ਭੂਮਿਕਾ ਨਿਭਾ ਚੁੱਕੇ ਹਨ। ਪਰ ਪ੍ਰਾਣ ਸੱਭਰਵਾਲ ਜੀ ਬਾਰੇ ਇੰਨੀ ਚਰਚਾ ਨਹੀਂ। ਇਸ ਦਾ ਕਾਰਨ ਇਹ ਹੈ ਕਿ ਪ੍ਰਾਣ ਜੀ ਘੱਟ ਚਮਕ-ਦਮਕ ਵਾਲ਼ੇ ਥੀਏਟਰ (ਨਾਟਕ) ਖੇਤਰ ਨਾਲ਼ ਜੁੜੇ ਹੋਏ ਹਨ, ਭਾਵੇਂ ਕਿ ਓਹ ਵੀ ਚੰਨ ਪਰਦੇਸੀ ਸਣੇ ਕਈ ਪੰਜਾਬੀ ਪਿਕਚਰਾਂ ਵਿੱਚ ਅਹਿਮ ਚਰਿੱਤਰ-ਰੋਲ ਕਰ ਚੁੱਕੇ ਹਨ। ਨਾਟਕ-ਕਲਾ ਮਨੋਰੰਜਨ ਦੇ ਮਾਧਿਅਮ ਰਾਹੀਂ ਸਮਾਜ ਦੇ ਕਿਸੇ ਜ਼ਰੂਰੀ ਮੁੱਦੇ ਨੂੰ ਉਜਾਗਰ ਕਰਦੀ ਹੈ ਅਤੇ ਦਰਸ਼ਕਾਂ ਨੂੰ ਲੋੜੀਂਦੀ ਕਾਰਵਾਈ ਲਈ ਪ੍ਰੇਰਿਤ ਕਰਦੀ ਹੈ। ਇਸ ਖੇਤਰ 'ਚ ਕੀਤੀਆਂ ਆਪਣੀਆਂ ਵੱਡੀਆਂ ਪ੍ਰਾਪਤੀਆਂ ਸਦਕਾ ਹੀ ਪ੍ਰਾਣ ਸਾਹਿਬ ਇਸ ਪੁਰਸਕਾਰ ਦੇ ਹੱਕਦਾਰ ਬਣੇ।

ਇਸ ਪੁਰਸਕਾਰ ਦੀ ਵਡਿਆਈ ਅਤੇ ਸ਼ਾਨ ਨੂੰ ਸਮਝਣ ਲਈ ਇਸ ਤਰ੍ਹਾਂ ਦੇ ਸਾਰੇ ਪੁਰਸਕਾਰਾਂ ਬਾਰੇ ਸੰਖੇਪ ਜਾਣਕਾਰੀ ਬਹੁਤ ਸਹਾਈ ਹੋਵੇਗੀ। ਭਾਰਤ ਦੇ ਚਾਰ ਸਰਬ-ਉੱਚ ਨਾਗਰਿਕ ਪੁਰਸਕਾਰ (ਸਨਮਾਨ) ਹਨ:

- ਪਹਿਲਾ ਭਾਰਤ ਰਤਨ
- ਦੂਜਾ ਪਦਮ ਵਿਭੂਸ਼ਨ
- ਤੀਜਾ ਪਦਮ ਭੂਸ਼ਨ ਅਤੇ
- ਚੌਥਾ ਪਦਮ ਸ਼੍ਰੀ

ਸਾਡੀਆਂ ਰੱਖਿਆ-ਸੇਵਾਵਾਂ ਦੇ ਸਨਮਾਨ ਇਨ੍ਹਾਂ ਤੋਂ ਅੱਡ ਹਨ ਪਰ ਇਨ੍ਹਾਂ ਸੇਵਾਵਾਂ ਦੇ ਅਧਿਕਾਰੀਆਂ ਨੂੰ ਵੀ ਅਤੀ-ਸ੍ਰੇਸ਼ਟ ਪ੍ਰਾਪਤੀਆਂ ਲਈ ਇਹ ਸਨਮਾਨ ਮਿਲ ਸਕਦੇ ਹਨ। ਉਦਾਹਰਣ ਵਜੋਂ 'ਮਾਰਸ਼ਲ ਔਫ ਆਈ ਏ ਐੱਫ' ਅਰਜਨ ਸਿੰਘ, ਜਨਰਲ ਹਰਬਖਸ਼ ਸਿੰਘ ਅਤੇ ਜਨਰਲ ਬਿਪਿਨ ਰਾਵਤ ਨੂੰ ਪਦਮ ਵਿਭੂਸ਼ਨ ਨਾਲ਼ ਸਨਮਾਨਿਆ ਜਾ ਚੁੱਕਿਆ ਹੈ।

1954 ਤੋਂ ਸ਼ੁਰੂ ਹੋਏ ਇਨ੍ਹਾਂ ਸਨਮਾਨਾਂ ਦਾ ਐਲਾਨ ਹਰ ਸਾਲ ਗਣ-ਤੰਤਰ ਦਿਵਸ ਮੌਕੇ ਕੀਤਾ ਜਾਂਦਾ ਹੈ ਅਤੇ ਇਹ ਅੱਡ-ਅੱਡ ਵਿਸ਼ਿਆਂ ਅਤੇ ਕਾਰਵਾਈਆਂ ਦੇ ਖੇਤਰਾਂ ਵਿੱਚ ਕੀਤੇ 'ਬੇ-ਮਿਸਾਲ ਸ਼ਾਨਦਾਰ' ਕੰਮਾਂ ਲਈ ਦਿੱਤੇ ਜਾਂਦੇ ਹਨ। ਜਿਵੇਂ ਕਿ: ਕਲਾ, ਸਮਾਜਿਕ-ਕਾਰਜ, ਪਬਲਿਕ-ਮਾਮਲੇ, ਵਿਗਿਆਨ ਅਤੇ ਇੰਜਨੀਅਰਿੰਗ, ਵਪਾਰ ਅਤੇ ਉਦਯੋਗ, ਮੈਡੀਸਿਨ, ਸਾਹਿਤ ਅਤੇ ਸਿੱਖਿਆ, ਖੇਡਾਂ, ਸਿਵਲ ਸੇਵਾਵਾਂ ਆਦਿ ਦੇ ਖੇਤਰਾਂ 'ਚ। ਇਹ, ਸਨਮਾਨ-ਪ੍ਰਾਪਤ ਹਸਤੀ ਦੇ ਅਥਾਹ ਸੇਵਾ-ਭਾਵ ਅਤੇ ਉਸ ਵਲੋਂ ਕੀਤੀ ਉੱਚਤਮ ਨਿਸ਼ਕਾਮ ਸਮਾਜ-ਭਲਾਈ ਦੇ ਪਰਤੱਖ ਅਤੇ ਸਦੀਵੀ ਪ੍ਰਤੀਕ ਹਨ। ਇਨ੍ਹਾਂ ਸਨਮਾਨਾਂ ਨਾਲ਼ ਭਾਵੇਂ ਕੋਈ ਮਾਇਕ ਲਾਭ ਨਹੀਂ ਮਿਲਦਾ ਪਰ ਇਨ੍ਹਾਂ ਕਰ ਕੇ ਬਹੁਤ ਸਮਾਜਿਕ ਇੱਜ਼ਤ ਅਤੇ ਕਈ ਸਰਕਾਰੀ ਸਹੂਲਤਾਂ ਮਿਲ ਜਾਂਦੀਆਂ ਹਨ। ਸਾਰੇ ਭਾਰਤੀ ਇਨ੍ਹਾਂ ਸਨਮਾਨਾਂ ਲਈ ਯੋਗ ਹਨ ਭਾਵੇਂ ਉਹਨਾਂ ਦਾ ਕੋਈ ਧਰਮ, ਕਿੱਤਾ, ਸਥਾਨ ਜਾਂ ਲਿੰਗ ਹੋਵੇ। ਪਰ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ - ਛੁੱਟ ਡਾਕਟਰਾਂ ਅਤੇ ਵਿਗਿਆਨੀਆਂ ਤੋਂ - ਇਨ੍ਹਾਂ ਦੇ ਹੱਕਦਾਰ ਨਹੀਂ।

ਭਾਰਤੀ ਨਾਗਰਿਕਾਂ ਤੋਂ ਇਲਾਵਾ, ਇਹ ਹੋਰਾਂ ਦੇਸ਼ਾਂ 'ਚ ਵਸਦੇ ਭਾਰਤੀ ਮੂਲ ਦੇ ਨਾਗਰਿਕਾਂ ਅਤੇ ਵਸਨੀਕਾਂ ਅਤੇ ਹੋਰ ਦੇਸ਼ਾਂ ਦੇ ਮੂਲ ਨਾਗਰਿਕਾਂ ਨੂੰ ਵੀ ਪਰਦਾਨ ਕੀਤੇ ਜਾ ਸਕਦੇ ਹਨ। ਖਾਸ ਹਾਲਾਤਾਂ 'ਚ ਇਹ ਮਰਨ-ਉਪਰੰਤ ਵੀ ਦਿੱਤੇ ਜਾ ਸਕਦੇ ਹਨ ਪਰ ਬਹੁਤ ਘੱਟ। ਜ਼ਰੂਰੀ ਨਹੀਂ ਕਿ ਇਹ ਹਰ ਸਾਲ ਹੀ ਦਿੱਤੇ ਜਾਣ, ਜਿਵੇਂ ਕਿ ਭਾਰਤ ਰਤਨ ਦੇ ਸਨਮਾਨ 2019 ਤੋਂ ਬਾਅਦ ਹੁਣ 2024 'ਚ ਆ ਕੇ ਪੰਜ ਹਸਤੀਆਂ ਨੂੰ ਪਰਦਾਨ ਕੀਤੇ ਗਏ ਹਨ ਜੋ ਇੱਕ ਰਿਕਾਰਡ ਗਿਣਤੀ ਹੈ। ਜ਼ਿਕਰ-ਯੋਗ ਹੈ ਕਿ ਸਨਮਾਨ ਪ੍ਰਾਪਤ ਕਰ ਚੁੱਕੀ ਕਿਸੇ ਵੀ ਹਸਤੀ ਨੂੰ ਬਾਅਦ 'ਚ ਪਹਿਲੇ ਤੋਂ ਵੱਡਾ ਸਨਮਾਨ ਵੀ ਪਰਦਾਨ ਕੀਤਾ ਜਾ ਸਕਦਾ ਹੈ। ਪਰ ਇਹ ਕਿਸੇ ਅਹੁਦੇ ਜਾਂ ਰੁਤਬੇ ਦੀ ਤਰ੍ਹਾਂ ਆਪਣੇ ਨਾਉਂ ਨਾਲ਼ ਅਗੇਤਰ ਜਾਂ ਪਿਛੇਤਰ ਦੇ ਤੌਰ ਤੇ ਨਹੀਂ ਵਰਤੇ ਜਾ ਸਕਦੇ। ਪੰਜਾਬ ਹੁਣ ਤੱਕ ਸਾਰੇ ਖੇਤਰਾਂ 'ਚ 89 ਪਦਮ ਸ਼੍ਰੀ ਖਿਤਾਬ ਪ੍ਰਾਪਤ ਕਰ ਚੁੱਕਿਆ ਹੈ। ਇਨ੍ਹਾਂ ਵਿੱਚੋਂ 13 ਕਲਾ (ਆਰਟ) ਦੇ ਖੇਤਰ ਨਾਲ਼ ਜੁੜੀਆਂ ਸਖਸ਼ੀਅਤਾਂ ਨੂੰ ਮਿਲੇ ਹਨ ਜਿਨ੍ਹਾਂ 'ਚੋਂ ਕੁਛ ਜਾਣੇ-ਪਛਾਣੇ ਨਾਓਂ ਹਨ: ਬਲਰਾਜ ਸਾਹਨੀ, ਮੁਹੰਮਦ ਰਫ਼ੀ , ਪੂਰਨ ਚੰਦ ਵਡਾਲ਼ੀ, ਹੰਸ ਰਾਜ ਹੰਸ।

ਉਪਰੋਕਤ ਵਿਚਾਰ ਤੋਂ ਸਮਝ ਆ ਜਾਂਦੀ ਹੈ ਕਿ ਪਦਮ ਸ਼੍ਰੀ ਦਾ ਸਨਮਾਨ ਪ੍ਰਾਪਤ ਕਰ ਕੇ ਸ਼੍ਰੀ ਪ੍ਰਾਣ ਸੱਭਰਵਾਲ ਜੀ ਨੇ ਕਿੰਨੇ ਉੱਚਾ ਰੁਤਬੇ ਨੂੰ ਹਾਸਿਲ ਕਰ ਲਿਆ ਹੈ। ਪਰ ਇਸ ਲੇਖ ਵਿੱਚ ਉਨ੍ਹਾਂ ਦੀਆਂ ਆਪਣੇ ਖੇਤਰ ਦੀਆਂ ਪ੍ਰਾਪਤੀਆਂ, ਉਨ੍ਹਾਂ ਨੂੰ ਮਿਲੀਆਂ ਉਪਾਧੀਆਂ ਅਤੇ ਫੈਲੋਸ਼ਿਪਾਂ, ਮਿਲ ਚੁੱਕੇ ਅਣਗਿਣਤ ਸੂਬਾਈ, ਕੌਮੀ ਅਤੇ ਕੌਮਾਂਤਰੀ ਇਨਾਮਾਂ ਅਤੇ ਮਾਨਾਂ-ਸਨਮਾਨਾਂ ਦੀਆਂ ਗਿਣਤੀਆਂ ਜਾਂ ਵੇਰਵੇ ਨਹੀਂ ਦਿੱਤੇ ਜਾ ਰਹੇ। ਨਾਂ ਹੀ ਇਸ ਵਿੱਚ ਅਮਰੀਕਾ, ਕਨੇਡਾ ਸਣੇ ਦਰਜਣ ਤੋਂ ਵੱਧ ਦੇਸ਼ਾਂ ਦੀਆਂ ਉਨ੍ਹਾਂ ਦੀਆਂ ਫੇਰੀਆਂ ਜਾਂ ਗੁਰਦਾਸ ਮਾਨ ਵਰਗੇ ਉਨ੍ਹਾਂ ਦੇ ਸ਼ਗਿਰਦਾਂ ਦੀ ਲਿਸਟ ਦਿੱਤੀ ਜਾ ਰਹੀ ਹੈ। ਸਪਸ਼ਟ ਹੈ ਕਿ ਇਹ ਵੇਰਵੇ ਬਹੁਤ ਜ਼ਿਆਦਾ ਅਤੇ ਲਿਸਟਾਂ ਬਹੁਤ ਲੰਬੀਆਂ ਹਨ। ਉਨ੍ਹਾਂ ਦੀ ਸਭ ਸਿਫਤ-ਸਲਾਹ ਇਸ ਗੱਲ 'ਚ ਆ ਜਾਂਦੀ ਹੈ ਕਿ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਹੈ ਜੋ ਉਨ੍ਹਾਂ ਦਾ ਆਪਣੇ ਖੇਤਰ 'ਚ ਟੀਸੀ ਤੇ



ਪਹੁੰਚਣ ਦਾ ਪਰਤੱਖ ਪਰਮਾਣ ਹੈ। ਇਹ ਪੀੜ੍ਹੀਆਂ ਤੱਕ ਉਨ੍ਹਾਂ ਦੇ ਖ਼ਾਨਦਾਨ ਕੋਲ ਯਾਦਗਾਰੀ ਚਿੰਨ੍ਹ ਵਜੋਂ ਮਹਿਫੂਜ਼ ਰਹੇਗਾ।

ਆਪਾਂ ਸਾਰੇ ਇਸ ਤਰ੍ਹਾਂ ਦੇ ਸਨਮਾਨ-ਪ੍ਰਾਪਤ ਹੋਰ ਹਸਤੀਆਂ ਦੀ ਜੀਵਨੀਆਂ ਪੜ੍ਹਦੇ ਅਤੇ ਸੁਣਦੇ ਹਾਂ ਪਰ ਉਨ੍ਹਾਂ ਨਾਲ਼ ਸਿੱਧੇ ਮੇਲ-ਮਿਲਾਪ ਦਾ ਲਾਭ ਹੋਰ ਵੀ ਵੱਧ ਹੁੰਦਾ ਹੈ। ਬਿਜਲੀ ਬੋਰਡ 'ਚ ਆਪਣੇ ਸੇਵਾ-ਕਾਲ ਦੌਰਾਨ ਮੈਨੂੰ ਉਨ੍ਹਾਂ ਨਾਲ਼ ਨਿਜੀ ਅਤੇ ਵਿਭਾਗੀ ਕੰਮਾਂ ਕਰ ਕੇ ਮਿਲਣ ਦਾ ਮੌਕਾ ਮਿਲਦਾ ਰਹਿੰਦਾ ਸੀ। ਅੱਜ ਮੈਂ ਇਸ ਮੇਲ-ਮਿਲਾਪ ਨੂੰ ਕੁਦਰਤ ਵਲੋਂ ਮਿਲਿਆ ਇੱਕ ਵਿਸ਼ੇਸ਼ ਮੌਕਾ ਸਮਝਦਾ ਹਾਂ। ਮੈਨੂੰ ਜਿੱਥੇ ਉਨ੍ਹਾਂ ਨੂੰ ਇਸ ਸਨਮਾਨ ਦੇ ਮਿਲਣ ਦੀ ਬੇਅੰਤ ਖੁਸ਼ੀ ਹੋਈ ਹੈ ਓਥੇ ਬਹੁਤੀ ਹੈਰਾਨੀ ਵੀ ਨਹੀਂ ਹੋਈ। ਉਨ੍ਹਾਂ ਦੀ ਲਗਨ, ਮਿਹਨਤ ਅਤੇ ਰੰਗ-ਮੰਚ ਪ੍ਰਤੀ ਉਨ੍ਹਾਂ ਦੇ ਅਨਿੰਨ ਸਮਰਪਣ ਨੂੰ ਯਾਦ ਕਰ ਕੇ ਲਗਦਾ ਹੈ ਕਿ ਓਹ ਪੂਰੀ ਤਰ੍ਹਾਂ ਇਸ ਦੇ ਯੋਗ ਸਨ। ਆਪਣੀ ਨਿਸ਼ਕਾਮ ਲਗਨ, ਸਿਰੜ ਅਤੇ ਸਰੀਰਕ ਮੁਸ਼ੱਕਤ ਰਾਹੀਂ ਓਹ ਸਾਰੀ ਉਮਰ ਇਸ ਸਨਮਾਨ ਦੇ ਹੱਕਦਾਰ ਬਣਨ ਦੀ ਤਿਆਰੀ ਕਰਦੇ ਰਹੇ। ਇੰਨਾ ਉੱਚਾ ਸਮਾਜਿਕ ਰੁਤਬਾ ਅਤੇ 94 ਸਾਲ ਦੀ ਉਮਰ ਪ੍ਰਾਪਤ ਕਰ ਚੁੱਕੇ ਪ੍ਰਾਣ ਸਾਹਿਬ ਨੂੰ ਹੋਰ ਮਾਣ-ਸਤਿਕਾਰ ਜਾਂ ਵਡਿਆਈ ਦੀ ਕੋਈ ਚਾਹਨਾ ਨਹੀਂ। ਉਨ੍ਹਾਂ ਨੂੰ ਸਭ ਤੋਂ ਵੱਧ ਅਨੰਦ ਅਤੇ ਤਸੱਲੀ ਇਸ ਗੱਲ ਚੋਂ ਮਿਲਦੀ ਹੈ ਕਿ ਕੋਈ ਉਨ੍ਹਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਜੀਵਨ ਨੂੰ ਸੁਚੱਜਾ ਬਣਾਵੇ। ਉਨ੍ਹਾਂ ਵਲੋਂ ਉਮਰ ਭਰ ਆਪਣੇ ਨਾਟਕਾਂ ਰਾਹੀਂ ਦਿੱਤੇ ਦੇਸ਼-ਭਗਤੀ ਅਤੇ ਸਮਾਜ-ਭਲਾਈ ਦੇ ਹੋਕਿਆਂ ਨੂੰ ਅਮਲ 'ਚ ਲਿਆਵੇ।

ਅਸੀਂ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੀਆਂ ਜੀਵਨੀਆਂ ਪੜ੍ਹਦੇ ਅਤੇ ਵਿਚਾਰਦੇ ਹਾਂ ਤਾਂ ਕਿ ਆਪਣੇ ਜੀਵਨ ਨੂੰ ਇਨ੍ਹਾਂ ਅਨੁਸਾਰ ਢਾਲ਼ ਸਕੀਏ ਅਤੇ ਇਸ ਨੂੰ ਸੁਚੱਜਾ, ਸਫ਼ਲ ਅਤੇ ਸੁਖ-ਮਈ ਬਣਾ ਸਕੀਏ। ਪਰ ਆਪਣਾ ਸਭ ਦਾ ਤਜਰਬਾ ਹੈ ਕਿ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਅਮਲ ਕਰਨ 'ਚ ਅਸਫਲ ਰਹਿੰਦੇ ਹਾਂ ਅਤੇ ਭੁਲੇਖਾ ਖਾ ਜਾਂਦੇ ਹਾਂ ਕਿ ਇਹ ਸਿੱਖਿਆਵਾਂ ਵਿਹਾਰਕ ਨਹੀਂ, ਇਨ੍ਹਾਂ ਤੇ ਅਮਲ ਕਰਨਾ ਸੰਭਵ ਨਹੀਂ। ਪਰ ਜਦ ਸਾਡੇ ਵਰਗਾ ਕੋਈ ਸੱਜਣ, ਸਾਡੇ ਵਰਗੇ ਮਾਹੌਲ 'ਚ ਰਹਿੰਦਾ ਹੋਇਆ ਆਪਣੀ ਮਿਹਨਤ, ਲਗਨ ਅਤੇ ਸਕਾਰਾਤਮਿਕ ਸੋਚ ਰਾਹੀਂ ਜੀਵਨ ਚ ਸਫਲ ਹੁੰਦਾ ਹੈ ਤਾਂ ਸਾਡਾ ਮਨ ਸਥਿਰ ਹੋ ਜਾਂਦਾ ਹੈ ਅਤੇ ਹੌਂਸਲਾ ਫੜ ਲੈਂਦਾ ਹੈ। ਸਾਡਾ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਤੇ ਭਰੋਸਾ ਬੱਝ ਜਾਂਦਾ ਹੈ ਅਤੇ ਅਸੀਂ ਵੀ ਸੁਚੱਜੇ ਜੀਵਨ ਲਈ ਪੁਰ-ਜ਼ੋਰ ਉਪਰਾਲੇ ਕਰਨ ਲੱਗ ਜਾਂਦੇ ਹਾਂ। ਕਹਿ ਸਕਦੇ ਹਾਂ ਕਿ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਫ਼ੌਰੀ ਤੌਰ ਤੇ ਸਾਨੂੰ ਓਨਾ ਲਾਭ ਨਹੀਂ ਦੇ ਸਕਦੀਆਂ ਜਿੰਨਾ ਸਾਡੇ 'ਚ, ਸਾਡੇ ਵਾਂਗੂੰ ਵਿਚਰ ਰਹੇ, ਸਾਡੇ ਵਰਗੇ ਇਨਸਾਨਾਂ ਦੇ ਪਰਤੱਖ ਜੀਵਨ ਦੇ ਸਕਦੇ ਹਨ। ਮਿ. ਪ੍ਰਾਣ ਸੱਭਰਵਾਲ਼ ਅਜਿਹੇ ਇਨਸਾਨਾਂ 'ਚੋਂ ਇੱਕ ਹਨ।

ਮਿ. ਸੱਭਰਵਾਲ ਪਰਿਵਾਰਿਕ ਮਾਹੌਲ ਕਰ ਕੇ, ਬਚਪਨ ਤੋਂ ਹੀ ਨਾਟਕ ਦੇ ਖੇਤਰ ਨਾਲ਼ ਜੁੜੇ ਹਨ ਅਤੇ ਉਨ੍ਹਾਂ ਨੂੰ ਇਸ ਲਈ ਅਗਲੀ ਸੇਧ ਅਤੇ ਸਰਪ੍ਰਸਤੀ ਪ੍ਰਿਥਵੀ ਰਾਜ ਕਪੂਰ ਅਤੇ ਐੱਮ ਐੱਸ ਰੰਧਾਵਾ ਵਰਗੇ ਮਹਾਨ ਪੰਜਾਬੀਆਂ ਤੋਂ ਮਿਲੀ। ਭਾਵੇਂ ਓਹ ਰੰਗ-ਮੰਚ ਦੇ ਹਰ ਅੰਗ ਅਰਥਾਤ ਰੇਡੀਓ, ਟੀ ਵੀ, ਸਿਨਮਾ-ਜਗਤ ਅਤੇ ਥਿਏਟਰ ਨਾਲ਼ ਜੁੜੇ ਰਹੇ ਹਨ ਪਰ ਥਿਏਟਰ ਉਨ੍ਹਾਂ ਮਨ-ਪਸੰਦ ਵਿਸ਼ਾ ਹੈ ਅਤੇ ਉਨ੍ਹਾਂ ਦੀ ਪ੍ਰਾਥਮਿਕਤਾ ਹੈ। ਓਹ ਸਾਰੀ ਉਮਰ ਦੇਸ਼ ਭਗਤੀ ਦਾ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲੜਨ ਦਾ ਸੁਨੇਹਾ ਦਿੰਦੇ ਨਾਟਕਾਂ ਨੂੰ ਲਿਖਣ, ਖੇਡਣ ਅਤੇ ਇਨ੍ਹਾਂ ਦਾ ਨਿਰਦੇਸ਼ਣ ਕਰਨ ਲਈ ਯਤਨ-ਸ਼ੀਲ ਰਹੇ। ਹਨ। ਓਹ ਬਹੁਤ ਵਧੀਆ ਐਕਟਰ, ਕਲਾਕਾਰ ਅਤੇ ਸਫਲ ਨਿਰਦੇਸ਼ਕ ਅਤੇ ਸਰਪ੍ਰਸਤ ਹਨ ਅਤੇ ਉਮਰ ਅਨੁਸਾਰ ਉਨ੍ਹਾਂ ਨੇ ਨਾਟਕਾਂ 'ਚ ਸਭ ਕਿਸਮ ਦੇ ਰੋਲ ਅਦਾ ਕੀਤੇ ਹਨ। ਉਨ੍ਹਾਂ ਦੀ ਸੁਹਿਰਦਤਾ, ਲਗਨ ਅਤੇ ਮਿਸ਼ਨਰੀ ਵਿਰਤੀ ਦਾ ਹਿਸਾਬ ਇਸ ਗਲੋਂ ਲਾਇਆ ਜਾ ਸਕਦਾ ਹੈ ਕਿ ਓਹ ਹੁਣ ਵੀ ਨੇਮ ਨਾਲ਼ ਹਰ ਮਹੀਨੇ ਦੇ ਪਹਿਲੇ ਐਤਵਾਰ ਦੀ ਸੁਭਾ ਨੂੰ ਬਾਰਾਂਦਰੀ ਗਾਰਡਨ ਪਟਿਆਲੇ 'ਚ ਨੁੱਕੜ ਨਾਟਕ ਕਰਵਾਉਂਦੇ ਹਨ। ਇਹ ਪਰੋਗਰਾਮ ਪਿਛਲੇ ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਨਿਰੰਤਰ ਚੱਲ ਰਿਹਾ ਹੈ। ਇਸ ਉਮਰ 'ਚ ਵੀ ਓਹ ਆਪਣੇ ਕੰਮ 'ਚ ਪੂਰੇ ਸਰਗਰਮ ਹਨ। ਸਿਹਤ ਪੱਖੋਂ ਚੁਸਤ-ਦਰੁਸਤ, ਦਿਮਾਗੀ ਪੱਖੋਂ ਪੂਰੇ ਚੇਤੰਨ, ਹਾਜ਼ਰ-ਜਵਾਬ ਅਤੇ ਹਸ-ਮੁਖ ਹਨ।

ਓਨ੍ਹਾਂ ਨੇ ਲੰਬਾ ਸਮਾਂ ਪੰਜਾਬ ਬਿਜਲੀ ਬੋਰਡ ਦੇ ਲੋਕ ਸੰਪਰਕ ਵਿਭਾਗ 'ਚ ਕੰਮ ਕੀਤਾ ਅਤੇ ਇਸ ਦੇ ਉੱਚ ਅਹੁਦੇ ਤੋਂ ਸੇਵਾ-ਮੁਕਤ ਹੋਏ। 1960ਵਿਆਂ 'ਚ ਜਦੋਂ ਬਿਜਲੀ ਬੋਰਡ ਦਾ ਬਹੁਤ ਪਸਾਰ ਹੋਇਆ ਤਾਂ ਉਸ ਵਕਤ ਬਹੁਤ ਅਫਸਰ ਅਤੇ ਹੋਰ ਸਟਾਫ਼ ਭਰਤੀ ਹੋ ਰਿਹਾ ਸੀ। ਓਹ, ਭਰਤੀ ਹੋਣ ਵਾਲੇ ਉਮੀਦਵਾਰਾਂ ਦੀ ਸਹੀ ਅਤੇ ਨਿਰਪੱਖ ਚੋਣ ਕਰਨ ਲਈ ਬਿਜਲੀ ਬੋਰਡ ਦੇ ਪੁਰਾਣੇ ਕਾਇਦੇ-ਕਾਨੂੰਨਾਂ 'ਚ ਸੁਧਾਰ ਕਰ ਕੇ ਸਮੇਂ ਦੇ ਹਾਣੀ ਬਣਾਉਣ 'ਚ, ਉੱਚ ਅਧਿਕਾਰੀਆਂ ਦੇ ਗ਼ੈਰ-ਰਸਮੀ ਸਲਾਹਕਾਰ ਰਹੇ। ਆਪਣੇ ਸਮੇਂ ਦੇ ਹਰ ਵਰਗ ਦੇ ਨਵੇਂ ਅਫਸਰਾਂ ਨੂੰ ਨੈਤਿਕ-ਕਦਰਾਂ ਕੀਮਤਾਂ ਅਨੁਸਾਰ ਢਾਲ਼ਣ ਅਤੇ ਆਪਣੇ ਪਬਲਿਕ-ਜੀਵਨ ਨੂੰ ਸਵੱਛ ਅਤੇ ਸੁਚੱਜਾ ਬਣਾਉਣ ਲਈ ਪ੍ਰੇਰਣਾ-ਸ੍ਰੋਤ ਰਹੇ। ਇਸ ਤਰ੍ਹਾਂ ਬਿਜਲੀ ਬੋਰਡ ਦੇ ਸਮੁੱਚੇ ਅਕਸ ਨੂੰ ਸੁਧਾਰਨ 'ਚ ਉਨ੍ਹਾਂ ਦਾ ਬਹੁਤ ਯੋਗਦਾਨ ਹੈ।

**ਬਾਕੀ ਹਿਸਾ ਸਫਾ 60 ਤੇ ਪੜ੍ਹੋ** →

# ਸਾਬਕਾ ਮੁੱਖ ਸੇਵਾਦਾਰ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਭਾਈ ਹਰਪਾਲ ਸਿੰਘ ਪਾਲਾ ਨੂੰ ਇਟਲੀ ਭਰ ਦੀਆਂ ਸੰਗਤਾਂ ਵੱਲੋਂ ਨਮ ਅੱਖਾਂ ਨਾਲ ਦਿੱਤੀ ਗਈ ਅੰਤਿਮ ਵਿਦਾਇਗੀ

## * ਭਾਈ ਸਾਹਿਬ ਨਮਿੱਤ ਸ਼੍ਰੀ ਅਖੰਡ ਪਾਠ ਸਾਹਿਬ ਅਤੇ ਸ਼੍ਰੀ ਸਹਿਜ ਪਾਠ ਸਾਹਿਬ ਦੇ ਭੋਗ 3 ਮਾਰਚ ਨੂੰ ਪਾਏ ਜਾਣਗੇ *



ਰੋਮ ਇਟਲੀ(ਗੁਰਸ਼ਰਨ ਸਿੰਘ ਸੋਨੀ) ਭਾਈ ਹਰਪਾਲ ਸਿੰਘ ਪਾਲਾ ਸਾਬਕਾ ਮੁੱਖ ਸੇਵਾਦਾਰ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਜੋ ਕਿ ਪਿਛਲੇ ਦਿਨੀ ਇੱਕ ਦੁਖਦ ਘਟਨਾ ਵਿੱਚ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। (ਉਹ ਘਟਨਾ ਅਜੇ ਤਫਤੀਸ਼ ਅਧੀਨ ਹੈ)ਅੱਜ ਮਿਤੀ 24 ਫਰਵਰੀ ਨੂੰ ਉਹਨਾਂ ਦੀ ਮ੍ਰਿਤਕ ਦੇਹ ਨੂੰ ਸਵੇਰੇ 9.30 ਵਜੇ ਆਖਰੀ ਦਰਸ਼ਨਾਂ ਅਤੇ ਅੰਤਿਮ ਅਰਦਾਸ ਲਈ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਵਿਖੇ ਲਿਆਂਦਾ ਗਿਆ ਸੀ। ਭਾਈ ਸਾਹਿਬ ਦਾ ਇਲਾਕੇ ਅਤੇ ਸਾਰੀ ਇਟਲੀ ਵਿੱਚ ਸੰਗਤਾਂ ਨਾਲ ਇਨਾਂ ਪਿਆਰ ਸੀ ਕਿ ਉਹਨਾਂ ਨੂੰ ਅੰਤਿਮ ਵਿਦਾਇਗੀ ਦੇਣ ਲਈ ਬਹੁਤ ਵੱਡਾ ਇਕੱਠ ਹੋਇਆ। ਸੰਗਤਾਂ ਵੱਲੋਂ ਲਗਭਗ 45 ਮਿੰਟ ਨਾਮ ਸਿਮਰਨ ਕੀਤਾ ਗਿਆ ਉਪਰੰਤ ਅਰਦਾਸ ਹੋਈ। ਇਸ ਮੌਕੇ ਨੋਵੇਲਾਰਾ ਸ਼ਹਿਰ ਦੀ ਮੇਅਰ ਐਲੇਨਾ ਕਰਲੈਤੀ ਨੇ ਸੰਗਤਾਂ ਨਾਲ ਸ਼ਬਦਾਂ ਦੀ ਸਾਂਝ ਵੀ ਕੀਤੀ। ਇਸ ਮੌਕੇ ਚਰਚ ਦੇ ਪਾਦਰੀ ਡੋਨ ਕਾਮੀਲੋ ਅਤੇ ਸਾਬਕਾ ਮੇਅਰ ਨੇ ਵੀ ਸ਼ਿਰਕਤ ਕੀਤੀ ਅਤੇ ਇਟਲੀ ਭਰ ਤੋਂ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਮਾਤਾ ਵੈਸ਼ਣੋ ਮੰਦਿਰ ਨੋਵੇਲਾਰਾ ਵੱਲੋਂ ਵੀ ਅੰਤਿਮ ਸੰਸਕਾਰ ਵਿੱਚ ਹਾਜ਼ਰੀ ਭਰੀ ਗਈ। ਇਸ ਮੌਕੇ ਸਿਵਲ ਪ੍ਰੋਟੈਕਸ਼ਨ ਨੋਵੇਲਾਰਾ ਦੀ ਟੀਮ ਵੀ ਹਾਜ਼ਰ ਸੀ। ਕਰੀਬ 12 ਵਜੇ ਮੋਦੇਨਾਂ ਸ਼ਹਿਰ ਦੇ ਸ਼ਮਸ਼ਾਨ ਘਾਟ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਉੱਪਰੰਤ ਸਾਧ ਸੰਗਤ ਗੁਰਦੁਆਰਾ ਸਾਹਿਬ ਨੋਵੇਲਾਰਾ ਵਿਖੇ ਪਹੁੰਚੀ ਅਤੇ ਅਲਾਹਣੀਆਂ ਦੀ ਬਾਣੀ ਦਾ ਜਾਪ ਕੀਤਾ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਅੱਜ ਇਲਾਕਾ ਨਿਵਾਸੀ ਸੰਗਤ ਅਤੇ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਭਾਈ ਸਾਹਿਬ ਦੇ ਨਮਿਤ ਸ੍ਰੀ ਸਹਿਜ ਪਾਠ ਸਾਹਿਬ ਜੀ ਪ੍ਰਾਰੰਭ ਕਰਵਾਏ ਗਏ ਜਿਨਾਂ ਦੇ ਭੋਗ ਐਤਵਾਰ 3 ਮਾਰਚ 2024 ਨੂੰ ਪਾਏ ਜਾਣਗੇ। ਇਸੇ ਤਰ੍ਹਾਂ ਭਾਈ ਸਾਹਿਬ ਜੀ ਦੇ ਪਰਿਵਾਰ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਜਿਨਾਂ ਦੇ ਭੋਗ ਵੀ 3 ਮਾਰਚ ਨੂੰ ਹੀ ਪਾਏ ਜਾਣਗੇ। ਪ੍ਰਬੰਧਕ ਕਮੇਟੀ ਅਤੇ ਪਰਿਵਾਰ ਵੱਲੋਂ ਸਾਰੀ ਇਲਾਕਾ ਅਤੇ ਇਟਲੀ ਨਿਵਾਸੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਭਾਈ ਸਾਹਿਬ ਨਮਿੱਤ ਰੱਖੇ ਸਮਾਗਮ ਵਿੱਚ ਜਰੂਰ ਦਰਸ਼ਨ ਦੇਣੇ ਜੀ।

# ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੁੱਸਤਕ ਮੇਲੇ ਵਿੱਚ ਅਮਰੀਕਾ ਨਿਵਾਸੀ ਡਾ. ਅਜੀਤ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ ਗੁਰਮੁਖਿ ਖੋਜਤ ਭਏ ਉਦਾਸੀ ( ਸਿੱਧ ਗੋਸ਼ਟਿ ) ਰਲੀਜ਼ ਕੀਤੀ ਗਈ



**ਪ੍ਰਿੰਸੀਪਲ ਡਾ. ਮਹਿਲ ਸਿੰਘ, ਰਾਜ ਮਹਿੰਦਰ ਸਿੰਘ ਮਜੀਠੀਆ, ਪ੍ਰੋ. ਮੋਹਣ ਸਿੰਘ, ਮਨਮੋਹਨ ਸਿੰਘ ਬਰਾੜ, ਪ੍ਰਿ. ਕੁਲਵੰਤ ਸਿੰਘ ਅਣਖੀ, ਕੁਲਦੀਪ ਸਿੰਘ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਪੁਸਤਕ ਰਲੀਜ਼ ਕਰਦੇ ਹੋਇ।**

ਅੰਮ੍ਰਿਤਸਰ-ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਚੱਲ ਰਹੇ ਪੁੱਸਤਕ ਮੇਲੇ ਵਿੱਚ ਅਮਰੀਕਾ ਨਿਵਾਸੀ ਡਾ. ਅਜੀਤ ਸਿੰਘ ਦੀ ਨਵ-ਪ੍ਰਕਾਸ਼ਿਤ ਪੁੱਸਤਕ ਗੁਰਮੁਖਿ ਖੋਜਤ ਭਏ ਉਦਾਸੀ( ਸਿੱਧ ਗੋਸ਼ਟਿ ) ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ, ਕਾਲਜ ਦੇ ਅੰਡਰ ਸੈਕਟਰੀ ਸ. ਧਰਮਿੰਦਰ ਸਿੰਘ ਰਟੌਲ, ਰਾਜ ਸਭਾ ਦੇ ਸਾਬਕਾ ਮੈਂਬਰ ਸ. ਰਾਜ ਮਹਿੰਦਰ ਸਿੰਘ ਮਜੀਠੀਆ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਸ. ਮਨਮੋਹਨ ਸਿੰਘ ਬਰਾੜ, ਪ੍ਰਿ. ਕੁਲਵੰਤ ਸਿੰਘ ਅਣਖੀ, ਪੁਸਤਕ ਦੇ ਪ੍ਰਕਾਸ਼ਕ ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ ਦੇ ਸ. ਕੁਲਦੀਪ ਸਿੰਘ ਵੱਲੋਂ ਰਲੀਜ਼ ਕੀਤੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਮਕਲੀ ਮਹਲਾ ਪਹਿਲਾ ਵਿੱਚ ਲਿਖੀ ਬਾਣੀ ਸਿੱਧ ਗੋਸ਼ਿਟ ‘ਤੇ ਇਸ ਪੁਸਤਕ ਵਿੱਚ ਬਾਣੀ ਦੇ ਸਟੀਕ ਤੋਂ ਇਲਾਵਾ ਬਾਣੀ ਦਾ ਆਲੋਚਨਾਤਮਿਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਹ ਲੇਖਕ ਦੀ ਛੇਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਚਾਰ ਪੁਸਤਕਾਂ ਪੰਛੀ ਝਾਤ (ਲੇਖ ਸੰਗ੍ਰਹਿ), ਗੁਰੂ ਨਾਨਕ ਸਾਹਿਬ, ਜੀਵਨ ਕਾਲ ਤੇ ਫਿਲਾਸਫ਼ੀ (ਸ਼ਾਹਮੁੱਖੀ ਵਿੱਚ), ਸਮੇਂ ਦੀ ਮਲ੍ਹਮ (ਕਹਾਣੀ ਸੰਗ੍ਰਹਿ), ਕੰਡਿਆਲੀ ਤਾਰ (ਕਹਾਣੀ ਸੰਗ੍ਰਹਿ ਸ਼ਾਹਮੁਖੀ ਵਿੱਚ ) ਤੇ ਇੱਕ ਪੁਸਤਕ ਭਗਤ ਰਵਿਦਾਸ ਜੀ ਦੀ ਬਾਣੀ ‘ਤੇ ਆਧਾਰਿਤ ਅੰਗਰੇਜ਼ੀ ਸਾਹਿਤ ਵਿੱਚ ਬੇਗਮਪੁਰਾ ਸਿਟੀ (ਏ ਸਿਟੀ ਵਿਧਾਉਟ ਪੇਨਜ਼) ਪਾ ਚੁੱਕੇ ਹਨ।

**59 ਸਫ਼ੇ ਦੀ ਬਾਕੀ**

**ਸਾਡੀਆਂ ਸਮਾਜਿਕ ਅਤੇ ਸਰਕਾਰੀ ਸੰਸਥਾਵਾਂ ਦੀ ਸਾਂਝੀ ਊਣਤਾਈ ਹੈ: ਆਪਸੀ ਤਾਲ-ਮੇਲ ਅਤੇ ਸੁਰਤਾਲ ਦੀ ਘਾਟ । ਪੰਜਾਬ ਬਿਜਲੀ ਬੋਰਡ ਇਸ ਬੀਮਾਰੀ ਦਾ ਖਾਸ ਸ਼ਿਕਾਰ ਰਿਹਾ ਹੈ। ਇਸ ਦੇ ਤਕਨੀਕੀ, ਆਰਥਿਕ ਅਤੇ ਪ੍ਰਬੰਧਕੀ ਵਿਭਾਗਾਂ ਦੀ ਖਿੱਚੋ-ਤਾਣ ਨਿੱਤ ਦਾ ਦ੍ਰਿਸ਼ ਸੀ। ਮਿ. ਪ੍ਰਾਣ ਸੱਭਰਵਾਲ ਭਾਵੇਂ ਅਹੁਦੇ ਪੱਖੋਂ ਬਹੁਤ ਵੱਡੇ ਨਹੀਂ ਸਨ ਪਰ ਆਪਣੇ ਗੁਣਾਂ ਕਰ ਕੇ ਉਨ੍ਹਾਂ ਦਾ ਹਰ ਵਿਭਾਗ ਦੇ ਸੀਨੀਅਰ ਅਫਸਰਾਂ ਨਾਲ਼ ਜਾਣਾ-ਆਉਣਾ ਸੀ ਅਤੇ ਸਭ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਮਹਿਕਮੇ ਅਤੇ ਸਟਾਫ਼ ਦੇ ਹਰ ਵਰਗ ਦੇ ਲਾਭ ਹਿਤ ਵਧੀਆ ਸਲਾਹਾਂ ਲਈ ਸਭ ਉਨ੍ਹਾਂ ਤੇ ਨਿਰਭਰ ਸਨ। ਯੂਨੀਅਨਾਂ ਅਤੇ ਅਫਸਰਾਂ ਅਤੇ ਬੋਰਡ ਦੇ ਝਗੜੇ ਆਮ ਵਰਤਾਰਾ ਸਨ। ਆਪਣੇ ਸਬੰਧਾਂ ਅਤੇ ਸਭ ਦੀ ਭਲਾਈ ਦੇ ਹਾਮੀ ਹੋਣ ਦੇ ਨਾਤੇ, ਸਮਝੌਤੇ ਕਰਨ-ਕਰਵਾਉਣ ਲਈ ਓਹ ਹਮੇਸ਼ਾ ਮੰਗ ’ਚ ਰਹਿੰਦੇ ਸਨ। ਸੱਭਰਵਾਲ ਸਾਹਿਬ ਨੇ ਥੀਏਟਰ ਦੀਆਂ ਆਪਣੀਆਂ ਪ੍ਰਾਪਤੀਆਂ ਦਫ਼ਤਰੀ ਡਿਊਟੀਆਂ ਨਿਭਾਉਣ ਦੇ ਨਾਲ਼-ਨਾਲ਼ ਕੀਤੀਆਂ ਹਨ। ਇਸ ਸਨਮਾਨ ਨੂੰ ਪ੍ਰਾਪਤ ਕਰਨ ਦੀ ਸਟੇਜ ਤੇ ਪਹੁੰਚਣ ਵਾਸਤੇ ਕੀਤੀ ਘਾਲਣਾ ਸਦਕਾ ਪੈਦਾ ਹੋਏ ਗੁਣਾਂ ਦਾ ਉਨ੍ਹਾਂ ਨੇ ਹੋਰਾਂ ਦੀ ਭਲਾਈ ਲਈ ਸਦ-ਉਪਯੋਗ ਕੀਤਾ ਹੈ। ਆਪਣੇ ਦਫ਼ਤਰੀ ਰਸੂਖ਼ ਨੂੰ ਇਨ੍ਹਾਂ ਪ੍ਰਾਪਤੀਆਂ ਲਈ ਵਰਤਣ ਦੀ ਬਜਾਇ ਉਨ੍ਹਾਂ ਨੇ ਕਲਾ ਦੇ ਖੇਤਰ ਤੋਂ ਸਿੱਖੇ ਗੁਣਾਂ ਨੂੰ ਮਹਿਕਮੇ ਅਤੇ ਸਮਾਜ ਦੇ ਸੁਧਾਰ ਲਈ ਵਰਤਿਆ ਹੈ।**

**ਇਹ ਗੁਣ ਸਾਂਝੇ ਕਰਦਿਆਂ ਉਨ੍ਹਾਂ ਨੇ ਕੁਝ ਕੀਮਤੀ ਗੱਲਾਂ ਦੱਸੀਆਂ।**

- **ਨਾਟਕ ਦੇ ਖੇਡਣ ਤੋਂ ਪਹਿਲਾਂ ਕੀਤੀ ਤਿਆਰੀ ਦਾ ਅਭਿਆਸ ਸਾਨੂੰ ਜੀਵਨ ਦੇ ਹੋਰ ਕੰਮ ਵਾਸਤੇ ਪੂਰੀ ਅਤੇ ਸਹੀ ਤਿਆਰੀ ਕਰਨਾ ਸਿਖਾਉਂਦਾ ਹੈ।**
- **ਪਾਤਰ ਸਿੱਧੇ ਤੌਰ ਤੇ ਦਰਸਕਾਂ ਨਾਲ਼ ਜੁੜਿਆ ਹੋਣ ਕਰਕੇ ਉਨ੍ਹਾਂ ਦੇ ਬਦਲ ਰਹੇ ਹਾਵ ਭਾਵਾਂ ਨੂੰ ਸਮਝਣ ਲੱਗ ਜਾਂਦਾ ਹੈ ਅਤੇ ਆਪਣੇ ਅਭਿਨੈ ਨੂੰ ਯਥਾ-ਯੋਗ ਦਰੁਸਤ ਕਰਨਾ ਸਿੱਖ ਜਾਂਦਾ ਹੈ। ਇਸ ਗੁਣ ਦਾ ਜੀਵਨ ਦੇ ਹੋਰ ਪੱਖਾਂ ਤੇ ਚੰਗਾ ਅਸਰ ਪੈਂਦਾ ਹੈ। ਓਹ ਸੁਹਿਰਦ ਅਤੇ ਹਮਦਰਦ ਇਨਸਾਨ ਬਣ ਜਾਂਦਾ ਹੈ।**
- **ਅਸੀਂ ਮਿਹਨਤ ਕਰਨਾ ਭੁੱਲੇ ਹੋਏ ਹਾਂ ਕਿਉਂਕਿ ਅਸੀਂ ਸਰੀਰਕ ਪੱਖੋਂ ਥੱਕ ਜਾਂਦੇ ਹਾਂ ਅਤੇ ਦਿਮਾਗੀ ਪੱਖੋਂ ਅੱਕ ਜਾਂਦੇ ਹਾਂ। ਥੱਕਣਾ ਕਿਸੇ ਹੱਦ ਤੱਕ ਜਾਇਜ਼ ਹੈ ਪਰ ਅੱਕਣਾ ਨਹੀਂ। ਨਾਟਕ-ਕਲਾ ਸਾਨੂੰ ਅਕੇਵੇਂ ਤੇ ਕਾਬੂ ਪਾਉਣਾ ਸਿਖਾਉਂਦੀ ਹੈ ਕਿਉਂਕਿ ਗਲਾਂ ਦੀ ਦੁਹਰਾਈ ਬਹੁਤ ਕਰਨੀ ਪੈਂਦੀ ਹੈ।**
- **ਕਿਉਂਕਿ ਨਾਟਕ ਇੱਕ ਟੀਮ ਦਾ ਕੰਮ ਹੈ। ਹਰ ਛੋਟੇ-ਵੱਡੇ ਦਾ ਆਪਣਾ ਰੋਲ ਹੁੰਦਾ ਹੈ। ਇਸ ਟੀਮ ’ਚ ਕੰਮ ਕਰ ਕੇ ਬੰਦਾ ਮਿਹਨਤ ਕਰਨ, ਤੱਤਾ-ਠੰਡਾ ਜਰਨ ਅਤੇ ਮਿਲ-ਵਰਤਨ ਦੇ ਗੁਣ ਸਿੱਖ ਜਾਂਦਾ ਹੈ।**
- **ਹੋਰਾਂ ਤੋਂ ਮੱਦਦ ਲੈਣੀ ਅਤੇ ਸੁਹਿਰਦਤਾ ਨਾਲ਼ ਹੋਰਾਂ ਦੀ ਮੱਦਦ ਕਰਨੀ ਸਿੱਖ ਜਾਂਦਾ ਹੈ।**

**ਗੱਲ ਕੀ, ਸ਼੍ਰੀ ਪ੍ਰਾਣ ਸੱਭਰਵਾਲ ਦੀ ਸਮਾਜ ਨੂੰ ਦੇਣ ਅਦੁੱਤੀ ਹੈ ਅਤੇ ਉਹ ਆਪਣੇ ਮਿਲ਼ੇ ਮਾਨਾਂ-ਸਨਮਾਨਾਂ ਦੇ ਪੂਰੇ ਹਾਣ ਦੇ ਹਨ।**